13ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -13 ISSUE - 15
July 17, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਜੀ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ

(ਵਿਸ਼ੇਸ਼ ਲੇਖ ਅੰਦਰ ਦੇਖੋ)



ਬਾਬੂ ਜਗਜੀਵਨ ਰਾਮ ਸਾਬਕਾ ਉਪ-ਪ੍ਰਧਾਨ ਮੰਤਰੀ ਇੱਕ ਸੱਚਾ ਲੋਕਤੰਤਰੀ ਅਤੇ ਦੱਬੇ-ਕੁਚਲੇ ਲੋਕਾਂ ਦਾ ਲੋਕਨੇਤਾ

(ਵਿਸ਼ੇਸ਼ ਸੰਪਾਦਕੀ ਲੇਖ ਦੇਖੋ ਸਫਾ 6 'ਤੇ)

## 26 ਤੋਂ ਸ਼ੁਰੂ ਹੋਵੇਗਾ ਪੈਰਿਸ ਓਲੰਪਿਕ



**ਪੈਰਿਸ (ਬਿਊਰੋ)–** ਪੈਰਿਸ ਓਲੰਪਿਕ 2024 ਲਈ ਕਾਊਂਟਡਾਊਨ ਸ਼ੁਰੂ ਹੋ ਗਿਆ ਹੈ। ਖੇਡਾਂ ਦਾ ਇਹ ਮਹਾਕੁੰਭ 26 ਜੁਲਾਈ ਤੋਂ ਸ਼ੁਰੂ ਹੋਵੇਗਾ। ਸਮਰ ਓਲੰਪਿਕ 17 ਦਿਨਾਂ ਲਈ ਆਯੋਜਿਤ ਕੀਤੇ ਜਾਣਗੇ। 11 ਅਗਸਤ ਤੱਕ ਹੋਣ ਵਾਲੇ ਇਸ ਸਮਾਗਮ ਦਾ ਪ੍ਰਸ਼ੰਸਕ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਪੈਰਿਸ ਵਿੱਚ 100 ਸਾਲ ਬਾਅਦ ਓਲੰਪਿਕ ਖੇਡਾਂ ਦੀ ਵਾਪਸੀ ਹੋ ਰਹੀ ਹੈ। ਪੈਰਿਸ ਵਿੱਚ ਇੱਕ ਵਾਰ ਫਿਰ ਇੱਕ ਓਲੰਪਿਕ ਪਿੰਡ ਬਣਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਪੈਰਿਸ ਨੇ 1924 ਅਤੇ 1900 ਵਿੱਚ ਓਲੰਪਿਕ ਦੀ ਮੇਜ਼ਬਾਨੀ ਕੀਤੀ ਸੀ। ਇਸ ਵਾਰ ਓਲੰਪਿਕ ਵਿੱਚ 206 ਦੇਸ਼ਾਂ ਦੇ 10500 ਐਥਲੀਟ ਹਿੱਸਾ ਲੈਣਗੇ। ਸਾਰੇ ਐਥਲੀਟ 329 ਮੈਡਲ ਮੁਕਾਬਲਿਆਂ ਵਿੱਚ ਹਿੱਸਾ ਲੈਣਗੇ। ਭਾਰਤੀ ਟੀਮ 'ਚ ਕਰੀਬ 120 ਐਥਲੀਟ ਵੀ ਹੋਣਗੇ। ਭਾਰਤੀ ਐਥਲੀਟ ਵੀ ਇਸ ਸਾਲ ਨਵੇਂ ਰਿਕਾਰਡ ਬਣਾਉਣ ਅਤੇ ਸਭ ਤੋਂ ਵੱਧ ਤਗਮੇ ਜਿੱਤਣ ਦੀ ਕੋਸ਼ਿਸ਼ ਕਰਨਗੇ। ਇਸ ਤੋਂ ਪਹਿਲਾਂ ਟੋਕੀਓ ਓਲੰਪਿਕ ਵਿੱਚ ਭਾਰਤ ਨੇ ਹੁਣ ਤੱਕ ਸਭ ਤੋਂ ਵੱਧ 7 ਤਮਗੇ ਜਿੱਤੇ ਸਨ। ਭਾਰਤ ਨੇ ਹੁਣ ਤੱਕ ਓਲੰਪਿਕ ਵਿੱਚ 35 ਤਗਮੇ ਜਿੱਤੇ ਹਨ। ਦੇਸ਼ ਦਾ ਪਹਿਲਾ ਵਿਅਕਤੀਗਤ ਓਲੰਪਿਕ ਸੋਨ ਤਮਗਾ ਅਭਿਨਵ ਬਿੰਦਰਾ ਨੇ 2008 ਵਿੱਚ ਬੀਜਿੰਗ ਵਿੱਚ ਜਿੱਤਿਆ ਸੀ। ਨੀਰਜ ਚੋਪੜਾ ਨੇ ਟੋਕੀਓ ਓਲੰਪਿਕ 2020 ਵਿੱਚ ਜੈਵਲਿਨ ਥ੍ਰੋਅ ਵਿੱਚ ਸੋਨ ਤਮਗਾ ਜਿੱਤਿਆ ਸੀ। ਨੀਰਜ ਚੋਪੜਾ ਤੋਂ ਇਲਾਵਾ ਮੀਰਾਬਾਈ ਚਾਨੂ ਨੇ ਪਿਛਲੇ ਓਲੰਪਿਕ ਵਿੱਚ ਵੇਟਲਿਫਟਿੰਗ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਸੀ। ਲਵਲੀਨਾ ਬੋਰਗੋਹੇਨ ਨੇ ਮਹਿਲਾ ਵੈਲਟਰਵੇਟ ਮੁੱਕੇਬਾਜ਼ੀ ਵਿੱਚ ਕਾਂਸੀ ਦਾ ਤਗ਼ਮਾ, ਪੀਵੀ ਸਿੰਧੂ ਨੇ ਮਹਿਲਾ ਸਿੰਗਲ ਬੈਡਮਿੰਟਨ ਵਿੱਚ ਕਾਂਸੀ ਦਾ ਤਗ਼ਮਾ, ਰਵੀ ਦਹੀਆ ਨੇ ਪੁਰਸ਼ਾਂ ਦੇ ਫ੍ਰੀਸਟਾਈਲ 57 ਕਿਲੋ ਵਿੱਚ ਚਾਂਦੀ ਦਾ ਤਗ਼ਮਾ, ਪੁਰਸ਼ਾਂ ਦੀ ਹਾਕੀ ਟੀਮ ਨੇ ਕਾਂਸੀ ਦਾ ਤਗ਼ਮਾ, ਬਜਰੰਗ ਪੁਨੀਆ ਨੇ ਵਰੇਸਲਿੰਗ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ। ਇਸ ਵਾਰ ਵੀ ਭਾਰਤ ਨੂੰ ਕਈ ਖੇਡਾਂ ਵਿੱਚ ਤਗਮਿਆਂ ਦਾ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ। ਇਸ ਦੌਰਾਨ, ਸਾਨੂੰ ਦੱਸੋ ਕਿ ਤੁਸੀਂ ਪੈਰਿਸ ਓਲੰਪਿਕ 2024 ਨੂੰ ਭਾਰਤ ਵਿੱਚ ਟੀਵੀ 'ਤੇ ਕਿਵੇਂ ਦੇਖ ਸਕਦੇ ਹੋ।

## ਟਰੰਪ 'ਤੇ ਫਿਰ ਹਮਲੇ ਦੀ ਸਾਜ਼ਿਸ਼, ਇਕ ਵਿਅਕਤੀ ਨੂੰ ਗੋਲੀ ਮਾਰੀ

**ਮਿਲਵਾਕੀ (ਬਿਊਰੋ)** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ 'ਚ ਹਿੱਸਾ ਲੈਣ ਲਈ ਮਿਲਵਾਕੀ ਪਹੁੰਚੇ, ਜਿੱਥੇ ਨੈਸ਼ਨਲ ਕਨਵੈਨਸ਼ਨ 'ਚ ਪੰਜ ਪੁਲਿਸ ਅਧਿਕਾਰੀਆਂ ਵੱਲੋਂ ਇੱਕ ਵਿਅਕਤੀ 'ਤੇ ਗੋਲੀ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਘਟਨਾ ਬਾਰੇ ਜਾਣਕਾਰੀ ਦਿੰਦਿਆਂ ਮਿਲਵਾਕੀ ਪੁਲਿਸ ਮੁਖੀ ਨੇ ਦੱਸਿਆ ਕਿ ਵਿਸਕਾਨਸਿਨ ਵਿੱਚ ਓਹੀਓ ਦੇ ਪੰਜ ਪੁਲਿਸ ਅਧਿਕਾਰੀਆਂ ਨੇ ਸੰਮੇਲਨ ਦੇ ਨੇੜੇ ਚਾਕੂ ਨਾਲ ਲੜ ਰਹੇ ਇੱਕ ਵਿਅਕਤੀ 'ਤੇ ਗੋਲੀ ਚਲਾ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਮਿਲਵਾਕੀ ਦੇ ਮੁਖੀ ਜੈਫਰੀ ਨੌਰਮਨ ਨੇ ਇੱਕ ਕਾਨਫਰੰਸ ਵਿੱਚ ਕਿਹਾ ਕਿ ਕੋਲੰਬਸ, ਓਹੀਓ ਪੁਲਿਸ ਵਿਭਾਗ ਦੇ ਮੈਂਬਰਾਂ ਦੁਆਰਾ ਗੋਲੀ ਮਾਰਨ ਵਾਲੇ ਵਿਅਕਤੀ ਦੇ ਦੋਵੇਂ ਹੱਥਾਂ ਵਿੱਚ ਚਾਕੂ ਸੀ ਅਤੇ ਉਸਨੇ ਪੁਲਿਸ ਦੇ ਹੁਕਮਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਮਿਲਵਾਕੀ ਮੁਖੀ ਨੇ ਅੱਗੇ ਦੱਸਿਆ ਕਿ ਵਿਅਕਤੀ ਕੋਲੋਂ ਦੋ ਚਾਕੂ ਅਤੇ ਇੱਕ ਏਕੇ-47 ਬਰਾਮਦ ਕੀਤੀ ਗਈ ਹੈ। ਗੋਲੀਬਾਰੀ ਨੇ ਵਸਨੀਕਾਂ ਵਿੱਚ ਗੁੱਸਾ ਪੈਦਾ ਕਰ ਦਿੱਤਾ ਹੈ, ਨਿਵਾਸੀਆਂ ਨੇ ਸਵਾਲ ਕੀਤਾ ਹੈ ਕਿ ਰਾਜ ਤੋਂ ਬਾਹਰ ਦੇ ਅਧਿਕਾਰੀ ਸੰਮੇਲਨ ਵਾਲੀ ਥਾਂ ਤੋਂ ਲਗਭਗ ਇੱਕ ਮੀਲ ਦੀ ਦੂਰੀ 'ਤੇ ਸਥਿਤ ਉਨ੍ਹਾਂ ਦੇ ਗੁਆਂਢ ਵਿੱਚ ਕਿਉਂ ਸਨ। ਟਰੰਪ ਨੇ ਭਾਵੇਂ ਕਨਵੈਨਸ਼ਨ ਨੂੰ ਸੰਬੋਧਨ ਨਹੀਂ ਕੀਤਾ, ਪਰ ਜਦੋਂ ਉਹ ਸਕਰੀਨ 'ਤੇ ਨਜ਼ਰ ਆਏ ਤਾਂ ਉਥੇ ਮੌਜੂਦ ਲੋਕਾਂ ਨੇ ਤਾੜੀਆਂ ਤੇ ਨਾਅਰਿਆਂ ਨਾਲ ਉਨ੍ਹਾਂ ਦਾ ਜ਼ੋਰਦਾਰ ਸਵਾਗਤ ਕੀਤਾ। ਰਿਪਬਲਿਕਨ ਨੈਸ਼ਨਲ ਕਨਵੈਸ਼ਨ ਵਿਚ 'ਡੈਲੀਗੇਟਾਂ' ਦੇ ਲੋੜੀਂਦੇ ਵੋਟ ਹਾਸਲ ਕਰਨ ਮਗਰੋਂ ਟਰੰਪ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਰਿਪਬਲਿਕਨ ਪਾਰਟੀ ਵੱਲੋਂ ਅਧਿਕਾਰਤ ਉਮੀਦਵਾਰ ਬਣ ਗਏ ਹਨ।



### ਟਰੰਪ ਨੂੰ ਨਿਸ਼ਾਨੇ 'ਤੇ ਲੈਣ ਵਾਲੀ ਗੱਲ ਕਹਿਣਾ 'ਗ਼ਲਤੀ' ਸੀ ਰਾਸ਼ਟਰਪਤੀ ਬਾਇਡਨ

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਇਹ ਕਹਿਣਾ ਉਨ੍ਹਾਂ ਦੀ ਗ਼ਲਤੀ ਸੀ ਕਿ ਉਹ ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਡੋਨਲਡ ਟਰੰਪ ਨੂੰ 'ਨਿਸ਼ਾਨੇ 'ਤੇ ਲੈਣਾ' ਚਾਹੁੰਦੇ ਸਨ। ਬਾਇਡਨ ਨੇ ਹਾਲਾਂਕਿ ਦਲੀਲ ਦਿੱਤੀ ਕਿ ਉਨ੍ਹਾਂ ਦੇ ਰਵਾਇਤੀ ਵਿਰੋਧੀ (ਟਰੰਪ) ਦੀ ਬਿਆਨਬਾਜ਼ੀ ਕਿਤੇ ਵੱਧ ਭੜਕਾਊ ਸੀ। ਅਮਰੀਕੀ ਸਦਰ ਨੇ ਚੇਤਾਵਨੀ ਦਿੱਤੀ ਕਿ ਟਰੰਪ ਅਜੇ ਵੀ ਜਮਹੂਰੀ ਸੰਸਥਾਵਾਂ ਲਈ ਖ਼ਤਰਾ ਬਣੇ ਹੋਏ ਹਨ। ਬਾਇਡਨ ਨੇ ਰਿਪਬਲਿਕਨ ਪਾਰਟੀ ਵੱਲੋਂ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਓਹਾਈਓ ਦੇ ਸੈਨੇਟਰ ਜੇਡੀ ਵਾਂਸ 'ਤੇ ਟਿੱਪਣੀ ਕਰਦਿਆਂ ਕਿਹਾ ਕਿ 'ਦੇਸ਼ ਨਾਲ ਜੁੜੇ ਮੁੱਦਿਆਂ ਉੱਤੇ ਉਨ੍ਹਾਂ ਦਾ ਰੁਖ਼ ਵੀ ਟਰੰਪ ਵਰਗਾ ਹੀ ਹੈ।

## ਪੰਜਾਬ 'ਚ ਹੁਣ ਪੰਚਾਇਤਾਂ ਅਤੇ ਨਿਗਮ ਚੋਣਾਂ ਦੀ ਤਿਆਰੀ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿੱਚ ਜਲਦੀ ਹੀ ਨਗਰ ਨਿਗਮ, ਨਗਰ ਕੌਂਸਲ ਅਤੇ ਪੰਚਾਇਤਾਂ ਦੀਆਂ ਚੋਣਾਂ ਹੋ ਸਕਦੀਆਂ ਹਨ। ਇਸ ਸਬੰਧੀ ਪੰਜਾਬ ਸਰਕਾਰ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਨਿਗਮ ਚੋਣਾਂ ਦੇ ਸੱਦੇ ਦਰਮਿਆਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੀ ਸਰਗਰਮ ਨਜ਼ਰ ਆ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਸਤੰਬਰ ਦੇ ਅੱਧ ਜਾਂ ਅੰਤ ਤੱਕ ਚੋਣਾਂ ਹੋ ਸਕਦੀਆਂ ਹਨ। ਇਸ ਦੇ ਨਾਲ ਹੀ ਰਾਜ ਚੋਣ ਕਮਿਸ਼ਨ ਵੀ ਚੋਣਾਂ ਲਈ ਤਿਆਰ ਹੈ। ਕਮਿਸ਼ਨ ਸਿਰਫ਼ ਸੂਬਾ ਸਰਕਾਰ ਤੋਂ ਹਰੀ ਝੰਡੀ ਦੀ ਉਡੀਕ ਕਰ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਚਾਰ ਵਿਧਾਨ ਸਭਾਵਾਂ ਦੀਆਂ ਉਪ ਚੋਣਾਂ ਤੋਂ ਪਹਿਲਾਂ ਹੀ ਨਗਰ ਨਿਗਮ ਅਤੇ ਪੰਚਾਇਤੀ ਚੋਣਾਂ ਵੀ ਕਰਵਾ ਸਕਦੀ ਹੈ।



ਸੂਬੇ ਵਿੱਚ ਅੰਮ੍ਰਿਤਸਰ, ਜਲੰਧਰ, ਪਟਿਆਲਾ, ਫਗਵਾੜਾ ਅਤੇ ਲੁਧਿਆਣਾ ਨਗਰ ਨਿਗਮ ਦੀਆਂ ਚੋਣਾਂ ਪਿਛਲੇ ਸਾਲ ਤੋਂ ਲਟਕ ਰਹੀਆਂ ਹਨ। ਇਸ ਦੇ ਨਾਲ ਹੀ 42 ਨਗਰ ਕੌਂਸਲਾਂ ਅਤੇ 7 ਨਗਰ ਕੌਂਸਲਾਂ ਦੀਆਂ ਉਪ ਚੋਣਾਂ ਪੈਂਡਿੰਗ ਹਨ। ਫਗਵਾੜਾ ਨਗਰ ਨਿਗਮ ਦਾ ਕਾਰਜਕਾਲ ਕਾਫੀ ਸਮਾਂ ਪਹਿਲਾਂ ਖਤਮ ਹੋ ਗਿਆ ਸੀ। ਜਦੋਂ ਕਿ ਬਾਕੀ ਚਾਰ ਨਗਰ ਨਿਗਮਾਂ ਦਾ ਕਾਰਜਕਾਲ ਪਿਛਲੇ ਸਾਲ ਹੀ ਖਤਮ ਹੋ ਗਿਆ ਸੀ। ਇਸ ਦੇ ਨਾਲ ਹੀ ਰਾਜ ਦੀਆਂ 13,241 ਪੰਚਾਇਤਾਂ ਦਾ ਕਾਰਜਕਾਲ ਜਨਵਰੀ ਮਹੀਨੇ ਖਤਮ ਹੋ ਗਿਆ ਸੀ। ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਸਥਾਨਕ ਸਰਕਾਰਾਂ ਵਿਭਾਗ ਦੀ ਹੈ। ਜਦੋਂ ਕਿ ਪੰਚਾਇਤੀ ਚੋਣਾਂ ਲਈ ਹਰੀ ਝੰਡੀ ਦਿਹਾਤੀ ਵਿਭਾਗ ਵੱਲੋਂ ਦਿੱਤੀ ਗਈ ਹੈ। ਪੰਚਾਇਤਾਂ ਵਿੱਚ 1.34 ਕਰੋੜ ਵੋਟਰ ਹਨ। ਹਾਲਾਂਕਿ ਇਹ ਗਿਣਤੀ ਵਧ ਸਕਦੀ ਹੈ। ਹਾਲਾਂਕਿ ਅਜੇ ਤੱਕ ਇਹ ਸਪੱਸ਼ਟ ਨਹੀਂ ਹੋਇਆ ਹੈ ਕਿ ਗ੍ਰਾਮ ਪੰਚਾਇਤ ਅਤੇ ਨਗਰ ਨਿਗਮ ਚੋਣਾਂ ਇੱਕੋ ਸਮੇਂ ਹੋਣਗੀਆਂ ਜਾਂ ਨਹੀਂ। ਜਾਣਕਾਰੀ ਅਨੁਸਾਰ ਸਰਕਾਰ ਨੇ ਨਗਰ ਨਿਗਮ ਚੋਣਾਂ ਕਰਵਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸੂਤਰ ਦੱਸਦੇ ਹਨ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਵੀ ਪਾਰਟੀ ਅੰਦਰ ਚੋਣਾਂ ਦੀਆਂ ਤਿਆਰੀਆਂ ਸਬੰਧੀ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।




Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS



ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥

## Devoted families are requesting entire Sangat to attend the following functions:

**July 21, 2024, Sukhmani Sahib path and Langer Sewa by Bagha family**

Bagha family will be hosting Sukhmani Sahib path and langar sewa on July 21, 2024 for the CHARDIKALA of their family. They are requesting all the sangat to come.

**August 2-3-4, 2024, Akhand Path and Langar Sewa by Naresh Kumar & family**

Akhand Path and langar sewa will be hosted by Naresh Kumar and family to thank Guru Sahib for His blessings. Akhand Path will start on Friday, August 02, 2024 at 10:00 AM and will conclude with Bhog ceremony on Sunday, August 4, 2024.

**August 9-10-11, 2024**

**Sant Kabir ji Birth Anniversary**

Sant Kabir ji's birth anniversary will be celebrated on August 11, 2024. Akhand Path will start on Friday , August 9, 2024, at 10:00 AM and conclude with Bhog ceremony on Sunday August 11, 2024. Sant Kabir ji was a well-known mystic poet and saint of 15th-century in India. His verses are found in the Holy Scripture, Guru Granth Sahib ji. Path and Langar sewa will be hosted by the devotees.

ਸ੍ਰੀ ਗੁਰੂ ਰਵਿਦਾਸ ਗੁਰੂਘਰ ਪਿਟਸਬਰਗ (ਕੈਲੀਫੋਰਨੀਆ) ਵਿਖੇ ਗੁਰੂਘਰ ਦੇ ਅਨਨ ਸੇਵਕ ਸ੍ਰੀ ਨਰੇਸ਼ ਕੁਮਾਰ ਸਵੈਨ ਅਤੇ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਨਵਜੋਤ ਸਵੈਨ ਵਲੋਂ ਪਰਿਵਾਰ ਦੀ ਚੜ੍ਹਦੀਕਲਾ ਅਤੇ ਵਾਹਿਗੁਰੂ ਦੇ ਸ਼ੁਕਰਾਨਾ ਵਜੋਂ 2 ਅਗਸਤ 2024 ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 4 ਅਗਸਤ 2024 ਨੂੰ ਸ੍ਰੀ ਅਖੰਡ ਸਾਹਿਬ ਪਾਠ ਦੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਸਜਾਇ ਜਾਣਗੇ ਜਿਸ ਦੋਰਾਣ ਗੁਰੂਘਰ ਦਾ ਜਥਾ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਅਤੇ ਨਾਮਵਰ ਰਾਗੀ ਜਥਾ ਭਾਈ ਸਾਹਿਬ ਭਾਈ ਉੱਕਾਰ ਸਿੰਘ ਜੀ ਊਨੇਵਾਲੇ ਗੁਰਬਾਣੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ ਜੋ ਪਹਿਲਾਂ ਭੀ ਕਈ ਵਾਰ ਗੁਰੁਰੁਘਰ ਪਧਾਰ ਚੁੱਕੇ ਹਨ ਤੇ ਸੰਗਤਾਂ ਵਲੋਂ ਬਹੁਤ ਪਿਆਰ ਸਤਿਕਾਰ ਪਾਇਆ ਹੈ ਜੀ। ਸੋ ਸਵੈਨ ਪਰਿਵਾਰ ਵਲੋਂ ਆਪ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਆਪਣੇ ਪਰਿਵਾਰ ਸਮੇਤ ਗੁਰੁਰਘਰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ

**ਬੇਨਤੀ ਕਰਤਾ ਪਰਿਵਾਰ**

**ਸ੍ਰੀ ਨਰੇਸ਼ ਕੁਮਾਰ ਸਵੈਨ ਅਤੇ ਸ੍ਰੀਮਤੀ ਨਵਜੋਤ ਸਵੈਨ**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruavidasstemple.com



Chairman
Ramesh Suman



President
Vinod Kumar



Secretary
Dilbag Singh



Treasurer
Sunita Singh

# ਪੈਨਸਲਵੇਨੀਆ ਰਾਜ ਵਿਚ ਰੈਲੀ ਦੌਰਾਨ ਹੋਈ ਗੋਲੀਬਾਰੀ ਵਿਚ ਡੋਨਲਡ ਟਰੰਪ ਹੋਏ ਜ਼ਖਮੀ, ਸ਼ੂਟਰ ਮਾਰਿਆ ਗਿਆ

## ਰਾਸ਼ਟਰਪਤੀ ਬਾਈਡਨ ਨੇ ਸਾਰੇ ਰੁਝੇਵੇਂ ਕੀਤੇ ਰੱਦ ਅਮਰੀਕਾ ਵਿਚ ਹਿੰਸਾ ਨੂੰ ਕੋਈ ਥਾਂ ਨਹੀਂ- ਬਾਈਡਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਪਿਟਸਬਰਘ ਨੇੜੇ ਬਟਲਰ ਵਿਖੇ ਇਕ ਰੈਲੀ ਦੌਰਾਨ ਹੋਈ ਗੋਲੀਬਾਰੀ ਵਿਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ ਹਾਲਾਂ ਕਿ ਅਧਿਕਾਰਤ ਤੌਰ ਤੇ ਕਿਸੇ ਨੇ ਵੀ ਟਰੰਪ ਦੇ ਜ਼ਖਮੀ ਹੋਣ ਦੀ ਪੁਸ਼ਟੀ ਨਹੀਂ ਕੀਤੀ ਹੈ। ਇਕ ਬੁਲਾਰੇ ਨੇ ਟਰੰਪ ਦੇ ਬਿਲਕੁੱਲ ਠੀਕ-ਠਾਕ ਹੋਣ ਦੀ ਪੁਸ਼ਟੀ ਕੀਤੀ ਹੈ।



**ਜਦੋਂ ਗੋਲੀਬਾਰੀ ਹੋਈ**

ਤਾਂ ਟਰੰਪ ਨੂੰ ਸਟੇਜ ਉਪਰ ਉਸ ਦੇ ਅੰਗ ਰਖਿਅਕਾਂ ਨੇ ਘੇਰੇ ਵਿਚ ਲੈ ਲਿਆ। ਉਸ ਸਮੇ ਉਨਾਂ ਦੇ ਚੇਹਰੇ ਤੇ ਖੂਨ ਵਹਿ ਰਿਹਾ ਸੀ। ਇਸ ਘਟਨਾ ਉਪਰੰਤ ਰਾਸ਼ਟਰਪਤੀ ਜੋ ਬਾਈਡਨ ਨੇ ਆਪਣੇ ਸਾਰੇ ਰੁਝੇਂਵੇਂ ਰੱਦ ਕਰ ਦਿੱਤੇ ਹਨ। ਇਸ ਗੋਲੀਬਾਰੀ ਵਿਚ ਇਕ ਹੋਰ ਵਿਅਕਤੀ ਮਾਰਿਆ ਗਿਆ ਜਿਸ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਜਦ ਕਿ ਇਕ ਵਿਅਕਤੀ ਦੀ ਹਾਲਤ ਗੰਭੀਰ ਹੈ। ਜਦੋਂ ਰੈਲੀ ਵਿਚ ਸ਼ਾਮਿਲ ਲੋਕਾਂ ਨੇ ਗੋਲੀ ਚੱਲਣ ਦੀ ਆਵਾਜ਼ ਸੁਣੀ ਤਾਂ ਉਨਾਂ ਨੇ ਮੱਦਦ ਲਈ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਟਰੰਪ ਦੇ ਅੰਗ ਰਖਿਅਕਾਂ ਨੇ ਉਨਾਂ ਨੂੰ ਤੁਰੰਤ ਜ਼ਮੀਨ ਉਪਰ ਲਿਟਾ ਦਿੱਤਾ। ਟਰੰਪ ਦੇ ਬੁਲਾਰੇ ਸਟੀਵਨ ਚਿਉਂਗ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਟਰੰਪ ਤੰਦਰੁਸਤ ਹਨ ਤੇ ਉਨਾਂ ਨੂੰ ਖੇਤਰ ਵਿਚਲੇ ਇਕ ਹਸਪਤਾਲ ਵਿਚ ਡਾਕਟਰ ਵੇਖ ਰਹੇ ਹਨ। ਉਨਾਂ ਕਿਹਾ ਕਿ ਰੈਲੀ ਵਿਚ ਗੋਲੀਬਾਰੀ ਹੋਣ ਸਬੰਧੀ ਰੌਲਾ ਪੈਣ ਉਪਰੰਤ ਸਾਬਕਾ ਰਾਸ਼ਟਪਤੀ ਨੂੰ ਸੀਕਰਟ ਸਰਵਿਸ ਦੇ ਅਫਸਰ ਉਥੋਂ ਲੈ ਗਏ। ਚਿਉਂਗ ਨੇ ਕਿਹਾ ਕਿ ਡੋਨਲਡ ਟਰੰਪ ਨੇ ਲਾਅ ਇਨਫੋਰਸਮੈਂਟ ਅਧਿਕਾਰੀਆਂ ਤੇ ਉਸ ਦੇ ਅੰਗ ਰਖਿਅਕਾਂ ਵੱਲੋਂ ਕੀਤੀ ਤੁਰੰਤ ਕਾਰਵਾਈ ਲਈ ਉਨਾਂ ਦਾ ਧੰਨਵਾਦ ਕੀਤਾ ਹੈ। ਬਟਲਰ ਕਾਊਂਟੀ ਡਿਸਟ੍ਰਿਕਟ ਅਟਾਰਨੀ ਰਿਚਰਡ ਗੋਲਡਿੰਗਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਸ਼ੱਕੀ ਸ਼ੂਟਰ ਮਾਰਿਆ ਗਿਆ ਹੈ।

**ਪੱਤਰਕਾਰਾਂ ਨੂੰ ਮੌਕੇ ਤੋਂ ਹਟਾਇਆ** ਗੋਲੀਬਾਰੀ ਉਪਰੰਤ ਸੀਕਰਟ ਸਰਵਿਸ ਦੇ ਅਫਸਰਾਂ ਨੇ ਪੱਤਰਕਾਰਾਂ ਤੇ ਹੋਰ ਲੋਕਾਂ ਨੂੰ ਮੌਕੇ ਤੋਂ ਹਟਾ ਦਿੱਤਾ। ਇਹ ਜਾਣਕਾਰੀ ਸੀਕਰਟ ਸਰਵਿਸ ਦੇ ਬੁਲਾਰੇ ਐਨਥਨੀ ਗੁਗਲੀਲਮੀ ਨੇ ਦਿੰਦਿਆਂ ਕਿਹਾ ਕਿ ਅਪਰਾਧ ਵਾਲੇ ਸਥਾਨ ਨੂੰ ਖਾਲੀ ਕਰਵਾਉਣਾ ਜਰੂਰੀ ਹੈ। ਉਨਾਂ ਕਿਹਾ ਕਿ ਸੀਕਰਟ ਸਰਵਿਸ ਨੇ ਸਾਬਕਾ ਰਾਸ਼ਟਰਪਤੀ ਦੀ ਹਿਫ਼ਾਜਤ ਲਈ ਕਦਮ ਚੁੱਕੇ ਹਨ ਤੇ ਉਹ ਸੁਰੱਖਿਅਤ ਹਨ। ਬੁਲਾਰੇ ਅਨੁਸਾਰ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

**ਜੂਨੀਅਰ ਟਰੰਪ ਨੇ ਪਿਤਾ ਨਾਲ ਕੀਤੀ ਗੱਲਬਾਤ-** ਸਾਬਕਾ ਰਾਸ਼ਟਰਤੀ ਦੇ ਪੁੱਤਰ ਜੂਨੀਅਰ ਡੋਨਲਡ ਟਰੰਪ ਨੇ ਘਟਨਾ ਉਪਰੰਤ ਆਪਣਾ ਬਿਆਨ ਸਾਂਝਾ ਕੀਤਾ ਹੈ। ਉਨਾਂ ਕਿਹਾ ਕਿ ਮੈ ਫੋਨ ਉਪਰ ਆਪਣੇ ਪਿਤਾ ਨਾਲ ਗੱਲਬਾਤ ਕੀਤੀ ਹੈ। ਉਨਾਂ ਦਾ ਮਨੋਬਲ ਬਹੁਤ ਉਚਾ ਹੈ। ਜੂਨੀਅਰ ਟਰੰਪ ਨੇ ਕਿਹਾ ਕਿ ਮੇਰੇ ਪਿਤਾ ਅਮਰੀਕਾ ਨੂੰ ਬਚਾਉਣ ਲਈ ਆਪਣੀ ਜਦੋਜਹਿਦ ਬੰਦ ਨਹੀਂ ਕਰਨਗੇ। ਇਸ ਗਲ ਦੀ ਉਨਾਂ ਨੂੰ ਕੋਈ ਪਰਵਾਹ ਨਹੀਂ ਹੈ ਕਿ ਕੱਟੜਵਾਦੀ ਉਨਾਂ ਵਿਰੁੱਧ ਕੀ ਕਰਦੇ ਹਨ। **ਬਾਈਡਨ ਨੇ ਸਾਰੇ ਰੁਝੇਂਵੇਂ ਕੀਤੇ ਰੱਦ** ਟਰੰਪ ਦੀ ਰੈਲੀ ਵਿਚ ਗੋਲੀਬਾਰੀ ਦੀ ਘਟਨਾ ਬਾਰੇ ਸੂਚਨਾ ਮਿਲਣ ਉਪਰੰਤ ਰਾਸ਼ਟਰਪਤੀ ਜੋ ਬਾਈਡਨ ਨੇ ਆਪਣੇ ਸਾਰੇ ਰੁਝੇਂਵੇਂ ਰੱਦ ਕਰ



ਦਿੱਤੇ ਹਨ। ਬਾਈਡਨ ਦੇ ਚੋਣ ਮੁਹਿੰਮ ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਟੈਲੀਵੀਜ਼ਨ ਤੇ ਹੋਰ ਸੋਸ਼ਲ ਮੀਡੀਆ ਉਪਰ ਸਾਰੀ ਇਸ਼ਤਿਹਾਰਬਾਜ਼ੀ ਰੋਕ ਦਿੱਤੀ ਗਈ ਹੈ। ਰਾਸ਼ਟਰਪਤੀ ਬਾਈਡਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਨਾਂ ਨੂੰ ਪੈਨਸਿਲਵਾਨੀਆ ਵਿਚ ਡੋਨਲਡ ਟਰੰਪ ਦੀ ਰੈਲੀ ਵਿਚ ਗੋਲੀ ਚੱਲਣ ਦੀ ਸੂਚਨਾ ਮਿਲੀ ਹੈ। ਮੈਨੂੰ ਇਹ ਸੁਣ ਕੇ ਤਸੱਲੀ ਮਿਲੀ ਹੈ ਕਿ ਟਰੰਪ ਸੁਰ-ਖਿਅਤ ਹਨ। ਮੈ ਉਨਾਂ, ਉਨਾਂ ਦੇ ਪਰਿਵਾਰ ਤੇ ਰੈਲੀ ਵਿਚ ਸ਼ਾਮਿਲ ਸਾਰੇ ਲੋਕਾਂ ਦੇ ਸੁਰੱਖਿਅਤ ਹੋਣ ਦੀ ਪ੍ਰਾਰਥਨਾ ਕਰਦਾ ਹਾਂ। ਮੈ ਹੋਰ ਜਾਣਕਾਰੀ ਦੀ ਉਡੀਕ ਕਰ ਰਿਹਾ ਹਾਂ। ਜਿਲ ਤੇ ਮੈ ਸੀਕਰਟ ਸਰਵਿਸ ਅਫਸਰਾਂ ਦੇ ਧੰਨਵਾਦੀ ਹਾਂ ਜਿਨਾਂ ਨੇ ਟਰੰਪ ਨੂੰ ਸੁਰੱਖਿਅਤ ਬਾਹਰ ਕੱਢਿਆ। ਅਮਰੀਕਾ ਵਿਚ ਹਿੰਸਾ ਨੂੰ ਕੋਈ ਥਾਂ ਨਹੀਂ ਹੈ। ਅਸੀਂ ਇਸ ਘਟਨਾ ਦੀ ਨਿੰਦਾ ਕਰਨ ਲਈ ਇਕ ਰਾਸ਼ਟਰ ਵਜੋਂ ਇਕਜੁੱਟ ਹਾਂ।

## ਅੱਤ ਦੀ ਗਰਮੀ ਵਿਚ ਕਾਰ ਵਿੱਚ ਛੱਡੀ 2 ਸਾਲਾ ਬੱਚੀ ਦੀ ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਐਰੀਜ਼ੋਨਾ ਵਿਚ ਬੀਤੇ ਦਿਨ ਇਕ ਪਿਤਾ ਵੱਲੋਂ ਆਪਣੀ ਸੁੱਤੀ ਪਈ 2 ਸਾਲਾਂ ਦੀ ਧੀ ਨੂੰ ਅੱਤ ਦੀ ਗਰਮੀ ਵਿਚ ਕਾਰ ਵਿੱਚ ਛੱਡਣ ਉਪਰੰਤ ਉਸ ਦੀ ਮੌਤ ਹੋਣ ਦੀ ਖਬਰ ਹੈ। ਮਰਾਨਾ ਪੁਲਿਸ ਅਨੁਸਾਰ ਮੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਟਕਸਨ ਦੇ ਬਾਹਰਵਾਰ ਜਿਸ ਸਮੇ ਬੱਚੀ ਦਾ ਪਿਤਾ ਘਰ ਪੁੱਜਾ ਤਾਂ ਬੱਚੀ ਕਾਰ ਵਿਚ ਸੁੱਤੀ ਪਈ ਸੀ। ਉਹ ਸੁੱਤੀ ਪਈ ਬੱਚੀ ਨੂੰ ਚੱਲਦੀ ਕਾਰ ਤੇ ਏਅਰਕੰਡੀਸ਼ਨ ਵਿੱਚ ਛੱਡ ਕੇ ਘਰ ਦੇ ਅੰਦਰ ਚਲਾ ਗਿਆ। ਪੁਲਿਸ ਅਨੁਸਾਰ ਅਚਾਨਕ ਮਾਂ ਘਰ ਆਈ ਤਾਂ ਉਸ ਨੂੰ ਬੇਸੁੱਧ ਬੱਚੀ ਕਾਰ ਵਿਚ ਮਿਲੀ। ਪੁਲਿਸ ਦਾ ਕਹਿਣਾ ਹੈ ਕਿ ਉਸ ਸਮੇ ਕਾਰ ਤੇ ਏਅਰਕੰਡੀਸ਼ਨ ਬੰਦ ਸੀ। ਕਿਸੇ ਵੱਲੋਂ ਸੂਚਨਾ ਦੇਣ ਤੇ ਪੁਲਿਸ ਸ਼ਾਮ 4 ਵਜੇ ਬਾਅਦ ਘਟਨਾ ਸਥਾਨ 'ਤੇ ਪੁੱਜੀ। ਪੁਲਿਸ ਅਨੁਸਾਰ ਬੱਚੀ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਬਚਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ। ਪੁਲਿਸ ਦਾ ਕਹਿਣਾ ਹੈ ਕਿ ਬੱਚੀ 30 ਮਿੰਟਾਂ ਤੋਂ 60 ਮਿੰਟ ਤੱਕ ਕਾਰ ਵਿਚ ਰਹੀ। ਮਰਾਨਾ ਪੁਲਿਸ ਕੈਪਟਨ ਟਿਮ ਬਰੂਨੇਨਕੰਤ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਸਬੰਧ ਵਿਚ ਬੱਚੀ ਦੇ ਪਿਤਾ, ਮੌਕੇ ਦੇ ਗਵਾਹਾਂ ਤੇ ਆਸ ਪਾਸ ਦੇ ਲੋਕਾਂ ਦੇ ਬਿਆਨ ਲਏ ਜਾ ਰਹੇ ਹਨ। ਜਾਂਚ ਉਪਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ।






SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਵੱਲੋਂ ਬੱਚਿਆਂ ਦਾ ਗਿੱਧਾ-ਭੰਗੜਾ ਸਿਖਲਾਈ ਕੈਂਪ ਸ਼ੁਰੂ

## "27 ਜੁਲਾਈ ਨੂੰ ਹੋਵੇਗਾ ਅੰਤਰ-ਰਾਸ਼ਟਰੀ ਯੁਵਕ ਮੇਲਾ"

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਜੀ. ਐਚ. ਜੀ. ਅਕੈਡਮੀਂ ਫਰਿਜ਼ਨੋ ਵੱਲੋਂ ਹਰ ਸਾਲ ਦੀ ਤਰਾਂ ਬੱਚਿਆਂ ਨੂੰ ਛੁੱਟੀਆਂ ਦੌਰਾਨ ਸ਼ੋਸ਼ਲ ਮੀਡੀਏ ਤੋਂ ਕੁਝ ਸਮਾਂ ਦੂਰ ਰੱਖਣ ਅਤੇ ਘਰ ਦੀ ਚਾਰ ਦਿਵਾਰੀ ਤੋਂ ਬਾਹਰ ਕੱਢਦੇ ਹੋਏ ਸੱਭਿਆਚਾਰ ਵਿਰਸੇ ਨਾਲ ਜੋੜਨ ਦੇ ਉਪਰਾਲੇ ਕੀਤੇ ਜਾਂਦੇ ਹਨ। ਇਸੇ ਲੜੀ ਤਹਿਤ ਬੱਚਿਆਂ ਦੇ ਗਿੱਧੇ-ਭੰਗੜੇ ਦੇ ਕੈਂਪ ਦੀ ਸੁਰੂਆਤ ਫਰਿਜ਼ਨੋ ਦੇ ਹਾਲੈਂਡ ਪਾਰਕ ਵਿੱਚ ਹੋ ਚੁੱਕੀ ਹੈ। ਰੋਜਾਨਾਂ ਕੈਂਪ ਦੀ ਸੁਰੂਆਤ ਅਰਦਾਸ ਅਤੇ ਮੂਲ-ਮੰਤਰ ਜਾਪ ਕਰਨ ਉਪਰੰਤ ਕੀਤੀ ਜਾਂਦੀ ਹੈ। ਜਿੱਥੇ ਵੱਖ-ਵੱਖ ਗਰੁੱਪਾ ਵਿੱਚ ਪ੍ਰਬੰਧਕਾਂ ਅਨੁਸਾਰ 500 ਦੇ ਕਰੀਬ ਬੱਚੇ ਹਿੱਸਾ ਲੈ ਰਹੇ ਹਨ। ਬੱਚਿਆਂ ਨੂੰ ਇਹ ਸਿਖਲਾਈ ਮਾਹਰ ਕੋਚਾਂ ਦੁਆਰਾ ਦਿੱਤੀ ਜਾ ਰਹੀ ਹੈ।



ਇਸ ਕੈਂਪ ਦੀ ਇੱਕ ਖਾਸੀਅਤ ਇਹ ਵੀ ਹੈ ਕਿ ਇੱਥੇ ਬੱਚੇ ਜਿੱਥੇ ਗਿੱਧੇ-ਭੰਗੜੇ ਦੀ ਸਿਖਲਾਈ ਪ੍ਰਾਪਤ ਕਰਦੇ ਹਨ, ਉੱਥੇ ਰੋਜ਼ਾਨਾ ਉਨ੍ਹਾਂ ਦੀ ਚੰਗੀ ਕਸਰਤ ਵੀ ਹੋ ਜਾਂਦੀ ਹੈ। ਅਕੈਂਡਮੀਂ ਦਾ ਨਾਅਰਾ ਹੈ ਕਿ ਨਸ਼ੇ ਛੱਡੋ, ਕੋਹੜ ਵੱਢੋ। ਇਸ ਦੇ ਨਾਲ-ਨਾਲ ਉਨ੍ਹਾਂ ਵਿੱਚ ਆਪਸੀ ਇਕੱਠੇ ਰਹਿਣ ਕਰਕੇ ਭਾਈਚਾਰਿਕ ਸਾਂਝ ਵੀ ਵਧਦੀ ਹੈ ਅਤੇ ਸ਼ੋਸ਼ਲ ਮੀਡੀਏ ਵਰਗੀ ਆਦਤ ਤੋਂ ਕੁਝ ਸਮਾਂ ਦੂਰ ਰਹਿੰਦੇ ਹਨ। ਇਸੇ ਤਰ੍ਹਾਂ ਮਾਪੇ ਅਤੇ ਬਜ਼ੁਰਗ ਬੱਚਿਆਂ ਦੇ ਨਾਲ ਕੈਂਪ ਵਿੱਚ ਆਉਂਦੇ ਹਨ। ਅਜਿਹਾ ਕਰਨ ਨਾਲ ਜਿੱਥੇ ਬੱਚਿਆਂ ਅਤੇ ਬਜ਼ੁਰਗਾਂ ਵਿੱਚ ਨੇੜਤਾ ਵਧਦੀ ਹੈ, ਉੱਥੇ ਬਜੁਰਗ ਆਪਸੀ ਦੁੱਖ-ਸੁੱਖ ਵੀ ਸਾਂਝਾਂ ਕਰਦੇ ਹਨ।

ਇਸ ਦੋ ਹਫ਼ਤਿਆਂ ਦੇ ਕੈਂਪ ਦੀ ਸਮਾਪਤੀ ਦੌਰਾਨ 27 ਜੁਲਾਈ, ਦਿਨ ਸ਼ਨੀਵਾਰ ਨੂੰ ਫਰਿਜ਼ਨੋ ਦੇ "ਵਿਲੀਅਮ ਸਰੋਏਨ ਥੀਏਟਰ" ਵਿੱਚ ਸਿਖਲਾਈ ਪ੍ਰਾਪਤ ਬੱਚੇ ਆਪਣੀ ਕਲਾ ਦਾ ਸਟੇਜ਼ ਤੋਂ ਪ੍ਰਦਰਸਨ ਕਰਨਗੇ। ਇਸੇ ਦੌਰਾਨ ਅਕੈਂਡਮੀ ਵੱਲੋਂ 14ਵਾਂ ਅੰਤਰ-ਰਾਸ਼ਟਰੀ ਪੱਧਰ ਦਾ ਗਿੱਧੇ-ਭੰਗੜੇ ਦਾ ਯੁਵਕ ਮੁਕਾਬਲਾ ਵੀ ਹੋਵੇਗਾ। ਇੰਨ੍ਹਾਂ ਪ੍ਰੋਗਰਾਮਾਂ ਦੀ ਸੁਰੂਆਤ ਬਾਅਦ ਦੁਪਿਹਰ 2 ਵਜ਼ੇ ਹੋਵੇਗੀ। ਜਿਸ ਦੀ ਕੋਈ ਦਾਖਲਾ ਫੀਸ ਨਹੀਂ ਹੈ। ਜਿਸ ਵਿੱਚ ਹਿੱਸਾ ਲੈਣ ਲਈ ਇਸ ਸਾਲ ਕੈਲੇਫੋਰਨੀਆਂ ਦੀਆਂ ਵੱਖ-ਵੱਖ ਸਟੇਟਾਂ ਤੋਂ ਇਲਾਵਾ ਕਨੇਡਾ ਤੋਂ ਵੀ ਟੀਮਾਂ ਪਹੁੰਚ ਰਹੀਆਂ ਹਨ। ਇਸ ਪ੍ਰੋਗਰਾਮ ਦੀ ਖਾਸੀਅਤ ਮਾਂਵਾਂ ਦਾ ਗਿੱਧਾ ਅਤੇ ਮਲਵਈ ਗਿੱਧਾ ਦੇਖਣਯੋਗ ਹੋਣਗੇ। ਸਮੁੱਚੇ ਪ੍ਰੋਗਰਾਮ ਦੌਰਾਨ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ। ਅਕੈਡਮੀਂ ਦੇ ਪ੍ਰਬੰਧਕਾਂ ਵਿੱਚ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ ਅਤੇ ਗੁਰਦੀਪ ਸਿੰਘ ਸ਼ੇਰਗਿੱਲ ਵੱਲੋਂ ਸਮੂੰਹ ਭਾਈਚਾਰੇ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ।

# ਫਰਿਜ਼ਨੋ ਵਿਖੇ ਯਾਦਗਾਰੀ ਹੋ ਨਿਬੜੀ "ਗੀਤਾਂ ਦੀ ਸ਼ਾਮ, ਜੀ. ਐਸ, ਪੀਟਰ ਦੇ ਨਾਮ"

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਅੱਜ ਕੱਲ ਪੰਜਾਬੀ ਗਾਇਕ ਜੀ. ਐਸ. ਪੀਟਰ ਆਪਣੇ ਕੈਲੇਫੋਰਨੀਆਂ ਦੇ ਟੂਰ 'ਤੇ ਹਨ। ਜਿੰਨ੍ਹਾਂ ਦਾ ਫਰਿਜ਼ਨੋ ਪੁੱਜਣ 'ਤੇ 'ਸਪਾਈਸ਼ ਰੇਡੀਓ' ਵਾਲੇ ਰਾਜ ਮੋਗਾ ਅਤੇ ਸਥਾਨਿਕ 'ਲਾ ਕਿਉਤਰਾ' ਹੋਟਲ ਵਾਲੇ ਚਰਨਜੀਤ ਸਿੰਘ ਬੁੱਟਰ ਨੇ ਨਿੱਘਾ ਸੁਆਗਤ ਕਰਦੇ ਹੋਏ



ਇੱਕ ਗੀਤਾਂ ਦੀ ਮਹਿਫਲ "ਗੀਤਾਂ ਦੀ ਸ਼ਾਮ, ਜੀ। ਐਸ। ਪੀਟਰ ਦੇ ਨਾਮ" ਦਾ ਆਗਾਜ਼ ਕੀਤਾ। ਇਸ ਮਹਿਫਲ ਵਿੱਚ ਸ਼ਾਮਲ ਹੋਣ ਲਈ ਹਰ-ਇਕ ਨੂੰ ਖੁੱਲਾ ਸੱਦਾ ਦਿੱਤਾ ਗਿਆ ਸੀ ਅਤੇ ਕੋਈ ਟਿਕਟ ਵਗੈਰਾ ਨਹੀਂ ਸੀ। ਇਸ ਸੰਗੀਤਕ ਮਹਿਫਲ ਦੀ ਸੁਰੂਆਤ ਰਾਜ ਮੋਗਾ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਕੀਤੀ।

ਇਸ ਉਪਰੰਤ ਸਥਾਨਿਕ ਦੋਗਾਣਾ ਜੋੜੀ ਪੱਪੀ ਭਦੌੜ ਅਤੇ ਬੀਬੀ ਦਿਲਪ੍ਰੀਤ ਕੌਰ ਨੇ ਅਮਰ ਸਿੰਘ ਚਮਕੀਲੇ ਦੇ ਧਾਰਮਿਕ ਗੀਤ "ਮੈਂ ਤਲਵਾਰ ਕਲ-ਗੀਧਰ ਦੀ ਹਾਂ" ਨਾਲ ਕੀਤੀ। ਇਸ ਉਪਰੰਤ ਉਨ੍ਹਾਂ ਹੋਰ ਬਹੁਤ ਸਾਰੇ ਆਪਣੇ ਮਿਆਰੀ ਗੀਤ ਗਾ ਮਹੌਲ ਨੂੰ ਕੀਲੀ ਰੱਖਿਆ। ਇਸੇ ਤਰਾਂ ਗਾਇਕੀ ਦੇ ਖੇਤਰ ਵਿੱਚ ਆਪਣੀ ਪਹਿਚਾਣ ਬਣਾ ਚੁੱਕੇ ਗਾਇਕ ਕਮਲਜੀਤ ਬੈਨੀਪਾਲ ਅਤੇ ਬੁਲੰਦ ਆਵਾਜ਼ ਦੇ ਮਾਲਕ ਗੁਰਦੀਪ ਸਿੰਘ ਧਾਲੀਵਾਲ ਨੇ ਵੀ ਰੂਬ ਰੰਗ ਬੰਨੇ। ਜਦ ਕਿ ਇਸ ਪ੍ਰੋਗਰਾਮ ਦੀ ਸ਼ਾਨ ਅਤੇ ਪ੍ਰਮੁੱਖ ਗਾਇਕ ਨੇ ਆਪਣੇ ਬਹੁਤ ਸਾਰੇ ਰਿਕਾਰਡ ਗੀਤ ਅਤੇ ਨਵੇਂ ਆ ਰਹੇ ਗੀਤਾਂ ਰਾਹੀ ਸਰੋਤਿਆਂ ਨੂੰ ਮੰਤਰ-ਮੁਗਧ ਕਰੀ ਰੱਖਿਆ। ਇਸ ਮਹਿਫਲ ਦਾ ਹਰ ਕੋਈ ਅਨੰਦ ਲੈ ਰਿਹਾ ਸੀ। ਇਸ ਪ੍ਰੋਗਰਾਮ ਵਿੱਚ ਫੌਜੀ ਦਾ ਡੀ। ਜੇ। ਅਤੇ ਅਸ਼ੋਕ ਕੁਮਾਰ ਸ਼ੌਕੀ ਦੇ ਢੋਲ ਨੇ ਵੀ ਸਭ ਨੂੰ ਨੱਚਣ ਲਾਈ ਰੱਖਿਆ। ਪ੍ਰੋਗਰਾਮ ਵਿੱਚ ਸਮੂੰਹ ਹਾਜ਼ਰੀਨ ਵੱਲੋਂ ਜੀ. ਐਸ. ਪੀਟਰ ਦੀ ਸਾਫ-ਸੁਥਰੀ ਗਾਇਕੀ ਦਾ ਅਦਰਸ਼ ਗਾਇਕ ਕਹਿੰਦੇ ਹੋਏ ਸਨਮਾਨ ਦਿੱਤਾ ਗਿਆ। ਅੰਤ ਰਾਤਰੀ ਦੇ ਸ਼ਾਨਦਾਰ ਖਾਣੇ ਅਤੇ ਸੰਗੀਤ ਪ੍ਰੇਮੀਆਂ ਦੇ ਮੇਲ-ਮਿਲਾਪ ਕਰਵਾਉਂਦੀ ਇਹ ਮਹਿਫਲ ਯਾਦਗਾਰੀ ਹੋ ਨਿਬੜੀ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਰਾਜ ਮੋਗਾ ਅਤੇ ਚਰਨਜੀਤ ਬੁੱਟਰ ਵਧਾਈ ਦੇ ਪਾਤਰ ਹਨ।

# ਯੂਕਰੇਨ ਖ਼ਿਲਾਫ਼ ਜੰਗ ਬੰਦ ਕਰਨ ਲਈ ਪੂਤਿਨ ਨੂੰ ਮਨਾਏ ਭਾਰਤ- ਅਮਰੀਕਾ

**ਮਿਲਵਾਕੀ**-ਰੂਸ ਨਾਲ ਭਾਰਤ ਦੇ ਪੁਰਾਣੇ ਰਿਸ਼ਤਿਆਂ ਦਾ ਜ਼ਿਕਰ ਕਰਦਿਆਂ ਅਮਰੀਕਾ ਨੇ ਕਿਹਾ ਹੈ ਕਿ ਉਸ ਨੇ ਨਵੀਂ ਦਿੱਲੀ ਨੂੰ ਅਪੀਲ ਕੀਤੀ ਹੈ ਕਿ ਉਹ ਮਾਸਕੋ ਨਾਲ ਆਪਣੇ ਸਬੰਧਾਂ ਦੀ 'ਵਰਤੋਂ ਕਰਦਿਆਂ' ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਯੂਕਰੇਨ ਖਿਲਾਫ਼ 'ਗੈਰਕਾਨੂੰਨੀ ਜੰਗ' ਖ਼ਤਮ ਕਰਨ ਦੀ ਅਪੀਲ ਕਰੇ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਮੈਥਿਊ ਮਿੱਲਰ ਨੇ ਸੋਮਵਾਰ ਨੂੰ ਆਪਣੀ ਨਿਯਮਤ ਪ੍ਰੈੱਸ ਕਾਨਫਰੰਸ ਵਿਚ ਕਿਹਾ, "ਭਾਰਤ ਦੇ ਰੂਸ ਨਾਲ ਬਹੁਤ ਪੁਰਾਣੇ ਸਬੰਧ ਹਨ। ਮੈਨੂੰ ਲੱਗਦਾ ਹੈ ਕਿ ਇਹ ਗੱਲ ਸਾਰਿਆਂ ਨੂੰ ਪਤਾ ਹੈ। ਅਸੀਂ ਭਾਰਤ ਨੂੰ ਹੱਲਾਸ਼ੇਰੀ ਦਿੱਤੀ ਹੈ ਕਿ ਉਹ ਰੂਸ ਨਾਲ ਇਨ੍ਹਾਂ ਪੁਰਾਣੇ ਸਬੰਧਾਂ ਤੇ ਆਪਣੀ ਨਿਵੇਕਲੀ ਦੋਸਤੀ ਦੀ ਵਰਤੋਂ ਕਰੇ ਅਤੇ ਰਾਸ਼ਟਰਪਤੀ ਪੂਤਿਨ ਨੂੰ ਆਪਣੀ ਗੈਰਕਾਨੂੰਨੀ ਜੰਗ ਖ਼ਤਮ ਕਰਨ, ਇਸ ਟਕਰਾਅ ਵਿਚ ਨਿਆਂਪੂਰਨ ਤੇ ਸਥਾਈ ਅਮਨ ਹਾਸਲ ਕਰਨ ਤੇ ਸੰਯੁਕਤ ਰਾਸ਼ਟਰ ਚਾਰਟਰ, ਯੂਕਰੇਨ ਦੀ ਖੇਤਰੀ ਅਖੰਡਤਾ ਤੇ ਪ੍ਰਭੂਸੱਤਾ ਦਾ ਸਨਮਾਨ ਕਰਨ ਦੀ ਅਪੀਲ ਕਰੇ।" ਮਿੱਲਰ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ, "ਅਸੀਂ ਭਾਰਤ ਸਰਕਾਰ ਨੂੰ ਇਸ ਗੱਲ ਲਈ ਲਗਾਤਾਰ ਜ਼ੋਰ ਦਿੰਦੇ ਰਹਾਂਗੇ। ਰੂਸ ਨਾਲ ਸਬੰਧਾਂ ਦੇ ਮਾਮਲੇ ਵਿਚ ਭਾਰਤ ਸਾਡਾ ਇਕ ਅਹਿਮ ਭਾਈਵਾਲ ਹੈ।" ਮਿੱਲਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰੂਸ ਤੋਂ ਰਵਾਨਾ ਹੋਣ ਤੋਂ ਫੌਰੀ ਮਗਰੋਂ 9 ਜੁਲਾਈ ਨੂੰ ਵੀ ਇਸੇ ਤਰ੍ਹਾਂ ਦੀ ਟਿੱਪਣੀ ਕੀਤੀ ਸੀ। ਮੋਦੀ 22ਵੀਂ ਭਾਰਤ-ਰੂਸ ਸਾਲਾਨਾ ਸਿਖਰ ਵਾਰਤਾ ਲਈ 8-9 ਜੁਲਾਈ ਨੂੰ ਦੋ ਦਿਨ ਲਈ ਰੂਸ ਵਿਚ ਸਨ। ਯੂਕਰੇਨ ਵਿਚ ਜਾਰੀ ਜੰਗ ਦਰਮਿਆਨ ਉਨ੍ਹਾਂ ਦੀ ਇਸ ਫੇਰੀ 'ਤੇ ਪੱਛਮੀ ਮੁਲਕਾਂ ਨੇ ਨੇੜਿ ' ਨਜ਼ਰ ਬਣਾਈ ਹੋਈ ਸੀ। ਰੂਸ ਵੱਲੋਂ ਯੂਕਰੇਨ ਖਿਲਾਫ਼ ਜੰਗ ਛੇੜੇ ਨੂੰ ਦੋ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਤੇ ਉਸ ਮਗਰੋਂ ਮੋਦੀ ਦੀ ਇਹ ਪਹਿਲੀ ਰੂਸ ਫੇਰੀ ਸੀ।


## Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ

ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh


Dharminder Singh

Cell : 530-870-6600

Fax : (530) 870-1429

532 Houston St.

West Sacramento, CA 95691

Email: myfuturetruck@gmail.com

# ਸ. ਰਾਜ ਸਿੰਘ ਬਦੇਸਾ ਨੇ ਅਮਰੀਕਾ ਦੇ ਪਹਿਲੇ ਅੰਮ੍ਰਿਤਧਾਰੀ ਜੱਜ ਬਣ ਸਿਰਜਿਆ ਇਤਿਹਾਸ

## "ਫਰਿਜ਼ਨੋ ਸਿਟੀ ਹਾਲ ਵਿੱਚ ਚੁੱਕੀ ਸਹੁੰ"

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਅਮਰੀਕਾ ਦੀ ਸਟੇਟ ਕੈਲੇਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਦੇ ਸਾਬਕਾ ਸਹਾਇਕ ਸਿਟੀ ਅਟਾਰਨੀ ਸ। ਰਾਜ ਸਿੰਘ ਬਦੇਸ਼ਾ ਨੇ ਬੀਤੇ ਦਿਨੀ ਬਤੌਰ ਕਾਉਟੀਂ ਜੱਜ ਸਹੁੰ ਚੁੱਕੀ। ਇੰਨਾਂ ਨੂੰ ਹੁਣ ਕਾਨੂੰਨੀ ਤੋਰ 'ਤੇ ਫਰਿਜ਼ਨੋ ਸੁਪੀਰੀਅਰ ਕੋਰਟ ਦਾ ਜੱਜ ਨਿਯੁਕਤ ਕੀਤਾ ਗਿਆਂ ਹੈ। ਇਸ ਸਮੇਂ ਸਹੁੰ ਚੁੱਕਣ ਦੇ ਰਸ਼ਮੀ ਸਮਾਗਮ ਵਿੱਚ ਸ਼ਹਿਰ ਦੇ ਨਿਆਂ ਅਤੇ ਪ੍ਰਬੰਧਕ ਅਧਿਕਾਰੀਆਂ ਸਮੇਤ ਬਹੁਤ ਸਾਰੀਆਂ ਸਥਾਨਿਕ ਜੱਥੇਬੰਦੀਆਂ ਦੇ ਨੁਮਾਇੰਦੇ ਵੀ ਮੌਜ਼ੂਦ ਸਨ। ਸ. ਰਾਜ ਸਿੰਘ ਬਦੇਸਾ ਪਿਛਲੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਸਿਟੀ ਹਾਲ ਤੋਂ ਸਿੱਧਾ ਫਰਿਜ਼ਨੋ ਕਾਉਂਟੀ ਬੈਂਚ ਵਿੱਚ ਜਾਣ ਵਾਲਾ ਪਹਿਲਾ ਵਿਅਕਤੀ ਹੈ। ਜਿਸ ਦੀ ਉੱਚ ਸਿੱਖਿਆ, ਲਗਨ, ਇਮਾਨਦਾਰੀ, ਮਿਹਨਤ ਅਤੇ ਭਾਈਚਾਰਕ ਸਾਂਝ ਮਾਣ ਬਣੀ। ਇਸ ਸਮਾਗਮ ਦੌਰਾਨ ਪੰਜਾਬੀ ਭਾਈਚਾਰੇ ਦੀ ਵੱਡੀ ਮੌਜ਼ੂਦਗੀ ਰਹੀ।



ਪੰਜਾਬੀ ਅਤੇ ਖਾਸਕਰ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਕਿ ਗੁਰਸਿੱਖ, ਅੰਮ੍ਰਿਤਧਾਰੀ ਅਤੇ ਦਸਤਾਰਧਾਰੀ ਰਾਜ ਸਿੰਘ ਬਦੇਸਾਂ ਨੂੰ ਕੈਲੀਫੋਰਨੀਆਂ ਦੀ ਫਰਿਜ਼ਨੋ ਕਾਉਟੀ ਤੋਂ ਸੁਪੀਰੀਅਰ ਕੋਰਟ ਦੇ ਜੱਜ ਨਿਯੁਕਤ ਕੀਤਾ ਗਿਆ ਹੈ। ਇਸ ਜੱਜ ਦੇ ਅਹੁੱਦੇ ਦੀ ਨਿਯੁਕਤੀ ਦਾ ਹਾਜ਼ਰ ਭਾਈਚਾਰੇ ਨੇ ਬੋਲੋ ਸੋ ਨਿਹਾਲ ਦਾ ਜੈਕਾਰਾ ਬੁਲਾਉਂਦੇ ਹੋਏ ਸਵਾਗਤ ਕੀਤਾ। ਜੋ ਆਪਣੇ ਪੂਰੇ ਸਿੱਖੀ ਸਰੂਪ ਵਿੱਚ ਬਤੌਰ ਜੱਜ ਸੇਵਾਵਾਂ ਕਰਨਗੇ। ਇੱਥੇ ਇਹ ਗੱਲ ਸਿੱਖ ਭਾਈਚਾਰੇ ਲਈ ਬੜੇ ਮਾਣ ਵਾਲੀ ਹੈ ਕਿ ਰਾਜ ਸਿੰਘ ਬਦੇਸਾ ਅਮਰੀਕਾ ਦੇ ਕੈਲੀਫੋਰਨੀਆ ਸੂਬੇ 'ਚ ਪਹਿਲੇ ਸਿੱਖ ਸੁਪੀਰੀਅਰ ਕੋਰਟ ਦੇ ਜੱਜ ਬਣੇ ਹਨ।

ਸ. ਰਾਜ ਸਿੰਘ ਬਦੇਸਾ ਪਿਛੋਕੜ ਤੋਂ ਪੰਜਾਬ ਦੇ ਜਿਲ੍ਹਾਂ ਲੁਧਿਆਣਾ ਦੇ ਪਿੰਡ ਚੌਕੀਮਾਨ ਤੋਂ ਸਵ। ਸ. ਸੋਹਣ ਸਿੰਘ ਬਦੇਸਾ ਅਤੇ ਬੀਬੀ ਬਲਵਿੰਦਰ ਕੌਰ ਦੇ ਹੋਣਹਾਰ ਪੁੱਤਰ ਹਨ। ਜਿੱਥੇ ਪੰਜਾਬ ਤੋਂ ਕੈਲੇਫੋਰਨੀਆਂ ਆ ਆਪਣੀ ਸਖਤ ਮਿਹਨਤ ਨਾਲ ਮਾਂ-ਬਾਪ ਨੇ ਬੱਚਿਆਂ ਨੂੰ ਉੱਚ ਸਿੱਖਿਆ ਦਿੱਤੀ, ਉੱਥੇ ਉਨ੍ਹਾਂ ਨੂੰ ਧਾਰਮਿਕ ਮਰਿਯਾਦਾ ਅਤੇ ਗੁਰਸਿੱਖੀ ਨਾਲ ਵੀ ਜੋੜਿਆ। ਸ. ਰਾਜ ਸਿੰਘ ਬਦੇਸਾ ਦੀ ਮਾਤਾ ਬਲਵਿੰਦਰ ਕੌਰ ਬਦੇਸਾ ਵੱਲੋਂ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਹੋਏ ਸਮੂੰਹ ਵਧਾਈਆਂ ਦੇਣ ਵਾਲਿਆਂ ਧੰਨਵਾਦ ਬੜੀ ਭਾਵੁਕਤਾ ਨਾਲ ਕੀਤਾ ਗਿਆ। ਸ. ਰਾਜ ਬਦੇਸਾ ਆਪਣੇ ਸਕੂਲ ਤੋਂ ਹੁਣ ਤੱਕ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਨ ਅਤੇ ਪ੍ਰੇਰਨ ਵਾਲੇ ਸਮਾਗਮਾਂ ਵਿੱਚ ਸੇਵਾਵਾ ਨਿਭਾਉਂਦਾ ਰਿਹਾ ਹੈ।

ਜਿਸ ਨੇ ਇੱਥੋਂ ਦੀ ਨੌਜਵਾਨ ਪੀੜੀ ਲਈ ਇਹ ਉਦਾਹਰਨ ਕਾਇਮ ਕਰ ਦਿੱਤੀ ਕਿ ਤੁਸੀਂ ਆਪਣੇ ਸੰਪੂਰਨ ਗੁਰਸਿੱਖੀ ਜੀਵਨ ਵਿੱਚ ਰਹਿੰਦੇ ਹੋਏ ਵਿਦੇਸ਼ਾਂ ਵਿੱਚ ਆਪਣੇ ਕਿਸੇ ਵੀ ਉੱਚੇ ਮੁਕਾਮ 'ਤੇ ਪਹੁੰਚ ਸਕਦੇ ਹੋ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਹੁਣ ਕੈਲੇਫੋਰਨੀਆਂ ਦੀ ਫਰਿਜ਼ਨੋ ਕਾਉਟੀਂ ਵਿੱਚ ਜਿੱਥੇ ਸ। ਰਾਜ ਸਿੰਘ ਬਦੇਸਾ ਦਸਤਾਰ ਪਹਿਨ ਕੇ ਬਤੌਰ ਜੱਜ ਸੇਵਾਵਾ ਨਿਭਾਏਗਾ, ਉੱਥੇ ਪੰਜਾਬੀ ਭਾਈਚਾਰੇ ਦੇ ਦੋ ਹੋਰ ਦਸਤਾਰਧਾਰੀ ਨੌਜਵਾਨ ਇਕਰਾਜ ਸਿੰਘ ਉੱਭੀ ਅਤੇ ਗਗਨਦੀਪ ਸਿੰਘ ਸਿੱਧੂ ਬਤੌਰ ਡਿਪਟੀ ਸ਼ੈਰਫ (ਪੁਲੀਸ਼) ਸੇਵਾਵਾ ਨਿਭਾ ਰਹੇ ਹਨ। ਜੋ ਇੱਥੋਂ ਦੇ ਬੱਚਿਆਂ ਲਈ ਆਪਣੇ ਪਹਿਰਾਵੇ ਵਿੱਚ ਰਹਿ ਕੇ ਹਰ ਖੇਤਰ ਵਿੱਚ ਨੌਕਰੀਆਂ ਕਰਨ ਲਈ ਪ੍ਰੇਰਨਾਂ ਸਰੋਤ ਬਣ ਰਹੇ ਹਨ। ਸਾਡੇ "ਧਾਲੀਆਂ ਅਤੇ ਮਾਛੀਕੇ ਮੀਡੀਆਂ, ਅਮਰੀਕਾ" ਵੱਲੋਂ ਸਮੂੰਹ ਬਦੇਸਾਂ ਪਰਿਵਾਰ ਅਤੇ ਸਮੂੰਹ ਪੰਜਾਬੀ ਭਾਈਚਾਰੇ ਨੂੰ ਬਹੁਤ-ਬਹੁਤ ਮੁਬਾਰਕਾਂ।

# ਓਹਾਇਓ ਵਿੱਚ ਪੈਨ ਅਮਰੀਕਨ ਮਾਸਟਰ ਗੇਮਜ਼ ਵਿੱਚ ਫਰਿਜਨੋ ਦੇ ਗੁਰਬਖ਼ਸ਼ ਸਿੰਘ ਸਿੱਧੂ ਨੇ ਜਿੱਤਿਆ ਗੋਲਡ ਮੈਡਲ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਫਰਿਜਨੋ ਨਿਵਾਸੀ ਐਥਲੀਟ ਗੁਰਬਖ਼ਸ਼ ਸਿੰਘ ਸਿੱਧੂ ਅਕਸਰ ਦੁਨੀਆਂ ਭਰ ਵਿੱਚ ਸੀਨੀਅਰ ਖੇਡਾਂ ਵਿੱਚ ਹਿੱਸਾ ਲੈਕੇ ਨਾਮਨਾਂ ਖੱਟਦੇ ਰਹਿੰਦੇ ਨੇ।







ਇਸ ਵਾਰ ਓਹ ਅਮਰੀਕਾ ਦੇ ਕਲੀਵਲੈਂਡ,ਓਹਾਇਓ ਵਿੱਚ ਪੈਨ ਅਮਰੀਕਨ ਮਾਸਟਰ ਗੇਮਜ਼ 2024 ਵਿੱਚ ਹਿੱਸਾਂ ਲੈਣ ਲਈ ਪਹੁੰਚੇ ਹੋਏ ਹਨ। ਇਹ ਖੇਡਾਂ 12 ਜੁਲਾਈ ਤੋਂ 21 ਜੁਲਾਈ ਤੱਕ ਕਲੀਵਲੈਂਡ ਓਹਾਇਓ ਵਿੱਚ ਹੋ ਰਹੀਆਂ ਹਨ। ਗੁਰਬਖ਼ਸ਼ ਸਿੰਘ ਸਿੱਧੂ ਨੇ 15 ਜੁਲਾਈ ਨੂੰ ਹੋਏ, ਹੈਮਰ ਥਰੋ ਈਵੈਂਟ ਵਿੱਚ ਹਿੱਸਾ ਲਿਆ ਅਤੇ 35.62 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ। ਇਨ੍ਹਾਂ ਖੇਡਾਂ ਵਿੱਚ 70 ਦੇਸ਼ਾਂ ਦੇ ਐਥਲੀਟ 24 ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪਹੁੰਚੇ ਹੋਏ ਹਨ। ਇਨ੍ਹਾਂ ਖੇਡਾਂ ਲਈ ਅਮਰੀਕਾ, ਕੈਨੇਡਾ, ਯੂਨਾਈਟਿਡ ਕਿੰਗਡਮ, ਫਰਾਂਸ, ਜਰਮਨੀ, ਫਿਨਲੈਂਡ, ਮੈਕਸੀਕੋ, ਪੇਰੂ, ਹਾਉਂਡੂਰਾਸ, ਭਾਰਤ ਅਤੇ ਹੋਰ ਦੇਸ਼ਾਂ ਤੋਂ ਲਗਭਗ 4000 ਐਥਲੀਟਾ ਪਹੁੰਚੇ ਹੋਏ ਹਨ। ਗੁਰਬਖ਼ਸ਼ ਸਿੰਘ ਸਿੱਧੂ ਦੀ ਇਸ ਪ੍ਰਾਪਤੀ ਤੇ ਪੰਜਾਬੀ ਭਾਈਚਾਰੇ ਦੇ ਨਾਲ ਨਾਲ ਫਰਿਜਨੋ ਦੇ ਗੋਰੇ ਵੀ ਮਾਣ ਕਰ ਰਹੇ ਹਨ।

# ਬਜਟ ਸੈਸ਼ਨ ਤੋਂ ਪਹਿਲਾਂ ਕੇਂਦਰ ਨੇ 21 ਜੁਲਾਈ ਨੂੰ ਸਰਬ ਪਾਰਟੀ ਮੀਟਿੰਗ ਸੱਦੀ

**ਨਵੀਂ ਦਿੱਲੀ–** ਕੇਂਦਰ ਸਰਕਾਰ ਨੇ ਸੰਸਦ ਦੇ ਅਗਲੇ ਮੌਨਸੂਨ ਸੈਸ਼ਨ ਤੋਂ ਪਹਿਲਾਂ 21 ਜੁਲਾਈ ਨੂੰ ਸਰਬ ਪਾਰਟੀ ਮੀਟਿੰਗ ਸੱਦੀ ਹੈ। ਇਹ ਜਾਣਕਾਰੀ ਸੂਤਰਾਂ ਨੇ ਏਜੰਸੀ ਨਾਲ ਸਾਂਝੀ ਕੀਤੀ ਹੈ। ਇਹ ਵਿਰੋਧੀ ਧਿਰ ਦੇ ਆਗੂ ਵਜੋਂ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਦੀ ਪਹਿਲੀ ਮੀਟਿੰਗ ਹੋਵੇਗੀ। ਤ੍ਰਿਣਮੂਲ ਕਾਂਗਰਸ ਦੇ ਸੂਤਰਾਂ ਨੇ ਕਿਹਾ ਕਿ ਪਾਰਟੀ ਦਾ ਕੋਈ ਵੀ ਨੁਮਾਇੰਦਾ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਵੇਗਾ ਕਿਉਂਕਿ ਪਾਰਟੀ ਵੱਲੋਂ 21 ਜੁਲਾਈ ਨੂੰ ਸ਼ਹੀਦੀ ਦਿਵਸ ਮਨਾਇਆ ਜਾਂਦਾ ਹੈ। 21 ਜੁਲਾਈ ਦਾ ਸ਼ਹੀਦੀ ਦਿਵਸ 13 ਕਾਂਗਰਸ ਸਮਰਥਕਾਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ ਜਿਨ੍ਹਾਂ ਨੂੰ 1993 ਵਿੱਚ ਕੋਲਕਾਤਾ ਪੁਲੀਸ ਵੱਲੋਂ ਰਾਜ ਸਕੱਤਰੇਤ ਰਾਇਟਰਜ਼ ਬਿਲਡਿੰਗਜ਼ ਵੱਲ ਮਾਰਚ ਦੌਰਾਨ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਉਸ ਵੇਲੇ ਸੀਪੀਆਈ (ਐਮ) ਦੀ ਅਗਵਾਈ ਵਾਲੇ ਖੱਬੇ ਮੋਰਚੇ ਦੀ ਸਰਕਾਰ ਸੀ। ਦੱਸਣਾ ਬਣਦਾ ਹੈ ਕਿ ਸੰਸਦ ਦਾ ਮੌਨਸੂਨ ਸੈਸ਼ਨ 22 ਜੁਲਾਈ ਨੂੰ ਸ਼ੁਰੂ ਹੋਵੇਗਾ ਅਤੇ 12 ਅਗਸਤ ਨੂੰ ਸਮਾਪਤ ਹੋਵੇਗਾ। ਕੇਂਦਰ ਵੱਲੋਂ ਬਜਟ 23 ਜੁਲਾਈ ਨੂੰ ਪੇਸ਼ ਕੀਤਾ ਜਾਵੇਗਾ।






# ਬਾਬੂ ਜਗਜੀਵਨ ਰਾਮ ਸਾਬਕਾ ਉਪ-ਪ੍ਰਧਾਨ ਮੰਤਰੀ ਇੱਕ ਸੱਚਾ ਲੋਕਤੰਤਰੀ ਅਤੇ ਦੱਬੇ-ਕੁਚਲੇ ਲੋਕਾਂ ਦਾ ਲੋਕਨੇਤਾ

ਬਾਬੂ ਜਗਜੀਵਨ ਰਾਮ (5 ਅਪ੍ਰੈਲ, 1908 – 6 ਜੁਲਾਈ, 1986) ਆਪਣੀ ਦੇਸ਼ ਭਗਤੀ, ਸਿੱਧੀ-ਸਾਦੀ ਅਤੇ ਗਰੀਬਾਂ ਦੀ ਚਿੰਤਾ ਲਈ ਜਾਣੇ ਜਾਂਦੇ ਸਨ। ਜਦੋਂ 1937 ਵਿੱਚ, ਅੰਗਰੇਜ਼ ਬਿਹਾਰ ਵਿੱਚ ਇੱਕ ਕਠਪੁਤਲੀ ਸਰਕਾਰ ਸਥਾਪਤ ਕਰਨਾ ਚਾਹੁੰਦੇ ਸਨ, ਤਾਂ ਬਾਬੂ ਜਗਜੀਵਨ ਰਾਮ ਜੀ ਨੂੰ ਉਨ੍ਹਾਂ ਨਾਲ ਹੱਥ ਮਿਲਾਉਣ ਲਈ ਵੱਡੀ ਰਕਮ ਅਤੇ ਮੰਤਰੀ ਅਹੁਦੇ ਅਤੇ ਹੋਰ ਬਹੁਤ ਸਾਰੇ ਲਾਭਾਂ ਦੀ ਪੇਸ਼ਕਸ਼ ਦੇ ਨਾਲ ਸੰਪਰਕ ਕੀਤਾ ਗਿਆ ਸੀ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਉਹ ਆਪਣੇ ਲੋਕਾਂ ਨਾਲ ਚਟਾਨ ਵਾਂਗ ਖੜ੍ਹੇ ਸੀ, ਜਿਨ੍ਹਾਂ ਨੇ ਮਾਤ ਭੂਮੀ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰਨ ਲਈ ਵਚਨਬੱਧ ਹੋਣਾ ਸੀ। ਉਸਨੇ ਆਪਣੀ ਦੇਸ਼ ਭਗਤੀ ਅਤੇ ਅਖੰਡਤਾ ਲਈ ਭਾਰਤੀ ਸੁਤੰਤਰਤਾ ਅੰਦੋਲਨ ਦੇ ਘੁਲਾਟੀਆਂ ਅਤੇ ਨੇਤਾਵਾਂ ਦਾ ਪਿਆਰ ਪ੍ਰਾਪਤ ਕੀਤਾ। ਬਾਬੂ ਜਗਜੀਵਨ ਰਾਮ ਜੀ ਦੀ ਆਪਣੇ ਲੋਕਾਂ ਦੇ ਨਾਲ ਬਣੇ ਰਹਿਣ ਲਈ ਉਨ੍ਹਾਂ ਦੇ ਦਲੇਰ ਸਟੈਂਡ ਦੀ ਪ੍ਰਸ਼ੰਸਾ ਕਰਦੇ ਹੋਏ, ਗਾਂਧੀ ਜੀ ਨੇ ਕਿਹਾ ਕਿ ਉਹ 'ਅੱਗ ਦੀ ਪਰੀਖਿਆ ਵਿਚ ਸੋਨੇ ਵਾਂਗ ਸ਼ੁੱਧ ਨਿਕਲਏ। ਬਾਬੂ ਜੀ ਜਨਮ ਤੋਂ ਹੀ ਅਗਾਂਹ ਵਧੂ ਸੋਚ, ਲੜਾਕੂ ਅਤੇ ਯੋਧੇ ਸਨ ।

### ਆਜ਼ਾਦੀ, ਮਾਣ ਅਤੇ ਸਮਾਜਿਕ ਨਿਆਂ

ਆਪਣੀ ਮਿਡਲ ਸਕੂਲ ਦੀ ਸਿੱਖਿਆ ਦੇ ਦੌਰਾਨ, ਉਨ੍ਹਾਂ ਨੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਵਜ਼ੀਫ਼ਾ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਨੂੰ ਖੁੱਲੇ ਮੁਕਾਬਲੇ ਵਿੱਚ ਸ਼ਾਮਲ ਕਰਕੇ ਅਤੇ ਆਪਣੀ ਹੋਣਹਾਰ ਅਕਾਦਮਿਕ ਕਾਰਗੁਜ਼ਾਰੀ ਦੇ ਅਧਾਰ 'ਤੇ ਸਫਲਤਾ ਪ੍ਰਾਪਤ ਕੀਤੀ। ਇਹ ਸਮਾਂ ਉਨ੍ਹਾਂ ਦੇ ਆਰਾ ਟਾਊਨ ਸਕੂਲ ਦੇ ਦਿਨਾਂ ਦੌਰਾਨ ਦਾ ਸੀ ਜਦੋਂ ਉਨ੍ਹਾਂ ਨੇ ਦੋ ਵਾਰ ਕਰਕੇ ਦਿਖਾਇਆ ਸੀ।

### ਵੱਖਰੇ ਘੜੇ ਦਾ ਮਤਲਬ

ਅਨੁਸੂਚਿਤ ਜਾਤੀ ਦੇ ਿਵਦਆਰਥੀਆਂ ਲਈ ਪੀਣ ਵਾਲਾ ਪਾਣੀ ਘੜਾ ਸੀ ਅਤੇ ਸਕੂਲ ਦੇ ਅਹਾਤੇ ਵਿੱਚ ਵੱਖਰੇ ਪਾਣੀ ਦੇ ਪੱਖਪਾਤੀ ਪ੍ਰਬੰਧਕੀ ਫੈਸਲੇ ਨੂੰ ਵਾਪਸ ਲੈਣ ਲਈ ਪ੍ਰਿੰਸੀਪਲ ਨੂੰ ਮਜਬੂਰ ਕੀਤਾ। ਉਨ੍ਹਾਂ ਦੇ ਘਰ ਵਿੱਚ ਗਰੀਬੀ ਦੇ ਬਾਵਜੂਦ ਪੜ੍ਹਾਈ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਆਪਣੀ ਬੇਮਿਸਾਲ ਪ੍ਰਤਿਭਾ ਦਾ ਸਬੂਤ ਦਿੱਤਾ ਕਿਉਂਕਿ ਆਪ ਜੀ ਦੇ ਪਿਤਾ (ਸ਼੍ਰੀ ਸੋਭੀ ਰਾਮ) ਦਾ ਦੇਹਾਂਤ ਹੋ ਗਿਆ (1914) ਜਦੋਂ ਕਿ ਆਪ ਜੀ (ਬਾਬੂ ਜਗਜੀਵਨ ਰਾਮ) ਅਜੇ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਸਨ। ਉਹ ਅਤੇ ਉਹਨਾਂ ਦੀ ਮਾਤਾਜੀ (ਵਾਸੰਤੀ ਦੇਵੀ ਜੀ) ਨੇ ਚਾਰੇ ਪਾਸੇ ਗਰੀਬੀ ਅਤੇ ਸਮਾਜਿਕ ਬੇਦਖਲੀ ਦੇ ਵਿਰੁੱਧ ਦਲੇਰੀ ਨਾਲ ਲੜਾਈ ਲੜੀ।

ਅਜਿਹੇ ਦਮਨਕਾਰੀ ਸਮਾਜਿਕ ਮਾਹੌਲ ਅਤੇ ਘਰ ਵਿੱਚ ਮਾੜੀ ਆਰਥਿਕ ਸਥਿਤੀ ਦੇ ਬਾਵਜੂਦ, ਬਾਬ ਜੀ ਨੇ ਆਪਣੀ ਮੂਲ ਭਾਸ਼ਾ ਭੋਜਪੁਰੀ ਤੋਂ ਇਲਾਵਾ ਹਿੰਦੀ, ਬੰਗਾਲੀ, ਅੰਗਰੇਜ਼ੀ ਅਤੇ ਸੰਸਕ੍ਰਿਤ ਵਿੱਚ ਮੁਹਾਰਤ ਹਾਸਲ ਕੀਤੀ। ਹਿੰਦੀ ਅਤੇ ਅੰਗਰੇਜ਼ੀ ਉੱਤੇ ਆਪ ਜੀ ਦੀ ਪੂਰਨ ਕਮਾਂਡ ਸੀ ਜਿਸਨੇ ਪੰਡਿਤ ਮਦਨ ਮੋਹਨ ਮਾਲਵੀਆ ਜੀ ਦਾ ਧਿਆਨ ਖਿੱਚਿਆ। ਮਦਨ ਮੋਹਨ ਮਾਲਵੀਆ ਜੀ ਦੁਆਰਾ ਸੁਆਗਤੀ ਭਾਸ਼ਣ ਦੌਰਾਨ ਜੋ ਅੰਤ ਵਿੱਚ ਆਪ ਜੀ ਨੂੰ ਵੱਕਾਰੀ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਪੜ੍ਹਨ ਲਈ ਲੈ ਗਏ। ਇਹ ਬਨਾਰਸ ਹਿੰਦੂ ਯੂਨੀਵਰਸਿਟੀ ਸੀ ਕਿ ਬਾਬੂ ਜੀ ਨੇ ਪਹਿਲੀ ਵਾਰ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਹੋਸਟਲ ਵਿੱਚ ਅਨੁਸੂਚਿਤ ਜਾਤੀ ਦੇ ਿਵਦਆਰਥੀਆਂ ਲਈ ਭੋਜਨ ਅਤੇ ਸਥਾਨਕ ਨਾਈ ਦੁਆਰਾ ਵਾਲ ਕੱਟਣ ਵਰਗੀਆਂ ਬੁਨਿਆਦੀ ਸੇਵਾਵਾਂ ਤੋਂ ਇਨਕਾਰ ਕਰਨ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ। ਬੀ.ਐਚ.ਯੂ. ਵਿੱਚ ਆਪਣੀ ਇੰਟਰ ਸਾਇੰਸ ਇਮਤਿਹਾਨ ਦੀ ਯੋਗਤਾ ਪੂਰੀ ਕਰਨ ਤੋਂ ਬਾਅਦ, ਬਾਬੂ ਜੀ ਨੇ ਬੀ.ਐਚ.ਯੂ. ਛੱਡ ਦਿੱਤਾ ਅਤੇ ਬੀ।ਐ।.ਸੀ। ਦੀ 1931 ਵਿੱਚ ਕਲਕੱਤਾ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕੀਤੀ। ਕਲਕੱਤਾ ਯੂਨੀਵਰਸਿਟੀ ਵਿੱਚ ਆਪਣੇ ਕਾਰਜਕਾਲ ਦੌਰਾਨ, ਬਾਬੂ ਜੀ ਨੇ 1928 ਵਿੱਚ ਵੈਲਿੰਗਟਨ ਸਕੁਏਅਰ ਵਿਖੇ ਮਜ਼ਦੂਰ ਰੈਲੀ ਦਾ ਆਯੋਜਨ ਕੀਤਾ। ਇਸ ਵਿਸ਼ਾਲ ਰੈਲੀ ਜਿਸ ਵਿੱਚ ਲਗਭਗ 50,000 ਲੋਕਾਂ ਨੇ ਸ਼ਿਰਕਤ ਕੀਤੀ, ਬਾਬੂ ਜਗਜੀਵਨ ਰਾਮ ਜੀ ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਨੇੜੇ ਆਏ, ਜੋ ਉਨ੍ਹਾਂ ਦੇ ਜਥੇਬੰਦਕ ਹੁਨਰ ਅਤੇ ਰਾਜਨੀਤਿਕ ਹੁਨਰ ਦਾ ਕਾਇਲ ਹੋ ਗਏ ।

### ਕੁਸ਼ਲਤਾ

ਬਾਬੂ ਜਗਜੀਵਨ ਰਾਮ ਜੀ ਨੇ ਆਪਣਾ ਸਾਰਾ ਜੀਵਨ ਭਾਰਤ ਨੂੰ ਮਜ਼ਬੂਤ ਕਰਨ ਅਤੇ ਗਰੀਬਾਂ ਅਤੇ ਅਖੌਤੀ ਨੀਵੀਆਂ ਜਾਤਾਂ ਨੂੰ ਸਸ਼ਕਤ ਕਰਨ ਲਈ ਸਮਰਪਿਤ ਕੀਤਾ। ਉਹ ਜ਼ੁਲਮ ਦੇ ਵਿਰੁੱਧ ਲੋਕਾਂ ਦੇ ਇੱਕ ਮਹਾਨ ਪ੍ਰੇਰਕ ਅਤੇ ਜਥੇਬੰਦਕ ਸਨ। ਉਹ ਇੱਕ ਸ਼ਾਨਦਾਰ ਭਾਸ਼ਣਕਾਰ, ਇੱਕ ਉੱਘੇ 50 ਸਾਲ ਤੋਂ ਵੱਧ ਸੰਸਦ ਮੈਂਬਰ ਅਤੇ ਇੱਕ ਪ੍ਰਤਿਭਾਸ਼ਾਲੀ ਪ੍ਰਸ਼ਾਸਕ ਸਨ। ਆਪਣੇ ਸਕੂਲੀ ਦਿਨਾਂ ਤੋਂ ਲੈ ਕੇ ਅੱਧੀ ਰਾਤ ਨੂੰ ਆਜ਼ਾਦੀ ਦੇ ਜਸ਼ਨ ਤੱਕ, ਉਨ੍ਹਾਂ ਨੇ ਭਾਰਤ ਦੇ ਇਤਿਹਾਸਕ ਆਜ਼ਾਦੀ ਅੰਦੋਲਨ ਦੌਰਾਨ ਸ਼ੁਰੂ ਕੀਤੇ ਗਏ ਵੱਖ-ਵੱਖ ਸੰਘਰਸ਼ਾਂ (1930 ਵਿੱਚ ਸਿਵਲ ਨਾਫ਼ਰਮਾਨੀ ਅੰਦੋਲਨ ਅਤੇ 1942 ਵਿੱਚ ਭਾਰਤ ਛੱਡੋ ਅੰਦੋਲਨ ਸਮੇਤ) ਦੀ ਮੋਹਰੀ ਭੂਮਿਕਾ ਨਿਭਾਈ। ਰਾਸ਼ਟਰੀ ਰਾਜਨੀਤਿਕ ਮੰਚ ਉੱਤੇ ਉਨਾ ਨੇ ਆਪਣੇ ਆਪ ਨੂੰ ਅਖੌਤੀ ਨੀਵੀਆਂ ਜਾਤਾਂ ਅਤੇ ਗਰੀਬ ਲੋਕਾਂ ਦੇ ਲੋਕਨੇਤਾ ਵਜੋਂ ਸਥਾਪਿਤ ਕੀਤਾ। ਉਹ ਸਭ ਤੋਂ ਘੱਟ ਉਮਰ ਦੇ ਮੰਤਰੀ ਬਣੇ। 1946 ਵਿੱਚ ਜਵਾਹਰ ਲਾਲ ਨਹਿਰੂ ਦੀ ਅੰਤਰਿਮ ਸਰਕਾਰ, ਭਾਰਤ ਦੀ ਪਹਿਲੀ ਕੈਬਨਿਟ ਵਿੱਚ ਕਿਰਤ ਮੰਤਰੀ ਅਤੇ ਨਾਲ ਹੀ ਭਾਰਤ ਦੀ ਸੰਵਿਧਾਨ ਸਭਾ ਦੇ ਮੈਂਬਰ ਵੀ ਰਹੇ।

ਅਨੁਸੂਚਿਤ ਜਾਤੀਆਂ ਅਤੇ ਗਰੀਬ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਦੀ ਅਸੈਂਬਲੀ ਵਿਚ ਉਹਨਾਂ ਨੇ ਕੇਂਦਰ ਸਰਕਾਰ ਦੇ ਪੱਧਰ 'ਤੇ ਵੱਖ-ਵੱਖ ਵਿਭਾਗਾਂ ਦੇ ਮੰਤਰੀ ਵਜੋਂ ਕੰਮ ਕੀਤਾ। ਖਾਸ ਤੌਰ 'ਤੇ ਭਾਰਤੀ ਰਾਸ਼ਟਰੀ ਕਾਂਗਰਸ ਦੇ ਮੈਂਬਰ ਵਜੋਂ ਚਾਲੀ ਸਾਲਾਂ ਤੋਂ ਵੱਧ ਸਮਾਂ ਰਹੇ। 1977 ਵਿੱਚ ਉਹ ਜਨਤਾ ਪਾਰਟੀ ਗਠਜੋੜ ਵਿੱਚ ਸ਼ਾਮਲ ਹੋ ਗਏ। ਉਹਨਾਂ ਨੇ ਭਾਰਤ ਦੇ ਉਪ ਪ੍ਰਧਾਨ ਮੰਤਰੀ (1977-79) ਵਜੋਂ ਕੰਮ ਕੀਤਾ। 1981 ਵਿੱਚ ਬਾਬੂ ਜੀ ਨੇ ਕਾਂਗਰਸ (ਜੇ) ਬਣਾਈ। ਜੁਲਾਈ 6, 1986 ਵਿੱਚ ਆਪਣੇ ਦਿਹਾਂਤ ਤੱਕ ਉਹ ਦੇਸ਼ ਅਤੇ ਦੱਬੇ-ਕੁਚਲੇ ਲੋਕਾਂ ਦੀ ਸੇਵਾ ਵਿੱਚ ਸਰਗਰਮ ਰਹੇ।

"ਦੇਸ਼ ਦੁਆਬਾ" ਵੀਕਲੀ ਬਾਬੂ ਜੀ ਨੂੰ ਉਨ੍ਹਾਂ ਦੀ ਬਰਸੀ 'ਤੇ ਪਿਆਰ-ਸਤਿਕਾਰ ਨਾਲ ਯਾਦ ਕਰਦੇ ਹੋਏ, ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ ।

**ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**
**'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੀਕਲੀ ਅਖਬਾਰ**

# ਲੋਕਤੰਤਰ ਵਿੱਚ ਹਿੰਸਾ



**ਗੁਰਮੀਤ ਪਲਾਹੀ**
**91-98158-02070**

ਅਮਰੀਕਾ ਵਿੱਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਉਤੇ ਹੋਏ ਹਮਲੇ ਦੇ ਬਾਅਦ ਸੁਭਾਵਕ ਤੌਰ 'ਤੇ ਉਥੇ ਦੀਆਂ ਸੁਰੱਖਿਆ ਅਤੇ ਖੁਫ਼ੀਆ ਏਜੰਸੀਆਂ ਉਤੇ ਸਵਾਲ ਉੱਠਣ ਲੱਗੇ ਹਨ। ਟਰੰਪ ਇਸ ਵੇਰ ਵੀ ਰਾਸ਼ਟਰਪਤੀ ਚੋਣਾਂ 'ਚ ਰੀਪਬਲਿਕਨ ਪਾਰਟੀ ਵਲੋਂ ਉਮੀਦਵਾਰ ਹਨ।

ਅਮਰੀਕਾ ਦੇ 78 ਸਾਲਾ ਸਾਬਕਾ ਰਾਸ਼ਟਰਪਤੀ ਟਰੰਪ ਨੇ ਪੈਨਸਿਲਵੇਨੀਆ 'ਚ ਹਮਲੇ ਤੋਂ ਬਾਅਦ ਪਹਿਲੀ ਇੰਟਰਵੀਊ 'ਚ ਕਿਹਾ – "ਮੈਨੂੰ ਮਰ ਜਾਣਾ ਚਾਹੀਦਾ ਸੀ। ਇਹ ਹਮਲਾ ਇੱਕ ਅਸਲ ਅਨੁਭਵ ਸੀ। ਰੱਬ ਨੇ ਮੈਨੂੰ ਬਚਾਇਆ ਹੈ।" ਉਹਨਾ ਉਤੇ ਇਹ ਹਮਲਾ ਇੱਕ ਨੌਜਵਾਨ ਵਲੋਂ ਅਮਰੀਕਾ ਦੇ ਸ਼ਹਿਰ ਬਟਲਰ (ਪੈਨਸਿਲਵੇਨੀਆ ਸਟੇਟ) ਵਿਖੇ ਕੀਤਾ ਗਿਆ। ਗੋਲੀ ਉਹਨਾ ਦੇ ਕੰਨ ਕੋਲੋਂ ਸ਼ੂਕਦੀ ਲੰਘ ਗਈ। ਨਿਸ਼ਾਨਾ ਖੁੰਝ ਗਿਆ। ਟਰੰਪ ਬਚ ਗਿਆ। ਸੁਰੱਖਿਆ ਕਰਮਚਾਰੀਆਂ ਨੇ ਮੌਕੇ 'ਤੇ ਹੀ ਨੌਜਵਾਨ ਨੂੰ ਮਾਰ ਦਿੱਤਾ।

ਇਸ ਹਮਲੇ ਤੋਂ ਬਾਅਦ ਸਿਆਸੀ ਬਿਆਨਬਾਜੀ ਹੋ ਰਹੀ ਹੈ। ਰੀਪਬਲਿਕਨ ਪਾਰਟੀ ਦੇ ਕੁਝ ਨੇਤਾ ਦੋਸ਼ ਲਾ ਰਹੇ ਹਨ ਕਿ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਦੇ ਬਿਆਨਾਂ ਕਾਰਨ ਇਹ ਸਭ ਕੁਝ ਵਾਪਰਿਆ ਹੈ। ਉਹਨਾ ਕਿਹਾ ਕਿ ਅਮਰੀਕਾ 'ਚ ਸਿਆਸੀ ਹਿੰਸਾ ਲਈ ਕੋਈ ਥਾਂ ਨਹੀਂ ਹੈ। ਉਂਜ ਅਮਰੀਕਾ ਵਿੱਚ ਇਹ ਇਹੋ ਜਿਹੀ ਪਹਿਲੀ ਘਟਨਾ ਨਹੀਂ ਹੈ। ਪਹਿਲਾਂ ਵੀ ਸਾਬਕਾ ਰਾਸ਼ਟਰਪਤੀਆਂ, ਤਤਕਾਲੀ ਰਾਸ਼ਟਰਪਤੀਆਂ ਉਤੇ ਇਹੋ ਜਿਹੇ ਹਮਲੇ ਹੁੰਦੇ ਰਹੇ ਹਨ।

ਸਵਾਲ ਉੱਠਦਾ ਹੈ ਕਿ ਇਹ ਹਮਲਾ ਕੀ ਨੌਜਵਾਨ ਵਲੋਂ ਆਪਣੇ ਤੌਰ 'ਤੇ ਇਕੱਲਿਆ ਕੀਤਾ ਗਿਆ ਜਾਂ ਇਸ ਪਿੱਛੇ ਕਿਸੇ ਹੋਰ ਦਾ ਹੱਥ ਸੀ? 20 ਸਾਲ ਦੇ ਇਸ ਨੌਜਵਾਨ ਵਲੋਂ ਜੋ ਹਾਈ ਸਕੂਲ ਤੱਕ ਪੜ੍ਹਿਆ ਸੀ, ਬੇਰੁਜ਼ਗਾਰੀ ਦੀ ਮਾਰ ਝੱਲ ਰਿਹਾ ਸੀ, ਇਹੋ ਜਿਹਾ ਹਮਲਾ ਅਮਰੀਕਾ ਵਸਦੇ ਨੌਜਵਾਨਾਂ ਦੇ ਮਨਾਂ 'ਚ ਸਿਆਸੀ ਲੋਕਾਂ ਪ੍ਰਤੀ ਪੈਦਾ ਹੋਏ ਗੁੱਸੇ ਦਾ ਇਜ਼ਹਾਰ ਹੋ ਸਕਦਾ ਹੈ।

ਅਮਰੀਕਾ 'ਚ ਮਹਿੰਗਾਈ ਵਧ ਰਹੀ ਹੈ। ਬੇਰੁਜ਼ਗਾਰੀ ਦਾ ਅੰਤ ਨਹੀਂ ਹੈ। ਰੂਸ ਅਤੇ ਯੂਕਰੇਨ ਦੇ ਆਪਸੀ ਯੁੱਧ ਕਾਰਨ ਅਮਰੀਕਾ 'ਚ ਤੇਲ ਕੀਮਤਾਂ ਦੇ ਵਾਧੇ ਕਾਰਨ ਉਥੋਂ ਦੇ ਪਰਿਵਾਰਾਂ ਦੀ ਆਰਥਿਕ ਸਥਿਤੀ ਗੜਬੜ ਹੋ ਚੁੱਕੀ ਹੈ। ਲੋਕਾਂ ਖ਼ਾਸ ਕਰਕੇ ਨੌਜਵਾਨਾਂ 'ਚ ਵੱਡਾ ਅਸੰਤੋਸ਼ ਹੈ। ਉਹਨਾ ਦੇ ਮਨਾਂ 'ਚ ਨਰਾਜ਼ਗੀ ਹੈ। ਉਹ ਆਮ ਹੀ ਹਿੰਸਕ ਵਰਤਾਅ ਕਰਦੇ ਦੇਖੇ ਜਾ ਰਹੇ ਹਨ। ਹਜ਼ਾਰਾਂ ਦੀ ਗਿਣਤੀ 'ਚ ਨੌਜਵਾਨ ਇਹੋ ਜਿਹੀਆਂ ਘਟਨਾਵਾਂ ਕਾਰਨ ਜੇਲ੍ਹਾਂ 'ਚ ਹਨ।

ਇਹ ਘਟਨਾ ਅਮਰੀਕਾ ਵਰਗੇ ਲੋਕਤੰਤਰ ਲਈ ਚਿੰਤਾ ਦਾ ਵਿਸ਼ਾ ਹੈ। ਨੌਜਵਾਨਾਂ 'ਚ ਹਿੰਸਕ ਪ੍ਰਵਿਰਤੀ ਪਨਪ ਰਹੀ ਹੈ, ਜੋ ਬਿਨ੍ਹਾਂ ਸ਼ੱਕ ਅਮਰੀਕੀ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹੈ।

ਪਿਛਲੀ ਵੇਰ ਜਦੋਂ ਟਰੰਪ ਰਾਸ਼ਟਰਪਤੀ ਦੀ ਚੋਣ ਹਾਰੇ ਸਨ ਤਾਂ ਉਹਨਾ ਦੇ ਹੱਕ ਵਿੱਚ ਅਮਰੀਕਾ 'ਚ ਵੱਡੀ ਭੰਨ-ਤੋੜ ਹੋਈ ਸੀ। ਉਸਦੇ ਹਿਮਾਇਤੀ ਅਮਰੀਕੀ ਸੰਸਦ 'ਚ ਜ਼ਬਰਦਸਤੀ ਵੜ ਗਏ ਸਨ। ਅਮਰੀਕਾ 'ਚ ਨਸਲੀ ਹਿੰਸਾ ਵੀ ਵੇਖਣ ਨੂੰ ਮਿਲੀ। ਦੂਜੇ ਦੇਸ਼ਾਂ ਦੇ ਨਾਗਰਿਕਾਂ ਖਿਲਾਫ਼ ਵੀ ਗੁੱਸਾ ਅਤੇ ਨਫ਼ਰਤ ਵੇਖਣ ਨੂੰ ਮਿਲੀ ਸੀ, ਕਿਉਂਕਿ ਟਰੰਪ ਆਪ ਵੀ ਅਮਰੀਕਾ ਦੇ "ਅਸਲੀ ਨਾਗਰਿਕਾਂ" ਦੇ ਹੱਕ 'ਚ ਖੜਦਾ ਹੈ ਅਤੇ ਵਿਦੇਸ਼ਾਂ ਤੋਂ ਜਿਹੜੇ ਲੋਕ ਸ਼ਰਨਾਰਥੀ ਵਜੋਂ ਜਾਂ ਲੁੱਕ ਛਿਪਕੇ ਪੁੱਜਦੇ ਹਨ, ਉਹ ਉਹਨਾ ਦੇ ਹੱਕ ਵਿੱਚ ਨਹੀਂ। ਉਹ ਖੁਲ੍ਹੇਆਮ ਕਹਿੰਦਾ ਹੈ ਕਿ ਅਮਰੀਕਾ ਉਤੇ ਸਿਰਫ਼ ਅਮਰੀਕੀਆਂ ਦਾ ਹੱਕ ਹੈ।

ਅਮਰੀਕਾ ਦੁਨੀਆ ਭਰ 'ਚ ਆਪਣੇ ਆਪ ਨੂੰ ਲੋਕਤੰਤਰ, ਲੋਕਤੰਤਰੀ ਕਦਰਾਂ-ਕੀਮਤਾਂ ਦਾ ਮੋਹਰੀ, ਮੁਦੱਈ ਸਮਝਦਾ ਹੈ। ਆਪਣੇ ਆਪ ਨੂੰ ਦੁਨੀਆ ਦੇ "ਵੱਡਾ ਠਾਣੇਦਾਰ" ਕਹਾਉਣ ਵਾਲੇ ਦੇਸ਼ ਅਮਰੀਕਾ 'ਚ ਇਹੋ ਜਿਹੀਆਂ ਘਟਨਾਵਾਂ ਦਾ ਵਾਪਰਨਾ ਉਥੋਂ ਦੇ ਸ਼ਾਸ਼ਨ ਪ੍ਰਸ਼ਾਸ਼ਨ ਉਤੇ ਵੱਡੇ ਸਵਾਲ ਖੜੇ ਕਰਦਾ ਹੈ।

ਇਸ ਗੱਲ 'ਚ ਵੱਡੀ ਸੱਚਾਈ ਹੈ ਕਿ ਦਿਖਾਵੇ ਦੇ ਤੌਰ 'ਤੇ ਵੱਡੇ ਤੋਂ ਵੱਡੇ ਲੋਕਤੰਤਰ ਦੇਸ਼ਾਂ 'ਚ ਇਹੋਜਿਹੀਆਂ ਹਿੰਸਕ ਘਟਨਾਵਾਂ ਵਾਪਰਦੀਆਂ ਹਨ। ਦੇਸ਼ ਦੇ ਹਾਕਮ ਵਿਰੋਧੀਆਂ ਨੂੰ ਠਿੱਠ ਕਰਨ ਲਈ ਉਹਨਾ ਤੇ "ਚੰਗੇ-ਮੰਦੇ" ਮੁਕੱਦਮੇ ਦਰਜ਼ ਕਰਦੇ ਹਨ। ਉਦਾਹਰਨ ਆਪਣੇ ਆਪ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੇ ਭਾਰਤ ਦੀ ਵੀ ਹੈ, ਦੋ ਮੁੱਖ ਮੰਤਰੀ ਅਤੇ ਦਰਜਨਾਂ ਹੋਰ ਲੋਕਾਂ ਉਤੇ "ਸਿਆਸਤ-ਪ੍ਰੇਰਿਤ" ਮੁਕੱਦਮੇ ਦਰਜ਼ ਹੋਏ ਹਨ, ਉਹਨਾ ਨੂੰ ਜੇਲ੍ਹੀ ਡੱਕਿਆ ਗਿਆ। ਨੀਤੀਆਂ ਦਾ ਵਿਰੋਧ ਕਰਨ ਵਾਲੇ ਲੋਕ ਹੁਣ ਵੀ ਜੇਲ੍ਹਾਂ 'ਚ ਬੰਦ ਹਨ। "ਉਮਰ ਖਾਲਿਦ" ਵਰਗਾ ਚਿੰਤਕ ਵਿਦਿਆਰਥੀ ਅਤੇ ਕਈ ਹੋਰ ਚਿੰਤਕ, ਲੇਖਕ, ਬੁੱਧੀਜੀਵੀ ਵਰ੍ਹਿਆਂ ਤੋਂ ਜੇਲ੍ਹਾਂ 'ਚ ਬਿਨ੍ਹਾਂ ਮੁਕੱਦਮਾ ਤੜੇ ਹੋਏ ਹਨ।

ਗੁਆਂਢੀ ਦੇਸ਼ ਪਾਕਿਸਤਾਨ ਦਾ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਜੇਲ੍ਹ 'ਚ ਬੈਠਾ ਕਈ ਮੁਸੀਬਤਾਂ ਦਾ ਸਾਹਮਣਾ ਕਰ ਰਿਹਾ ਹੈ। ਉਸਦੀ ਪਾਰਟੀ ਤਹਿਰੀਕ-ਏ-ਇਨਸਾਫ ਪਾਰਟੀ ਉਤੇ ਪਾਕਿਸਤਾਨ ਸਰਕਾਰ ਵਲੋਂ ਪਾਬੰਦੀ ਲਗਾਉਣ ਦੀ ਯੋਜਨਾ ਹੈ। ਪਹਿਲਾਂ ਇਮਰਾਨ ਖਾਨ ਨੇ ਵੀ ਆਪਣੇ ਸਿਆਸੀ ਵਿਰੋਧੀਆਂ ਨੂੰ ਨਹੀਂ ਸੀ ਬਖ਼ਸ਼ਿਆ। ਲੋਕਤੰਤਰ ਦੇ ਨਾਮ ਉਤੇ ਲੋਕਾਂ ਦੀਆਂ ਅੱਖਾਂ 'ਚ ਇਹ ਸਿਆਸੀ ਲੋਕ ਘਟਾ ਪਾਉਂਦੇ ਹਨ, ਲੋਕਾਂ ਦੇ ਮਸਲਿਆਂ ਭੁੱਖਮਰੀ, ਗਰੀਬੀ, ਬੇਰੁਜ਼ਗਾਰੀ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਸਿਆਸੀ ਸ਼ਰੀਕੇਬਾਜ਼ੀ 'ਚ ਲੋਕਾਂ ਨੂੰ ਉਲਝਾਈ ਰੱਖਦੇ ਹਨ ਅਤੇ ਲਗਭਗ ਤਾਨਾਸ਼ਾਹ ਬਣਕੇ "ਰੂਸ" ਦਾ ਸਾਸ਼ਕ "ਪੁਤਿਨ" ਲੋਕ ਵਿਖਾਵੇ ਲਈ ਚੋਣਾਂ ਕਰਵਾਉਂਦਾ ਹੈ। ਆਪਣੇ "ਪਾਰਟੀ ਦੇ ਕਾਰਕੁੰਨਾਂ" ਜਾਂ ਪੁਲਿਸ ਪ੍ਰਾਸ਼ਾਸ਼ਨ ਰਾਹੀਂ ਵਿਰੋਧੀਆਂ ਨੂੰ ਗੁੱਠੇ ਲਾਉਂਦਾ ਹੈ। ਇਹੋ ਕੁਝ ਯੂ।ਪੀ। 'ਚ, ਇਹੋ ਕੁਝ ਪੱਛਮੀ ਬੰਗਾਲ 'ਚ ਅਤੇ ਹੋਰ ਸੂਬਿਆਂ 'ਚ ਵੀ ਵੇਖਣ ਨੂੰ ਮਿਲਦਾ ਹੈ ਜਿਥੇ ਵਿਰੋਧੀਆਂ ਨੂੰ ਦਬਾਉਣ ਕਈ ਬੁਲਡੋਜ਼ਰ ਨੀਤੀ ਵਰਤੀ ਗਈ।

ਇਹੋ ਜਿਹੀਆਂ ਹਾਲਤਾਂ ਜਦੋਂ ਦੇਸ਼ 'ਚ ਚੇਤੰਨ ਵਰਗ ਜਾਂ ਨੌਜਵਾਨ ਵੇਖਦੇ, ਭਾਂਪਦੇ ਹਨ, ਉਹਨਾ ਦੇ ਮਨਾਂ 'ਚ ਰੋਸ ਪੈਦਾ ਹੋਣਾ ਸੁਭਾਵਿਕ ਹੈ। ਇਹ ਰੋਸ ਕਈ ਹਾਲਤਾਂ 'ਚ ਵੱਡੀ ਹਿੰਸਾ ਦਾ ਕਾਰਨ ਬਣਦਾ ਹੈ, ਫਿਰਕੂ ਫਸਾਦ ਹੁੰਦੇ ਹਨ, ਵਿਰੋਧੀਆਂ ਨਾਲ ਝੜਪਾਂ ਹੁੰਦੀਆਂ ਹਨ।

ਕਦੇ ਕਦੇ ਇਹ ਹਿੰਸਾ ਘੱਟ ਗਿਣਤੀਆਂ ਉਤੇ ਵੱਡੇ ਹਮਲਿਆਂ ਦੇ ਰੂਪ 'ਚ ਸਾਹਮਣੇ ਆਉਂਦੀ ਹੈ। ਕਾਰਨ ਬਣਦੀ ਹੈ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ, 1984 'ਚ ਸਿੱਖਾਂ ਦੇ ਕਤਲੇਆਮ ਦਾ ਕਾਰਨ ਬਣਿਆ, ਜਿਸ ਵਿੱਚ ਸੈਂਕੜੇ ਨਿਰਦੋਸ਼ ਸਿੱਖ ਮਾਰ ਦਿੱਤੇ ਗਏ। ਲੋਕਤੰਤਰ ਵਿੱਚ ਦੇਸ਼ ਦੀ 1947 ਦੀ ਵੰਡ ਨੇ ਹੈਵਾਨੀਅਤ ਦੀਆਂ ਸਿਖ਼ਰਾਂ ਛੋਹੀਆਂ। ਲੱਖਾਂ ਲੋਕ ਉਜਾੜੇ ਗਏ, ਮਾਰੇ ਗਏ, ਇਹ ਸਿਰਫ਼ ਫਿਰਕੂ ਫਸਾਦ ਨਹੀਂ ਸਨ, ਲੋਕਤੰਤਰ ਦੇ ਮੱਥੇ ਉਤੇ ਵੱਡਾ ਕਲੰਕ ਸਨ, ਜਿਸਨੂੰ ਸਿਆਸੀ ਨੇਤਾ ਚੁੱਪ ਚਾਪ ਵੇਖਦੇ ਰਹੇ ਅਤੇ ਹਕੂਮਤ ਆਪਣਾ ਖੇਡ ਖੇਡਦੀ ਰਹੀ।

ਲੋਕਤੰਤਰੀ ਭਾਰਤ ਵਿੱਚ ਜੰਮੂ ਕਸ਼ਮੀਰ, ਮਨੀਪੁਰ 'ਚ ਵਪਾਰ ਰਹੀਆਂ ਹਿੰਸਾ ਦੀਆਂ ਘਟਨਾਵਾਂ, ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਨਾਗਰਿਕ ਬਿੱਲ ਪਾਸ ਹੋਣ ਵੇਲੇ ਹੋਏ ਦੰਗੇ, ਗੁਜਰਾਤ ਦੇ ਦੰਗਿਆਂ 'ਚ ਸਿਆਸੀ ਨੇਤਾਵਾਂ ਦੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਸ਼ਮੂਲੀਅਤ ਸ਼ਰਮਨਾਕ ਵਰਤਾਰਾ ਹੈ। ਇਸ ਕਿਸਮ ਦੀ ਹਿੰਸਾ ਲੋਕਾਂ ਦੇ ਮਨਾਂ 'ਚ ਵਖਰੇਵੇਂ ਪੈਦਾ ਕਰਦੀ ਹੈ। ਮਨਾਂ 'ਚ ਰੋਸ ਪੈਦਾ ਕਰਦੀ ਹੈ ਅਤੇ ਸਮਾਂ ਰਹਿੰਦਿਆਂ ਦੇਸ਼ 'ਚ ਵੱਡੇ ਸੰਕਟ ਵਿੱਚ ਫਸਾਦ ਹੈ।

ਬਿਨ੍ਹਾਂ ਸ਼ੱਕ ਚੋਣਾਂ ਵੇਲੇ ਹੋਈ ਹਿੰਸਾ ਦਾ ਮਕਸਦ ਵਕਤੀ ਤੋਰ 'ਤੇ ਵੋਟਾਂ ਦੀ ਪ੍ਰਾਪਤੀ ਹੋ ਸਕਦਾ ਹੈ, ਪਰ ਇਹ ਬਹੁਤੀ ਵੇਰ ਮਿੱਥਕੇ ਕੀਤਾ ਜਾਂਦਾ ਸਮਝਿਆ ਜਾਂਦਾ ਹੈ ਤਾਂ ਕਿ ਕੋਈ ਵਿਸ਼ੇਸ਼ ਸਖ਼ਸ਼ ਜਾਂ ਧਿਰ ਨੂੰ ਉਭਾਰਿਆ ਜਾਵੇ। ਸਿਆਸੀ ਲੋਕਾਂ ਦੀ ਇਹੋ ਭੁੱਖ ਹੀ ਹਿੰਸਕ ਘਟਨਾਵਾਂ ਵਾਪਰਨ ਦਾ ਵੱਡਾ ਕਾਰਨ ਵੀ ਬਣਦੀ ਹੈ। ਅੱਜ ਸਿਆਸੀ ਹਿੰਸਾ ਦਾ ਇਹ ਵਰਤਾਰਾ ਲਗਾਤਾਰ ਕਿਸੇ ਨਾ ਕਿਸੇ ਰੂਪ ਵਿੱਚ ਵਧ ਰਿਹਾ ਹੈ। ਇਹ ਹਿੰਸਾ ਦੇਸ਼ਾਂ ਵਿਚਕਾਰ ਜੰਗ ਦੇ ਰੂਪ ਵਿੱਚ ਵੀ ਦਿਸਦੀ ਹੈ,ਜਿਵੇਂ ਰੂਸ ਤੇ ਯੂਕਰੇਨ ਦਾ ਯੁੱਧ, ਇਹ ਹਿੰਸਾ ਦੇਸ਼ਾਂ 'ਚ ਕਬੀਲਿਆਂ 'ਚ ਆਪਸੀ ਟੱਕਰ ਵੀ ਹੋ ਸਕਦੀ ਹੈ, ਇਹ ਹਿੰਸਾ ਅਤੰਕਵਾਦ, ਸਿਵਲ ਵਾਰ, ਮਿਲਟਰੀ ਵਲੋਂ ਤਖਤਾ ਪਲਟ, ਵੱਡੇ ਰੋਸ ਮੁਜਹਾਰਿਆਂ ਸਮੇਂ ਹਿੰਸਾ, ਫਿਰਕਿਆਂ ਵਿਚਕਾਰ ਦੰਗੇ, ਕਤਲੇਆਮ, ਕਿਸੇ ਫਿਰਕੇ ਦਾ ਖ਼ਾਤਮਾ ਅਤੇ ਹਕੂਮਤ ਵਲੋਂ ਕੀਤੀ ਕਿਰਦਾਰਕੁਸ਼ੀ ਵੀ ਹੋ ਸਕਦੀ ਹੈ।

ਪਰ ਅੱਜ ਦੇ ਯੁੱਗ 'ਚ ਹਾਕਮਾਂ ਵਲੋਂ ਲੁਬਾਦਾ ਲੋਕਤੰਤਰ ਦਾ ਪਹਿਨਿਆ ਜਾ ਰਿਹਾ ਹੈ ਅਤੇ ਦਰਸਾਇਆ ਜਾ ਰਿਹਾ ਹੈ ਕਿ ਇਹ ਵਰਤਾਰਾ ਡਿਕਟੇਟਰਾਨਾ ਨਹੀਂ ਹੈ, ਭਾਵੇਂ ਕਿ ਇਸ ਪਿਛੇ ਸੋਚ, ਲੋਕਾਂ ਨੂੰ ਸਾਮ, ਦਾਮ, ਦੰਡ ਰਾਹੀਂ ਆਪਣੇ ਕਾਬੂ 'ਚ ਕਰਨਾ ਹੀ ਹੁੰਦਾ ਹੈ।

ਮੌਜੂਦਾ ਦੌਰ 'ਚ ਲੋਕਤੰਤਰ ਦੇ ਅਰਥ ਹੀ ਬਦਲੇ ਗਏ ਹਨ। ਲੋਕਤੰਤਰ ਵਿੱਚ ਸਰਕਾਰੀ, ਸਹਿਕਾਰੀ ਅਦਾਰਿਆਂ ਦੀ ਥਾਂ ਨਿਜੀਕਰਨ, ਖੁਦਮੁੱਖਤਿਆਰ ਸੰਸਥਾਵਾਂ ਦੀ ਥਾਂ ਹਕੂਮਤੀ ਕਬਜ਼ਾ, ਆਜ਼ਾਦ ਖਿਆਲਾਂ ਤੇ ਆਜ਼ਾਦ ਪ੍ਰੈੱਸ ਮੀਡੀਆ ਉਤੇ ਵੱਡ ਦਬਾਅ ਅਤੇ ਕੁਦਰਤੀ ਵਸੀਲਿਆਂ ਉਤੇ ਸਰਕਾਰ ਦੀ ਥਾਂ ਕਾਰਪੋਰੇਟਾਂ ਦੀ ਤੂਤੀ ਬੋਲਣਾ, ਲੋਕਤੰਤਰ ਦੇ ਥੰਮਾਂ ਨੂੰ ਕਮਜ਼ੋਰ ਕਰਨ ਦਾ ਕਾਰਨ ਬਣਿਅ ਹੈ। ਇਥੋਂ ਤੱਕ ਕਿ ਆਜ਼ਾਦ ਚੋਣ ਕਮਿਸ਼ਨ ਵੀ ਹੁਣ ਆਜ਼ਾਦ ਨਹੀਂ ਰਹੇ।

ਇਥੇ ਹੀ ਬਸ 'ਚ ਕਾਨੂੰਨ ਘੜਨੀ ਸਭਾ ਪਾਰਲੀਮੈਂਟ ਵਿੱਚ ਵੱਡੀ ਗਿਣਤੀ 'ਚ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਦਾ ਜਾ ਬੈਠਣਾ ਅਤੇ ਲੋਕ ਨੁਮਾਇੰਦੇ ਬਣਕੇ ਕੰਮ ਕਰਨਾ, ਲੋਕਤੰਤਰ ਵਿੱਚ ਹਿੰਸਕ ਵਰਤਾਰੇ 'ਚ ਵਾਧੇ ਦਾ ਵੱਡਾ ਕਾਰਨ ਹੈ। ਇਸ ਕਰਕੇ ਚੋਣਾਂ ਤੋਂ ਪਹਿਲਾਂ ਹਿੰਸਾ ਦਾ ਤਾਂਡਵ, ਚੋਣਾਂ ਦੇ ਦੌਰਾਨ ਮਾਰ-ਵੱਢ ਅਤੇ ਫਿਰ ਨਤੀਜਿਆਂ ਦੇ ਬਾਅਦ ਬਦਲੇ ਦੀ ਭਾਵਨਾ ਨਾਲ ਅੱਗ ਜਨੀ ਅਤੇ ਤੋੜ-ਫੋੜ ਦੀਆਂ ਘਟਨਾਵਾਂ 'ਚ ਵਾਧਾ ਵੇਖਣ ਨੂੰ ਮਿਲਦਾ ਹੈ।

ਲੋਕਤੰਤਰ ਵਿੱਚ ਹਿੰਸਾ ਦਾ ਮੁੱਖ ਕਾਰਨ ਹੀ ਸਿਆਸੀ ਹਿੰਸਾ ਹੈ, ਜੋ ਹੁਣ ਅਪਰਾਧਿਕ ਹਿੰਸਾ ਦੇ ਨਾਲ ਰਲਗਡ ਹੋ ਚੁੱਕੀ ਹੈ। ਹਿੰਸਾ ਅਸਲ ਵਿੱਚ ਲੋਕਾਂ ਨੂੰ ਨੁਕਸਾਨ ਪਹੁੰਚਾਉਣਾ ਹੈ। ਸਿਆਸੀ ਲੋਕ ਆਪਣੀ ਤਾਕਤ ਵਧਾਉਣ ਲਈ ਸਰੀਰਕ ਹਿੰਸਾ ਦੀ ਵਰਤੋਂ ਕਰਦੇ ਹਨ, ਇਵੇਂ ਹੀ ਜਿਵੇਂ ਅਪਰਾਧੀ ਗ੍ਰੋਹ ਹਥਿਆਰਾਂ ਦੀ ਵਰਤੋਂ ਕਰਦੇ ਹਨ, ਲੁੱਟ-ਮਾਰ ਕਰਦੇ ਹਨ, ਗੋਲੀਬਾਰੀ ਕਰਦੇ ਹਨ, ਸਰੀਰਕ ਤਾਕਤ ਦਾ ਮੁਜ਼ਾਹਰਾ ਕਰਦੇ ਹਨ। ਸਿਆਸੀ ਹਿੰਸਾ ਕਈ ਰੂਪਾਂ 'ਚ ਇਸੇ ਤਰ੍ਹਾਂ ਨਜ਼ਰ 'ਚ ਆਉਂਦੀ ਹੈ। ਸਿਆਸੀ ਹਿੰਸਾ ਉਦੋਂ ਹੁੰਦੀ ਹੈ ਜਦ ਸਰੀਰਕ ਨੁਕਸਾਨ ਦਾ ਇਸਤੇਮਾਲ ਸਿਆਸੀ ਇਰਾਦਿਆਂ ਨਾਲ ਪ੍ਰੇਰਿਤ ਹੁੰਦਾ ਹੈ। ਉਦਾਹਰਨ ਲਈ ਜਦ ਹਿੰਸਾ ਦੀ ਵਰਤੋਂ ਕਿਸੇ ਸਮਾਜਿਕ ਵਿਵਸਥਾ ਨੂੰ ਨਸ਼ਟ ਕਰਨ ਲਈ ਜਾਂ ਦਿਖਾਵੇ ਦੇ ਤੌਰ 'ਤੇ ਸਮਾਜਿਕ ਵਿਵਸਥਾ ਨੂੰ ਬਣਾਈ ਰੱਖਣ ਲਈ ਕੀਤੀ ਜਾਂਦੀ ਹੈ , ਤਾਂ ਉਸਨੂੰ ਸਿਆਸੀ ਹਿੰਸਾ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਸਿਆਸੀ ਹਿੰਸਾ ਦੀ ਵਰਤੋਂ ਉਹਨਾ ਲੋਕਾਂ ਵਲੋਂ ਕੀਤੀ ਜਾਂਦੀ ਹੈ ਜਿਹੜੇ ਸਮਾਜਿਕ-ਰਾਜਨੀਤਕ ਸਥਿਤੀ ਨੂੰ ਚਣੌਤੀ ਦੇਣ ਦੀ ਕੋਸ਼ਿਸ਼ ਕਰਦੇ ਹਨ। ਦੇਸ਼ ਵਿਦੇਸ਼ ਵਿੱਚ ਇਹ ਵਰਤਾਰਾ ਲਗਾਤਾਰ ਵਧ ਰਿਹਾ ਹੈ, ਜੋ ਲੋਕਤੰਤਰ ਸਥਾਪਤੀ ਜਾਂ ਲੋਕਤੰਤਰ ਕਦਰਾਂ-ਕੀਮਤਾਂ ਬਣਾਈ ਰੱਖਣ ਲਈ ਇੱਕ ਵੱਡੀ ਚੁਣੌਤੀ ਹੈ।

# ਸਰਕਾਰੀ ਪ੍ਰਾਇਮਰੀ ਸਕੂਲ ਮੋਰੋਂ ਵਿਖੇ ਜਵਾਹਰ ਨਵੋਦਿਆ ਵਿਦਿਆਲਿਆ ਲਈ ਚੁਣੇ ਗਏ ਦੋ ਵਿਦਿਆਰਥੀਆਂ ਨੂੰ ਨਕਦ ਰਾਸ਼ੀ ਦੇ ਕੇ ਕੀਤਾ ਸਨਮਾਨਿਤ

**ਫਿਲੌਰ (ਜੱਸੀ)–** ਕਰੀਬੀ ਪਿੰਡ ਮੋਰੋਂ ਵਿਖੇ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਇੱਕ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਜਵਾਹਰ ਨਵੋਦਿਆ ਵਿਦਿਆਲਿਆ ਲਈ ਚੁਣੇ ਗਏ ਦੋ ਵਿਦਿਆਰਥੀਆਂ ਜਸ਼ਨਦੀਪ ਸਿੰਘ ਤੇ ਜੈਸਮੀਨ ਦਾ ਸਕੂਲ ਸਟਾਫ ਤੇ ਐਸ ਐਮ ਸੀ ਕਮੇਟੀ ਵਲੋਂ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਕੂਲ



ਇੰਚਾਰਜ ਜਸਵੰਤ ਕੁਮਾਰ ਨੇ ਕਿਹਾ ਕਿ ਦੋਵਾਂ ਵਿਦਿਆਰਥੀਆਂ ਨੇ ਸਕੂਲ ਤੇ ਪਿੰਡ ਦਾ ਨਾਂ ਰੌਸ਼ਨ ਕੀਤਾ ਹੈ। ਇਸ ਮੌਕੇ ਸੋਮ ਲਾਲ, ਮਦਨ ਲਾਲ, ਗੁਰਜੀਤ ਕੌਰ, ਗੁਰਪ੍ਰੀਤ ਕੌਰ, ਨਰੇਸ਼ ਕੁਮਾਰੀ, ਅੰਮ੍ਰਿਤ ਕੌਰ, ਸਰਬਜੀਤ ਕੌਰ, ਜਸਵੀਰ ਕੌਰ, ਜਗਜੀਵਨ ਰਾਮ, ਸ ਝਲਮਣ ਸਿੰਘ, ਰਜਨੀ ਦੇਵ, ਮਨਜੀਤ ਕੌਰ ਆਂਗਣਵਾੜੀ ਵਰਕਰਜ ਵੀ ਹਾਜ਼ਰ ਸਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕਾ ਵਿਚ ਹੋਸਟਨ ਦੇ ਡਿਪਟੀ ਦੀ ਘਾਤ ਲਾ ਕੇ ਕੀਤੇ ਹਮਲੇ ਵਿੱਚ ਹੋਈ ਮੌਤ

**ਸੈਕਰਾਮੈਂਟੋ , ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਅਮਰੀਕੀ ਰਾਜ ਟੈਕਸਾਸ ਦੇ ਹੋਸਟਨ ਖੇਤਰ ਦੇ ਇਕ ਡਿਪਟੀ ਦੀ ਉਸ ਉਪਰ ਘਾਤ ਲਾ ਕੇ ਕੀਤੇ ਹਮਲੇ ਵਿਚ ਮੌਤ ਹੋਣ ਦੀ ਖਬਰ ਹੈ। ਲਿਟਲ ਕੇਸਾਰਸ ਪੀਜ਼ਾ ਵਿਖੇ ਇਕ ਮੁਲਾਜ਼ਮ ਉਪਰ ਹਮਲਾ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਬੀਤੀ ਰਾਤ 10 ਵਜੇ ਮੌਕੇ ਉਪਰ ਪੁੱਜੇ। ਚੀਫ ਡਿਪਟੀ ਮਾਈਕ ਲੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਦੋਸ਼ੀ ਜਿਸ ਦੀ ਬਾਅਦ ਵਿਚ ਪਛਾਣ 44 ਸਾਲਾ ਰੋਨਾਲਡ ਪਲਮਰ ਵਜੋਂ ਹੋਈ ਹੈ, ਖਾਣ ਪੀਣ ਲਈ ਮੰਗਵਾਈ ਸਮਗਰੀ ਠੀਕ ਨਾ ਹੋਣ ਕਾਰਨ ਭੜਕ ਉਠਿੱਆ ਤੇ ਉਹ ਲਿਟਲ ਕੇਸਾਰਸ ਪੀਜ਼ਾ ਦੇ ਇਕ ਮੁਲਾਜ਼ਮ ਨੂੰ ਮੰਦਾ ਚੰਗਾ ਬੋਲ ਕੇ ਤੇ ਉਸ ਦੇ ਪਿਸਤੌਲ ਮਾਰ ਕੇ ਫਰਾਰ ਹੋ ਗਿਆ। ਮੁਲਾਜ਼ਮ ਵੱਲੋਂ ਸ਼ੱਕੀ ਦੇ ਵਾਹਣ ਬਾਰੇ ਦਿੱਤੀ ਜਾਣਕਾਰੀ ਅਨੁਸਾਰ ਪੁਲਿਸ ਨੇ ਉਸ ਦਾ ਪਿੱਛਾ ਕੀਤਾ ਤੇ ਇਲਾਕੇ ਦੀ ਘੇਰਾਬੰਦੀ ਕੀਤੀ।



ਡਿਪਟੀ ਫਰਨਾਂਡੋ ਐਸਕੂਏਡਾ ਨੇ ਸ਼ੱਕੀ ਦੀ ਕਾਰ ਮਿਲਣ 'ਤੇ ਆਪਣੇ ਦੂਸਰੇ ਟੀਮ ਮੈਂਬਰਾਂ ਨੂੰ ਸੂਚਿਤ ਕੀਤਾ। ਲੀ ਅਨੁਸਾਰ ਜਦੋਂ ਡਿਪਟੀ ਫੋਨ ਉਪਰ ਦੂਸਰੇ ਪੁਲਿਸ ਅਫਸਰਾਂ ਨਾਲ ਗੱਲ ਕਰ ਰਿਹਾ ਸੀ ਤਾਂ ਉਸ ਉਪਰ ਘਾਤ ਲਾ ਕੇ ਹਮਲਾ ਕੀਤਾ ਗਿਆ ਜਿਸ ਹਮਲੇ ਵਿਚ ਉਹ ਗੰਭੀਰ ਜ਼ਖਮੀ ਹੋ ਗਿਆ। ਉਸ ਦੇ ਕਈ ਗੋਲੀਆਂ ਵੱਜੀਆਂ।

28 ਸਾਲਾ ਐਸਕੂਏਡਾ ਨੂੰ ਇਕ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਐਸਕੂਏਡਾ ਪਿਛਲੇ 5 ਸਾਲਾਂ ਤੋਂ ਸ਼ੈਰਿਫ ਦਫਤਰ ਵਿਖੇ ਤਾਇਨਾਤ ਸੀ। ਹੈਰਿਸ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਪਲਮਰ ਨੂੰ ਸਭ ਤੋਂ ਵਧ ਖਤਰਨਾਕ ਲੋੜੀਂਦੇ ਭਗੌੜਿਆਂ ਦੀ ਸੂਚੀ ਵਿਚ ਸ਼ਾਮਿਲ ਕਰਨ ਉਪਰੰਤ ਕੁਝ ਘੰਟਿਆਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਵਿਰੁੱਧ 'ਕੈਪੀਟਲ ਮਰਡਰ' ਦੇ ਦੋਸ਼ ਆਇਦ ਕੀਤੇ ਗਏ ਹਨ।

# ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਵਿਅਕਤੀ ਨੇ ਆਪਣੀ ਲਾਸ਼ ਦਾ ਪੋਸਟ ਮਾਰਟਮ ਨਾ ਕਰਨ ਦੀ ਕੀਤੀ ਬੇਨਤੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਅਲਾਬਾਮਾ ਰਾਜ ਵਿਚ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 64 ਸਾਲਾ ਕੀਥ ਐਡਮੁੰਡ ਗੈਵਿਨ ਨੇ ਸਜ਼ਾ ਵਿਰੁੱਧ ਅਪੀਲ ਨਾ ਕਰਨ ਦਾ ਫੈਸਲਾ ਕੀਤਾ ਹੈ ਤੇ ਬੇਨਤੀ ਕੀਤੀ ਹੈ ਕਿ ਮੁਸਲਮਾਨ ਹੋਣ ਕਾਰਨ ਮੌਤ ਤੋਂ ਬਾਅਦ ਉਸ ਦੀ ਲਾਸ਼ ਦਾ ਪੋਸਟ ਮਾਰਟਮ ਨਾ ਕੀਤਾ ਜਾਵੇ। ਗੈਵਿਨ ਨੇ ਆਪਣੇ ਵਕੀਲ ਰਾਹੀਂ ਇਸ ਸਬੰਧੀ ਪਟੀਸ਼ਨ ਦਾਇਰ ਕੀਤੀ ਹੈ। ਗੈਵਿਨ ਨੂੰ 1998 ਵਿਚ ਇਕ ਏ ਟੀ ਐਮ 'ਤੇ ਹੋਈ ਗੋਲੀਬਾਰੀ ਵਿੱਚ ਡਲਵਿਰੀ ਡਰਾਈਵਰ ਦੀ ਹੋਈ ਮੌਤ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦੇ ਕੇ ਮੌਤ ਦੀ ਸਜ਼ਾ ਸੁਣਾਈ ਗਈ ਹੈ ਤੇ ਉਸ ਨੂੰ 18 ਜੁਲਾਈ ਨੂੰ ਜ਼ਹਿਰ ਦਾ ਟੀਕਾ ਲਾਇਆ ਜਾਣਾ ਹੈ। ਉਸ ਦੇ ਵਕੀਲ ਵੱਲੋਂ ਮੌਂਟਗੋਮਰੀ ਦੀ ਸਟੇਟ ਅਦਾਲਤ ਵਿਚ ਦਾਇਰ ਪਟੀਸ਼ਨ ਵਿੱਚ ਕਿਹਾ ਹੈ ਕਿ ਗੈਵਿਨ ਇਕ ਪੱਕਾ ਮੁਸਲਮਾਨ ਹੈ। ਉਸ ਦੇ ਧਰਮ ਅਨੁਸਾਰ ਮਨੁੱਖੀ ਸਰੀਰ ਇਕ ਪਵਿੱਤਰ ਮੰਦਿਰ ਹੈ ਜਿਸ ਨੂੰ ਹਰ ਹਾਲਤ ਵਿਚ ਸਾਬਤ ਰੱਖਣਾ ਹੁੰਦਾ ਹੈ। ਗੈਵਿਨ ਦਾ ਪੂਰਾ ਵਿਸ਼ਵਾਸ਼ ਹੈ ਕਿ ਜੇਕਰ ਪੋਸਟ ਮਾਰਟਮ ਹੋਇਆ ਤਾਂ ਇਹ ਉਸ ਦੀ ਲਾਸ਼ ਦਾ ਅਪਮਾਨ ਹੋਵੇਗਾ।

ਇਸ ਲਈ ਗੈਵਿਨ ਦੇ ਵਿਸ਼ਵਾਸ਼ ਨੂੰ ਨਾ ਤੋੜਿਆ ਜਾਵੇ। ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਪੋਸਟ ਮਾਰਟਮ ਰੋਕਣ ਲਈ ਗੈਵਿਨ ਦੇ ਵਕੀਲਾਂ ਨੇ ਰਾਜ ਦੇ ਅਧਿਕਾਰੀਆਂ ਤੱਕ ਪਹੁੰਚ ਕਰਨ ਦੀ ਵਾਰ ਵਾਰ ਕੋਸ਼ਿਸ਼ ਕੀਤੀ ਹੈ ਪਰੰਤੂ ਕੋਈ ਜਵਾਬ ਨਹੀਂ ਮਿਲਿਆ। ਅਲਾਬਾਮਾ ਦੇ ਕਾਨੂੰਨ ਅਨੁਸਾਰ ਮੌਤ ਦੇ ਕਾਰਨ ਦਾ ਪਤਾ ਲਾਉਣ ਲਈ ਹਰ ਲਾਸ਼ ਦਾ ਪੋਸਟ ਮਾਰਟਮ ਕਰਨਾ ਜਰੂਰੀ ਹੈ।

# ਡੈਟਰਾਇਟ ਖੇਤਰ ਦੇ ਕਾਂਗਰਸ ਮੈਂਬਰ ਭਾਰਤੀ-ਅਮਰੀਕੀ ਸ਼੍ਰੀ ਥਾਨੇਦਾਰ ਵੱਲੋਂ ਜੋ ਬਾਈਡਨ ਦਾ ਜੋਰਦਾਰ ਸਮਰਥਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜਆ ਬੰਗਾ)** ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਬਹਿਸ ਤੋਂ ਬਆਦ ਕੁਝ ਡੈਮੋਕਰੈਟਸ ਵੱਲੋਂ ਜੋ ਬਾਈਡਨ ਨੂੰ ਮੁਕਾਬਲੇ ਵਿਚੋਂ ਹਟ ਜਾਣ ਦੀ ਦਿੱਤੀ ਜਾ ਰਹੀ ਸਲਾਹ ਦੇ ਦਰ-ਮਆਨ ਭਾਰਤੀ ਮੂਲ ਦੇ ਮਿਸ਼ੀਗਨ ਰਾਜ ਦੇ ਡੈਟਰਾਇਟ ਖੇਤਰ ਦੇ ਸੰਸਦ ਮੈਂਬਰ ਸ਼੍ਰੀ ਥਾਨੇਦਾਰ ਨੇ ਰਾਸ਼ਟਰਪਤੀ ਜੋ ਬਾਈਡਨ ਦੇ ਦੁਬਾਰਾ ਚੋਣ ਲੜਨ ਦਾ ਜੋਰਦਾਰ ਸਮਰਥਨ ਕੀਤਾ ਹੈ ਤੇ ਕਿਹਾ ਹੈ ਕਿ ਉਹ ਸਾਡੀਆਂ ਸਮਸਿਆਵਾਂ ਨੂੰ ਭਲੀਭਾਂਤ ਜਾਣਦੇ ਹਨ। ਅਹਿਮ ਰਾਜ ਮਿਸ਼ੀਗਨ ਦੇ ਸੰਸਦ ਮੈਂਬਰ ਸ਼੍ਰੀ ਥਾਨੇਦਾਰ ਦੇ ਸਮਰਥਨ ਦੀ ਵੱਡੀ ਅਹਿਮੀਅਤ ਹੈ। ਉਨਾਂ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕੁਝ ਮਹੀਨੇ ਪਹਿਲਾਂ ਮੈ ਰਾਸ਼ਟਰਪਤੀ ਬਾਈਡਨ ਤੋਂ ਕੋਈ 20 ਫੁੱਟ ਦੂਰ ਬੈਠਾ ਸੀ ਤੇ ਕੋਈ ਇਕ ਘੰਟਾ ਸਾਡੇ ਦੇਸ਼ ਦੇ ਭਵਿੱਖ ਪ੍ਰਤੀ ਉਨਾਂ ਦੇ ਵਿਚਾਰਾਂ ਨੂੰ ਸੁਣਿਆ। ਇਸ ਤੋਂ ਇਲਾਵਾ ਉਨਾਂ ਨਾਲ ਕਈ ਵਾਰ ਆਹਮੋ ਸਾਹਮਣੇ ਗੱਲਬਾਤ ਹੋਈ ਹੈ। ਉਹ ਸਾਨੂੰ ਦਰਪੇਸ਼ ਸਮਸਿਆਵਾਂ ਤੋਂ ਬਹੁਤ ਚੰਗੀ ਤਰਾਂ ਜਾਣੂ ਹਨ। ਇਹ ਉਹ ਹੀ ਵਿਅਕਤੀ ਹਨ ਜਿਸ ਨੂੰ ਅਸੀਂ 2020 ਵਿਚ ਚੁਣਿਆ ਸੀ। ਉਹ ਅਧੁਨਿਕ ਸਮੇ ਵਿਚ ਬਹੁਤ ਹੀ ਪ੍ਰਭਾਵੀ ਆਗੂ ਹਨ। ਸ਼੍ਰੀ ਥਾਨੇਦਾਰ ਨੇ ਬਾਈਡਨ ਵੱਲੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਕੀਤੀਆਂ ਪ੍ਰਾਪਤੀਆਂ ਵੀ ਗਿਣਾਈਆਂ। ਉਨਾਂ ਕਿਹਾ ਕਿ ਹੋਰ ਪ੍ਰਾਪਤੀਆਂ ਤੋਂ ਇਲਾਵਾ ਬੁਨਿਆਦੀ ਸਹੂਲਤਾਂ ਦੇ ਖੇਤਰ ਵਿਚ ਰਿਕਾਰਡ ਖਰਚ ਹੋਇਆ ਹੈ। ਥਾਨੇਦਾਰ ਨੇ ਕਿਹਾ ਕਿ ਅਜੇ ਬਹੁਤ ਕੁਝ ਕਰਨ ਵਾਲਾ ਬਾਕੀ ਹੈ ਤੇ ਸਾਨੂੰ ਵਿਸ਼ੇਸ਼ ਤੌਰ 'ਤੇ ਹਾਊਸਿੰਗ ਵਰਗੇ ਖੇਤਰਾਂ ਵਿਚ ਹੋਰ ਸੰਘੀ ਨਿਵੇਸ਼ ਦੀ ਲੋੜ ਹੈ। ਮੈ ਇਸ ਬਾਰੇ ਸਪੱਸ਼ਟ ਹਾਂ ਕਿ ਰਾਸ਼ਟਰਪਤੀ ਬਾਈਡਨ ਸਾਡੇ ਜਿਲੇ 'ਤੇ ਹੋਰ ਸੰਘੀ ਡਾਲਰਾਂ ਦੀ ਬਾਰਿਸ਼ ਕਰਨਗੇ ਜਦ ਕਿ ਟਰੰਪ ਕੇਵਲ ਅਮੀਰਾਂ ਨੂੰ ਟੈਕਸ ਰਾਹਤ ਦੇਣ ਤੱਕ ਹੀ ਸੀਮਿਤ ਹਨ।









# ਅਮਰੀਕਾ ਦੇ ਟੈਕਸਾਸ ਰਾਜ ਵਿਚ ਤੂਫਾਨ ਤੇ ਮੀਂਹ ਕਾਰਨ ਜਨ ਜੀਵਨ 'ਤੇ ਵਿਆਪਕ ਅਸਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਅਮਰੀਕਾ ਦੇ ਟੈਕਸਾਸ ਰਾਜ ਦੇ ਤੱਟੀ ਖੇਤਰ ਵਿਚ ਤੜਕਸਾਰ ਆਏ ਜਬਰਦਸਤ ਤੂਫਾਨ ਤੇ ਮੀਂਹ ਕਾਰਨ ਜਨਜੀਵਨ ਉਪਰ ਵਿਆਪਕ ਅਸਰ ਪਿਆ ਹੈ। ਤੂਫਾਨ ਨੇ ਵਿਆਪਕ ਤਬਾਹੀ ਮਚਾਈ ਹੈ। ਪੂਰਬੀ ਟੈਕਸਾਸ ਦਾ ਜਿਆਦਾਤਰ ਹਿੱਸਾ ਤੂਫਾਨ ਤੋਂ ਪ੍ਰਭਾਵਿਤ ਹੋਇਆ ਹੈ। ਨੈਸ਼ਨਲ ਹੁਰੀਕੇਨ ਸੈਂਟਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਹੋਸਟਨ ਖੇਤਰ ਵਿਚ ਮੋਹਲੇਧਾਰ ਮੀਂਹ ਤੇ 80 ਮੀਲ ਦੀ ਰਫਤਾਰ ਨਾਲ ਚੱਲੀਆਂ ਹਵਾਵਾਂ ਨੇ ਜਨ ਜੀਵਨ ਅਸਥ ਵਿਅਸਥ ਕਰ ਦਿੱਤਾ ਹੈ। ਖਤਰਨਾਕ ਹਾਲਾਤ ਬਣ ਗਏ ਹਨ ਜਿਸ ਕਾਰਨ ਬਚਾਅ ਆਪਰੇਸ਼ਨ ਚਲਾਉਣਾ ਪਿਆ ਹੈ। ਸੈਂਟਰ ਅਨੁਸਾਰ ਸੈਂਕੜੇ ਹਵਾਈ ਉਡਾਣਾਂ ਪ੍ਰਭਾਵਿਤ ਹੋਈਆਂ ਹਨ ਤੇ 20 ਲੱਖ ਤੋਂ ਵਧ ਲੋਕ ਬਿਨਾਂ ਬਿਜਲੀ ਰਹਿ ਰਹੇ ਹਨ। ਹੋਸਟਨ ਦੇ ਮੇਅਰ ਜੌਹਨ ਵਿਟਮਿਰ ਨੇ ਕਿਹਾ ਹੈ ਕਿ ਸ਼ਹਿਰ ਦੇ ਜਿਆਦਾਤਰ ਹਿੱਸੇ ਵਿਚ 10 ਇੰਚ ਤੋਂ ਵਧ ਪਾਣੀ ਹੈ। ਸ਼ੈਰਿਫ ਐਡ ਗੋਨਜ਼ਾਲੇਜ਼ ਅਨੁਸਾਰ ਹੋਸਟਨ ਦੇ ਉੱਤਰ ਪੂਰਬ ਵਿਚ ਹੈਰਿਸ ਕਾਊਂਟੀ ਦੇ ਨੀਮ ਸ਼ਹਿਰੀ ਖੇਤਰ ਵਿਚ ਇਕ ਘਰ ਉਪਰ ਦਰੱਖਤ ਡਿੱਗਣ ਕਾਰਨ ਇਕ ਵਿਅਕਤੀ ਦੀ ਘਰ ਦੇ ਮਲਬੇ ਹੇਠ ਦੱਬਣ ਨਾਲ ਮੌਤ ਹੋ ਗਈ ਜਦ ਕਿ ਉੱਤਰੀ ਹੈਰਿਸ ਕਾਊਂਟੀ ਵਿਚ ਇਕ ਹੋਰ ਘਰ ਉਪਰ ਦਰੱਖਤ ਡਿੱਗਣ ਕਾਰਨ ਇਕ 74 ਸਾਲਾ ਔਰਤ ਮਾਰੀ ਗਈ।



# ਕੈਲੀਫੋਰਨੀਆ ਦੇ ਸ਼ਹਿਰ ਬਰਕਲੇ ਵਿਖੇ ਸੁਨਿਆਰੇ ਦੀ ਦੁਕਾਨ ਵਿੱਚ ਦਿਨ ਦਿਹਾੜੇ ਡਾਕਾ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਕੈਲੀਫੋਰਨੀਆ ਦੇ ਸ਼ਹਿਰ ਬਰਕਲੇ ਵਿਖੇ ਇਕ ਸੁਨਿਆਰੇ ਦੀ ਦੁਕਾਨ 'ਤੇ ਦਿਨ ਦਿਹਾੜੇ ਪਏ ਡਾਕੇ ਵਿਚ ਲੁਟੇਰੇ 5 ਲੱਖ ਮੁੱਲ ਦੇ ਗਹਿਣੇ ਲੈ ਕੇ ਫਰਾਰ ਹੋ ਗਏ। ਬਰਕਲੇ ਪੁਲਿਸ ਵਿਭਾਗ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਬੰਦੂਕਾਂ ਤੇ ਹਥੌੜਿਆਂ ਨਾਲ ਲੈਸ ਲੁਟੇਰੇ ਬੰਬੇ ਜਿਊਲਰੀ ਕੰਪਨੀ ਦੇ ਸਟੋਰ ਵਿਚ ਦੁਪਹਿਰ 2.10 ਵਜੇ ਦੇ ਕਰੀਬ ਦਾਖਲ ਹੋਏ। ਲੁਟੇਰਿਆਂ ਦੀ ਗਿਣਤੀ 7 ਤੋਂ 8 ਸੀ ਜਿਨਾਂ ਨੇ ਹਥਿਆਰਾਂ ਦੀ ਨੋਕ 'ਤੇ ਸਟਾਫ ਤੇ ਗਾਹਕਾਂ ਨੂੰ ਇਕ ਪਾਸੇ ਕਰ ਦਿੱਤਾ। ਹਾਲਾਂ ਕਿ ਕੰਪਨੀ ਦੇ ਸਟਾਫ ਨੇ ਤੁਰੰਤ ਪੁਲਿਸ ਨੂੰ ਸੂਚਿਤ ਕਰ ਦਿੱਤਾ ਸੀ ਜਿਸ ਉਪਰੰਤ ਪੁਲਿਸ ਅਫਸਰ ਤੁਰੰਤ ਘਟਨਾ ਸਥਾਨ 'ਤੇ ਪੁੱਜੇ। ਪੁਲਿਸ ਅਨੁਸਾਰ ਲੁਟੇਰੇ ਇਕ ਮਿੰਟ ਵਿਚ ਹੀ ਗਹਿਣੇ ਲੁੱਟ ਕੇ ਫਰਾਰ ਹੋਣ ਵਿਚ ਸਫਲ ਹੋ ਗਏ। ਪੁਲਿਸ ਅਨੁਸਾਰ ਘੱਟੋ ਘੱਟ 5 ਲੱਖ ਡਾਲਰ ਦੇ ਗਹਿਣੇ ਲੁੱਟੇ ਗਏ ਹਨ। ਲੁਟੇਰੇ ਦੋ ਗੱਡੀਆਂ ਵਿਚ ਸਟੋਰ 'ਤੇ ਆਏ ਸਨ ਜਿਨਾਂ ਵਿਚ ਇਕ ਕਾਲੇ ਰੰਗ ਦੀ ਹਾਂਡਾ ਸਿਵਿਕ ਤੇ ਦੂਸਰੀ ਸਲੇਟੀ ਰੰਗ ਦੀ ਡੌਜ ਚਾਰਜ਼ਰ ਗੱਡੀ ਸ਼ਾਮਿਲ ਹੈ। ਘਟਨਾ ਦੀ ਬਰਕਲੇ ਪੁਲਿਸ ਵਿਭਾਗ ਤੇਜੀ ਨਾਲ ਜਾਂਚ ਕਰ ਰਿਹਾ ਹੈ।

# ਇਕ ਇੰਚ ਗੋਲੀ ਇਧਰ ਉਧਰ ਹੋ ਜਾਂਦੀ ਤਾਂ ਟਰੰਪ ਅੱਜ ਸਾਡੇ ਵਿਚ ਨਾ ਹੁੰਦੇ-ਸਾਬਕਾ ਸੀਕਰਟ ਸਰਵਿਸ ਮੁਖੀ

## ਸੀਕਰਟ ਸਰਵਿਸ ਦੀ ਕਾਰਗੁਜ਼ਾਰੀ 'ਤੇ ਉਠਾਏ ਸਵਾਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਜਾਂਚਕਾਰ ਇਕ ਨਿਸ਼ਾਨਚੀ (ਸ਼ੂਟਰ) ਵੱਲੋਂ ਪੈਨਸਿਲਵਾਨੀਆ ਰਾਜ ਵਿਚ ਬਟਲਰ ਵਿਖੇ ਇਕ ਰੈਲੀ ਦੌਰਾਨ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਤਕਰੀਬਨ 150 ਮੀਟਰ ਤੋਂ ਗੋਲੀਆਂ ਚਲਾ ਕੇ ਜ਼ਖਮੀ ਕਰ ਦੇਣ ਦੀ ਘਟਨਾ ਦੀ ਬਰੀਕੀ ਨਾਲ ਜਾਂਚ ਕਰ ਰਹੇ ਹਨ। ਇਕ ਸਾਬਕਾ ਲਾਅ ਇਨਫੋਰਸਮੈਂਟ ਅਫਸਰ ਨੇ ਕਿਹਾ ਹੈ ਕਿ ਜਾਂਚਕਾਰਾਂ ਨੂੰ ਇਸ ਗੱਲ ਵੱਲ ਧਿਆਨ ਦੇਣਾ ਪਵੇਗਾ ਕਿ ਕੀ ਸੀਕਰਟ ਸਰਵਿਸ ਪ੍ਰੋਟੋਕਾਲ ਦੀ ਉਲੰਘਣਾ ਹੋਈ ਹੈ? ਸਾਬਕਾ ਸੀਕਰਟ ਸਰਵਿਸ ਮੁਖੀ ਜੁਲੀਆ ਪੀਅਰਸਨ ਨੇ ਕਿਹਾ ਹੈ ਕਿ ਸ਼ੂਟਰ ਤਕਰੀਬਨ 150 ਮੀਟਰ ਦੀ ਦੂਰੀ ਤੋਂ ਗੋਲੀਆਂ ਚਲਾ ਕੇ ਡੋਨਲਡ ਟਰੰਪ ਦੀ ਜਾਨ ਲੈਣ ਦੇ ਨੇੜੇ ਪੁੱਜ ਗਿਆ ਸੀ ਜੋ ਰਾਸ਼ਟਰਪਤੀ ਦੇ ਅਹੁੱਦੇ ਲਈ ਸੰਭਾਵੀ ਨਾਮਜ਼ਦ ਉਮੀਦਵਾਰ ਹਨ। ਉਨਾਂ ਕਿਹਾ ਕਿ ਜੇਕਰ ਇਕ ਇੰਚ ਗੋਲੀ ਇਧਰ ਉਧਰ ਹੋ ਜਾਂਦੀ ਤਾਂ ਅੱਜ ਟਰੰਪ ਸਾਡੇ ਵਿਚ ਨਾ ਹੁੰਦੇ। ਪੀਅਰਸਨ ਅਨੁਸਾਰ ਮੇਰਾ ਵਿਚਾਰ ਹੈ ਕਿ ਨਿਸ਼ਾਨਚੀ ਦੀ ਸਮਰੱਥਾ 1000 ਮੀਟਰ ਤੋਂ ਨਿਸ਼ਾਨਾ ਲਾਉਣ ਦੀ ਹੋ ਸਕਦੀ ਹੈ ਜੋ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। 1000 ਮੀਟਰ ਦੇ ਘੇਰੇ ਵਿਚ ਸ਼ੂਟਰ ਕੁਝ ਵੀ ਕਰ ਸਕਦੇ ਹਨ। ਪੀਅਰਸਨ ਜੋ ਸੀਕਰਟ ਸਰਵਿਸ ਵਿਚ 3 ਦਹਾਕੇ ਤੱਕ ਤਾਇਨਾਤ ਰਹੇ ਹਨ, ਨੇ ਕਿਹਾ ਕਿ ਇਹ ਬਹੁਤ ਗੰਭੀਰ ਚਿੰਤਾ ਦਾ ਵਿਸ਼ਾ ਹੈ। ਰੂਬਨ ਗਾਲੇਗੋ ਸਾਬਕਾ ਸੈਨਿਕ ਤੇ ਐਰੀਜ਼ੋਨਾ ਡੈਮੋਕਰੈਟਿਕ ਆਗੂ ਨੇ ਕਿਹਾ ਹੈ ਕਿ ਟਰੰਪ ਲਈ ਸੁਰੱਖਿਆ ਯੋਜਨਾ ਨਾ ਕਾਫੀ ਸੀ ਜਿਸ ਦੀ ਕਾਂਗਰਸ ਵਿਚ ਚਰਚਾ ਹੋਣੀ ਚਾਹੀਦੀ ਹੈ ਤੇ ਇਸ ਸਬੰਧੀ ਜਿੰਮੇਵਾਰੀ ਤੈਅ ਹੋਣੀ ਚਾਹੀਦੀ ਹੈ। ਇਸੇ ਦੌਰਾਨ ਰਾਸ਼ਟਰਪਤੀ ਜੋ ਬਾਈਡਨ ਦੇ ਆਦੇਸ਼ ਅਨੁਸਾਰ ਸੀਕਰਟ ਸਰਵਿਸ ਮੁਖੀ ਕਿੰਬਰਲੀ ਚੀਟਲ ਵੱਲੋਂ ਮਿਲਵੌਕੀ ਵਿਚ ਅੱਜ ਸ਼ੁਰੂ ਹੋ ਰਹੀ ਰਿਪਬਲੀਕਨ ਪਾਰਟੀ ਦੀ ਨੈਸ਼ਨਲ ਕਨਵੈਨਸ਼ਨ ਵਾਸਤੇ ਸੁਰੱਖਿਆ ਦਾ ਨਵੇਂ ਸਿਰੇ ਤੋਂ ਜਾਇਜ਼ਾ ਲੈ ਕੇ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ। ਇਸ ਕਨਵੈਨਸ਼ਨ ਵਿਚ ਰਾਸ਼ਟਰਪਤੀ ਦੇ ਅਹੁੱਦੇ ਲਈ ਉਮੀਦਵਾਰ ਵਜੋਂ ਡੋਨਲਡ ਟਰੰਪ ਦੇ ਨਾਂ 'ਤੇ ਮੋਹਰ ਲਾਈ ਜਾਣੀ ਹੈ।





# ਅਮਰੀਕਾ ਦੇ ਅਲਾਬਾਮਾ ਰਾਜ ਵਿਚ ਇਕ ਨਾਈਟ ਕਲੱਬ ਵਿਚ ਹੋਈ ਗੋਲੀਬਾਰੀ ਵਿੱਚ 4 ਮੌਤਾਂ ਤੇ 9 ਹੋਰ ਜ਼ਖਮੀ

## ਨਿਤ ਦਿਨ ਹੋ ਰਹੀ ਗੋਲੀਬਾਰੀ ਤੋਂ ਆਮ ਵਿਅਕਤੀ ਹੋਇਆ ਦੁਖੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਅਮਰੀਕਾ ਵਿਚ ਬੰਦੂਕ ਸਭਿਆਚਾਰ ਨੇ ਸਮਾਜਿਕ ਤਾਣੇਬਾਣੇ ਉਪਰ ਬਹੁਤ ਮਾੜਾ ਪ੍ਰਭਾਵ ਪਾਇਆ ਹੈ। ਆਏ ਦਿਨ ਗੋਲੀਬਾਰੀ ਹੋਣ ਤੇ ਲੋਕਾਂ ਦੇ ਮਾਰੇ ਜਾਣ ਜਾਂ ਜ਼ਖਮੀ ਹੋਣ ਦੀਆਂ ਘਟਨਾਵਾਂ ਤੋਂ ਆਮ ਵਿਅਕਤੀ ਦੁੱਖੀ ਹੈ ਪਰ ਉਸ ਕੋਲ ਇਸ ਮਸਲੇ ਦਾ ਹੱਲ ਨਹੀਂ ਹੈ। 'ਗੰਨ ਵਾਇਓਲੈਂਸ ਆਰਕੀਵ' ਦੇ ਅੰਕੜਿਆਂ ਅਨੁਸਾਰ 2024 ਵਿਚ ਹੁਣ ਤੱਕ ਅਮਰੀਕਾ ਵਿਚ ਸਮੂਹਿਕ ਗੋਲੀਬਾਰੀ ਦੀਆਂ 293 ਘਟਨਾਵਾਂ ਹੋ ਚੁੱਕੀਆਂ ਹਨ।




### ਅਲਾਬਾਮਾ ਵਿੱਚ ਗੋਲੀਬਾਰੀ

ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਉਪਰ ਹੋਏ ਹਮਲੇ ਦੇ ਕੁਝ ਘੰਟਿਆਂ ਬਾਅਦ ਹੀ ਰਾਤ 11 ਵਜੇ ਦੇ ਕਰੀਬ ਅਲਾਬਾਮਾ ਰਾਜ ਵਿਚ ਬਰਮਿੰਘਮ ਵਿਖੇ ਇਕ ਨਾਈਟ ਕਲੱਬ ਵਿਚ ਹੋਈ ਅੰਧਾਧੁੰਦ ਗੋਲੀਬਾਰੀ ਵਿਚ ਘੱਟੋ ਘੱਟ 4 ਲੋਕਾਂ ਦੇ ਮਾਰੇ ਜਾਣ ਤੇ 9 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਗੋਲੀਬਾਰੀ ਵਿਚ ਇਕ ਵਿਅਕਤੀ ਸ਼ਾਮਿਲ ਹੈ ਜਿਸ ਨੇ 27 ਵੀਂ ਸਟਰੀਟ ਨਾਰਥ 'ਤੇ ਸਥਿੱਤ ਨਾਈਟ ਕਲੱਬ ਵਿਚ ਬਾਹਰੋਂ ਸੜਕ ਤੋਂ ਗੋਲੀਬਾਰੀ ਕੀਤੀ। ਬਰਮਿੰਘਮ ਪੁਲਿਸ ਅਫਸਰ ਟਰਮੈਨ ਫਿਟਜ਼ਗੇਰਾਲਡ ਨੇ ਇਕ ਵੀਡੀਓ ਬਿਆਨ ਵਿਚ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਉਨਾਂ ਨੂੰ ਬਹੁਤ ਸਾਰੇ ਲੋਕ ਜ਼ਖਮੀ ਹਾਲਤ ਵਿਚ ਮਿਲੇ। ਪੁਲਿਸ ਅਨੁਸਾਰ 2 ਔਰਤਾਂ ਨਾਈਟ ਕਲੱਬ ਦੇ ਅੰਦਰ ਤੇ ਇਕ ਵਿਅਕਤੀ ਘਟਨਾ ਸਥਾਨ ਦੇ ਨਾਲ ਬਾਹਰਵਾਰ ਜ਼ਖਮੀ ਹਾਲਤ ਵਿਚ ਮਿਲੇ ਜਿਨਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਇਕ ਹੋਰ ਵਿਅਕਤੀ ਹਸਪਤਾਲ ਜਾ ਕੇ ਦਮ ਤੋੜ ਗਿਆ। ਪੁਲਿਸ ਅਨੁਸਾਰ ਗੋਲੀਬਾਰੀ ਵਿਚ ਜ਼ਖਮੀ ਹੋਏ 9 ਵਿਅਕਤੀਆਂ ਦਾ ਹਸਪਤਾਲ ਵਿਚ ਇਲਾਜ਼ ਚਲ ਰਿਹਾ ਹੈ।

ਪੁਲਿਸ ਦਾ ਕਹਿਣਾ ਹੈ ਕਿ ਅਜੇ ਤੱਕ ਇਸ ਘਟਨਾ ਸਬੰਧੀ ਕਿਸੇ ਨੂੰ ਹਿਰਾਸਤ ਵਿਚ ਨਹੀਂ ਲਿਆ ਗਿਆ ਹੈ ਤੇ ਨਾ ਹੀ ਕਿਸੇ ਸ਼ੱਕੀ ਦੋਸ਼ੀ ਦੀ ਪਛਾਣ ਹੋਈ ਹੈ। ਫਿਟਜ਼ਗੇਰਾਲਡ ਨੇ ਕਿਹਾ ਹੈ ਕਿ ਜਾਂਚਕਾਰ ਇਹ ਪਤਾ ਲਾਉਣ ਦਾ ਯਤਨ ਕਰ ਰਹੇ ਹਨ ਕਿ ਗੋਲੀ ਚੱਲਣ ਪਿੱਛੇ ਕਾਰਨ ਕੀ ਸੀ? ਉਨਾਂ ਕਿਹਾ ਕਿ ਇਸ ਸਬੰਧੀ ਮੌਕੇ ਦੇ ਗਵਾਹਾਂ ਤੇ ਆਸ ਪਾਸ ਦੇ ਲੋਕਾਂ ਕੋਲੋਂ ਮਦਦ ਲਈ ਜਾ ਰਹੀ ਹੈ ਤੇ ਸੰਘੀ ਅਧਿਕਾਰੀ ਮੌਕੇ ਉਪਰ ਤਾਇਨਾਤ ਹਨ ਜੋ ਜਾਂਚ ਵਿਚ ਬਰਮਿੰਘਮ ਪੁਲਿਸ ਅਫਸਰਾਂ ਦੀ ਮਦਦ ਕਰ ਰਹੇ ਹਨ।

# ਸੰਸਾਰ ਭਰ ਦੇ ਸਮੂਹ ਆਜ਼ਾਦੀ ਪਸੰਦੀਆਂ ਨੂੰ ਯੂਨਾਈਟਿਡ ਸਟੇਟ ਆਫ ਅਮੈਰੀਕਾ (ਯੂ.ਐਸ.ਏ.) ਦੇ 248ਵੇਂ ਆਜ਼ਾਦੀ ਦਿਵਸ ਪੂਰੇ ਹੋਣ ਦੀਆਂ ਵਧਾਈਆਂ

ਆਜ਼ਾਦੀ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ। ਬਸਤੀਵਾਦੀਆਂ ਨੇ ਸਾਰੇ ਸੰਸਾਰ ਨੂੰ ਵੱਖ ੨ ਸਮੇਂ ਆਪਣੇ ਗ਼ਲਬੇ ਹੇਠਾਂ ਲੈ ਕੇ ਗੁਲਾਮ ਬਣਾਕੇ ਰੱਖਿਆ ਹੈ। ਯੁਨਾਈਟਿਡ ਸਟੇਟ ਆਫ ਅਮੈਰੀਕਾ ਨੇ ਵੀ ਇਸ ਸੰਤਾਪ ਨੂੰ ਲੰਬਾ ਸਮਾਂ ਹੰਢਾਇਆ। ਆਜ਼ਾਦੀ ਪਸੰਦੀ ਸੰਗਰਾਮੀਆਂ ਦੇ ਮੋਢੀਆਂ ਵਿੱਚ ਜਾਰਜ਼ ਵਾਸ਼ਿੰਗਟਨ , ਜੌਹਨ ਐਡਮ , ਥੌਮਸ ਜੈਫ਼ਰਸਨ , ਰੌਜ਼ਰ ਸ਼ਰਮਨ , ਰੌਬਰਟ ਲੀਵਿੰਗਸਟਨ , ਜੌਹਨ ਡੰਨਲੈਪ ਅਤੇ ਜੌਹਨ ਹੈਨਕੌਕਸ ਆਦਿ ਨੇ ਇੰਗਲੈਂਡ ਬਸਤੀਵਾਦ ਨੂੰ ਲੰਬੇ ਸਮੇਂ ਦੇ ਸੰਘਰਸ਼ ਬਾਅਦ ਹਰਾਕੇ ਆਜ਼ਾਦੀ ਪ੍ਰਾਪਤ ਕੀਤੀ।

ਯੂ.ਐਸ.ਏ. 1607 ਤੋਂ 1776 ਤੱਕ 13 ਬਰਿਟਸ਼ ਕਲੋਨੀਆਂ ਵਿੱਚ ਵੰਡਿਆ ਹੋਇਆ ਸੀ ਨਾਮ :–1। ਵਰਜ਼ੀਨੀਆਂ 2। ਨਿਊਯਾਰਕ 3। ਮੈਸੀਚਿਊਸਸ 4 । ਮੈਰੀਲੈਂਡ 5। ਰੋਡ ਆਈਲੈਂਡ 6। ਕੋਨੈਟੀਕਟ 7। ਨਿਊਹੈਂਮਸ਼ਰ 8। ਡੈੱਲਵੇਅਰ 9। ਨੌਰਥ ਕੈਰੋਲੀਨਾ 10। ਸਾਊਥ ਕੈਰੋਲੀਨਾ 11। ਨਿਊ ਜਰਸੀ 12। ਪੈਨਸਲਵੇਨੀਆਂ ਅਤੇ 13।ਜੌਰਜੀਆ ।ਦਸੰਬਰ 1787 ਤੋਂ ਲੈ ਕੇ ਅਗੱਸਤ 1959 ਤੱਕ 50 ਸੂਬੇ ( ਸਟੇਟ ) ਬਣੇ। ਬਸਤੀਵਾਦੀਆਂ ਤੋਂ ਬਾਅਦ ਇਹ ਲਾਤੀਨੀ ਧਰਤੀ ਉੱਪਰ ਇੱਕ ਦੇਸ਼ ਦੀ ਸਿਰਜਣਾ ਹੋਈ ਜਿਸ ਦਾ ਨਾਮ ਯੁਨਾਈਟਡ ਸਟੇਟ ਅਮਰੀਕਾ ਰੱਖਿਆ ਅਤੇ ਹੌਲੀ ਹੌਲੀ ਨਵੇਂ ੨ ਸੂਬੇ (ਸਟੇਟ ) ਹੋਂਦ 'ਚ ਆਏ । ਤਾਰੀਖ਼ ਸਮੇਤ ਜਾਣਕਾਰੀ ਦੀ ਪੇਸ਼ਕਾਰੀ ਹੈ :– (1) ਡੈੱਲਵੇਅਰ , 7 ਦਸੰਬਰ 1787 (2) ਪੈਨਸਿਲਵੇਨੀਆਂ, 12 ਦਸੰਬਰ 1787 (3) ਨਿਊਜਰਸੀ ,18 ਦਸੰਬਰ 1786 (4) ਜੌਰਜੀਆ , 2 ਜਨਵਰੀ 1788 (5) ਕੁਨੈਟੀਕਟ , 9 ਜਨਵਰੀ 1788 (6) ਮੈਸੀਚਿਊਸਸ , 6 ਫਰਵਰੀ 1788 (7) ਮੈਰੀਲੈਂਡ , 28 ਅਪਰੈਲ 1788 (8) ਸਾਊਥ ਕੈਰੋਲੀਨਾ , 23 ਮਈ 1788 (9) ਨਿਊ ਹੈਮਪਸ਼ਰ , 21 ਜੂਨ 1788 (10) ਵਰਜ਼ੀਨੀਆਂ , 25 ਜੂਨ 1788 (11) ਨਿਊਯਾਰਕ , 26 ਜੁਲਾਈ 1788 (12) ਨੌਰਥ ਕੈਰੋਲੀਨਾ , 21 ਨਵੰਬਰ 1789 (13) ਰੋਡ ਆਈਲੈਂਡ , 29 ਮਈ 1790 (14) ਵਰਮੌਂਟ , 4 ਮਾਰਚ 1791 (15) ਕਨਟੱਕੀ , 1 ਜੂਨ 1792 (16) ਟੈਨਸੀ , 1 ਜੂਨ 1796 (17) ਉਹਾਈਓ , 1 ਮਾਰਚ 1803 (18) ਲੁਜੀਆਨਾ , 30 ਅਪਰੈਲ 1812 (19) ਇੰਡੀਆਨਾ , 11 ਦਸੰਬਰ 1816 (20) ਮਿੱਸੀਸਿੱਪੀ ,10 ਦਸੰਬਰ 1817 (21) ਇਲੀਨੌਇਸ , 3 ਦਸੰਬਰ 1818 (22) ਅਲਾਬਾਮਾ , 14 ਦਸੰਬਰ 1819 (23) ਮੇਇਨ ,15 ਮਾਰਚ 1820 (24) ਮਜ਼ੂਰੀ, 10 ਅਗੱਸਤ 1821 (25) ਆਰਕਾਂਸਸ , 15 ਜੂਨ 1836 (26) ਮਿੱਸੀਗਨ , 26 ਜਨਵਰੀ 1837 (27) ਫਲੋਰੀਡਾ , 3 ਮਾਰਚ 1845 (28) ਟੈਕਸਸ , 29 ਦਸੰਬਰ 1845 (29) ਆਈਓਵਾ , 28 ਦਸੰਬਰ 1846 (30) ਵਿੱਜਕੰਨਸਨ , 29 ਮਈ 1848 (31) ਕੈਲੀਫੋਰਨੀਆ , 9 ਸਤੰਬਰ 1850 (32) ਮਿੰਨੀਸੋਟਾ , 11 ਮਈ 1858 (33) ਔਰੇਗਨ , 14 ਫਰਵਰੀ 1859 (34) ਕੈਨਸਸ , 29 ਜਨਵਰੀ 1861 (35) ਵੈਸਟ ਵਰਜ਼ੀਨੀਆਂ , 20 ਜੂਨ 1863 (36) ਨਵਾਡਾ , 31 ਅਕਤੂਬਰ 1864 (37) ਨਬਰਾਸਕਾ , 1 ਮਾਰਚ 1867 (38) ਕੋਲੋਰਾਡੋ , 1 ਅਗੱਸਤ 1876 (39) ਨੌਰਥ ਡਕੋਟਾ , 2 ਨਵੰਬਰ 1889 (40) ਸਾਊਥ ਡਕੋਟਾ , 2 ਨਵੰਬਰ 1889 (41) ਮੌਨਟਾਨਾ , 8 ਨਵੰਬਰ 1889 (42) ਵਾਸ਼ਿੰਗਟਨ ,11 ਨਵੰਬਰ 1889 (43) ਆਈਡਾਹੋ , 3 ਜੁਲਾਈ 1890 (44) ਵਾਇਓਮਿੰਗ , 10 ਜੁਲਾਈ 1890 (45) ਜੂਟਾਹ , 4 ਜਨਵਰੀ 1896 (46) ਓਕਲੋਹਾਮਾ , 16 ਨਵੰਬਰ 1907 (47) ਨਿਊ ਮੈਕਸੀਕੋ , 6 ਜਨਵਰੀ 1912 (48) ਐਰੀਜ਼ੋਨਾ , 14 ਫਰਵਰੀ 1912 (49) ਅਲਾ–ਸਕਾ, 3 ਜਨਵਰੀ 1959 (50) ਅਤੇ ਹਵਾਈ , 21 ਅਗੱਸਤ 1959 ਨੂੰ ਬਣੇ । ਇਨ੍ਹਾਂ ਵੱਖ ਵੱਖ ਸੂਬਿਆਂ ਦੇ ਸੁਮੇਲ ਕਰਕੇ ਯੂ।ਐਸ।ਏ ਨਾਮ ਦਾ ਦੇਸ਼ ਬਣਿਆ।

ਬਰਿਟਸ਼ ਦੀਆਂ ਕਲੋਨੀਆਂ ਤੋਂ ਯੂ।ਐਸ ।ਏ। ਬਣਨ ਦਾ ਪੈਂਡਾ ਬੜਾ ਹੀ ਸੰਘਰਸ਼ ਭਰਿਆ ਸੀ । ਇਸ ਧਰਤੀ ਨੂੰ ਅੰਗਰੇਜ਼ ਬਸਤੀਵਾਦ ਤੋਂ ਆਜ਼ਾਦ ਕਰਾਉਣ ਲਈ ਹਜ਼ਾਰਾਂ ਸ਼ਹੀਦਾਂ ਨੇ ਆਪਣੇ ਖ਼ੂਨ ਨਾਲ ਸਿੰਜਿਆ ਹੈ ਬਹੁਤੇ ਸੰਗਰਾਮੀ ਅਤੇ ਸ਼ਹੀਦ ਅੱਜ ਇਤਿਹਾਸ ਦੇ ਪੰਨ੍ਹਿਆਂ ਤੋਂ ਗੁੰਮ ਹਨ ।

ਯੂ।ਐਸ।ਏ। ਨੂੰ ਕਾਮਯਾਬੀਆਂ ਦੀਆਂ ਬੁਲੰਦੀਆਂ ਤੱਕ ਪਹੁੰਚਾਉਣ ਲਈ ਪਬਲਿਕ ਸੈਕਟਰਾਂ ਦਾ ਬੜਾ ਵੱਡਾ ਯੋਗਦਾਨ ਹੈ ਜੋ ਕਾਰਪੋਰੇਟਸ ਵਲੋਂ ਪ੍ਰਾਈਵੇਟ ਅਦਾਰਿਆਂ ਨੂੰ ਬੜਾਵਾ ਦੇਣ ਕਰਕੇ ਅਲੋਪ ਹੋਣ ਤੱਕ ਪਹੁੰਚ ਚੁੱਕੇ ਹਨ। ਵੱਖ ਵੱਖ ਦੇਸ਼ਾਂ ਦੇ ਆਜ਼ਾਦੀ ਦਿਵਸਾਂ ਦੀਆਂ ਖ਼ੁਸ਼ੀਆਂ ਦੁਨੀਆਂ ਭਰ ਦੀ ਕਿਰਤੀ ਜਮਾਤ ਨੂੰ ਵੱਧ ਹੁੰਦੀਆਂ ਹਨ ਕਿਉਂਕਿ ਮਿਲੀ ਹੋਈ ਆਜ਼ਾਦੀ 'ਚ ਕਿਰਤੀ ਜਮਾਤ ਆਪਣੇ ਹੱਕ–ਹਕੂਕ ਦੀ ਗੱਲ ਕਰ ਸਕਣ ਦੇ ਸਮਰੱਥ ਹੁੰਦੇ ਹਨ । ਅਮਰੀਕਾ ਵਿੱਚ ਜੂਨ 19, 1866 ਵਿੱਚ ਅਫ਼ਰੀਕਨ ਸਿਆਹ ਯੋਧਿਆਂ ਨੇ ਗ਼ੁਲਾਮੀ ਤੋਂ ਆਜ਼ਾਦੀ ਦੇ ਜਸ਼ਨ ਮਨਾਏ । 1960 ਵਿੱਚ ਮਰਟਨ ਲੂਥਰ ਕਿੰਗ ਦੀ ਅਗਵਾਈ ‘ਚ ਸਿਵਲ ਹੱਕਾਂ ਦੀ ਜਿੱਤ ਹਾਸਲ ਕੀਤੀ । ਅੰਗਰੇਜ਼ ਸਾਮਰਾਜ ਤੋ ਬਾਅਦ ਅਮਰੀਕਾ ਦੀਆਂ ਇਸਤ੍ਰੀਆਂ ਨੂੰ 1920 ਵਿੱਚ ਵੋਟ ਪਾਉਣ ਦਾ ਹੱਕ ਮਿਲਿਆ , ਹੱਕੀ ਘੋਲ਼ਾਂ ਦਾ ਸਫਰ ਮੁੱਕਿਆ ਨਹੀ ਜਿਵੇਂ 1921 ਵਿੱਚ ਅਮਰੀਕਾ ਦੇ ਪ੍ਰਧਾਨ ਜੋਅ ਬਾਈਡਨ ਨੇ ਸਿਆਹ ਰੰਗ ਦੇ ਸੰਗਰਾਮੀਆਂ ਦੀ ਯਾਦ ਵਿੱਚ ਜੂਨ 19 ਦੀ ਫੈਡਰਲ ਛੁੱਟੀ ਦਾ ਐਲਾਨ ਕੀਤਾ ਜੋ 1776 ਦੀ ਆਜ਼ਾਦੀ ਤੋਂ 2021 ਦਾ ਸਮਾਂ ਤਹਿ ਕਰਨ ਤੋਂ ਬਾਅਦ ਆਇਆ । 1886 ਵਿੱਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਫੈਕਟਰੀ ਮਜ਼ਦੂਰਾਂ ਨੇ ਕੰਮ ਦਾ ਸਮਾਂ ਨਿਸਚਤ ਕਰਨ ਦੀ ਲੜਾਈ ਜਿੱਤੀ ਸੀ ਤੱਦ ਹੀ ਤਾਂ 40 ਘੰਟੇ ਇੱਕ ਹਫ਼ਤੇ ਕੰਮ ਦੇ ਲਾਗੂ ਹੋਏ ਸਨ । ਆਜ਼ਾਦੀ ਹਰ ਮਨੁੱਖ ਚਾਹੁੰਦਾ ਹੈ ਪਰ ਇਹ ਸਮਝ ਬਣਾਉਣੀ ਪਵੇਗੀ ਕਿ ਮਨੁੱਖ ਨੂੰ ਗ਼ੁਲਾਮ ਰੱਖਣ ਵਾਲੇ ਕੌਣ ਹਨ ਤੇ ਕਿਉਂ? ਜਦੋਂ ਇਹੋ ਜਿਹੇ ਵਿਚਾਰਾਂ ਲਈ ਦੁਨੀਆਂ ਭਰ ਦੇ ਲੋਕ ਸੋਚਣਾ ਸ਼ੁਰੂ ਕਰਨਗੇ ਤਾਂ ਹੱਲ ਲੱਭਣਗੇ ਫਿਰ ਧਰਤੀ ਉੱਪਰ ਆਜ਼ਾਦੀ ਹੀ ਆਜ਼ਾਦੀ ਹੋਵੇਗੀ ਨਾ ਕੋਈ ਲੁੱਟਣ ਵਾਲਾ ਹੋਵੇਗਾ ਨਾ ਹੀ ਕਿਸੇ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਹੋਵੇਗੀ। ਕਿਰਤੀ ਜਮਾਤ ਦੀ ਸਮਝ ਬਣਨੀ ਚਾਹੀਦੀ ਹੈ ਕਿ ਆਜ਼ਾਦੀ ਨੂੰ ਬਰਕਰਾਰ ਰੱਖਣਾ ਆਜ਼ਾਦੀ ਪ੍ਰਾਪਤ ਕਰਨ ਤੋਂ ਵੀ ਵੱਧ ਸੰਘਰਸ਼ਮਈ ਹੈ । ਕਿਰਤੀ ਜਮਾਤ ਦੀਆਂ ਸੁਵਿਧਾਵਾਂ ਲਈ ਬਣੇ ਕਾਨੂੰਨਾਂ ਨੂੰ ਅਮਲੀ ਰੂਪ 'ਚ ਰੱਖਣ ਲਈ ਮਜ਼ਦੂਰ , ਕਿਸਾਨ ਅਤੇ ਮੁਲਾਜ਼ਮਾਂ ਦੀ ਇੱਕਮੁੱਠਤਾ ਦਾ ਪਲੇਟ ਫਾਰਮ ਬਣਾਉਣਾ ਪਵੇਗਾ ਤੱਦ ਹੀ ਤੰਦਰੁਸਤ ,ਪ੍ਰਫੁਲੱਤ ਅਤੇ ਖੁਸ਼ਹਾਲ ਸਮਾਜ ਦੇਖਿਆ ਜਾ ਸਕੇਗਾ ਅਤੇ ਮਿਲੀ ਹੋਈ ਆਜ਼ਾਦੀ ਦਾ ਅਨੰਦ ਮਾਣਿਆ ਜਾ ਸਕਦਾ ਹੈ। ਇੱਕ ਵਾਰ ਫਿਰ ਦੁਨੀਆਂ ਭਰ ਦੇ ਆਜ਼ਾਦੀ ਪਸੰਦੀਆਂ , ਸਾਰੇ ਕਿਰਤੀ ਵਰਗ ਅਤੇ ਯੂ.ਐਸ.ਏ. ਦੇ ਬਸ਼ਿੰਦਿਆਂ ਨੂੰ ਚਾਰ ਜੁਲਾਈ ਆਜ਼ਾਦੀ ਦਿਵਸ ਦੀਆਂ ਵਧਾਈਆਂ।



**ਵਲੋਂ:– ਇੰਡੋ–ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊ ਯਾਰਕ।**

**ਮਨਮੋਹਨ ਪੂਨੀ (ਨਿਊਯਾਰਕ)**


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਇੰਡੋ ਯੂ. ਐਸ. ਹੈਰੀਟੇਜ਼ ਫਰਿਜ਼ਨੋ ਵੱਲੋ ਮਨਾਇਆ ਗਿਆ ਪੰਜਾਬੀ ਚੇਤਨਾ ਦਿਹਾੜਾ

## (ਸਾਧੂ ਸਿੰਘ ਸੰਘਾ ਦਾ ਨਾਵਲ "ਗ੍ਰੀਨ ਕਾਰਡ" ਅਤੇ ਰਣਜੀਤ ਗਿੱਲ ਦਾ ਕਾਵਿ ਸੰਗ੍ਰਹਿ "ਮਿੱਟੀ ਦਾ ਮੋਹ" ਕੀਤੇ ਲੋਕ ਅਰਪਤ)

















































**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆ)–** ਫਰਿਜਨੋ ਦੀ ਗਦਰੀ ਬਾਬਿਆਂ ਨੂੰ ਸਮੱਰਪਿਤ ਜਥੇਬੰਦੀ ਇੰਡੋ ਯੂ. ਐਸ. ਹੈਰੀਟੇਜ਼ ਜਿਹੜੀ ਕਿ ਅਕਸਰ ਫਰਿਜਨੋ ਏਰੀਏ ਵਿੱਚ ਮਿਆਰੀ ਪ੍ਰੋਗਰਾਮ ਕਰਵਾਉਂਦੀ ਰਹਿੰਦੀ ਹੈ, ਵੱਲੋ ਲੰਘੇ ਐਤਵਾਰ ਇੱਕ ਸੈਮੀਨਰ "ਪੰਜਾਬੀ ਚੇਤਨਾ ਦਿਹਾੜਾ" ਪੰਜਾਬੀ ਮਾਂ ਬੋਲੀ ਦੀ ਸਾਂਭ ਸੰਭਾਲ ਅਤੇ ਪ੍ਰਫੁਲਤਾ ਲਈ ਸਥਾਨਿਕ ਇੰਡੀਆ ਓਵਨ ਰੈਸਟੋਰੈਂਟ ਵਿੱਖੇ ਕਰਵਾਇਆ ਗਿਆ।

ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆ ਨੇ ਪਹੁੰਚਕੇ ਬੁਲਾਰਿਆ ਦੇ ਵਿਚਾਰ ਸੁਣੇ, ਅਤੇ ਬਾਅਦ ਵਿੱਚ ਸੰਸਥਾ ਦੇ ਕਨਵੀਨਰ ਸਾਧੂ ਸਿੰਘ ਸੰਘਾ ਦਾ ਤੀਸਰਾ ਨਾਵਲ "ਗਰੀਨ ਕਾਰਡ" ਅਤੇ ਸ਼ਾਇਰ ਰਣਜੀਤ ਗਿੱਲ ਦਾ ਕਾਵਿ ਸੰਗ੍ਰਹਿ "ਮਿੱਟੀ ਦਾ ਮੋਹ" ਲੋਕ ਅਰਪਣ ਕੀਤੇ ਗਏ। ਪ੍ਰੋਗ੍ਰਾਮ ਦੇ ਅਖੀਰ ਵਿੱਚ ਕਵੀ ਦਰਬਾਰ ਹੋਇਆ ਅਤੇ ਗਾਇਕੀ ਦਾ ਦੌਰ ਚੱਲਿਆ। ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾਂ ਅੰਦਾਜ਼ ਵਿੱਚ ਸਭ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਉਪਰੰਤ ਯਮਲੇ ਜੱਟ ਦੇ ਸ਼ਗਿਰਦ ਰਾਜ ਬਰਾੜ ਨੇ ਪੰਜਾਬੀ ਬੋਲੀ ਨੂੰ ਸਮਰਪਿਤ ਗੀਤ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਿਆ। ਸ਼ਾਇਰ ਹਰਜਿੰਦਰ ਕੰਗ ਨੇ ਪੰਜਾਬੀ ਮਾਂ ਬੋਲੀ ਤੇ ਪਰਚਾ ਪੜ੍ਹਿਆ।ਉਹਨਾਂ ਪੰਜਾਬੀ ਦੇ ਪ੍ਰਸਾਰ ਲਈ ਹੋ ਰਹੇ ਉਪਰਾਲਿਆਂ ਤੇ ਝਾਤ ਪਵਾਈ। ਇਸ ਮੌਕੇ ਕਹਾਣੀਕਾਰ ਕਰਮ ਸਿੰਘ ਮਾਨ ਨੇ ਵਿਸ਼ੇਸ਼ ਤੌਰ ਤੇ ਸਾਧੂ ਸਿੰਘ ਸੰਘਾ ਦੇ ਨਾਵਲ ਗ੍ਰੀਨ ਕਾਰਡ ਤੇ ਪਰਚਾ ਪੜ੍ਹਿਆ।

ਸ਼ਾਇਰ ਹਰਜਿੰਦਰ ਕੰਗ ਨੇ ਸਾਧੂ ਸਿੰਘ ਸੰਘਾ ਦੇ ਨਾਵਲ ਬਾਰੇ ਗੱਲ ਕਰਦਿਆਂ ਕਿਹਾ ਕਿ ਲੇਖਕ ਓਹੀ ਕਾਮਯਾਬ ਹੁੰਦਾ ਜੋ ਪਾਠਕ ਨੂੰ ਉਂਗਲ ਫੜਕੇ ਨਾਲ ਤੋਰਨ ਦੀ ਸਮਰੱਥਾ ਰੱਖਦਾ ਹੋਵੇ, ਜਿਸ ਕੋਲ ਸ਼ਬਦ ਭੰਡਾਰ ਹੋਵੇ, ਜੋ ਆਪਣੇ ਪਾਤਰਾਂ ਦੀ ਚੋਣ ਸਹੀ ਕਰੇ, ਉਹਨਾਂ ਕਿਹਾ ਕਿ ਸਾਧੂ ਸਿੰਘ ਸੰਘਾ ਦਾ ਨਾਵਲ ਗ੍ਰੀਨ ਕਾਰਡ ਇਹ ਸਾਰੇ ਗੁਣਾਂ ਨਾਲ ਭਰਪੂਰ ਹੈ, ਅਤੇ ਹਰ ਪੰਜਾਬੀ ਨੂੰ ਇਸਨੂੰ ਪੜ੍ਹਨਾ ਚਾਹੀਦਾ ਹੈ। ਪ੍ਰਿੰਸੀਪਲ ਦਲਜੀਤ ਸਿੰਘ ਨੇ ਕਿਹਾ ਕਿ ਪੰਜਾਬੀ ਬੋਲੀ ਨਹੀ ਮਰਦੀ, ਪਰ ਪੰਜਾਬੀ ਮਰ ਰਿਹਾ। ਉਹਨਾਂ ਕਿਹਾ ਕਿ ਪੰਜਾਬੀ ਨੂੰ ਬਚਾਉਣ ਦੇ ਉਪਰਾਲੇ ਸਾਨੂੰ ਘਰੋਂ ਸ਼ੁਰੂ ਕਰਨੇ ਪੈਣਗੇ। ਡਾ. ਅਰਜਨ ਸਿੰਘ ਜੋਸ਼ਨ ਨੇ ਰਣਜੀਤ ਗਿੱਲ ਦੇ ਕਾਵਿ ਸੰਗ੍ਰਹਿ ਮਿੱਟੀ ਦਾ ਮੋਹ ਸਬੰਧੀ ਬੋਲਦਿਆਂ ਕਿਹਾ ਕਿ ਸ਼ਾਇਰ ਰਣਜੀਤ ਗਿੱਲ ਪੁਰਾਤਨ ਤੇ ਅਜੋਕੀ ਸ਼ਾਇਰੀ ਦਾ ਐਸਾ ਸ਼ਾਇਰ ਹੈ, ਜਿਸ ਦੀਆਂ ਕਵਿਤਾਵਾ ਵਿੱਚੋਂ ਇਨਕਲਾਬੀ ਅਤੇ ਮਿੱਟੀ ਪ੍ਰਤੀ ਮੋਹ ਡੁੱਲ਼ ਡੁੱਲ਼ ਪੈਂਦਾ ਹੈ। ਸੰਸਥਾ ਦੇ ਸੈਕਟਰੀ ਹੈਰੀ ਮਾਨ ਨੇ ਸੰਖੇਪ ਵਿੱਚ ਦੋਵੇਂ ਕਿਤਾਬਾਂ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਸਾਧੂ ਸਿੰਘ ਸੰਘਾ ਅਤੇ ਸ਼ਾਇਰ ਰਣਜੀਤ ਗਿੱਲ ਨੇ ਵੀ ਆਪਣੇ ਬੋਲ਼ਾ ਨਾਲ ਹਾਜ਼ਰੀਨ ਨੂੰ ਕੀਲਿਆ। ਸ਼੍ਰੋਮਣੀ ਕਮੇਟੀ ਮੈਂਬਰ ਸ. ਜੁਗਰਾਜ ਸਿੰਘ ਦੌਧਰ ਨੇ ਮਾਂ ਬੋਲੀ ਵਿੱਚ ਘਸੋੜੇ ਜਾ ਰਹੇ ਹਿੰਦੀ ਭਾਸ਼ਾ ਦੇ ਸ਼ਬਦਾਂ ਤੇ ਚਿੰਤਾ ਜ਼ਾਹਰ ਕੀਤੀ।

ਮਹਿੰਦਰ ਸਿੰਘ ਸੰਧਾਵਾਲੀਆ ਅਤੇ ਸੁਰਿੰਦਰ ਮੰਡਾਲੀ ਨੇ ਪੰਜਾਬੀ ਮਾਂ ਬੋਲੀ ਵਿੱਚ ਆ ਰਹੇ ਨਿਘਾਰ ਅਤੇ ਇਸ ਦੇ ਪ੍ਰਸਾਰ ਸਬੰਧੀ ਲੇਖਾ ਜੋਖਾ ਕੀਤਾ। ਹੋਰ ਬੋਲਣ ਵਾਲੇ ਬੁਲਾਰਿਆ ਵਿੱਚ ਸਕੂਲ ਟਰੱਸਟੀ ਨੈਂਣਦੀਪ ਸਿੰਘ ਚੰਨ, ਪ੍ਰੋ। ਗੁਰਮਿੰਦਰ ਸਿੰਘ ਸੰਘਾ, ਰਜਿੰਦਰ ਸਿੰਘ ਆਦਿ ਨੇ ਆਪਣੇ ਵਿਚਾਰ ਰੱਖੇ।ਦੋਵੇਂ ਪੁਸਤਕਾਂ ਵਿਸ਼ਵ ਪੰਜਾਬੀ ਸਹਿਤ ਅਕਾਦਮੀ ਵੱਲੋਂ ਰਲੀਜ਼ ਕੀਤੀਆਂ ਗਈਆਂ । ਇਸ ਮੌਕੇ ਇੰਡੋ ਯੂ. ਐਸ. ਹੈਰੀਟੇਜ ਫਰਿਜਨੋ ਦੇ ਸਮੂੰਹ ਮੈਂਬਰ ਮੌਜੂਦ ਰਹੇ। ਇਸ ਮੌਕੇ ਪੰਜਾਬੀ ਭਾਈਚਾਰੇ ਦੀਆਂ ਸਿਰਕੱਢ ਸਖਸ਼ੀਅਤਾਂ ਪ੍ਰੋ. ਗੁਰਮਿੰਦਰ ਸਿੰਘ ਸੰਘਾ, ਨੈਂਣਦੀਪ ਸਿੰਘ ਚੰਨ ਅਤੇ ਸ਼ਾਇਰ ਹਰਜਿੰਦਰ ਕੰਗ ਨੂੰ ਉਹਨਾਂ ਦੀਆਂ ਸੇਵਾਵਾਂ ਬਦਲੇ ਸੰਸਥਾ ਵੱਲੋਂ ਸਨਮਾਨ ਚਿੰਨ ਦੇਕੇ ਸਨਮਾਨਿਆ ਗਿਆ।

ਕਵੀ ਦਰਬਾਰ ਦੀ ਸ਼ੁਰੂਆਤ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਪੰਜਾਬੀ ਮਾਂ ਬੋਲੀ ਨੂੰ ਸਮੱਰਪਿਤ ਸ਼ੇਅਰਾਂ ਨਾਲ ਕੀਤੀ। ਸ਼ਾਇਰ ਸੁੱਖੀ ਧਾਲੀਵਾਲ ਨੇ ਆਪਣੇ ਸ਼ੇਅਰਾਂ ਅਤੇ ਕਵਿਤਾਵਾਂ ਨਾਲ ਹਾਜ਼ਰੀ ਭਰੀ। ਕੁੰਦਨ ਸਿੰਘ ਧਾਮੀ ਨੇ ਹਾਸਰਸ ਕਵਿਤਾ ਪੜੀ। ਸਾਧੂ ਸਿੰਘ ਸੰਘਾ ਨੇ ਇਨਕਲਾਬੀ ਕਵਿਤਾ "ਅਜ਼ਾਦੀ" ਪੜਕੇ ਵਾਹ ਵਾਹ ਖੱਟੀ।

ਉਪਰੰਤ ਗਾਇਕੀ ਦੇ ਦੌਰ ਵਿੱਚ ਗਾਇਕ ਜੀ. ਐਸ. ਪੀਟਰ, ਪੱਪੀ ਭਦੌੜ, ਕਮਲਜੀਤ ਬੈਨੀਪਾਲ, ਅਤੇ ਗੁਰਦੀਪ ਕੁੱਸਾ ਨੇ ਆਪਣੇ ਗੀਤਾਂ ਨਾਲ ਐਸਾ ਸਮਾਂ ਬੰਨ੍ਹਿਆਂ ਕਿ ਹਰ ਕੋਈ ਅਸ਼ ਅਸ਼ ਕਰ ਉੱਠਿਆ। ਇਸ ਪ੍ਰੋਗ੍ਰਾਮ ਨੂੰ ਨੇਪਰੇ ਚਾੜਨ ਦਾ ਸਿਹਰਾ ਸੰਸਥਾ ਦੇ ਅਣਥੱਕ ਮੈਂਬਰਾਂ ਸਾਧੂ ਸਿੰਘ ਸੰਘਾ, ਮਨਜੀਤ ਕੁਲਾਰ, ਨਿਰਮਲ ਸਿੰਘ ਧਨੌਲਾ, ਰਾਜ ਵੈਰੋਕੇ, ਸਤਵੰਤ ਸਿੰਘ ਵਿਰਕ, ਹੈਰੀ ਮਾਨ, ਸੰਤੋਖ ਸਿੰਘ ਢਿੱਲੋ ਅਤੇ ਰਣਜੀਤ ਗਿੱਲ, ਸੁਲੱਖਣ ਗਿੱਲ, ਬਿਲੂ ਢੀਂਡਸਾ ਪ੍ਰਸ਼ਪਿੰਦਰ ਕੁਮਾਰ, ਹੈਰੀ ਮਾਨ ਆਦਿ ਸਿਰ ਜਾਂਦਾ ਹੈ। ਇਸ ਮੌਕੇ ਉੱਘੇ ਕਿਰਸਾਨ ਸੌਗੀ ਕਿੰਗ ਚਰਨਜੀਤ ਸਿੰਘ ਬਾਠ, ਟਰਾਂਸਪੋਰਟਰ ਜੰਗੀਰ ਸਿੰਘ ਗਿੱਲ, ਕੋਸਟ ਟੂ ਕੋਸਟ ਵਾ਼ਲੇ ਹੈਰੀ, ਬਿੱਟੂ ਕੁੱਸਾ ਆਦਿ ਤੋਂ ਬਿਨਾ ਖਾਲੜਾ ਪਾਰਕ ਵਾਲੇ ਬਾਬੇ, ਜੀ ਐਚ ਜੀ ਦੇ ਮੈਂਬਰ ਅਤੇ ਇੰਡੋ ਅਮੈਰਕਿਨ ਹੈਰੀਟੇਜ ਫੋਰਮ ਦੇ ਸਮੂਹ ਸੱਜਣ ਮੌਜੂਦ ਰਹੇ। ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।

# ਅਰਬਪਤੀ ਜੌਨ ਜੈਕਬ ਐਸਟਰ-4 ਨੇ ਟਾਈਟੈਨਿਕ ਘਟਨਾ ਵੇਲੇ ਦੋ ਬੱਚਿਆਂ ਨੂੰ 'ਲਾਈਫਬੋਟ' ਵਿਚ ਆਪਣੀ ਜਗ੍ਹਾ ਛੱਡ ਕੇ ਬਚਾਇਆ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਦੁਨੀਆ ਦੇ ਵਿਚ ਕਮਾਲ ਦੇ ਲੋਕ ਕਿਵੇਂ ਆਪਣੀ ਜਾਨ ਖਤਰੇ ਵਿਚ ਪਾ ਕੇ ਜਾਂ ਫਿਰ ਨਿਛਾਵਰ ਕਰਕੇ ਦੂਜਿਆਂ ਦੀ ਜਾਨ ਬਚਾ ਜਾਂਦੇ ਹਨ, ਦੀ ਇਕ ਉਦਾਹਰਣ ਟਾਈਟੈਨਿਕ ਸਮੁੰਦਰੀ ਜ਼ਹਾਜ ਤੋਂ ਵੀ ਮਿਲਦੀ ਹੈ। ਕਹਿੰਦੇ ਨੇ ਕਿ ਜਦੋਂ ਟਾਈਟੈਨਿਕ ਡੁੱਬ ਰਿਹਾ ਸੀ ਤਾਂ ਉਸ ਵਿਚ ਇਕ ਕਰੋੜਪਤੀ




ਜੌਨ ਜੈਕਬ ਐਸਟਰ-4 ਨੂੰ ਵੀ ਸ਼ਾਮਿਲ ਸੀ। ਉਸਦੇ ਕੋਲ ਐਨੀ ਦੌਲਤ ਸੀ ਕਿ ਉਹ ਇਕੱਲਾ 30 ਟਾਈਟੈਨਿਕਸ ਬਣਾਉਣ ਦੀ ਸਮਰੱਥਾ ਰੱਖਦਾ ਸੀ। ਜਦੋਂ ਡੁੱਬ ਰਹੇ ਟਾਈਟੈਨਿਕ ਦੇ ਵਿਚੋਂ ਜਾਨਾਂ ਬਚਾਉਣ ਦਾ ਸਿਲਸਿਲਾ ਸ਼ੁਰੂ ਹੋਇਆ ਤਾਂ ਲਾਈਫ ਬੋਟ ਦੇ ਵਿਚ ਬੈਠਣ ਦੀ ਇਸਦੀ ਵਾਰੀ ਆਈ ਤਾਂ ਉਸਨੇ ਦੋ ਡਰੇ ਹੋਏ ਬੱਚਿਆਂ ਨੂੰ ਵੇਖਿਆ ਅਤੇ ਨੈਤਿਕ ਤੌਰ ਉਤੇ ਫੈਸਲਾ ਲੈਂਦਿਆਂ ਆਪਣੀ ਥਾਂ ਉਤੇ ਇਨ੍ਹਾਂ ਦੋਵੇਂ ਬੱਚਿਆਂ ਨੂੰ ਬਚਾਉਣ ਲਈ ਕਿਹਾ। ਉਨ੍ਹਾਂ ਆਪਣੀ ਜਗ੍ਹਾ ਬੱਚਿਆਂ ਲਈ ਛੱਡ ਦਿੱਤੀ। ਇਸ ਮਹਾਨ ਵਿਅਕਤੀ ਦੀ ਮੌਤ ਤੋਂ ਬਾਅਦ ਇਸਦੀ ਜੇਬ ਵਿਚੋਂ ਇਕ ਸੋਨੇ ਦੀ 'ਜੇਬ ਘੜੀ' ਨਿਕਲੀ ਜਿਸ ਦੀ ਨਿਲਾਮੀ 1.5 ਮਿਲੀਅਨ ਅਮਰੀਕਾ ਡਾਲਰ ਵਿਚ ਹੋਈ। ਹੈ ਨਾ ਕਮਾਲ ਦੇ ਬੰਦੇ!

**ਆਪਣੀ ਨੌਕਰਾਣੀ ਦੇ ਲਈ ਮੌਤ ਨਾਲ ਖੇਡ ਗਿਆ ਇਹ ਜੋੜਾ**

ਇਸੀ ਤਰ੍ਹਾਂ ਇਕ ਹੋਰ ਕਰੋੜਪਤੀ ਆਈਸੀਡੋਰ ਸਟਰਾਸ (ਸਾਂਸਦ ਵੀ ਰਿਹਾ) ਜੋ ਕਿ ਡਿਪਾਰਟਮੈਂਟ ਸਟੋਰਾਂ ਦੀ ਸਭ ਤੋਂ ਵੱਡੀ ਅਮਰੀਕੀ ਲੜੀ, 'ਮੇਸੀਜ਼' ਦਾ ਸਹਿ-ਮਾਲਕ ਸੀ ਨੇ ਵੀ ਕਿਹਾ ਕਿ ਮੈਂ ਦੂਜੇ ਲੋਕਾਂ ਨੂੰ ਪਿੱਛੇ ਛੱਡ ਕੇ ਆਪ ਪਹਿਲਾਂ ਜੀਵਨ ਬਚਾਉ ਕਿਸ਼ਤੀ ਵਿਚ ਨਹੀਂ ਜਾਵਾਂਗਾ। ਉਸਦੀ ਪਤਨੀ, ਇਡਾ ਸਟਰਾਸ ਨੇ ਵੀ ਲਾਈਫਬੋਟ 'ਤੇ ਸਵਾਰ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੀ ਥਾਂ ਆਪਣੀ ਨਵੀਂ ਨਿਯੁਕਤ ਨੌਕਰਾਣੀ, ਐਲਨ ਬਰਡ ਨੂੰ ਆਪਣੀ ਜਗ੍ਹਾ ਭੇਜ ਦਿੱਤਾ। ਉਸਨੇ



ਆਪਣੀ ਜ਼ਿੰਦਗੀ ਦੇ ਆਖਰੀ ਪਲ ਆਪਣੇ ਪਤੀ ਨਾਲ ਬਿਤਾਉਣ ਦਾ ਫੈਸਲਾ ਕੀਤਾ। ਹੈ ਨਾ ਕਮਾਲ ਦਾ ਜੋੜਾ। ਇਨ੍ਹਾਂ ਦੀ ਯਾਦ ਵਿਚ ਮੈਨਹਟਨ (ਅਮਰੀਕਾ) ਵਿਖੇ ਸਟਰਾਸ ਪਾਰਕ ਬਣੀ ਹੋਈ ਹੈ ਜਿੱਥੇ ਇਸ ਮਹਾਨ ਮਹਿਲਾ ਇਡਾ ਸਟਰਾਸ ਦਾ ਕਾਂਸੀ ਦਾ ਬੁੱਤ ਲੱਗਾ ਹੈ। ਇਹ ਅਮੀਰ ਵਿਅਕਤੀਆਂ ਨੇ ਆਪਣੇ ਨੈਤਿਕ ਸਿਧਾਂਤਾਂ ਨਾਲ ਸਮਝੌਤਾ ਕਰਨ ਦੀ ਬਜਾਏ ਆਪਣੀ ਦੌਲਤ, ਅਤੇ ਇੱਥੋਂ ਤੱਕ ਕਿ ਆਪਣੀਆਂ ਜਾਨਾਂ ਵੀ ਵੰਡਣ ਨੂੰ ਤਰਜੀਹ ਦਿੱਤੀ। ਨੈਤਿਕ ਕਦਰਾਂ-ਕੀਮਤਾਂ ਦੇ ਪੱਖ ਵਿਚ ਉਨ੍ਹਾਂ ਦੀ ਚੋਣ ਮਨੁੱਖੀ ਸਭਿਅਤਾ ਅਤੇ ਮਨੁੱਖੀ ਸੁਭਾਅ ਦੀ ਚਮਕ ਨੂੰ ਉਜਾਗਰ ਕਰਦੀ ਹੈ।

ਵਰਨਣਯੋਗ ਹੈ ਕਿ ਟਾਈਟੈਨਿਕ ਦੇ ਵਿਚ 2224 ਦੇ ਕਰੀਬ ਸਵਾਰੀਆਂ ਸਨ ਅਤੇ 675 ਨੂੰ ਬਚਾ ਲਿਆ ਗਿਆ ਸੀ, ਜਿਸ ਦੇ ਵਿਚ ਜਿਆਦਾਤਰ ਬੱਚੇ ਅਤੇ ਮਹਿਲਾਵਾਂ ਸਨ। 14 ਅਪ੍ਰੈਲ 1912 ਦੀ ਰਾਤ 23.40 ਮਿੰਟ ਉਤੇ ਉਹ ਬਰਫ ਦੇ ਪਹਾੜ ਨਾਲ ਟੱਕਰ ਜਾਂਦਾ ਹੈ ਅਤੇ 2 ਘੰਟੇ 20 ਮਿੰਟ ਦੇ ਵਿਚ ਇਹ ਸਮੁੰਦਰੀ ਜਹਾਜ਼ ਪਾਣੀ ਵਿਚ ਡੁੱਬ ਜਾਂਦਾ ਹੈ।

# ਪਾਪਾਟੋਏਟੋਏ ਵਿਖੇ ਘਰਾਂ ਮੂਹਰੇ ਜਾਦੂ ਟੂਣੇ ਕਰਨ ਵਾਲਿਆਂ ਤੋਂ ਲੋਕ ਦੁਖੀ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਦੁਨੀਆ ਚੰਦ ਤੋਂ ਅੱਗੇ ਨਿਕਲ ਮੰਗਲ ਗ੍ਰਹਿ ਤੋਂ ਮਿੱਟੀ ਲੈ ਕੇ ਵਾਪਿਸ ਇਥੇ ਪਹੁੰਚ ਗਏ ਹਨ, ਪਰ ਧਰਤੀ ਉਤੇ ਰਹਿੰਦੇ ਕਈ ਪ੍ਰਾਣੀ ਅਜੇ ਜਾਦੂ ਟੂਣਿਆਂ ਦੇ ਵਿਚ ਵਿਸ਼ਵਾਸ਼ ਕਰਕੇ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਕਰ ਰਹੇ ਹਨ। ਪਾਪਾਟੋਏਟੋਏ ਵਿਖੇ ਬੀਤੇ ਹਫਤੇ ਦੀ ਇਸ ਘਟਨਾ ਨੇ ਇਕ ਭਾਰਤੀ ਮਕਾਨ ਮਾਲਕ ਦੇ ਪਰਿਵਾਰ ਨੂੰ ਇਹ ਗੱਲ ਕਹਿਣ ਲਈ ਮਜ਼ਬੂਰ ਕੀਤਾ ਕਿ ਅਜਿਹੇ ਕਾਰੇ ਕਰਨ ਵਾਲਿਓ ਸ਼ਰਮ ਕਰੋ।

ਉਨ੍ਹਾਂ ਦੇ ਘਰ ਦੇ ਬਾਹਰ ਲੱਗੀ ਛੋਟੀ ਫੈਂਸ ਦੇ ਅੰਦਰ ਵੀਰਵਾਰ ਵਾਲੇ ਦਿਨ ਇਕ ਉਰਦੂ ਦੀ ਆਇਤ ਵਰਗੀ ਭਾਸ਼ਾ ਲਿਖੀ ਇਕ ਤਸਵੀਰ (ਸਿਨਰੀ) ਫੈਂਸ ਦੇ ਅੰਦਰਲੇ ਪਾਸੇ ਰੱਖ ਦਿੱਤੀ ਗਈ। ਪਰਿਵਾਰ ਨੇ ਸਮਝਿਆ ਕਿ ਕੋਈ ਵੈਸੇ ਸੁੱਟ ਗਿਆ ਹੋਵੇਗਾ, ਉਨ੍ਹਾਂ ਨੇ ਉਸਨੂੰ ਹਟਾ ਦਿੱਤਾ। ਇਸ ਤੋਂ ਬਾਅਦ ਅਗਲੇ ਦਿਨ ਸ਼ੁੱਕਰਵਾਰ ਉਸੇ ਥਾਂ ਉਤੇ ਇਤਰ (ਸੈਂਟ) ਦੀਆਂ ਸ਼ੀਸ਼ੀਆਂ ਰੱਖ ਦਿੱਤੀਆਂ ਗਈਆਂ। ਇਥੇ ਹੀ ਬੱਸ ਨਹੀਂ ਸ਼ਨੀਵਾਰ ਨੂੰ ਬਾਅਦ ਦੁਪਹਿਰ 1 ਵਜੇ ਥਰਮਾਕੋਲ ਅਤੇ ਟੈਲਕਮ ਪਾਊਡਰ ਦੇ ਡੱਬੇ ਬਾਹਰ ਰੱਖੇ ਗਏ, ਜਿਵੇਂ ਕੋਈ ਜਾਦੂ ਟੂਣਾ ਕੀਤਾ ਹੋਵੇ। ਇਹ ਔਰਤ ਗ੍ਰੇਟ ਸਾਊਥ ਵਾਲੇ ਪਾਸੇ ਜਾ ਕੇ ਦੁਬਾਰਾ ਫਿਰ ਵੇਖਣ ਆਉਂਦੀ ਹੈ ਕਿ ਉਸਦਾ ਜਾਦੂ ਟੂਣਾ ਵੇਖ ਲਿਆ ਗਿਆ ਕਿ ਨਹੀਂ।

ਸੀ. ਸੀ. ਟੀ.ਵੀ. ਦੇ ਵਿਚ ਜਿਸ ਔਰਤ ਨੇ ਇਹ ਕਾਰਾ ਕੀਤਾ ਉਸਨੂੰ ਵੇਖ ਲਿਆ ਗਿਆ ਹੈ। ਉਸਦੀਆਂ ਤਸਵੀਰਾਂ ਫੇਸ ਬੁੱਕ ਉਤੇ ਇਸ ਕਰਕੇ ਪਾਈਆਂ ਗਈਆਂ ਹਨ ਤਾਂ ਕਿ ਅਜਿਹੀ ਜਾਦੂ ਟੂਣੇ ਵਾਲੀ ਦੁਨੀਆ ਤੋਂ ਬਚਾਅ ਰੱਖਿਆ ਜਾ ਸਕੇ। ਇਸ ਘਟਨਾ ਤੋਂ ਇਥੇ ਦੇ ਸਥਾਨਿਕ ਗੁਆਂਢੀ ਵੀ ਹੈਰਾਨ ਹਨ ਕਿ ਇਹ ਲੋਕ ਕੀ ਕਰ ਰਹੇ ਹਨ।

# ਮਾਲਵਾ ਕਲੱਬ ਦੀ ਟੀਮ ਜੇਤੂ ਅਤੇ ਐਸ.ਬੀ. ਐਸ. ਕਲੱਬ ਦੀ ਟੀਮ ਰਹੀ ਉਪਜੇਤੂ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਬੀਤੇ ਐਤਵਾਰ ਬਰੂਸ ਪੁਲਮਨ ਪਾਰਕ ਟਾਕਾਨੀਨੀ ਵਿਖੇ ਤੀਜਾ ਵਾਲੀਵਾਲ ਸ਼ੂਟਿੰਗ (ਮੀਡੀਅਮ) ਟੂਰਨਾਮੈਂਟ ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਕਰਵਾਇਆ ਗਿਆ। ਨਿਊਜ਼ੀਲੈਂਡ ਵਾਲੀਵਾਲ ਸ਼ੂਟਿੰਗ ਫੈਡਰੇਸ਼ਨ ਦੇ ਨਿਯਮਾਂ ਅਧੀਨ ਹੋਣ ਵਾਲਾ ਇਹ ਪਹਿਲਾ ਵਾਲੀਵਾਲ ਸ਼ੂਟਿੰਗ (ਮੀਡੀਅਮ) ਟੂਰਨਾਮੈਂਟ ਸੀ। ਇਸ ਟੂਰਨਾਮੈਂਟ ਦੇ ਵਿਚ 10 ਟੀਮਾਂ ਨੇ ਭਾਗ ਲਿਆ ਅਤੇ ਇਕ ਟੀਮ ਆਸਟਰੇਲੀਆ ਤੋਂ ਵੀ ਪਹੁੰਚੀ ਹੋਈ ਸੀ। ਫਸਵੇਂ ਮੁਕਾਬਲਿਆਂ ਦੇ ਵਿਚ ਪਹਿਲਾ ਇਨਾਮ ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਦੀ ਟੀਮ (ਕੈਪਟਨ ਮਨਦੀਪ ਰੌਲੀ) ਨੇ ਜਿਤਿਆ ਜਦ ਕਿ ਦੂਜਾ




ਇਨਾਮ ਐਸ। ਬੀ। ਐਸ। ਸਪੋਰਟਸ ਕਲੱਬ (ਕੈਪਟਨ ਲੱਖਾ) ਦੀ ਟੀਮ ਨੇ ਜਿਤਿਆ। ਤੀਜਾ ਇਨਾਮ ਬਾਬਾ ਫਰੀਦ ਸਪੋਰਟਸ ਕਲੱਬ (ਕੈਪਟਨ ਹੈਰੀ) ਦੀ ਟੀਮ ਨੇ ਜਿੱਤ ਕੇ ਅਗਲੀ ਵਾਰ ਹੋਰ ਵਧੀਆ ਖੇਡਣ ਦਾ ਪ੍ਰਣ ਕੀਤਾ।

ਪਲੇਅਰ ਆਫ ਦਾ ਟੂਰਨਾਮੈਂਟ ਰਾਜੂ ਬੱਚੀ, ਬੈਸਟ ਸ਼ੂਟਰ ਸੁਖਦੀਪ ਲਾਲਬਾਈ, ਬੈਸਟ ਡਿਫੈਂਸਰ ਬਿੱਟੂ ਅਤੇ ਬੈਸਟ ਨੈਟਮੈਨ ਮਨਪ੍ਰੀਤ ਕੈਲਪੁਰੀਆ (ਸਾਰੇ ਮਾਲਵਾ ਕਲੱਬ) ਦੇ ਚੁਣੇ ਗਏ। ਮਾਲਵਾ ਕਲੱਬ ਵੱਲੋਂ ਸਾਰੇ ਖਿਡਾਰੀਆਂ, ਸਾਰੇ ਖੇਡ ਕਲੱਬਾਂ, ਵਾਲੀਵਾਲ ਫੈਡਰੇਸ਼ਨ, ਕਮੇਟੀ ਮੈਂਬਰਜ਼ ਅਤੇ ਸਾਰੇ ਸਪਾਂਸਰਜ਼ ਦਾ ਧੰਨਵਾਦ ਕੀਤਾ ਗਿਆ।

# ਆਸਟਰੇਲੀਆ ਨਿਊਜ਼ੀਲੈਂਡ ਦੇ ਇਕ ਅਪਰਾਧੀ ਨੂੰ ਦੇਵੇਗਾ ਦੇਸ਼ ਨਿਕਾਲਾ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਮੂਲ ਦਾ ਇਕ ਵਿਅਕਤੀ ਜੋ ਕਿ ਆਸਟਰੇਲੀਆ ਵਿਖੇ ਅਪਰਾਧਿਕ ਗਤੀਵਿਧੀਆਂ ਦੇ ਚਲਦਿਆਂ ਜ਼ੇਲ੍ਹ ਦੀ ਹਵਾ ਖਾ ਰਿਹਾ ਸੀ, ਨੂੰ ਹੁਣ ਰਿਹਾਈ ਬਾਅਦ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ। ਉਸਨੇ ਇਕ 77 ਸਾਲਾ ਪੋਕੀ ਖਿਡਾਰੀ ਨੂੰ ਕੁੱਟ ਦਿੱਤਾ ਸੀ। ਟਾਈਲਰ ਪਿਵੈਰੰਗੀ, ਜੋ ਹੁਣ ਆਪਣੇ 20 ਦੇ ਦਹਾਕੇ ਦੇ ਅਖੀਰ ਵਿੱਚ ਹੈ, ਨੂੰ ਅਕਤੂਬਰ 2020 ਵਿੱਚ ਵੋਲੋਂਗੌਂਗ ਜ਼ਿਲ੍ਹਾ ਅਦਾਲਤ ਵੱਲੋਂ ਤਿੰਨ ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਗਈ ਸੀ। ਨਤੀਜੇ ਵਜੋਂ, ਉਹਨਾਂ ਦਾ ਵੀਜ਼ਾ ਉਹਨਾਂ ਕਾਨੂੰਨਾਂ ਦੇ ਤਹਿਤ ਰੱਦ ਕਰ ਦਿੱਤਾ ਗਿਆ ਹੈ ਜੋ ਇਹ ਨਿਰਧਾਰਤ ਕਰਦੇ ਹਨ ਕਿ ਇੱਕ ਵਿਅਕਤੀ ਨੂੰ ਚਰਿੱਤਰ ਟੈਸਟ ਵਿੱਚ ਅਸਫਲ ਹੋਣ ਉਤੇ ਉਹਨਾਂ ਦੇ ਰਿਕਾਰਡ ਵਿੱਚ 12 ਮਹੀਨੇ ਜਾਂ ਇਸ ਤੋਂ ਵੱਧ ਦੀ ਕੈਦ ਦੀ ਸਜ਼ਾ ਸ਼ਾਮਿਲ ਹੋਣ ਉਤੇ ਦੇਸ਼ ਨਿਕਾਲਾ ਹੋ ਸਕਦਾ ਹੈ। ਅੱਜ ਸੁਣਾਏ ਗਏ ਫੈਸਲੇ ਵਿੱਚ, ਸੰਘੀ ਅਦਾਲਤ ਦੇ ਤਿੰਨ ਜੱਜਾਂ ਦੇ ਇੱਕ ਪੈਨਲ ਨੇ ਪਿਵੈਰੰਗੀ ਦੀ ਇੱਕ ਅਪੀਲ ਨੂੰ ਖਾਰਜ ਕਰ ਦਿੱਤਾ ਜਿਸ ਵਿੱਚ ਉਸਦੇ ਵੀਜ਼ਾ ਨੂੰ ਰੱਦ ਕਰਨ ਨੂੰ ਚੁਣੌਤੀ ਦਿੱਤੀ ਗਈ ਸੀ।

ਇਹ ਦੋਸ਼ੀ ਵਿਅਕਤੀ 21 ਦਸੰਬਰ, 2019 ਨੂੰ ਸਵੇਰੇ 1 ਵਜੇ ਦੇ ਕਰੀਬ ਇੱਕ ਹੋਟਲ ਵਿੱਚ ਪੋਕਰ ਮਸ਼ੀਨਾਂ ਖੇਡ ਰਿਹਾ ਸੀ ਜਦੋਂ ਉਸਨੇ ਇੱਕ 77 ਸਾਲਾ ਵਿਅਕਤੀ ਦਾ ਪਿੱਛਾ ਕੀਤਾ ਜਿਸਨੇ ਹੁਣੇ-ਹੁਣੇ ਆਪਣੀਆਂ ਜਿੱਤਾਂ ਇਕੱਠੀਆਂ ਕੀਤੀਆਂ ਸਨ। ਸੀਸੀਟੀਵੀ 'ਤੇ ਬਜ਼ੁਰਗ ਵਿਅਕਤੀ ਨੂੰ ਥੋੜ੍ਹੇ ਸਮੇਂ ਲਈ ਬੋਲਦੇ ਹੋਏ ਦੇਖਣ ਤੋਂ ਬਾਅਦ, ਬਹੁਤ ਘੱਟ ਉਮਰ ਦੇ ਇਸ ਦੋਸ਼ੀ ਨੇ ਉਸ ਦੇ ਸਿਰ ਅਤੇ ਚਿਹਰੇ ਦੇ ਖੱਬੇ ਪਾਸੇ ਵਾਰ-ਵਾਰ ਮੁੱਕਾ ਮਾਰਿਆ। ਉਹ ਉਸਦੀ ਜੇਤੂ ਰਾਸ਼ੀ ਲੁੱਟਣਾ ਚਾਹੁੰਦਾ ਸੀ। ਸੋ ਆਸਟਰੇਲੀਆ ਵਾਲਿਆਂ ਨੂੰ ਇਥੋਂ ਗਏ ਅਪਰਾਧੀ ਨਹੀਂ ਚਾਹੀਦੇ ਅਤੇ ਉਹ ਹੁਣ ਵਾਪਿਸ ਨਿਊਜ਼ੀਲੈਂਡ ਭੇਜ ਰਹੇ ਹਨ ਕਿ ਸਾਂਭੋ ਇਨ੍ਹਾਂ ਨੂੰ।

# ਪਿਛਲੇ ਤਿੰਨ ਮਹੀਨਿਆਂ ਦੇ 'ਚ ਭਾਰਤ ਦੇ ਨਾਲ ਵਧਿਆ ਵਪਾਰ-ਪਰ ਸਲਾਨਾ ਦਰ ਘਟੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਵੱਖ-ਵੱਖ ਦੇਸ਼ਾਂ ਦੇ ਨਾਲ ਆਪਣਾ ਵਿਦੇਸ਼ੀ ਵਪਾਰ ਕਿੰਨਾ ਕੁ ਕਰਦਾ ਹੈ? ਦੇ ਅੰਕੜੇ ਮਹੀਨਾਵਾਰ ਜਾਰੀ ਕੀਤੇ ਜਾਂਦੇ ਹਨ। ਅੱਜ ਦੀ ਰਿਪੋਰਟ ਅਨੁਸਾਰ ਨਿਊਜ਼ੀਲੈਂਡ ਨੇ ਵੱਖ-ਵੱਖ ਦੇਸ਼ਾਂ ਦੇ ਨਾਲ ਮਈ ਮਹੀਨੇ ਖਤਮ ਹੋਈ ਤਿਮਾਹੀ ਦੇ ਵਿਚ ਕੁੱਲ 19,168 ਮਿਲੀਅਨ ਡਾਲਰ ਦਾ ਆਯਾਤ (ਇੰਪੋਰਟ) ਅਤੇ 19, 838 ਮਿਲੀਅਨ ਡਾਲਰ ਦਾ ਨਿ-ਰਯਾਤ (ਐਕਸਪੋਰਟ) ਵਪਾਰ ਕੀਤਾ। ਮਈ 2024 ਦੇ ਵਿਚ ਹੀ 7,156 ਮਿਲੀਅਨ ਡਾਲਰ ਦਾ ਸਾਮਾਨ ਆਯਾਤ ਕੀਤਾ ਗਿਆ। ਪਹਿਲੇ ਨੰਬਰ ਉਤੇ ਚੀਨ, ਦੂਜੇ ਉਤੇ ਆਸਟਰੇਲੀਆ, ਤੀਜੇ ਨੰਬਰ ਉਤੇ ਅਮਰੀਕਾ ਰਿਹਾ ਜਦ ਕਿ ਭਾਰਤ 15ਵੇਂ ਨੰਬਰ ਉਤੇ ਆਇਆ। ਮਈ ਮਹੀਨੇ ਦੀ ਤਿਮਾਹੀ ਦੇ ਵਿਚ 303 ਮਿਲੀਅਨ ਡਾਲਰ ਸਮਾਨ ਦਾ ਆਯਾਤ ਕੀਤਾ ਗਿਆ ਜਦ ਕਿ ਪਿਛਲੇ ਸਾਲ ਇਸੀ ਤਿਮਾਹੀ ਦੇ ਵਿਚ ਇਹ 276 ਮਿਲੀਅਨ ਡਾਲਰ ਦਾ ਸਮਾਨ ਬਣਦਾ ਸੀ। ਪਰ ਮਈ ਮਹੀਨੇ ਤੱਕ ਸਲਾਨਾ ਦਰ ਵੇਖੀ ਜਾਏ ਤਾਂ ਇਹ 1239 ਮਿਲੀਅਨ ਡਾਲਰ ਤੋਂ ਘਟ ਕੇ 1186 ਮਿਲੀਅਨ ਡਾਲਰ ਰਹਿ ਗਈ ਜੋ ਕਿ -4.2% ਘੱਟ ਹੈ।




ਮਾਰਚ ਮਹੀਨੇ ਖਤਮ ਹੋਏ ਤਿਮਾਹੀ ਦੇ ਵਿਚ ਭਾਰਤ ਦੇ ਨਾਲ ਯਾਤਰਾ ਸ਼੍ਰੇਣੀ (ਟਰੈਵਲ) ਅਧੀਨ 165.58 ਮਿਲੀਅਨ ਡਾਲਰ ਦਾ ਨਿਰਯਾਤ ਵਪਾਰ ਅਤੇ 95.57 ਮਿਲੀਅਨ ਡਾਲਰ ਦਾ ਆਯਾਤ ਵਪਾਰ ਹੋਇਆ। ਇਸੀ ਤਰ੍ਹਾਂ ਫਲ ਫਰੂਟ ਲਈ 22.72 ਮਿਲੀਅਨ ਡਾਲਰ ਦਾ ਨਿਰਯਾਤ ਹੋਇਆ। ਭਾਰਤ ਤੋਂ 41.44 ਮਿਲੀਅਨ ਡਾਲਰ ਦੀਆਂ ਦਵਾਈਆਂ ਆਈਆਂ। 20.25 ਮਿਲੀਅਨ ਦੀ ਮਸ਼ੀਨਰੀ ਆਈ, 20.37 ਮਿਲੀਅਨ ਦਾ ਕੱਪੜਾ ਅਤੇ 14.14 ਮਿਲੀਅਨ ਦੇ ਮੋਤੀ, ਨਗ ਅਤੇ ਕੀਮਤੀ ਧਾਤੂਆਂ ਦਾ ਸਮਾਨ ਆਇਆ। 12.74 ਮਿਲੀਅਨ ਦੇ ਵਾਹਨ, 11.82 ਮਿਲੀਅਨ ਦਾ ਬਿਜਲੀ ਦਾ ਸਮਾਨ, 11.59 ਮਿਲੀਅਨ ਟੈਲੀਕਮਿਊਨੀਕੇਸ਼ ਦਾ ਸਾਮਾਨ, 10.17 ਮਿਲੀਅਨ ਦੀ ਉਨ ਅਤੇ ਕਰੋਸ਼ੀਏ ਦਾ ਸਮਾਨ ਅਤੇ 9.95 ਮਿਲੀਅਨ ਦਾ ਪੇਪਰ ਸਮਾਨ ਪਹੁੰਚਿਆ।

ਇਸ ਤਰ੍ਹਾਂ ਮਾਰਚ ਮਹੀਨੇ ਤੱਕ ਪੂਰਾ ਹੋਏ ਇਕ ਸਾਲ ਦੇ ਵਿਚ ਨਿਊਜ਼ੀਲੈਂਡ ਨੇ ਭਾਰਤ ਦੇ ਨਾਲ 1.48 ਬਿਲੀਅਨ ਡਾਲਰ ਦਾ ਆਯਾਤ ਅਤੇ 1.35 ਬਿਲੀਅਨ ਡਾਲਰ ਦਾ ਨਿਰਯਾਤ ਕੀਤਾ। ਸਿਰਫ ਯਾਤਰਾ ਦੇ ਉਤੇ ਹੀ ਭਾਰਤ ਨੇ 734.92 ਮਿਲੀਅਨ ਡਾਲਰ ਟ੍ਰੈਵਲ ਐਕਸਪੋਰਟ ਅਤੇ 258.19 ਮਿਲੀਅਨ ਡਾਲਰ ਟ੍ਰੈਵਲ ਇੰਪੋਰਟ ਸ਼੍ਰੇਣੀ ਅਧੀਨ ਵਪਾਰ ਕੀਤਾ। ਮੋਤੀ ਅਤੇ ਮਹਿੰਗੇ ਨਗਾਂ ਦੇ ਰਾਹੀਂ 68.8 ਮਿਲੀਅਨ ਡਾਲਰ ਦਾ ਇੰਪੋਰਟ ਵਪਾਰ ਨਿਊਜ਼ੀਲੈਂਡ ਦੇ ਨਾਲ ਹੋਇਆ।

# ਰਿਪਬਲੀਕਨ ਪਾਰਟੀ ਵੱਲੋਂ ਡੋਨਲਡ ਟਰੰਪ ਰਾਸ਼ਟਰਪਤੀ ਚੋਣਾਂ ਲਈ ਉਮੀਦਵਾਰ ਨਾਮਜ਼ਦ

## ਜੇ ਡੀ ਵੈਂਸ ਉੱਪ ਰਾਸ਼ਟਰਪਤੀ ਦੇ ਅਹੁਦੇ ਲਈ ਹੋਣਗੇ ਉਮੀਦਵਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਿਪਬਲੀਕਨ ਪਾਰਟੀ ਨੇ ਇਸ ਸਾਲ ਦੇ ਅੰਤ ਵਿਚ ਹੋ ਰਹੀਆਂ ਆਮ ਚੋਣਾਂ ਲਈ ਰਸਮੀ ਤੌਰ 'ਤੇ ਆਪਣੇ ਰਾਸ਼ਟਰਪਤੀ ਤੇ ਉੱਪ ਰਾਸ਼ਟਰਪਤੀ ਦੇ ਅਹੁੱਦਿਆਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਦੀ ਮਿਲਵੌਕੀ (ਵਿਸਕਾਨਸਿਨ) ਵਿਚ ਹੋਈ ਰਾਸ਼ਟਰੀ ਕਨਵੈਨਸ਼ਨ ਵਿਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਰਸਮੀ ਤੌਰ 'ਤੇ ਰਾਸ਼ਟਰਪਤੀ ਚੋਣਾਂ ਵਿਚ ਉਮੀਦਵਾਰ ਨਾਮਜ਼ਦ ਕੀਤਾ ਗਿਆ ਹੈ ਜਦ ਕਿ ਉਹੀਓ ਰਾਜ ਦੇ ਪ੍ਰਤੀਨਿੱਧ ਜੇ ਡੀ ਵੈਂਸ ਉੱਪ ਰਾਸ਼ਟਰਪਤੀ ਦੇ ਅਹੁੱਦੇ ਲਈ ਉਮੀਦਵਾਰ ਹੋਣਗੇ। ਇਸ ਤੋਂ ਪਹਿਲਾਂ ਟਰੰਪ ਨੇ ਐਲਾਨ ਕੀਤਾ ਸੀ ਕਿ ਉਹ ਉੱਪ ਰਾਸ਼ਟਰਪਤੀ ਦੇ ਅਹੁੱਦੇ ਲਈ ਵੈਂਸ ਦੇ ਹੱਕ ਵਿਚ ਹਨ ਜਿਸ ਤੋਂ ਬਾਅਦ ਵੈਂਸ ਨੂੰ ਨਾਮਜ਼ਦ ਕੀਤਾ ਜਾਣਾ ਨਿਸ਼ਚਤ ਸਮਝਿਆ ਜਾ ਰਿਹਾ ਸੀ। 39 ਸਾਲਾ ਵੈਂਸ ਇਕ ਨੌਜਵਾਨ ਸੈਨੇਟਰ ਹਨ ਤੇ ਕੰਜ਼ਰਵੇਟਿਵ ਪਾਰਟੀ ਵਿਚ ਉਨਾਂ ਦਾ ਪੂਰਾ ਮਾਣ ਸਨਮਾਣ ਹੈ। ਡੋਨਲਡ ਟਰੰਪ ਉਪਰ ਪੈਨਸਿਲਵਾਨੀਆ ਰਾਜ ਵਿਚ ਬਟਲਰ ਵਿਖੇ ਹੋਈ ਰੈਲੀ ਦੌਰਾਨ ਹੋਏ ਹਮਲੇ ਦੇ ਦੋ ਦਿਨਾਂ ਬਾਅਦ ਪਾਰਟੀ ਵੱਲੋਂ ਉਨਾਂ ਦੀ ਰਸਮੀ ਤੌਰ 'ਤੇ ਉਮੀਦਵਾਰ ਵਜੋਂ ਚੋਣ ਕੀਤੀ ਗਈ ਹੈ। ਇਸ ਹਮਲੇ ਵਿਚ ਉਹ ਵਾਲ ਵਾਲ ਬਚ ਗਏ ਸਨ ਤੇ ਇਕ ਗੋਲੀ ਉਨਾਂ ਦੇ ਕੰਨ ਨੂੰ ਛੂਹ ਕੇ ਨਿਕਲ ਗਈ ਸੀ। ਹਮਲੇ ਉਪਰੰਤ ਟਰੰਪ ਨੇ ਅਮਰੀਕੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਟਰੰਪ ਦੇ ਨਾਂ 'ਤੇ ਪਾਰਟੀ



ਉਮੀਦਵਾਰ ਵਜੋਂ ਮੋਹਰ ਲਾਏ ਜਾਣ ਤੋਂ ਪਹਿਲਾਂ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸੈਨੇਟਰ ਟਿਮ ਸਕਾਟ ਸਾਊਥ ਕੈਰੋਲੀਨਾ ਨੇ ਕਿਹਾ ਕਿ ਜੇਕਰ ਸ਼ਨਿਚਰਵਾਰ ਦੀ ਘਟਨਾ ਤੋਂ ਪਹਿਲਾਂ ਤੁਸੀਂ ਚਮਤਕਾਰ ਵਿਚ ਵਿਸ਼ਵਾਸ਼ ਨਹੀਂ ਰਖਦੇ ਸੀ ਤਾਂ ਹੁਣ ਵਿਸ਼ਵਾਸ਼ ਕਰਨ ਲਈ ਉਚਿੱਤ ਸਮਾਂ ਹੈ। ਸਕਾਟ ਨੇ ਸ਼ਨਿਚਰਵਾਰ ਹੋਈ ਰੈਲੀ ਜਿਸ ਵਿਚ ਟਰੰਪ ਉਪਰ ਗੋਲੀਆਂ ਚਲਾਈਆਂ ਗਈਆਂ ਸਨ, ਦਾ ਹਵਾਲਾ ਦਿੰਦਿਆਂ ਕਿਹਾ ਸਾਡਾ ਰੱਬ ਅਜੇ ਵੀ ਸਾਨੂੰ ਬਚਾ ਰਿਹਾ ਹੈ, ਉਹ ਸਾਡੇ ਉਪਰ ਬਖਸ਼ਿਸ਼ਾਂ ਕਰ ਰਿਹਾ ਹੈ। ਉਨਾਂ ਕਿਹਾ ਸ਼ਨਿਚਰਵਾਰ ਨੂੰ ਇਕ ਸ਼ੈਤਾਨ ਪੈਨਸਿਲਵਾਨੀਆ ਰਾਈਫਲ ਲੈ ਕੇ ਆਇਆ ਪਰੰਤੂ ਅਮਰੀਕੀ ਸ਼ੇਰ ਮੁੜ ਆਪਣੇ ਪੈਰਾਂ ਉਪਰ ਖੜਾ ਹੋ ਗਿਆ ਹੈ ਤੇ ਉਹ ਦਹਾੜ ਰਿਹਾ ਹੈ। ਆਪਣਾ ਨਾਂ ਵਾਪਿਸ ਲੈਣ ਤੋਂ ਪਹਿਲਾਂ ਸਕਾਟ ਨੇ ਵੀ ਰਾਸ਼ਟਰਪਤੀ ਵਜੋਂ ਸੰਭਾਵੀ ਉਮੀਦਵਾਰ ਵਜੋਂ ਆਪਣੀ ਮੁਹਿੰਮ ਚਲਾਈ ਸੀ ਤੇ ਉਸ ਸਮੇ ਸਮਝਿਆ ਜਾਂਦਾ ਸੀ ਕਿ ਟਰੰਪ ਉਨਾਂ ਦਾ ਉੱਪ ਰਾਸ਼ਟਰਪਤੀ ਵਜੋਂ ਸਮਰਥਨ ਕਰ ਸਕਦੇ ਹਨ। ਕਨਵੈਨਸ਼ਨ ਵਿਚ ਬੁਲਾਰਿਆਂ ਨੇ ਬਾਈਡਨ ਪ੍ਰਸਾਸ਼ਨ ਤਹਿਤ ਅਮਰੀਕੀ ਅਰਥਵਿਵਸਥਾ ਦੇ ਨਿਘਾਰ ਦੀ ਗੱਲ ਜੋਰਦਾਰ ਢੰਗ ਨਾਲ ਕੀਤੀ।

ਬੁਲਾਰਿਆਂ ਨੇ ਕਿਹਾ ਕਿ ਅਮਰੀਕੀ ਪਹਿਲਾਂ ਹੀ ਜੀਣ ਲਈ ਜਦੋਜਹਿਦ ਕਰ ਰਹੇ ਸਨ ਪਰੰਤੂ ਜੋ ਬਾਈਡਨ ਤੇ ਕਮਲਾ ਹੈਰਿਸ ਨੇ ਉਨਾਂ ਦੀ ਜੀਣਾ ਹੋਰ ਵੀ ਔਖਾ ਕਰ ਦਿੱਤਾ ਹੈ। ਬੁਲਾਰਿਆਂ ਨੇ ਬਾਈਡਨ ਪ੍ਰਸਾਸ਼ਨ ਦੀਆਂ ਵਿਦੇਸ਼ ਨੀਤੀ ਸਮੇਤ ਹੋਰ ਮੁਹਾਜ਼ਾਂ ਉਪਰ ਨਾਕਾਮੀਆਂ ਗਿਣਾਈਆਂ ਤੇ ਅਮਰੀਕੀਆਂ ਨੂੰ ਇਕਜੁੱਟਤਾ ਦਾ ਸੱਦਾ ਦਿੱਤਾ। ਉਨਾਂ ਕਿਹਾ ਕਿ ਡੋਨਲਡ ਟਰੰਪ ਉਪਰ ਹੋਏ ਜਾਨ ਲੇਵਾ ਹਮਲੇ ਤੋਂ ਬਾਅਦ ਇਕਜੁੱਟਤਾ ਸਮੇ ਦੀ ਮੰਗ ਹੈ।

# ਬ੍ਰਹਮ ਗਿਆਨੀ ਸ਼੍ਰੀਮਾਨ 108 ਸੰਤ ਗੁਰਬਚਨ ਦਾਸ ਜੀ ਚੱਕ ਲਾਦੀਆਂ ਵਾਲਿਆਂ ਦੀ ਅੰਤਿਮ ਅਰਦਾਸ ਅਤੇ ਸਸਕਾਰ 17 ਜੁਲਾਈ ਨੂੰ

## ਡੇਰਾ ਚੱਕ ਲਾਦੀਆਂ ਵਿਖੇ ਹੋਵੇਗੀ ਅਰਦਾਸ ਤੇ ਅੰਤਿਮ ਸਸਕਾਰ



**ਵੈਨਕੂਵਰ (ਕੁਲਦੀਪ ਚੁੰਬਰ)–** ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਤੋਂ ਵਰੋਸਾਏ ਮਹਾਨ ਤਪੱਸਵੀ ਬ੍ਰਹਮ ਗਿਆਨੀ ਸੰਤ ਗੁਰਬਚਨ ਦਾਸ ਜੀ ਚੱਕ ਲਾਦੀਆਂ ਵਾਲੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ 14 ਜੁਲਾਈ 2024 ਨੂੰ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ ਹਨ। ਸੰਤ ਗੁਰਬਚਨ ਦਾਸ ਜੀ ਦੀ ਨਿੱਗੀ ਯਾਦ ਵਿੱਚ ਪ੍ਰਬੰਧਕ ਕਮੇਟੀ ਸੰਤ ਹਰੀ ਦਾਸ ਜੀ ਉਦਾਸੀਨ ਆਸ਼ਰਮ ਪਿੰਡ ਕੂਪਰ ਢੇਹਪੁਰ ਵਿਖੇ ਸੰਤ ਪ੍ਰਦੀਪ ਦਾਸ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਕੇ ਸ਼ੋਕ ਮਤਾ ਪਾਸ ਕੀਤਾ ਗਿਆ ਅਤੇ ਪਰਮਾਤਮਾ ਅੱਗੇ ਵਿਛੜੀ ਹੋਈ ਇਸ ਮਹਾਨ ਆਤਮਾ ਨੂੰ ਪ੍ਰਭੂ ਚਰਨਾਂ ਵਿੱਚ ਨਿਵਾਸ ਦੇਣ ਦੀ ਅਰਦਾਸ ਕੀਤੀ ਗਈ। ਸੰਤ ਗੁਰਬਚਨ ਦਾਸ ਜੀ ਦੀ ਅੰਤਿਮ ਅਰਦਾਸ ਸਸਕਾਰ 17 ਜੁਲਾਈ ਨੂੰ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਖ ਸੰਤ ਨਿਰੰਜਨ ਦਾਸ ਜੀ ਦੀ ਦੇਖ ਰੇਖ ਹੇਠ ਡੇਰਾ ਚੱਕ ਲਾਦੀਆਂ ਜ਼ਿਲਾ ਹੁਸ਼ਿਆਰਪੁਰ ਵਿੱਚ ਕੀਤਾ ਜਾਵੇਗਾ।

# ਟ੍ਰੈਕਟਰ ਹਾਦਸੇ ਕਾਰਨ ਦੋ ਮ੍ਰਿਤਕ ਮਨਰੇਗਾ ਮਜ਼ਦੂਰਾਂ ਨੂੰ ਸ਼ਰਧਾਂਜਲੀਆਂ ਭੇਟ

**ਸੰਗਰੂਰ (ਜਗਸੀਰ ਲੌਂਗੋਵਾਲ)–** ਪਿੰਡ ਤੁੰਗਾਂ ਅਤੇ ਹਸਨਪੁਰ ਦੇ ਮਨਰੇਗਾ ਮਜ਼ਦੂਰਾਂ ਦੀ ਹਾਜ਼ਰੀ ਲਗਾਉਣ ਸਮੇਂ ਇੱਕ ਟਰੈਕਟਰ ਚਾਲਕ ਵੱਲੋਂ ਮਨਰੇਗਾ ਮਜ਼ਦੂਰਾਂ ਨੂੰ ਕੁੱਚਲਿਆ ਗਿਆ ਸੀ ਜਿਸ ਵਿੱਚ ਦੋ ਮਨਰੇਗਾ ਮਜ਼ਦੂਰਾਂ ਦੀ ਮੌਕੇ ਤੇ ਮੌਤ ਹੋ ਗਈ ਸੀ। ਜਿਨ੍ਹਾਂ ਵਿਚ ਜਰਨੈਲ ਕੌਰ ਅਤੇ ਦਰੋਪਤੀ ਕੌਰ ਸਨ। ਉਨ੍ਹਾਂ ਦੀ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀ ਸਮਾਗਮ ਵਿੱਚ ਇਲਾਕੇ ਵਿੱਚੋਂ ਵੱਡੀ ਗਿਣਤੀ ਵਿੱਚ ਮਨਰੇਗਾ ਮਜ਼ਦੂਰਾਂ ਅਤੇ ਸੰਘਰਸ਼ ਕਮੇਟੀ ਆਗੂਆਂ, ਜਨਤਕ ਜੱਥੇਬੰਦੀਆਂ ਅਤੇ ਰਾਜਨੀਤਕ ਪਾਰਟੀਆਂ ਆਗੂਆਂ ਜਿਨ੍ਹਾਂ ਵਿਚ ਮੁੱਖ ਤੌਰ ਤੇ ਪਾਰਲੀਮੈਂਟ ਮੈਂਬਰ ਧਰਮਵੀਰ ਗਾਂਧੀ ਕਸ਼ਮੀਰ ਸਿੰਘ ਗੁਦ-ਾਈਆਂ, ਰਾਜਕੁਮਾਰ, ਨੱਛਤਰ ਸਿੰਘ ਗੁਰਦਿੱਤਪੁਰਾ, ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ (ਸੀਟੂ) ਦੇ ਸੂਬਾਈ ਪ੍ਰਧਾਨ ਸਾਥੀ ਸ਼ੇਰ ਸਿੰਘ ਫਰਵਾਹੀ ਨੇ ਮਜ਼ਦੂਰ ਬੀਬੀਆਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦਿਆਂ ਮੰਗ ਕੀਤੀ ਕਿ ਮ੍ਰਿਤਕ ਪਰਿਵਾਰਾਂ ਨੂੰ 50-50 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ, ਪਰਿਵਾਰਿਕ ਮੈਂਬਰਾਂ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਜ਼ਖਮੀਆਂ ਦਾ ਇਲਾਜ ਫਰੀ ਕਰਾਇਆ ਜਾਵੇ, ਨਕਾਰਾ ਹੋਏ ਮਜ਼ਦੂਰਾਂ ਨੂੰ ਗੁਜ਼ਾਰੇ ਯੋਗ ਮੁਆਵਜ਼ਾ ਦਿੱਤਾ ਜਾਵੇ। ਕਿਉਂ ਕਿ ਇਹ ਹਾਦਸਾ ਗ੍ਰਸਤ ਮਜ਼ਦੂਰ ਆਨ ਡਿਊਟੀ ਤੇ ਸਨ।ਇਸ ਲਈ ਇਹ ਮਜ਼ਦੂਰ ਲਾਭ ਲੈਣ ਦੇ ਹੱਕਦਾਰ ਹਨ। ਇਸ ਮੌਕੇ ਸੰਘਰਸ਼ ਕਮੇਟੀ ਦੇ ਆਗੂਆਂ ਨੇ ਧਰਮਵੀਰ ਗਾਂਧੀ ਐਮ। ਪੀ ਨੂੰ ਮੰਗ ਪੱਤਰ ਦਿੱਤਾ ।ਉਨ੍ਹਾਂ ਨੇ ਸੰਘਰਸ਼ ਕਮੇਟੀ ਅਤੇ ਪਰਿਵਾਰਕ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਸ ਮਾਮਲੇ ਨੂੰ ਗੰਭੀਰਤਾ ਨਾਲ ਪਾਰਲੀਮੈਂਟ ਵਿੱਚ ਰੱਖਣਗੇ।



# ਭਾਰਤੀਯ ਅੰਬੇਡਕਰ ਮਿਸ਼ਨ ਤੇ ਘਰ-ਘਰ ਸੰਵਿਧਾਨ ਦੀ ਟੀਮ ਪਹੁੰਚੀ ਦਿੱਲੀ

## ਬਾਬਾ ਸਾਹਿਬ ਦੇ ਮਿਸ਼ਨ ਨੂੰ ਸਫਲ ਬਣਾਉਣ ਵਾਲੇ ਹਰ ਵਿਅਕਤੀ ਦਾ ਕਰਾਂਗੇ ਸਨਮਾਨ: ਦਰਸ਼ਨ ਕਾਂਗੜਾ

**ਸੰਗਰੂਰ (ਜਗਸੀਰ ਲੌਂਗੋਵਾਲ)–** ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਕਲਮ ਨਾਲ ਲਿਖਤ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦੀ ਲੜਾਈ ਨੂੰ ਦੇਸ਼ ਭਰ ਵਿੱਚ ਵੱਡੇ ਪੱਧਰ ਤੇ ਸ਼ੁਰੂ ਕਰਵਾ ਕੇ ਪਾਰਲੀਮੈਂਟ ਤੱਕ ਲਿਜਾਣ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਸ਼੍ਰੀ ਰਾਜੇਸ਼ ਲਿਲੋਟੀਆ ਕੌਮੀ ਚੇਅਰਮੈਨ ਐਸ।ਸੀ ਡਿਪਾਰਮੈਂਟ ਕੁੱਲ ਹਿੰਦ ਕਾਂਗਰਸ ਦਾ ਵਿਸ਼ੇਸ਼ ਸਨਮਾਨ ਕਰਨ ਲਈ ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜੱਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਵੱਖ ਵੱਖ ਸੂਬਿਆਂ ਨਾਲ ਸਬੰਧਿਤ ਆਗੂ ਅਤੇ ਦੀਪ ਚੰਡਾਲੀਆ (ਅਸਟ੍ਰੇਲੀਆ) ਦੀ ਘਰ ਘਰ ਸੰਵਿਧਾਨ ਮੁਹਿੰਮ ਦੀ ਟੀਮ ਮਿਸ਼ਨ ਦੇ ਮੁੱਖ ਸਰਪ੍ਰਸਤ ਮੈਡਮ ਪੂਨਮ ਕਾਂਗੜਾ ਅਤੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਦੀ ਅਗਵਾਈ ਹੇਠ ਦਿੱਲੀ ਪਹੁੰਚੀ ਜਿੱਥੇ ਉਨ੍ਹਾਂ ਸ਼੍ਰੀ ਰਾਜੇਸ਼ ਲਿਲੋਟੀਆ ਦਾ ਚਾਂਦੀ ਦੇ ਮੁਕਟ ਨਾਲ ਵਿਸ਼ੇਸ਼ ਸਨਮਾਨ ਕੀਤਾ ਅਤੇ ਸੰਵਿਧਾਨ ਬਚਾਉਣ ਦੇ ਮਿਸ਼ਨ ਨੂੰ ਕਾਫੀ ਹੱਦ ਤੱਕ ਸਫਲ ਬਣਾਉਣ ਲਈ ਵਧਾਈ ਦਿੱਤੀ। ਇਸ ਮੌਕੇ ਸੰਬੋਧਨ ਕਰਦਿਆਂ ਮਿਸ਼ਨ ਦੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਜਿਸ ਸੰਵਿਧਾਨ ਨੇ ਸਾਨੂੰ ਸਮਾਜ ਅੰਦਰ ਬਰਾਬਰਤਾ ਦਾ ਹੱਕ ਦਿਲਾਇਆ ਅਤੇ ਅੱਜ ਜਿਸ ਦੀ ਬਦੌਲਤ ਅਸੀਂ ਹਰ ਖੇਤਰ ਵਿੱਚ ਉੱਚ ਅਹੁਦਿਆਂ ਦਾ ਅਨੰਦ ਮਾਣ ਰਹੇ ਹਾਂ ਉਸ ਦੀ ਹਰ ਪੱਖੋਂ ਹਿਫ਼ਾਜ਼ਤ ਕਰਨਾ ਸਾਡਾ ਸਭ ਦਾ ਇਖਲਾਕੀ ਫਰਜ਼ ਬਣਦਾ ਹੈ। ਸ਼੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਕੁੱਝ ਸੰਵਿਧਾਨ ਵਿਰੋਧੀ ਤਾਕਤਾਂ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਖਤਮ ਕਰਨ ਲਈ ਕਈ ਤਰ੍ਹਾਂ ਦੇ ਹੱਥ ਕੰਡੇ ਅਪਨਾਂ ਰਹੀਆਂ ਹਨ ਜਿਨ੍ਹਾਂ ਦਾ ਮੁਕਾਬਲਾ ਕਰਨ ਲਈ ਅਤੇ ਸੰਵਿਧਾਨ ਨੂੰ ਬਚਾਉਣ ਲਈ ਜੋ ਸ਼੍ਰੀ ਰਾਹੁਲ ਗਾਂਧੀ ਲੀਡਰ ਵਿਰੋਧੀ ਧਿਰ ਪਾਰਲੀਮੈਂਟ ਸਣੇ ਦੇਸ਼ ਅੰਦਰ ਇੰਡਿਆ ਗੱਠਜੋੜ ਨੇ ਸੰਵਿਧਾਨ ਨੂੰ ਮੁੱਖ ਏਜੰਡੇ ਵਿੱਚ ਸ਼ਾਮਲ ਕਰਕੇ ਪਾਰਲੀਮੈਂਟ 2024 ਦੀਆਂ ਚੋਣਾਂ ਲੜੀਆਂ ਹਨ ਅਤੇ ਕਾਫ਼ੀ ਹੱਦ ਤੱਕ ਸਫ਼ਲਤਾ ਵੀ ਹਾਸਿਲ ਕੀਤੀ ਹੈ। ਜਿਸ ਲਈ ਸ਼੍ਰੀ ਰਾਹੁਲ ਗਾਂਧੀ ਅਤੇ ਰਾਜੇਸ਼ ਲਿਲੋਟੀਆ ਵਧਾਈ ਦੇ ਪਾਤਰ ਹਨ ਜਿਸ ਨੂੰ ਮੁੱਖ ਰੱਖਦਿਆਂ ਹੀ ਰਾਜੇਸ਼ ਲਿਲੋਟੀਆ ਦਾ ਇਹ ਵਿਸ਼ੇਸ਼ ਸਨਮਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਅਤੇ ਦੀਪ ਚੰਡਾਲੀਆ (ਅਸਟ੍ਰੇਲੀਆ) ਦੀ ਘਰ ਘਰ ਸੰਵਿਧਾਨ ਮੁਹਿੰਮ ਟੀਮ ਬਾਬਾ ਸਾਹਿਬ ਦੇ ਮਿਸ਼ਨ ਨੂੰ ਸਫ਼ਲ ਬਣਾਉਣ ਅਤੇ ਸੰਵਿਧਾਨ ਬਚਾਉਣ ਵਾਲੇ ਸਾਥੀ ਦਾ ਇਸੇ ਤਰ੍ਹਾਂ ਹੀ ਸਨਮਾਨ ਕਰੇਗੀ। ਇਸ ਮੌਕੇ ਸੰਬੋਧਨ ਕਰਦਿਆਂ ਕੌਮੀ ਚੇਅਰਮੈਨ ਰਾਜੇਸ਼ ਲਿਲੋਟੀਆ ਨੇ ਜਿੱਥੇ ਸਨਮਾਨ ਕਰਨ ਲਈ ਮਿਸ਼ਨ ਦੇ ਮੁੱਖ ਸਰਪ੍ਰਸਤ ਮੈਡਮ ਪੂਨਮ ਕਾਂਗੜਾ, ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਅਤੇ ਸ਼੍ਰੀ ਦੀਪ ਚੰਡਾਲੀਆ ਅਸਟ੍ਰੇਲੀਆ ਸਣੇ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਉੱਥੇ ਹੀ ਉਨ੍ਹਾਂ ਬਾਬਾ ਸਾਹਿਬ ਦੀ ਸੋਚ ਅਤੇ ਵਿਚਾਰਧਾਰਾ ਨੂੰ ਘਰ-ਘਰ ਲੈਕੇ ਜਾਣ ਲਈ ਲੋਕਾਂ ਨੂੰ ਜਾਗਰੂਕ ਕਰਨ ਦੇ ਮੰਤਵ ਨਾਲ ਦੇਸ਼ ਅੰਦਰ ਸ਼ੁਰੂ ਕੀਤੀ ਸੰਵਿਧਾਨ ਰਕਸ਼ਕ ਟੀਮ ਦਾ ਹਿੱਸਾ ਬਣਨ ਲਈ ਵੀ ਸੱਦਾ ਦਿੱਤਾ।

ਇਸ ਮੌਕੇ ਮੈਡਮ ਸ਼ਾਲਿਨੀ ਅਜ਼ਾਦ ਕਾਂਗੜਾ ਪ੍ਰਧਾਨ ਦਿੱਲੀ, ਵਨਿੰਦਰਾ ਪੇਹਵਾਲ ਸਿਰਸਾ ਹਰਿਆਣਾ, ਹਰਜਿੰਦਰ ਕੌਰ ਚੱਬੇਵਾਲ, ਸੁਖਪਾਲ ਸਿੰਘ ਭੰਮਾਬੱਦੀ, ਸਾਜਨ ਕਾਂਗੜਾ, ਰਾਹੁਲ ਰੰਧਾਵਾ ਆਦਿ ਆਗੂ ਹਾਜ਼ਰ ਸਨ।



# ਦੋਗਾਣਾ ਗਾਇਕੀ 'ਚ ਚਰਚਿਤ ਜੋੜੀ ਜੱਸੀ ਧਨੌਲਾ ਅਤੇ ਰਮਨ ਬਾਵਾ

ਜੱਸੀ ਧਨੌਲਾ ਦੋ ਗਾਣਾ ਗਾਇਕ ਜੋੜੀ ਵਿੱਚ ਅਜੋਕੇ ਦੌਰ ਦਾ ਚਰਚਿਤ ਨਾਂ ਹੈ ਜੱਸੀ ਧਨੌਲਾ ਦਾ ਪੂਰਾ ਨਾਂ ਜਸਵੀਰ ਸਿੰਘ ਬੈਂਸ ਹੈ ਇਸ ਬੁਹ-ਕਲਾਵਾਂ ਦੇ ਮਾਲਕ ਗਾਇਕ ਨੂੰ ਸ਼ਬਦਾਂ ਦੀ ਸਮਝ ਵੀ ਹੈ ਅਤੇ ਉਸ ਨੂੰ ਸ਼ਬਦਾਂ ਨਾਲ ਖੇਡਣਾ ਵੀ ਆਉਂਦਾ ਹੈ। ਬਿਲਕੁਲ ਇਸੇ ਤਰ੍ਹਾਂ ਉਸਦੀ ਸਾਥਣ ਗਾਇਕਾ ਰਮਨਦੀਪ ਕੌਰ ਬਾਵਾ ਉਰਫ ਰਮਨ ਬਾਵਾ ਨੂੰ ਵੀ ਗਾਇਕੀ ਵਿਰਸੇ ਵਿੱਚੋਂ ਹੀ ਮਿਲੀ ਹੈ ਅਤੇ ਇਸ ਨੂੰ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ ਜਾਂ ਚੰਗੀ ਕਿਸਮਤ ਹੀ ਕਹੀ ਜਾ ਸਕਦੀ ਹੈ ।ਜਿੱਥੇ ਰਮਨ ਬਾਵਾ ਦੇ ਪਿਤਾ ਸਰਦਾਰ ਕਰਨੈਲ ਸਿੰਘ ਰਾਣਾ ਮਾ-ਛੀਆਂ ਕਲਾਂ ਲੁਧਿਆਣਾ ਨੇ ਇਕ ਚੰਗੇ ਗਾਇਕ ਵਜੋਂ ਆਪਣਾ ਨਾਮ ਬਣਾਇਆ ਅਤੇ ਉਹ ਧਾਰਮਿਕ ਸਮਾਗਮਾਂ ਤੇ ਗਾਉਂਦੇ ਸਨ ਬਿਲਕੁਲ ਇਸੇ ਤਰ੍ਹਾਂ ਰਮਨ ਦੇ ਮਾਤਾ ਪਰਮਜੀਤ ਕੌਰ ਵੀ ਗਾਇਕੀ ਦਾ ਸ਼ੌਂਕ ਰੱਖਦੇ ਸਨ ਅਤੇ ਅੱਗੋਂ ਪਤੀ ਪ੍ਰੀਤ ਬਾਵਾ ਅਜਿਹਾ ਸਾਥ ਦੇਣ ਵਾਲਾ ਮਿਲਿਆ ਕਿ ਉਸ ਨੂੰ ਤਾਂ ਖੁਸ਼ੀਆਂ ਦਾ ਖਜ਼ਾਨਾ ਹੀ ਮਿਲ ਗਿਆ ਉਸ ਨੇ ਸੰਗੀਤ ਦੀ ਸਿੱਖਿਆ ਪਿਤਾ ਜੀ ਕੋਲੋਂ ਹੀ ਲਈ ਅਤੇ ਬਚਪਨ ਵਿੱਚ ਹੀ ਪਿਤਾ ਜੀ ਨਾਲ ਧਾਰਮਿਕ ਸਮਾਗਮਾਂ ਉੱਤੇ ਜਾ ਕੇ ਕੀਰਤਨ ਕਰਨਾ ਸ਼ੁਰੂ ਕੀਤਾ ਫਿਰ ਵਿਆਹ ਤੋਂ ਬਾਅਦ ਪਤੀ ਦਾ ਸੰਗੀਤ ਨਾਲ ਲਗਾ ਅਤੇ ਉਹਨਾਂ ਦੀ ਹੱਲਾਸ਼ੇਰੀ ਨੇ ਉਸ ਨੂੰ ਗਾਇਕੀ ਵਿੱਚ ਕੁਝ ਚੰਗਾ ਕਰਨ ਦੀ ਹਿੰਮਤ ਦਿੱਤੀ ਉਸ ਦੇ ਆਪਣੇ ਪਿਤਾ ਨਾਲ ਧਾਰਮਿਕ ਗੀਤ ਖਾਲਸਾ," ਸਿਰਾਂ ਦੀਆਂ ਬਲੀਆਂ", ਬਾਬਾ ਦੀਪ ਸਿੰਘ ਜੀ ,"ਸ੍ਰੀ ਗੁਰੂ ਰਵਿਦਾਸ" ਅਤੇ ਮਾਰਕੀਟ ਵਿੱਚ ਆਏ । ਫਿਰ ਨੌਜਵਾਨ ਗਾਇਕ ਜੱਸੀ ਧੰਧੋਲਾ ਨਾਲ ਮਿਲ ਕੇ ਦੁਗਾਣਾ ਜੋੜੀ ਬਣਾਈ ਜਿਨਾਂ ਦੇ ਹੁਣੇ -ਹੁਣੇ ਆਏ ਬੈਲੀ ਗੀਤ ਤੋਂ ਉਹਨਾਂ ਨੂੰ ਬਹੁਤ ਆਸਾਂ ਹਨ ਇਸੇ ਤਰਾਂ ਪਿਤਾ ਸਰਦਾਰ ਹਰਦਮ ਸਿੰਘ ਅਤੇ ਮਾਤਾ ਸ਼੍ਰੀਮਤੀ ਰਣਜੀਤ ਕੌਰ ਦੇ ਘਰ ਜਨਮ ਤਿੰਨ ਭੈਣਾਂ ਅਤੇ ਇੱਕ ਭਰਾ ਦੇ ਲਾਡਲੇ ਭਰਾ ਜੱਸੀ ਨੇ ਗਾਇਕੀ ਦੇ ਨਾਲ ਨਾਲ ਰੰਮੀ ਗੋਹ ਵਾਲਾ ਦੀ ਸ਼ਾਗਿਰਦੀ ਹੇਠ ਗੀਤਕਾਰੀ ਵਿੱਚ ਵੀ ਹੱਥ ਅਜਮਾਏ ਜਿਸ ਦੇ ਆਪਣੇ ਲਿਖੇ ਕਈ ਗੀਤ ਵੀ ਕਈ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋਏ ਪਰ ਗਾਇਕੀ ਦੇ ਸ਼ੌਂਕ ਕਾਰਨ ਉਹ ਆਪ ਗਾਇਕੀ ਦੇ ਮੈਦਾਨ ਵਿੱਚ ਆ ਗਿਆ ਅਤੇ ਫਿਰ ਉਸਨੇ ਜਿੱਥੇ ਆਪਣੇ ਇਲਾਕੇ ਵਿੱਚ ਆਪਣੇ ਮਾਪਿਆਂ ਅਤੇ ਪਿੰਡ ਦਾ ਨਾਂ ਰੋਸ਼ਨ ਕੀਤਾ।



ਉੱਥੇ ਹੀ ਦੁਨੀਆ ਦੇ ਕਈ ਵੱਖ-ਵੱਖ ਦੇਸ਼ਾਂ ਸਮੇਤ ਕਨੇਡਾ ਵਰਗੇ ਮੁਲਕਾਂ ਵਿੱਚ ਵੀ ਵੱਡੇ ਸੱਭਿਆਚਾਰਕ ਮੇਲਿਆਂ ਪੰਜਾਬ ਡੇ ਮੇਲੇ ਅਤੇ ਕਈ ਹੋਰ ਵੱਡੇ ਮੇਲਿਆਂ ਵਿੱਚ ਆਪਣੀ ਗਾਇਕੀ ਦੇ ਜੋਹਰ ਦਿਖਾ ਕੇ ਵੀ ਵਾਹ ਵਾਹ ਖੱਟ ਚੁੱਕਾ ਹੈ ਉਹ ਕਨੇਡਾ ਵਸਦੇ ਸ਼ੋਅ ਪ੍ਰਮੋਟਰ ਜਸਵੀਰ ਸਿੰਘ ਖੋਸਾ ਨੂੰ ਆਪਣਾ ਸਭ ਕੁਝ ਮੰਨਦੇ ਹੋਏ ਉਸ ਨੂੰ ਰੱਬ ਜਿੱਡਾ ਰੁਤਬਾ ਦਿੰਦਿਆਂ ਸਤਿਕਾਰਦਾ ਹੈ ਇਸ ਤੋਂ ਇਲਾਵਾ ਬੱਗੀ ਹੇਅਰ, ਮਾਹੀ ਮੰਗਲ ਸਿੰਘ, ਜਾਦੀ ਕੰਧੋਲਾ, ਭਿੰਦਾ ਰਾਏ ਵਾਲਾ, ਪਾਲੀ ਬੱਲੋ ਮਾਜਰਾ, ਸੁੱਖਾ ਕਾਹਲਵਾ, ਗੋਰਾ ਆਲਮਪੁਰੀ, ਕਾਲਾ ਖਾਨਪੁਰੀ ,ਜਸਪਾਲ ਮਾਨ, ਟੇਕ ਚੰਦ ਜਗਤਪੁਰ ਅਵਤਾਰ ਮਹਤੋਤਾ ਆਦਿ ਦਾ ਸ਼ੁਕਰ ਗੁਜ਼ਾਰ ਹੈ ਜਿਨਾਂ ਦੀ ਹੱਲਾਸ਼ੇਰੀ ਅਤੇ ਸਾਥ ਨੇ ਉਸ ਨੂੰ ਕਦੇ ਡੋਲਣ ਨਹੀਂ ਦਿੱਤਾ।

**ਟੇਕ ਚੰਦ ਜਗਤਪੁਰ ਪੱਤਰਕਾਰ (ਇਟਲੀ)**

# ਤਿੰਨ ਦਰਜਨ ਜਥੇਬੰਦੀਆਂ ਵੱਲੋਂ ਸੂਬਾਈ ਕਨਵੈਨਸ਼ਨ ਤੇ ਵਿਖਾਵਾ 21 ਨੂੰ

## ਅੱਜ ਮੀਟਿੰਗ 'ਚ ਤਿਆਰੀਆਂ ਨੂੰ ਦਿੱਤੀਆਂ ਅੰਤਿਮ ਛੋਹਾਂ

ਪੰਜਾਬ ਦੀਆਂ ਤਿੰਨ ਦਰਜਣ ਤੋਂ ਵੱਧ ਜਥੇਬੰਦੀਆਂ ਵੱਲੋਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ 21 ਜੁਲਾਈ ਦਿਨ ਐਤਵਾਰ ਸਵੇਰੇ 11 ਵਜੇ ਹੋ ਰਹੀ ਸੂਬਾਈ ਕਨਵੈਨਸਨ ਦੀ ਸਫ਼ਲਤਾ ਲਈ ਅੱਜ ਤਰਕਸ਼ੀਲ ਸੁਸ-ਾਇਟੀ ਦੇ ਸੁਰਜੀਤ ਟਿੱਬਾ, ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰੋ. ਸੁਰਜੀਤ ਜੱਜ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ 'ਚ ਹੋਈ ਜਿਲ੍ਹੇ ਦੀਆਂ ਜਨਤਕ ਜਮਹੂਰੀ ਜੱਥੇਬੰਦੀਆਂ ਦੇ ਪ੍ਰਤੀਨਿੱਧਾਂ ਦੀ ਮੀਟਿੰਗ 'ਚ ਗੰਭੀਰ ਵਿਚਾਰਾਂ ਕਰ ਕੇ ਤਿਆਰੀ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ।



ਅੱਜ ਦੀ ਮੀਟਿੰਗ 'ਚ ਜਮਹੂਰੀ ਅਧਿਕਾਰ ਸਭਾ, ਤਰਕਸ਼ੀਲ ਸੋਸਾਇਟੀ, ਦੇਸ਼ ਭਗਤ ਯਾਦਗਾਰ ਕਮੇਟੀ, ਪੰਜਾਬ ਲੋਕ ਸਭਿਆਚਾਰਕ ਮੰਚ, ਪ੍ਰਗਤੀਸ਼ੀਲ ਲੇਖਕ ਸੰਘ, ਪੀਪਲਜ਼ ਵਾਇਸ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਟੈਕਨੀਕਲ ਸਰਵਿਸਜ਼ ਯੂਨੀਅਨ, ਸਾਹਿਤ ਸਭਾ ਫੁਲਕਾਰੀ, ਮਾਨਵਵਾਦੀ ਰਚਨਾ ਮੰਚ, ਪੇਂਡੂ ਮਜ਼ਦੂਰ ਯੂਨੀਅਨ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਡਾ. ਅੰਬੇਡਕਰ ਭਵਨ ਆਦਿ ਜੱਥੇਬੰਦੀਆਂ ਤੋਂ ਬੂਟਾ ਸਿੰਘ ਮਹਿਮੂਦਪੁਰ, ਡਾ. ਸੈਲੇਸ਼, ਸੁਰਿੰਦਰ ਕੁਮਾਰੀ ਕੋਛੜ, ਸੁਰਜੀਤ ਜੱਜ, ਅਮੋਲਕ ਸਿੰਘ, ਹਰਮੇਸ਼ ਮਾਲੜੀ, ਸੁਖਵਿੰਦਰ ਬਾਗ਼ਪੁਰ, ਮੋਹਣ ਸਿੰਘ ਬੱਲ, ਮੱਖਣ ਮਾਨ, ਭਗਵੰਤ ਰਸੂਲਪੁਰੀ, ਪਰਮਜੀਤ ਆਦਮਪੁਰ ਨੇ ਵਿਚਾਰ-ਚਰਚਾ 'ਚ ਅਹਿਮ ਨੁਕਤੇ ਰੱਖੇ। ਮੀਟਿੰਗ 'ਚ ਹਾਜ਼ਰੀਨ ਨੇ ਮਹਿਸੂਸ ਕੀਤਾ ਕਿ ਵਿਸ਼ਵ ਪ੍ਰਸਿੱਧ ਵਿਦਵਾਨਾਂ ਅਰੁੰਧਤੀ ਰਾਏ ਅਤੇ ਪ੍ਰੋਫੈਸਰ ਸ਼ੌਕਤ ਹੁਸੈਨ ਵਿਰੁੱਧ ਕਾਲੇ ਕਾਨੂੰਨ, ਯੂ.ਏ.ਪੀ.ਏ. ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਅਤੇ ਤਿੰਨ ਫੌਜਦਾਰੀ ਕਾਨੂੰਨ ਪਾਸ ਕਰਕੇ ਭਾਜਪਾ ਸਰਕਾਰ ਵਲੋਂ ਨਾਗਰਿਕਾਂ ਦੇ ਸੰਵਿਧਾਨਕ ਅਤੇ ਜਮਹੂਰੀ ਹੱਕਾਂ ਉਪਰ ਬੇਹੱਦ ਖ਼ਤਰਨਾਕ ਹਮਲਾ ਵਿੱਢਿਆ ਗਿਆ ਹੈ, ਜਿਸ ਨੂੰ ਠੱਲ ਪਾਉਣ ਲਈ ਵਿਸ਼ਾਲ ਲੋਕ ਲਾਮਬੰਦੀ ਦਰਕਾਰ ਹੈ। ਬਸਤੀਵਾਦੀ ਕਾਨੂੰਨਾਂ ਦੀ ਵਿਰਾਸਤ ਨੂੰ ਤਿਆਗਣ ਦੇ ਨਾਂ ਹੇਠ ਲਿਆਂਦੇ ਨਵੇਂ ਫੌਜਦਾਰੀ ਕਾਨੂੰਨ ਅੰਗਰੇਜ਼ੀ ਰਾਜ ਦੇ ਰੌਲਟ ਐਕਟ ਤੋਂ ਵੀ ਵਧੇਰੇ ਖ਼ਤਰਨਾਕ ਹਨ ਅਤੇ ਇਨ੍ਹਾਂ ਦਾ ਨਿਸ਼ਾਨਾ ਦੇਸ਼ ਦੇ ਨਾਗਰਿਕਾਂ ਨੂੰ ਸੰਵਿਧਾਨਕ ਤੇ ਜਮਹੂਰੀ ਹੱਕਾਂ ਤੋਂ ਵਾਂਝੇ ਕਰਕੇ ਦੇਸ਼ ਨੂੰ ਪੁਲਿਸ ਸਟੇਟ 'ਚ ਬਦਲਣਾ ਹੈ ਅਤੇ ਵਹਿਸ਼ੀ ਹਕੂਮਤੀ ਜ਼ਬਰ ਰਾਹੀਂ ਲੋਕਾਂ ਦੀ ਰੱਤ ਨਿਚੋੜ ਨੀਤੀਆਂ ਥੋਪਣ ਦਾ ਰਾਹ ਹੋਰ ਮੋਕਲਾ ਕਰਨਾ ਹੈ।

ਬੁਲਾਰਿਆਂ ਨੇ ਕਿਹਾ ਕਿ ਤਿੰਨ ਦਰਜਨ ਤੋਂ ਵੱਧ ਜਨਤਕ ਜਮਹੂਰੀ ਜਥੇਬੰਦੀਆਂ ਵਲੋਂ 21 ਜੁਲਾਈ ਨੂੰ ਜਲੰਧਰ ਵਿਖੇ ਸਾਂਝੀ ਕਨਵੈਨਸ਼ਨ ਅਤੇ ਮੁਜ਼ਾਹਰਾ ਇਸ ਜ਼ਰੂਰਤ ਨੂੰ ਬਾਵਕਤ ਹੁੰਗਾਰਾ ਹੈ ਜਿਸਦੀ ਕਾਮਯਾਬੀ ਲਈ ਵੱਧ ਤੋਂ ਵੱਧ ਜਾਗਰੂਕ ਹਿੱਸਿਆਂ ਤੱਕ ਪਹੁੰਚ ਕਰਕੇ ਇਸ ਜਾਬਰ ਹਮਲੇ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ ਜਾਏਗਾ। ਮੀਟਿੰਗ 'ਚ ਇਹ ਫੈਸਲਾ ਵੀ ਕੀਤਾ ਗਿਆ ਕਿ ਮੁਜ਼ਾਹਰਾ ਦੇਸ਼ ਭਗਤ ਯਾਦਗਾਰ ਹਾਲ ਤੋਂ ਚੱਲਕੇ ਪ੍ਰੈਸ ਕਲੱਬ, ਸ਼ਾਸਤਰੀ ਮਾਰਕੀਟ, ਬੀ.ਐਮ.ਸੀ. ਚੌਂਕ ਹੁੰਦਾ ਹੋਇਆ ਦੇਸ਼ ਭਗਤ ਹਾਲ ਆ ਕੇ ਸਮਾਪਤ ਹੋਏਗਾ।

# ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਦਾ ਵਿੱਦਿਅਕ ਸੈਸ਼ਨ ਆਰੰਭ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਬੰਧ ਹੇਠਾਂ ਚੱਲ ਰਹੇ ਪੇਂਡੂ ਇਲਾਕੇ ਵਿਚ ਮਿਆਰੀ ਸਿੱਖਿਆ ਪ੍ਰਦਾਨ ਕਰ ਰਹੇ ਅਤੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਗੁਰੂ ਨਾਨਕ ਪੈਰਾਮੈਡੀਕਲ ਕਾਲਜ ਢਾਹਾਂ ਕਲੇਰਾਂ ਦਾ ਸਾਲ 2024 ਦਾ ਵਿਦਿਅਕ ਸ਼ੈਸ਼ਨ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਆਰੰਭ ਹੋਇਆ । ਸ਼ੈਸ਼ਨ ਦੀ ਆਰੰਭਤਾ ਮੌਕੇ ਵਿਦਿਆਰਥੀਆਂ, ਸਟਾਫ਼ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ । ਇਸ ਤੋਂ ਪਹਿਲਾਂ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਖੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿਚ ਕੀਤੇ ਗਏ । ਟਰੱਸਟ ਦੇ ਪ੍ਰਧਾਨ ਡਾਕਟਰ ਕੁਲਵਿੰਦਰ ਸਿੰਘ ਢਾਹਾਂ ਨੇ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਦੇ ਨਵੇਂ ਵਿਦਿਅਕ ਸ਼ੈਸ਼ਨ ਦੀ ਆਰੰਭਤਾ ਮੌਕੇ ਪ੍ਰਿੰਸੀਪਲ, ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀ ਅਤੇ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ । ਉਹਨਾਂ ਨੇ ਨਵੀਂ ਪੀੜੀ ਨੂੰ ਇੰਟਰਨੈਸ਼ਨਲ ਪੱਧਰ ਦੀ ਮਿਆਰੀ ਸਿੱਖਿਆ ਦੇ ਕੇ ਉਹਨਾਂ ਦਾ ਸੁਨਹਿਰੀ ਭਵਿੱਖ ਬਣਾਉਣ ਵਾਲੇ ਸੁਪਨੇ ਨੂੰ ਯਾਦ ਕਰਦੇ ਹੋਏ, ਸਮੂਹ ਪੈਰਾ ਮੈਡੀਕਲ ਵਿਦਿਆਰਥੀਆਂ ਨੂੰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਜਾਗਰੂਕ ਕੀਤਾ । ਡਾਕਟਰ ਢਾਹਾਂ ਨੇ ਨਵੇਂ ਅਤੇ ਪੁਰਾਣੇ ਵਿਦਿਆਰਥੀਆਂ ਨੂੰ ਮਿਲਜੁਲ ਕੇ ਪੜ੍ਹਾਈ ਕਰਦੇ ਹੋਏ ਪੈਰਾ ਮੈਡੀਕਲ ਕਾਲਜ, ਆਪਣੇ ਮਾਪਿਆਂ ਅਤੇ ਇਲਾਕੇ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ । ਇਸ ਮੌਕੇ ਪ੍ਰਿੰਸੀਪਲ ਰਾਜਦੀਪ ਥਿਥਵਾੜ ਨੇ ਦੱਸਿਆ ਕਿ ਕਾਲਜ ਵਿਚ ਤਿੰਨ ਪੈਰਾ ਮੈਡੀਕਲ ਕੋਰਸਾਂ ਬੀ।ਐਸ।ਸੀ। ਮੈਡੀਕਲ ਲੈਬ ਸਾਇੰਸ, ਬੀ।ਐਸ।ਸੀ। ਅਪਰੇਸ਼ਨ ਥੀਏਟਰ ਟੈਕਨੋਲਜੀ ਅਤੇ ਬੀ।ਐਸ।ਸੀ। ਰੇਡੀਓ ਇਮੇਜ਼ਿੰਗ ਟੈਕਨੋਲਜੀ ਦੀ ਪੜ੍ਹਾਈ ਆਧੁਨਿਕ ਤਰੀਕਿਆਂ ਨਾਲ ਕਰਵਾਈ ਜਾ ਰਹੀ ਹੈ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ । ਨਵੇਂ ਸ਼ੈਸ਼ਨ ਦੀ ਆਰੰਭਤਾ ਮੌਕੇ ਮੌਕੇ ਡਾਕਟਰ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਅਮਰਜੀਤ ਸਿੰਘ ਕਲੇਰਾਂ ਸਕੱਤਰ, ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਦਵਿੰਦਰ ਸਿੰਘ ਢਿੱਲੋਂ ਅਮਰੀਕਾ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਭਾਈ ਜੋਗਾ ਸਿੰਘ, ਪ੍ਰਿੰਸੀਪਲ ਰਾਜਦੀਪ ਥਿਥਵਾੜ, ਮੈਡਮ ਪਿਊਸ਼ੀ ਯਾਦਵ, ਮੈਡਮ ਸੁਮੇਧਾ ਯਾਦਵ, ਰਮਨ ਕੁਮਾਰ, ਰਿਤਕ ਪਾਠਕ, ਸੁਖਵੀਰ ਕੁਮਾਰ, ਸਮੂਹ ਸਟਾਫ਼ ਅਤੇ ਕਾਲਜ ਵਿਦਿਆਰਥੀ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਦੇ ਔਰਤ ਵਿੰਗ ਵੱਲੋਂ ਵਿਸ਼ਾਲ ਕਨਵੈਨਸ਼ਨ

**ਮੋਗਾ, (ਦਲਜੀਤ ਕੌਰ)** ਕਿਰਤੀ ਕਿਸਾਨ ਯੂਨੀਅਨ ਔਰਤ ਵਿੰਗ ਦੀ ਕਨਵੈਨਸ਼ਨ ਨੂੰ ਡਾਕਟਰ ਨਵਸ਼ਰਨ ਕੌਰ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਔਰਤਾਂ ਸਮਾਜ ਵਿੱਚ ਦੂਸਰੇ ਦਰਜੇ ਦੀਆਂ ਨਾਗਰਿਕ ਹਨ ਇਸ ਕਰਕੇ ਕਿਸੇ ਵੀ ਕੰਮ ਵਿੱਚ ਉਹਨਾਂ ਦੀ ਸ਼ਮੂਲੀਅਤ ਨਾ ਮਾਤਰ ਗਿਣੀ ਜਾਂਦੀ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਇੱਥੇ ਵੀ ਕਿਸਾਨ ਔਰਤਾਂ ਜ਼ਿਕਰ ਨਹੀਂ ਕੀਤਾ ਜਾਂਦਾ । ਸਿਰਫ 12% ਔਰਤਾਂ ਕੋਲ ਜਮੀਨ ਹੈ ਅਤੇ 9% ਔਰਤਾਂ ਨੌਕਰੀ ਕਰਦੀਆਂ ਹਨ। ਸਰਕਾਰ ਵੀ ਜਦੋਂ ਕੋਈ ਨੀਤੀ ਬਣਾਉਂਦੀ ਹੈ ਤਾਂ ਉਸ ਵਿੱਚ ਵੀ ਔਰਤਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ। ਜੋ ਵੀ ਨਵੀਂ ਸਰਕਾਰ ਬਣਦੀ ਹੈ ਹਰ ਸਰਕਾਰ ਔਰਤਾਂ ਨੂੰ ਹਜ਼ਾਰ ਰੁਪਏ ਦੇਣ ਦਾ ਵਾਅਦਾ ਕਰਦੀ ਹੈ ਪਰ ਕੋਈ ਵੀ ਔਰਤਾਂ ਨੂੰ ਆਰਥਿਕ ਤੌਰ ਤੇ ਬਰਾਬਰੀ ਦੇਣ ਦੀ ਕੋਸ਼ਿਸ਼ ਨਹੀਂ ਕਰਦੀ ਔਰਤਾਂ ਨੂੰ ਮੰਗਤੀਆਂ ਹੀ ਬਣਾਉਣਾ ਚਾਹੁੰਦੀ ਹੈ। ਪੰਜਾਬੀ ਆਲੋਚਕ ਡਾਕਟਰ ਅਰਵਿੰਦਰ ਕੌਰ ਕਾਕੜਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਜੇਕਰ ਔਰਤਾਂ ਘਰ ਚਲਾ ਸਕਦੀਆਂ ਹਨ ਖੇਤੀ ਕਰ ਸਕਦੀਆਂ ਹਨ ਤਾਂ ਉਹ ਲਹਿਰਾਂ ਵੀ ਚਲਾ ਸਕਦੀਆਂ ਹਨ। ਸਮਾਜ ਦਾ ਗਿਆਨ ਘਰਾਂ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਇਸ ਕਰਕੇ ਇਸ ਅੱਧ ਦਾ ਵੀ ਘਰਾਂ ਤੋਂ ਬਾਹਰ ਆ ਕੇ ਸੰਘਰਸ਼ਾਂ ਵਿੱਚ ਸ਼ਾਮਿਲ ਹੋਣਾ ਜਰੂਰੀ ਹੈ।



ਇਸਤਰੀ ਆਗੂ ਅਮਨ ਦਿਓਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਹਰੇ ਇਨਕਲਾਬ ਦੇ ਸਾਮਰਾਜੀ ਖੇਤੀ ਮਾਡਲ ਨੇ ਖੇਤੀ ਵਿੱਚ ਵੀ ਔਰਤਾਂ ਦੀ ਸ਼ਮੂਲੀਅਤ ਘਟਾਈ ਹੈ ਜਿਸ ਕਰਕੇ ਔਰਤਾਂ ਦੀ ਘਰਾਂ ਦੇ ਫੈਸਲਿਆਂ ਵਿੱਚ ਵੀ ਸ਼ਮੂਲੀਅਤ ਘਟੀ ਹੈ। ਇਸ ਸਾਮਰਾਜੀ ਖੇਤੀ ਮਾਡਲ ਨੇ ਜੋ ਸਿਹਤ ਸੰਕਟ ਪੈਦਾ ਕੀਤਾ ਹੈ ਉਸ ਦਾ ਅਸਰ ਔਰਤਾਂ ਉੱਪਰ ਸਭ ਤੋਂ ਜਿਆਦਾ ਪਿਆ ਹੈ ਜਿਸ ਨਾਲ ਔਰਤਾ ਨੂੰ ਬਹੁਤ ਗੰਭੀਰ ਰੋਗ ਹੋ ਰਹੇ ਹਨ।

ਔਰਤ ਵਿੰਗ ਕਿਰਤੀ ਕਿਸਾਨ ਯੂਨੀਅਨ ਦੇ ਕਨਵੀਨਰ ਹਰਦੀਪ ਕੌਰ ਕੋਟਲਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਹਰੇ ਇਨਕਲਾਬ ਦਾ ਸਾਮਰਾਜੀ ਖੇਤੀ ਮਾਡਲ ਨੇ ਕਿਸਾਨੀ ਸਿਰ ਕਰਜੇ ਚੜਏ ਜਿਸ ਦਾ ਅਸਰ ਔਰਤਾਂ ਤੇ ਵੀ ਪੈ ਰਿਹਾ ਹੈ 2005 ਤੋਂ ਬਠਿੰਡਾ ਜਿਲੇ ਵਿੱਚ 23 ਕਿਸਾਨ ਔਰਤਾਂ ਅਤੇ ਸੰਗਰੂਰ ਜ਼ਿਲ੍ਹੇ ਵਿੱਚ 33 ਕਿਸਾਨ ਔਰਤਾਂ ਨੇ ਖੁਦਕੁਸ਼ੀ ਕੀਤੀ ਤਾਜ਼ਾ ਅੰਕੜਿਆਂ ਅਨੁਸਾਰ 100 ਕਿਸਾਨ ਪਿੱਛੇ ਅੱਠ ਕਿਸਾਨ ਔਰਤਾਂ ਖੁਦਕੁਸ਼ੀ ਕਰ ਰਹੀਆਂ ਹਨ ਪ੍ਰੰਤੂ ਔਰਤਾਂ ਨੂੰ ਕਿਸਾਨ ਨਾ ਮੰਨਣ ਕਰਕੇ ਉਹਨਾਂ ਦੀਆਂ ਖੁਦਕੁਸ਼ੀਆਂ ਦਾ ਕਿਤੇ ਜ਼ਿਕਰ ਨਹੀਂ ਕੀਤਾ ਜਾਂਦਾ। ਇਸ ਕਰਕੇ ਹਰੇ ਇਨਕਲਾਬ ਦਾ ਖੇਤੀ ਮਾਡਲ ਬਦਲ ਕੇ ਕੁਦਰਤ ਪੱਖੀ ਅਤੇ ਹੰਢਣਸਾਰ ਖੇਤੀ ਮਾਡਲ ਬਣਾਇਆ ਜਾਣਾ ਚਾਹੀਦਾ ਹੈ ਪਾਣੀ ਦਾ ਸੰਕਟ ਦੂਰ ਕਰਨ ਲਈ ਹਰ ਖੇਤ ਤੱਕ ਨਹਿਰੀ ਪਾਣੀ ਅਤੇ ਹਰ ਘਰ ਤੱਕ ਭਾਖੜਾ ਦਾ ਨੀਲੀ ਭਾਅ ਮਾਰਦਾ ਪੀਣ ਯੋਗ ਪਾਣੀ ਪਹੁੰਚਾਉਣਾ ਚਾਹੀਦਾ ਹੈ। ਧਰਤੀ ਹੇਠਲੇ ਪਾਣੀ ਦੀ ਪੂਰਤੀ ਲਈ ਮੀਹਾਂ ਦਾ ਪਾਣੀ ਸਾਂਭਿਆ ਜਾਣਾ ਚਾਹੀਦਾ ਹੈ ਤਾਂ ਕਿ ਧਰਤੀ ਹੇਠਲਾ ਪਾਣੀ ਪੂਰਾ ਕੀਤਾ ਜਾ ਸਕੇ। ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕੀਤਾ ਜਾਣਾ ਚਾਹੀਦਾ ਹੈ ਅਤੇ ਕਿਸਾਨੀ ਕਰਜ਼ਿਆਂ ਤੇ ਲੀਕ ਮਾਰ ਕੇ ਕਿਸਾਨ ਪੱਖੀ ਖੇਤੀ ਮਾਡਲ ਉਸਾਰਨਾ ਚਾਹੀਦਾ ਹੈ। ਔਰਤਾਂ ਨੂੰ ਇਸ ਸਾਮਰਾਜੀ ਖੇਤੀ ਮਾਡਲ ਨੂੰ ਬਦਲਣ ਲਈ ਵੱਡੀ ਗਿਣਤੀ ਵਿੱਚ ਜਥੇਬੰਦ ਹੋ ਕੇ ਇੱਕ ਲੋਕ ਲਹਿਰ ਖੜੀ ਕਰਨ ਵਿੱਚ ਵੱਡਾ ਰੋਲ ਅਦਾ ਕਰਨਾ ਚਾਹੀਦਾ ਹੈ ਤਾਂ ਕਿ ਭਵਿੱਖ ਵਿੱਚ ਪੰਜਾਬ ਨੂੰ ਗਹਿਰੇ ਸੰਕਟ ਵਿੱਚੋਂ ਕੱਢਣ ਲਈ ਇੱਕ ਵੱਡੀ ਲਹਿਰ ਖੜੀ ਕਰ ਸਕੀਏ।

ਸਟੇਜ ਸੈਕਟਰੀ ਦੀ ਭੂਮਿਕਾ ਪ੍ਰਦੀਪ ਕੌਰ ਨੇ ਨਿਭਾਈ। ਇਸ ਤੋਂ ਇਲਾਵਾ ਸਿੰਦਰਪਾਲ ਕੌਰ ਰੋਡੇ ਜਗਵਿੰਦਰ ਕੌਰ ਰਾਜਿਆਣਾ ਮਨਜੀਤ ਕੌਰ ਨਵਾਂ ਸ਼ਹਿਰ ਸੁਰਜੀਤ ਕੌਰ ਨਵਾਂ ਸ਼ਹਿਰ ਮਹਿੰਦਰ ਕੌਰ ਬਠਿੰਡਾ ਰਾਜ ਕੌਰ ਫਾਜ਼ਿਲਕਾ ਜਸਵਿੰਦਰ ਕੌਰ ਲੌਂਗੋਵਾਲ ਸੁਰਜੀਤ ਕੌਰ ਓਟਾਲ, ਮਨਜੀਤ ਕੌਰ ਅਲਾਚੌਰ, ਬਲਿਹਾਰ ਕੌਰ ਜਲੰਧਰ, ਰਣਜੀਤ ਕੌਰ ਕਪੂਰਥਲਾ ਸਰਜੀਤ ਕੌਰ ਤਰਨ ਤਾਰ ਦਲਵੀਰ ਕੌਰ ਕਪੂਰਥਲਾ ਸਿਮਰਜੀਤ ਕੌਰ ਫਰੀਦਕੋਟ ਸਿਮਰਜੀਤ ਕੌਰ ਫਰੀਦਕੋਟ ਨੇ ਸੰਬੋਧਨ ਕੀਤਾ।

# ਪਠਾਨਕੋਟ ਪੁਲਿਸ ਨੇ ਪੌਦੇ ਲਗਾਏ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪਠਾਨਕੋਟ ਪੁਲਿਸ ਨੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਸਾਫ਼ ਕਰਨ ਲਈ ਵੱਖ-ਵੱਖ ਥਾਵਾਂ 'ਤੇ ਪੌਦੇ ਲਗਾਏ ਅਤੇ ਲੋਕਾਂ ਨੂੰ ਵਾਤਾਵਰਨ ਪ੍ਰਤੀ ਚੇਤਨਾ ਪੈਦਾ ਕਰਨ ਲਈ ਵੱਖ-ਵੱਖ ਕਿਸਮਾਂ ਦੇ ਬੂਟੇ ਵੀ ਵੰਡੇ।

# ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਸੁਖਮਨ ਸਿੰਘ ਯੰਗ ਰਾਈਟਰ ਅਵਾਰਡ ਨਾਲ ਸਨਮਾਨਿਤ

**ਮਾਹਿਲਪੁਰ–** ਪਿਛਲੇ ਇੱਕ ਦਹਾਕੇ ਤੋਂ ਸਾਹਿਤ ਕਲਾ ਸੱਭਿਆਚਾਰ ਆਦਿ ਖੇਤਰਾਂ ਵਿੱਚ ਸ਼ਾਨਦਾਰ ਭੂਮਿਕਾ ਨਿਭਾਉਣ ਵਾਲੇ ਨੌਜਵਾਨ ਸਾਹਿਤਕਾਰ ਸੁਖਮਨ ਸਿੰਘ ਨੂੰ ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਮਾਹਿਲਪੁਰ ਵੱਲੋਂ ਯੰਗ ਰਾਈਟਰ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਸੇਵਾ ਮੁਕਤ ਸਿੱਖਿਆ ਅਧਿਕਾਰੀ ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਸੁਖਮਨ ਸਿੰਘ ਨੇ ਬਾਲ ਸਾਹਿਤ, ਚਿੱਤਰਕਾਰੀ ਅਤੇ ਮਲਟੀ ਮੀਡੀਆ ਦੇ ਖੇਤਰ ਵਿੱਚ ਵੀ ਸ਼ਾਨਦਾਰ ਮੱਲਾਂ ਮਾਰੀਆਂ ਹਨ। ਉਹ ਅੱਜ ਤੱਕ ਚਾਰ ਪੁਸਤਕਾਂ ਦੀ ਸਿਰਜਣਾ, ਦੋ ਦਾ ਸੰਪਾਦਨ ਅਤੇ ਦੋ ਦਰਜਨ ਪੁਸਤਕਾਂ ਦੇ ਟਾਈਟਲ ਬਣਾ ਚੁੱਕਾ ਹੈ।

ਇੱਥੇ ਹੀ ਬਸ ਨਹੀਂ ਉਸ ਨੇ ਦਰਜਨਾਂ ਬਾਲ ਪੁਸਤਕਾਂ ਵਿੱਚ ਬੱਚਿਆਂ ਦੇ ਦਿਲਾਂ ਨੂੰ ਧੂ ਪਾਉਣ ਵਾਲੀ ਚਿੱਤਰਕਾਰੀ ਵੀ ਕੀਤੀ ਹੈ। ਹੁਣੇ ਜਿਹੇ ਜਾਰੀ ਹੋਈ ਪੁਸਤਕ 'ਖੇਡਾਂ ਮਿੰਕੂ ਤੇ ਚਿੰਟੂ ਦੀਆਂ' ਉਸ ਦੀ ਚਿੱਤਰਕਾਰੀ ਦਾ ਕਮਾਲ ਹੈ। ਸਨਮਾਨ ਸਮਾਰੋਹ ਦਾ ਮੰਚ ਸੰਚਾਲਨ ਕਰਦਿਆਂ ਸਕੱਤਰ ਜੀਵਨ ਚੰਦੇਲੀ ਨੇ ਕਿਹਾ ਕਿ ਇਹੋ ਜਿਹੇ ਨੌਜਵਾਨਾਂ ਤੋਂ ਸਾਨੂੰ ਭਰਪੂਰ ਉਮੀਦਾਂ ਹਨ। ਪ੍ਰਿੰਸੀਪਲ ਸਰਬਜੀਤ ਸਿੰਘ ਦਾ ਕਹਿਣਾ ਸੀ ਕਿ ਜਿਹੜੇ ਵਿਦਿਆਰਥੀ ਸਮਰਪਤ ਹੋ ਕੇ ਕਿਸੇ ਵੀ ਖੇਤਰ ਵਿੱਚ ਕਾਰਜ ਕਰਦੇ ਹਨ ਉਹ ਉੱਚੀਆਂ ਮੰਜ਼ਲਾਂ ਪ੍ਰਾਪਤ ਕਰਦੇ ਹਨ।




ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਮਾਹਿਲਪੁਰ ਦੇ ਪ੍ਰਧਾਨ ਬਲਜਿੰਦਰ ਮਾਨ ਨੇ ਕਿਹਾ ਕਿ ਉਹਨਾਂ ਦੀ ਕੋਸ਼ਿਸ਼ ਹੈ ਕਿ ਨਵੀਂ ਪਨੀਰੀ ਸਾਹਿਤ ਦੇ ਖੇਤਰ ਵਿੱਚ ਸਰਗਰਮ ਭੂਮਿਕਾ ਅਦਾ ਕਰੇ। ਜਿਹੜੇ ਵਿਦਿਆਰਥੀ ਸਾਹਿਤ ਨਾਲ ਜੁੜ ਜਾਂਦੇ ਹਨ ਉਹ ਆਦਰਸ਼ ਨਾਗਰਿਕ ਬਣਦੇ ਹਨ। ਇਸ ਮੌਕੇ ਰਮੇਸ਼ ਬੇਧੜਕ ਅਤੇ ਪ੍ਰੀਤ ਨੀਤਪੁਰੀ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ।

ਇਸ ਮੌਕੇ ਸੁਖਮਨ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਹਨਾਂ ਦੀ ਸਾਹਿਤਕ ਖੇਤਰ ਵਿੱਚ ਪਾਲਣ ਪੋਸ਼ਣ ਨਿੱਕੀਆਂ ਕਰੂੰਬਲਾਂ ਭਵਨ ਵਿੱਚ ਹੀ ਹੋਈ ਹੈ। ਉਨਾਂ ਦੇ ਮੁੱਖ ਪ੍ਰੇਰਨਾ ਸਰੋਤਾਂ ਵਿੱਚ ਮਾਤਾ ਰਣਦੀਪ ਕੌਰ ਤੋਂ ਬਾਅਦ ਡਾ. ਬਲਵੀਰ ਕੌਰ ਰੀਹਲ ਅਤੇ ਬਲਜਿੰਦਰ ਮਾਨ ਹਨ। ਇਸ ਸਨਮਾਨ ਸਮਾਰੋਹ ਮੌਕੇ ਪ੍ਰਿੰ. ਮਨਜੀਤ ਕੌਰ, ਹਰਵੀਰ ਮਾਨ, ਹਰਮਨਪ੍ਰੀਤ ਕੌਰ, ਮਨਜਿੰਦਰ ਸਿੰਘ ਹੀਰ, ਸਚਿਨ ਸ਼ਰਮਾ, ਨਿਧੀ ਅਮਨ ਸਹੋਤਾ, ਪਾਵਨ ਸਕਰੂਲੀ ਅਤੇ ਹਰਜੋਤ ਸਿੰਘ ਸਮੇਤ ਕਈ ਸਾਹਿਤ ਪ੍ਰੇਮੀ ਸ਼ਾਮਿਲ ਹੋਏ ਲ ਸਭ ਦਾ ਧੰਨਵਾਦ ਕੁਲਦੀਪ ਕੌਰ ਬੈਂਸ ਵੱਲੋਂ ਕੀਤਾ ਗਿਆ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਜ਼ਿਲ੍ਹਾ ਮੈਜਿਸਟਰੇਟ ਹੁਸ਼ਿਆਰਪੁਰ ਕੋਮਲ ਮਿੱਤਲ ਵੱਲੋਂ ਫ਼ੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿਚ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਤਹਿਤ ਉਨ੍ਹਾਂ ਪਿੰਡਾਂ ਦੇ ਪ੍ਰਬੰਧਕਾਂ ਨੂੰ ਪਿੰਡਾਂ ਵਿੱਚ ਲੁੱਟਾਂ-ਖੋਹਾਂ ਅਤੇ ਚੋਰੀ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਰਾਤ ਸਮੇਂ ਠੀਕਰੀ ਪਹਿਰਾ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ ਪਿੰਡਾਂ ਵਿਚ ਰਾਤ ਸਮੇਂ ਲੋਕਾਂ ਦੀ ਜਾਨ ਤੇ ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਾਰੀ ਕੀਤਾ ਗਿਆ ਹੈ।

ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਹਦੂਦ ਅੰਦਰ ਵੱਡੀਆਂ-ਛੋਟੀਆਂ ਨਹਿਰਾਂ, ਚੋਅ ਦੇ ਬੰਨ੍ਹ ਅਤੇ ਦਰਿਆ ਬਿਆਸ ਦੇ ਕੰਢੇ ਬਣੇ ਧੁੱਸੀ ਬੰਨ੍ਹ ਵਿਚ ਕਿਸੇ ਵੀ ਵਿਅਕਤੀ ਵਲੋਂ ਡੰਗਰਾਂ ਨੂੰ ਪਾਣੀ ਪਿਲਾਉਣ ਜਾਂ ਨਹਾਉਣ 'ਤੇ ਮੁਕੰਮਲ ਪਾਬੰਦੀ ਲਾਈ ਹੈ। ਇਸੇ ਤਰ੍ਹਾਂ ਜ਼ਿਲ੍ਹਾ ਹੁਸ਼ਿਆਰਪੁਰ ਦੀ ਹਦੂਦ ਅੰਦਰ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਨੂੰ ਸ਼ਰੇਆਮ ਸੜਕਾਂ 'ਤੇ ਜਾਂ ਜਨਤਕ ਥਾਵਾਂ 'ਤੇ ਚੁਰਾਉਣ 'ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ।



ਇਕ ਹੋਰ ਹੁਕਮ ਜਾਰੀ ਕਰਦਿਆਂ ਜ਼ਿਲ੍ਹੇ ਦੀ ਹੱਦ ਅੰਦਰ ਮਿਲਟਰੀ ਵਰਦੀ ਅਤੇ ਉਲਾਈਵ ਹਰੇ ਰੰਗ (ਮਿਲਟਰੀ ਰੰਗ) ਦੀਆਂ ਜੀਪਾਂ, ਮੋਟਰ ਸਾਈਕਲਾਂ, ਮੋਟਰ ਗੱਡੀਆਂ ਦੀ ਵਰਤੋਂ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ ਮਿਲਟਰੀ ਅਧਿਕਾਰੀਆਂ 'ਤੇ ਲਾਗੂ ਨਹੀਂ ਹੋਵੇਗਾ। ਇਸੇ ਤਰ੍ਹਾਂ ਆਰਮਡ ਫੋਰਸਿਸ/ਪੰਜਾਬ ਪੁਲਿਸ/ਬੀ।ਐਸ।ਐਫ ਅਤੇ ਮਿਲਟਰੀ ਰੰਗ ਦੀ ਵਰਦੀ ਦੀ ਵਰਤੋਂ ਅਣ-ਅਧਿਕਾਰਤ (ਬਾਲਗ ਵਿਅਕਤੀ) ਵੱਲੋਂ ਨਹੀਂ ਕੀਤੀ ਜਾਵੇਗੀ ਅਤੇ ਇਨ੍ਹਾਂ ਵਰਦੀਆਂ ਨੂੰ ਅਣ-ਅਧਿਕਾਰਤ ਵਿਅਕਤੀਆਂ ਨੂੰ ਵੇਚਣ ਅਤੇ ਖਰੀਦ ਕਰਨ 'ਤੇ ਵੀ ਪਾਬੰਦੀ ਲਗਾਈ ਗਈ ਹੈ। ਇਹ ਹੁਕਮ ਆਰਮਡ ਫੋਰਸਿਸ/ਪੰਜਾਬ ਪੁਲਿਸ/ਬੀ।ਐਸ।ਐਫ/ਮਿਲਟਰੀ ਅਧਿਕਾਰੀਆਂ 'ਤੇ ਲਾਗੂ ਨਹੀ। ਹੋਵੇਗਾ।

ਇਸ ਤੋਂ ਇਲਾਵਾ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜ਼ਿਲ੍ਹੇ ਵਿਚ ਗਰਮੀਆਂ ਨੂੰ ਸ਼ਾਮ 6 ਵਜੇ ਤੋਂ ਸਵੇਰੇ 6 ਵਜੇ ਤੱਕ ਅਤੇ ਸਰਦੀਆਂ ਨੂੰ ਸ਼ਾਮ 5 ਵਜੇ ਤੋਂ ਸਵੇਰੇ 7 ਵਜੇ ਤੱਕ ਗਊ ਵੰਸ਼ ਦੀ ਢੋਆ-ਢੁਆਈ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕਰਨ ਦੇ ਨਾਲ-ਨਾਲ ਜਿਨ੍ਹਾਂ ਲੋਕਾਂ ਨੇ ਗਊ ਵੰਸ਼ ਰੱਖੇ ਹੋਏ ਹਨ, ਉਨ੍ਹਾਂ ਨੂੰ ਪਸ਼ੂ ਪਾਲਣ ਵਿਭਾਗ ਪਾਸ ਰਜਿਸਟਰਡ ਕਰਾਉਣ ਦੇ ਆਦੇਸ਼ ਵੀ ਦਿੱਤੇ ਗਏ ਹਨ। ਉਪਰੋਕਤ ਸਾਰੇ ਹੁਕਮ 8 ਸਤੰਬਰ 2024 ਤੱਕ ਲਾਗੂ ਰਹਿਣਗੇ।

# ਭੂਮੀ ਹੇਠਲੇ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਬਚਾਉੂੰਣ ਲਈ ਜਿਆਦਾ ਤੋਂ ਜਿਆਦਾ ਲਗਾਓ ਪੋਦੇ-ਸ੍ਰੀ ਲਾਲ ਚੰਦ ਕਟਾਰੂਚੱਕ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)**- ਜਮੀਨ ਹੇਠਲੇ ਪਾਣੀ ਦੇ ਡਿੱਗ ਰਿਹੇ ਪੱਧਰ ਨੂੰ ਉੱਚਾ ਚੁੱਕਣ ਦੇ ਲਈ ਕਿਸਾਨ ਅਹਿਮ ਰੋਲ ਅਦਾ ਕਰ ਸਕਦੇ ਹਨ, ਜਿਸ ਦੇ ਲਈ ਜਿਆਦਾ ਤੋਂ ਜਿਆਦਾ ਪੋਦੇ ਲਗਾਉਂਣ ਦੀ ਲੋੜ ਹੈ ਅਤੇ ਫਸਲਾਂ ਵਿੱਚ ਬਦਲਾਅ ਕਰਨ ਦੀ ਲੋੜ ਹੈ ਤੱਦ ਹੀ ਅਸੀਂ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕ ਸਕਦੇ ਹਾਂ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਆੱਡੀਟੋਰੀਅਮ ਨਜਦੀਕ ਟਰੱਕ ਯੂਨੀਅਨ ਸੈਲੀ ਰੋਡ ਪਠਾਨਕੋਟ ਵਿਖੇ ਲਗਾਏ ਜਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਖੇਤੀ ਪ੍ਰਦਰਸਨੀਆਂ ਦੌਰਾਨ ਸੰਬੋਧਤ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਵਿਭੂਤੀ ਸਰਮਾ ਚੇਅਰਮੈਨ ਟੂਰਿਜਮ ਵਿਭਾਗ ਪੰਜਾਬ, ਸਤੀਸ ਮਹਿੰਦਰੂ ਚੇਅਰਮੈਨ ਦਾਂ ਹਿੰਦੂ ਕੋਪਰੇਟਿਵ ਬੈਂਕ ਪਠਾਨਕੋਟ, ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਵਿਕਾਸ), ਧਰਮਵੀਰ ਸਿੰਘ ਵਣ ਮੰਡਲ ਅਧਿਕਾਰੀ ਪਠਾਨਕੋਟ, ਡਾ. ਹਰਮਿੰਦਰਪਾਲ ਸਿੰਘ ਮੁੱਖ ਖੇਤੀ ਬਾੜੀ ਅਫਸਰ ਪਠਾਨਕੋਟ , ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ, ਰਾਜਾ ਬਕਨੋਰ, ਭੁਪਿੰਦਰ ਸਿੰਘ , ਡਾ। ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਅਤੇ ਹੋਰ ਵਿਭਾਗੀ ਅਧਿਕਾਰੀ ਵੀ ਹਾਜ਼ਰ ਸਨ।




ਜਿਕਰਯੋਗ ਹੈ ਕਿ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਵੱਲੋਂ ਰਿਬਨ ਕੱਟ ਕੇ ਅੱਜ ਦੇ ਜਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਖੇਤੀ ਪ੍ਰਦਰਸਨੀਆਂ ਦਾ ਸੁਭਅਰੰਭ ਕੀਤਾ। ਇਸ ਮਗਰੋਂ ਉਨ੍ਹਾਂ ਵੱਲੋਂ ਆੱਡੀਟੋਰੀਅਮ ਵਿਖੇ ਪੋਦਾ ਲਗਾਇਆ ਗਿਆ । ਮੁੱਖ ਮਹਿਮਾਨ ਜੀ ਵੱਲੋਂ ਕਿਸਾਨ ਮੇਲੇ ਦੌਰਾਨ ਲਗਾਈਆਂ ਵੱਖ ਵੱਖ ਵਿਭਾਗਾਂ ਵੱਲੋਂ ਪ੍ਰਦਰਸਨੀਆਂ ਦਾ ਨਿਰੀਖਣ ਕੀਤਾ ਅਤੇ ਵਿਭਾਗੀ ਕਾਰਜਾਂ ਦੀ ਜਾਣਕਾਰੀ ਪ੍ਰਾਪਤ ਕੀਤੀ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅਜਿਹੇ ਕਿਸਾਨ ਮੇਲੇ ਸਮੇਂ ਦੀ ਲੋੜ ਹੈ ਤਾਂ ਜੋ ਕਿਸਾਨ ਜਿਆਦਾ ਤੋਂ ਜਿਆਦਾ ਖੇਤੀ ਦੀਆਂ ਆਧੁਨਿਕ ਤਕਨੀਕਾਂ ਤੋਂ ਜਾਣੂ ਹੋ ਸਕਣ। ਉਨ੍ਹਾਂ ਕਿਹਾ ਕਿ ਨਵੀਂਆਂ ਤਕਨੀਕਾਂ ਦਾ ਪ੍ਰਯੋਗ ਕਰਕੇ ਕਿਸਾਨ ਜਿੱਥੇ ਵਧੇਰੇ ਮੁਨਾਫ਼ਾ ਕਮਾ ਸਕਦੇ ਹਨ ਉੱਥੇ ਹੀ ਵਾਤਾਵਰਣ ਨੂੰ ਸਾਫ ਰੱਖਣ ਵਿੱਚ ਵੀ ਸਹਾਈ ਹੋ ਸਕਦੇ ਹਨ।

ਉਨ੍ਹਾਂ ਕਿਹਾ ਕਿ ਕਈ ਵਾਰ ਕਿਸਾਨ ਅਜਿਹੀਆਂ ਖੇਤੀ ਤਕਨੀਕਾਂ ਦੀ ਜਾਣਕਾਰੀ ਤੋਂ ਬਾਂਝਿਆਂ ਰਹਿ ਜਾਂਦਾ ਹੈ ਪਰ ਅਜਿਹੇ ਮੇਲੇ ਜਿੱਥੇ ਕਿਸਾਨਾਂ ਨੂੰ ਫਸਲਾਂ ਦੀ ਵਧੇਰੇ ਪੈਦਾਵਾਰ ਲਈ ਜਾਗਰੂਕ ਕਰਦੇ ਹਨ, ਖੇਤੀ ਸੰਦਾਂ ਦੀ ਸਾਂਭ ਸੰਭਾਲ, ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਵਿੱਚ ਕਿਸਾਨਾਂ ਦੇ ਯੋਗਦਾਨ ਦੀ ਜਾਣਕਾਰੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਖੇਤੀ ਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਖੇਤੀ ਦੇ ਬਦਲਾਅ ਦੇ ਲਈ ਵੀ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਭੂਮੀ ਹੇਠਲੇ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਬਚਾਇਆ ਜਾ ਸਕੇ। ਉਨ੍ਹਾਂ ਕਿਸਾਨਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਜਿਆਦਾ ਤੋਂ ਜਿਆਦਾ ਪੋਦੇ ਲਗਾ ਕੇ ਅਸੀਂ ਵਾਤਾਵਰਣ ਨੂੰ ਹਰਿਆ ਭਰਿਆ ਬਣਾਈ ਰੱਖਣ ਵਿੱਚ ਯੋਗਦਾਨ ਪਾ ਸਕਦੇ ਹਾਂ ਅਤੇ ਇਸ ਕਾਰਜ ਦੇ ਲਈ ਵਣ ਵਿਭਾਗ ਪਠਾਨਕੋਟ ਉਨ੍ਹਾਂ ਦੀ ਸਹਾਇਤਾਂ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਜਿਸ ਵੀ ਕਿਸਾਨ ਨੂੰ ਜਿੰਨੇ ਵੀ ਪੋਦੇ ਚਾਹੀਦੇ ਹਨ ਉਹ ਵਣ ਵਿਭਾਗ ਨਾਲ ਸੰਪਰਕ ਕਰਕੇ ਪੋਦੇ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਲਈ ਖੁਸੀ ਦੀ ਗੱਲ ਹੈ ਕਿ ਪਹਿਲਾ ਖੇਤੀ ਦੇ ਨਾਲ ਨਾਲ ਕੀਤੇ ਜਾਣ ਵਾਲੇ ਸਹਾਇਕ ਧੰਦਿਆਂ ਦੀ ਟ੍ਰੇਨਿੰਗ ਦੇ ਲਈ ਕਿਸਾਨਾਂ ਨੂੰ ਦੂਸਰੇ ਜਿਲ੍ਹਿਆਂ ਵਿੱਚ ਜਾਣਾ ਪੈਂਦਾ ਸੀ ਅਤੇ ਹੁਣ ਜਲਦੀ ਹੀ ਪੰਜਾਬ ਸਰਕਾਰ ਦੇ ਉਪਰਾਲਿਆਂ ਸਦਕਾ ਪਰਮਾਨੰਦ ਵਿਖੇ ਇੱਕ ਟ੍ਰੇਨਿੰਗ ਸੈਂਟਰ ਤਿਆਰ ਕੀਤਾ ਜਾ ਰਿਹਾ ਹੈ ਜੋ ਆਉਂਣ ਵਾਲੇ ਸਮੇਂ ਅੰਦਰ ਮੁਕੰਮਲ ਕਰਕੇ ਜਨਤਾ ਨੂੰ ਸਮਰਪਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਓ ਸਾਰੇ ਕਿਸਾਨ ਭਰਾ ਮਿਲ ਕੇ ਸਰਕਾਰ ਦੇ ਇਸ ਉਪਰਾਲੇ ਨੂੰ ਪੰਜਾਬ ਨੂੰ ਹਰਿਆ ਭਰਿਆ ਬਣਾਉਂਣ ਵਿੱਚ ਅਪਣਾ ਯੋਗਦਾਨ ਪਾਈਏ ਅਤੇ ਜਿਆਦਾ ਤੋਂ ਜਿਆਦਾ ਪੋਦੇ ਲਗਾਈਏ।

# ਮਾਨਸਾ ਦੇ ਚਾਰ ਸਾਹਿਤਕਾਰ ਲੰਡਨ "ਅਦਬੀ ਮੇਲੇ" 'ਚ ਲੈਣਗੇ ਭਾਗ

**ਮਾਨਸਾ-** ਮਾਨਸਾ ਦੇ ਚਾਰ ਸਾਹਿਤਕਾਰ ਗੁਰਪ੍ਰੀਤ ਕਵੀ ਖੋਜ ਅਫ਼ਸਰ ਭਾਸ਼ਾ ਵਿਭਾਗ, ਜਗਦੀਪ ਸਿੱਧੂ ਡਾ ਕੁਲਦੀਪ ਦੀਪ ਸੱਤਪਾਲ ਭੀਖੀ ਅਤੇ ਜਗਦੀਪ ਸਿੱਧੂ ਏਸ਼ੀਆਈ ਸਾਹਿਤਕ ਅਤੇ ਸੱਭਿਆਚਾਰਕ ਫੌਰਮ ਸਾਉਥਾਲ (ਲੰਡਨ) ਯੂ ਕੇ ਵਿਖੇ ਅੰਤਰਰਾਸ਼ਟਰੀ ' ਅਦਬੀ ਮੇਲਾ ' ਦੌਰਾਨ ਸ਼ਿਰਕਤ ਕਰਨਗੇ। ਮਾਨਸਾ ਦੀ ਧਰਤੀ ਨੇ ਪ੍ਰੋਫ਼ੈਸਰ ਅਜਮੇਰ ਔਲਖ ਵਰਗੇ ਨਾਮਵਰ ਸਾਹਿਤਕਾਰਾਂ ਨੂੰ ਜਨਮ ਦਿੱਤਾ ਹੈ, ਹੁਣ ਹੋਰਨਾਂ ਚਾਰ ਸਾਹਿਤਕਾਰਾਂ ਦੇ ਅੰਤਰਰਾਸ਼ਟਰੀ ਪੱਧਰ 'ਤੇ ਭਾਗ ਲੈਣ ਨੂੰ ਲੈ ਕੇ ਇਲਾਕੇ ਭਰ ਚ ਖੁਸ਼ੀ ਦੀ ਲਹਿਰ ਹੈ, ਸਿੱਖਿਆ ਅਤੇ ਕਲਾ ਮੰਚ ਪੰਜਾਬ ਨੇ ਲੰਡਨ ਵਾਪਸੀ 'ਤੇ ਇਨ੍ਹਾਂ ਸਾਹਿਤਕਾਰਾਂ ਦੇ ਵਿਸ਼ੇਸ਼ ਸਨਮਾਨ ਦਾ ਵੀ ਐਲਾਨ ਕੀਤਾ ਹੈ।









20 ਅਤੇ 21 ਜੁਲਾਈ 2024 ਨੂੰ ਲੰਡਨ ਵਿਖੇ ਹੋ ਰਹੇ ਅਦਬੀ ਮੇਲੇ ਦੌਰਾਨ ਦੋ ਦਰਜਨ ਦੇ ਕਰੀਬ ਸਾਹਿਤਕਾਰ (ਡੈਲੀਗੇਟ) ਪੰਜਾਬ ਤੋਂ, ਇਕ ਦਰਜਨ ਡੈਲੀਗੇਟ ਪਾਕਿਸਤਾਨ ਤੋਂ ਅਤੇ ਹੋਰਨਾ ਮੁਲਕਾਂ ਤੋਂ ਦੋ ਦਰਜਨ ਲੇਖਕ ਇਸ ਮੇਲੇ ਚ ਪੁੱਜ ਰਹੇ ਹਨ। ਮਾਨਸਾ ਜ਼ਿਲ੍ਹੇ ਨਾਲ ਸਬੰਧਿਤ ਗੁਰਪ੍ਰੀਤ, ਜਿੱਥੇ ਪੰਜਾਬੀ ਦਾ ਬਿਹਤਰੀਨ ਕਵੀ ਹੈ, ਉੱਥੇ ਭਾਸ਼ਾ ਵਿਭਾਗ ਵਿਚ ਖੋਜ ਅਫ਼ਸਰ ਹਨ। ਉਨ੍ਹਾਂ ਦੀਆਂ ਕਈ ਕਿਤਾਬਾਂ ਚਰਚਿਤ ਰਹੀਆਂ ਹਨ,ਜਗਦੀਪ ਸਿੱਧੂ ਕਵਿਤਾ, ਵਾਰਤਕ ਤੇ ਅਨੁਵਾਦ ਦਾ ਗੂੜ੍ਹਾ ਹਸਤਾਖ਼ਰ ਹੈ। ਸਤਪਾਲ ਭੀਖੀ, ਜਿੱਥੇ ਸਥਾਪਤ ਕਵੀ ਹੈ, ਉੱਥੇ ਬਾਲ ਸਾਹਿਤ ਵਿਚ ਵੀ ਇਸ ਦਾ ਕਾਫੀ ਕੰਮ ਹੈ । ਭਾਰਤੀ ਸਾਹਿਤ ਅਕਾਦਮੀ ਵਲੋਂ ਬਾਲ ਸਾਹਿਤ ਪੁਰਸਕਾਰ ਵੀ ਉਸ ਨੂੰ ਮਿਲ ਚੁੱਕਿਆ ਹੈ 'ਤਾਸਮਨ' ਪਰਚੇ ਦੀ ਸੰਪਾਦਨਾ ਇਸ ਦਾ ਇਕ ਹੋਰ ਅਹਿਮ ਕੰਮ ਹੈ। ਡਾ। ਕੁਲਦੀਪ ਸਿੰਘ ਦੀਪ ਹਰਫਨ ਮੌਲਾ ਸਾਹਿਤਕਾਰ ਹੈ, ਜਿੱਥੇ ਇਸ ਨੇ ਵਧੀਆ ਨਾਟਕਾਂ ਦੀ ਸਿਰਜਣਾ ਕੀਤੀ ਹੈ ਉੱਥੇ ਸਾਹਿਤਕ ਸੰਸਥਾਵਾਂ ਵਿਚ ਵੀ ਮਿਆਰੀ ਕੰਮ ਕੀਤਾ ਹੈ। ਹਾਲ ਹੀ ਵਿੱਚ ਉਨ੍ਹਾਂ ਨੂੰ ਬਾਲ ਸਾਹਿਤ ਪੁਰਸਕਾਰ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਇਹ ਇਕ ਵਿਲੱਖਣ ਤਰ੍ਹਾਂ ਸਾਹਿਤ ਉਤਸਵ ਹੋਵੇਗਾ ਜਿਸ ਵਿਚ ਅੰਤਰਰਾਸ਼ਟਰੀ ਕਵੀ ਦਰਬਾਰ, ਸਾਹਿਤ ਸੰਵਾਦ, ਲੋਕ ਰੰਗ, ਨਾਟਕ, ਸੰਗੀਤ ਤੇ ਸਮਕਾਲ ਦੇ ਭਖਵੇਂ ਮੁੱਦਿਆਂ 'ਤੇ ਗੱਲਬਾਤ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਮੇਲੇ ਦੇ ਪ੍ਰਬੰਧਕ ਅਜ਼ੀਮ ਸ਼ੇਖਰ, ਰਾਜਿੰਦਰਜੀਤ, ਅਬੀਰ ਬੁੱਟਰ ਖੁਦ ਪੰਜਾਬੀ ਦੇ ਸਥਾਪਿਤ ਸ਼ਾਇਰ ਹਨ।

'ਅਦਬੀ ਮੇਲੇ' ਦੇ ਮੁੱਖ ਪ੍ਰਬੰਧਕਾਂ ਨੇ ਫੋਨ 'ਤੇ ਗੱਲ ਕਰਦੇ ਹੋਏ ਦੱਸਿਆ ਕਿ ਹੌਲ਼ੀ ਹੌਲੀ ਇਸ ਸੰਸਥਾ ਦਾ ਨਾਂ 'ਏਸ਼ਿਆਈ ਸਾਹਿਤਕ ਤੇ ਸੱਭਿਆਚਾਰਕ ਫੋਰਮ' ਵਾਂਗੂ ਹੋਰ ਏਸ਼ੀਆਈ ਭਾਸ਼ਾਵਾਂ ਵਿਚ ਵਿਸਥਾਰ ਕੀਤਾ ਜਾਵੇਗਾ। ਉਹਨਾਂ ਅੱਗੇ ਕਿਹਾ ਕਿ ਇਹ ਸਮਾਗਮ ਸਾਰੀ ਦੁਨੀਆ ਵਿਚ ਲਾਈਵ ਵੀ ਦਿਖਾਇਆ ਜਾਵੇਗਾ। **- ਡਾ. ਸੰਦੀਪ ਘੰਡ**

# ਪੰਜਾਬ ਰੋਡਵੇਜ਼ ਰਿਟਾਇਰਡ ਇੰਪ. ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਪੰਜਾਬ ਰੋਡਵੇਜ਼ ਰਿਟਾਇਰਡ ਇੰਪ. ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਵਾਈਸ ਪ੍ਰਧਾਨ ਕੁਲਭੂਸ਼ਣ ਪ੍ਰਕਾਸ਼ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਕਰਦਿਆਂ ਪ੍ਰਧਾਨ ਕੁਲਭੂਸ਼ਣ ਪ੍ਰਕਾਸ਼ ਸਿੰਘ ਸੈਣੀ, ਅਵਤਾਰ ਸਿੰਘ ਸ਼ੇਰਪੁਰੀ ਵਾਈਸ ਪ੍ਰਧਾਨ, ਗਿਆਨ ਸਿੰਘ ਭਲੇਠੂ ਜਨਰਲ ਸਕੱਤਰ, ਹਰਜਿੰਦਰ ਸਿੰਘ ਗਿੱਲ ਵਾਈਸ ਪ੍ਰਧਾਨ, ਹਰਜੀਤ ਸਿੰਘ ਝੱਜੀ ਜੁਆਇੰਟ ਸਕੱਤਰ ਅਤੇ ਹਰਬੰਸ ਸਿੰਘ ਬੈਂਸ ਮੀਤ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮ/ਪੈਨਸ਼ਨਰਜ਼ ਲਈ ਘਾਤਕ ਸਰਕਾਰ ਸਿੱਧ ਹੋਈ ਹੈ। ਕੇਂਦਰ ਸਰਕਾਰ ਨੇ ਮੁਲਾਜ਼ਮਾਂ/ ਪੈਨਸ਼ਨਰਾਂ ਨੂੰ 50% ਡੀਏ ਦੇ ਦਿੱਤਾ ਪਰ ਪੰਜਾਬ ਸਰਕਾਰ ਵੱਲੋਂ 38% ਡੀਏ ਦੀ ਵੀ ਕਟੌਤੀ ਦੀ ਧਮਕੀ ਦਿੱਤੀ ਜਾ ਰਹੀ ਹੈ। ਛੇਵੇਂ ਪੇ ਕਮਿਸ਼ਨ ਦੀਆਂ ਪੰਜ ਬਕਾਏ ਦੀਆਂ ਕਿਸ਼ਤਾਂ ਦਾ ਬਕਾਇਆ ਵੀ ਨਹੀਂ ਦਿੱਤਾ। ਪੰਜਾਬ ਸਰਕਾਰ ਮੁਲਾਜ਼ਮਾਂ ਦੇ ਕਰੋੜਾਂ ਰੁਪਏ ਦੇ ਬਕਾਏ ਦੇ ਬਦਲੇ ਫਜ਼ੂਲ ਖ਼ਰਚੀ ਕਰ ਰਹੀ ਹੈ। ਸਾਰੇ ਪੈਨਸ਼ਨਰਾਂ ਨੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਡੀਏ ਦੀਆਂ ਕਿਸ਼ਤਾਂ ਅਤੇ ਰਹਿੰਦੀਆਂ ਛੇਵੇਂ ਪੇ ਕਮਿਸ਼ਨ ਦੀਆਂ ਪੰਜ ਬਕਾਏ ਦੀਆਂ ਕਿਸ਼ਤਾਂ ਦਾ ਬਕਾਇਆ ਜਲਦੀ ਤੋਂ ਜਲਦੀ ਦਿੱਤਾ ਜਾਵੇ। ਇਸ ਮੌਕੇ ਹਰਬੰਸ ਸਿੰਘ ਬੈਂਸ, ਸੁਰਜੀਤ ਸਿੰਘ ਸੈਣੀ, ਹਰਮੇਸ਼ ਲਾਲ, ਕਮਲਜੀਤ ਮਿਨਹਾਸ, ਗਿਆਨ ਸਿੰਘ ਜਨਰਲ ਸਕੱਤਰ, ਮਹਿੰਦਰ ਕੁਮਾਰ, ਅਵਤਾਰ ਸਿੰਘ ਸ਼ੇਰਪੁਰੀ, ਅਮਰੀਕ ਸਿੰਘ, ਭਗਵਾਨ ਦਾਸ, ਜਗਦੀਸ਼ ਸਿੰਘ, ਗੁਰਨਾਮ ਸਿੰਘ, ਮੁਖਤਿਆਰ ਸਿੰਘ, ਬਲਬੀਰ ਸਿੰਘ, ਹਰਦੀਪ ਸਿੰਘ, ਜੈ ਰਾਮ ਭਾਟੀਆ, ਹਰਜਿੰਦਰ ਸਿੰਘ ਗਿੱਲ, ਰਤਨ ਸਿੰਘ, ਜੋਗਿੰਦਰ ਰਾਮ, ਸਵਰਨ ਸਿੰਘ ਵਾਈਐੱਮ, ਜੋਗ ਰਾਜ, ਗੁਰੂ ਦੱਤ, ਮਹਿੰਦਰ ਕੁਮਾਰ, ਜੋਧ ਸਿੰਘ, ਭੁਪਿੰਦਰ ਸਿੰਘ ਬੈਂਸ, ਹਰਭਜਨ ਦਾਸ ਨਿਆਜ਼ੀ, ਪਾਖਰ ਦਾਸ, ਬਲਵਿੰਦਰ ਸਿੰਘ, ਬਲਜੀਤ ਸਿੰਘ, ਸੋਹਣ ਲਾਲ, ਗੁਰਦੇਵ ਸਿੰਘ, ਕਰਨੈਲ ਸਿੰਘ ਅਜੜਾਮ, ਦਰਸ਼ਨ ਸਿੰਘ ਢਾਡਾ ਅਤੇ ਹਰਨਾਮ ਦਾਸ ਆਦਿ ਹਾਜ਼ਰ ਸਨ।

# ਆਵਾਜ਼ੀ ਪ੍ਰਦੂਸ਼ਣ ਸਬੰਧੀ ਜ਼ਿਲ੍ਹਾ ਮੈਜਿਸਟਰੇਟ ਨੇ ਜਾਰੀ ਕੀਤੇ ਹੁਕਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਜ਼ਿਲਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵਲੋਂ ਫੌਜਦਾਰੀ ਜ਼ਾਬਤਾ ਸੰਘਤਾ 1973 (1973 ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਾਰੀ ਕੀਤੇ ਹੁਕਮ ਅਨੁਸਾਰ ਜ਼ਿਲ੍ਹੇ ਵਿਚ ਕੋਈ ਵੀ ਆਵਾਜ਼ੀ ਪ੍ਰਦੂਸ਼ਣ/ਜ਼ਿਆਦਾ ਸ਼ੋਰ ਕਰਨ ਵਾਲੇ ਯੰਤਰਾਂ, ਸੰਗੀਤ ਵਾਲੇ ਅਤੇ ਕਿਸੇ ਤਰ੍ਹਾਂ ਦੇ ਆਵਾਜ਼ੀ ਪ੍ਰਦੂਸ਼ਣ, ਸ਼ੋਰ, ਧਮਕ ਪੈਦਾ ਕਰਨ ਯੋਗ ਅਤੇ ਕਿਸੇ ਵੀ ਤਰ੍ਹਾਂ ਦੇ ਪਟਾਕਿਆਂ ਅਤੇ ਆਤਿਸ਼ਬਾਜ਼ੀ ਚਲਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ। ਇਹ ਪਾਬੰਦੀ ਕੇਵਲ ਰੰਗ ਪੈਦਾ ਕਰਨ ਵਾਲੇ ਪਟਾਖਿਆਂ ਅਤੇ ਫੁਲਝੜੀਆਂ 'ਤੇ ਲਾਗੂ ਨਹੀਂ ਹੋਵੇਗੀ। ਇਸੇ ਤਰ੍ਹਾਂ ਗੱਡੀਆਂ ਆਦਿ ਵਿੱਚ ਕਿਸੇ ਤਰ੍ਹਾਂ ਦੇ ਪ੍ਰੈਸ਼ਰ ਹਾਰਨ, ਵੱਖ-ਵੱਖ ਸੰਗੀਤ ਵਾਲੇ ਅਤੇ ਕਿਸੇ ਤਰ੍ਹਾਂ ਦਾ ਆਵਾਜ਼ੀ ਪ੍ਰਦੂਸ਼ਣ, ਸ਼ੋਰ, ਧਮਕ, ਜ਼ਿਆਦਾ ਆਵਾਜ਼ ਪੈਦਾ ਕਰਨ ਵਾਲੇ ਹਾਰਨ ਨੂੰ ਵਜਾਉਣ 'ਤੇ ਵੀ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ। ਸਿਰਫ ਸਰਕਾਰ ਵਲੋਂ ਨਿਰਧਾਰਤ ਕੀਤੇ ਗਏ ਹਾਰਨ ਜੋ ਆਵਾਜ਼ੀ ਪ੍ਰਦੂਸ਼ਣ ਤੋਂ ਰਹਿਤ ਹੋਣ, ਹੀ ਨਿਰਧਾਰਤ ਆਵਾਜ਼ ਵਿਚ ਵਜਾਏ ਜਾ ਸਕਦੇ ਹਨ। ਇਸ ਤੋਂ ਇਲਾਵਾ ਕਿਸੇ ਵੀ ਗੈਰ ਸਰਕਾਰੀ ਇਮਾਰਤਾਂ, ਵਪਾਰਕ ਦੁਕਾਨਾਂ, ਜਨਤਕ ਥਾਵਾਂ, ਸਿਨੇਮਿਆਂ, ਮਾਲਜ਼, ਹੋਟਲ ਰੈਸਟੋਰੈਂਟ ਅਤੇ ਮੇਲਿਆਂ ਆਦਿ ਵਿਚ ਉੱਚੀ ਆਵਾਜ਼ ਅਤੇ ਧਮਕ ਪੈਦਾ ਕਰਨ ਵਾਲੇ ਮਿਊਜ਼ਿਕ ਅਤੇ ਅਸ਼ਲੀਲ ਗੀਤ ਚਲਾਏ ਜਾਣ 'ਤੇ ਪੂਰਨ ਤੌਰ 'ਤੇ ਪਾਬੰਦੀ ਹੈ। ਸਾਇਲੈਂਸ ਜ਼ੋਨ ਜਿਵੇਂ ਕਿ ਮੰਤਰਾਲਾ, ਜੰਗਲਾਤ, ਹਸਪਤਾਲਾਂ, ਵਿਦਿਅਕ ਸੰਸਥਾਵਾਂ, ਅਦਾਲਤਾਂ, ਧਾਰਮਿਕ ਸੰਸਥਾਵਾਂ ਜਾਂ ਕੋਈ ਇਲਾਕਾ ਜਿਹੜਾ ਕਿ ਸਮਰੱਥ ਅਧਿਕਾਰੀ ਵਲੋਂ ਸਾਇਲੈਂਸ ਜੋਨ ਐਲਾਨਿਆ ਗਿਆ ਹੋਵੇ, ਦੇ 100 ਮੀਟਰ ਦੇ ਘੇਰੇ ਅੰਦਰ ਆਤਿਸ਼ਬਾਜ਼ੀ/ਪਟਾਖਿਆਂ/ਲਾਊਡ ਸਪੀਕਰਾਂ/ਪ੍ਰੈਸ਼ਰ ਹਾਰਨਾਂ ਅਤੇ ਸ਼ੋਰ ਪੈਦਾ ਕਰਨ ਵਾਲੇ ਯੰਤਰਾਂ ਦੇ ਚਲਾਉਣ/ਲਗਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਇਸੇ ਤਰ੍ਹਾਂ ਖਾਸ ਹਾਲਤਾਂ ਅਤੇ ਮੌਕਿਆਂ ਸਮੇਂ ਪ੍ਰਬੰਧਕ, ਧਾਰਮਿਕ ਸਥਾਨਾਂ/ਪੰਡਾਲਾਂ ਵਿਚ ਲਾਊਡ ਸਪੀਕਰ ਅਤੇ ਅਧਿਕਾਰਤ ਮੈਰਿਜ਼ ਪੈਲਸਾਂ ਵਿਚ ਡੀ ਜੇ/ਆਰਕੈਸਟਰਾ, ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਪੰਜਾਬ ਇੰਸਟਰੂਮੈਂਟਸ (ਕੰਟਰੋਲ ਆਫ ਨੋਆਇਸ) ਐਕਟ 1956 ਵਿਚ ਦਰਜ ਸ਼ਰਤਾਂ ਸਹਿਤ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਚਲਾਉਣਗੇ। ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਲੋੜੀਂਦੀ ਪ੍ਰਵਾਨਗੀ ਲੈਣ ਦੇ ਬਾਵਜੂਦ ਮਾਨਯੋਗ ਸੁਪਰੀਮ ਕੋਰਟ ਆਫ਼ ਇੰਡੀਆ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਿਸੇ ਵਲੋਂ ਵੀ ਕਿਸੇ ਵੀ ਥਾਂ 'ਤੇ ਚਲਾਏ ਜਾ ਰਹੇ ਲਾਊਡ ਸਪੀਕਰਾਂ/ਡੀ ਜੇ/ਸੰਗੀਤਕ ਯੰਤਰ/ਐਡਰੈਸ ਸਿਸਟਮ ਆਦਿ ਦੀ ਆਵਾਜ਼ ਸੀਮਾ ਸਬੰਧਤ ਜਗ੍ਹਾ ਦੇ ਆਵਾਜ਼ੀ ਸਟੈਂਡਰਡ ਸੀਮਾ ਨਿਸ਼ਚਿਤ ਕੀਤੀ ਗਈ ਹੈ, ਜਿਸ ਤਹਿਤ ਉਦਯੋਗਿਕ ਅਦਾਰਿਆਂ ਵਿੱਚ ਦਿਨ ਵੇਲੇ 75 ਡੀ ਬੀ (ਏ) ਅਤੇ ਰਾਤ ਸਮੇਂ 70 ਡੀ ਬੀ (ਏ), ਕਮਰਸ਼ੀਅਲ ਏਰੀਏ ਵਿੱਚ ਦਿਨ ਵੇਲੇ 65 ਅਤੇ ਰਾਤ ਸਮੇਂ 55, ਰਿਹਾਇਸ਼ੀ ਏਰੀਏ ਵਿੱਚ ਦਿਨ ਵੇਲੇ 55 ਅਤੇ ਰਾਤ ਸਮੇਂ 45 ਅਤੇ ਸਾਈਲੈਂਸ ਜ਼ੋਨ ਵਿੱਚ ਦਿਨ ਵੇਲੇ 50 ਡੀ ਬੀ (ਏ) ਅਤੇ ਰਾਤ ਸਮੇਂ 40 ਡੀ ਬੀ (ਏ) ਤੋਂ ਵੱਧ ਨਹੀਂ ਹੋਵੇਗੀ। ਇਸ ਪਾਬੰਦੀ ਦਾ ਦਿਨ ਦੇ ਸਮੇਂ ਦਾ ਮਤਲਬ ਸਵੇਰੇ 6-00 ਵਜੇ ਤੋਂ ਰਾਤ 10-00 ਵਜੇ ਤੱਕ ਹੈ। ਇਹ ਹੁਕਮ ਸਰਕਾਰੀ ਮਸ਼ੀਨਰੀ ਅਤੇ ਐਮਰਜੈਂਸੀ ਦੀ ਸਥਿਤੀ ਵਿਚ ਲਾਗੂ ਨਹੀਂ ਹੋਵੇਗਾ। ਇਹ ਹੁਕਮ 8 ਸਤੰਬਰ 2024 ਤੱਕ ਲਾਗੂ ਰਹਿਣਗੇ।

# ਭਾਰਤ ਤੋਂ ਨਿਊਜ਼ੀਲੈਂਡ ਆਉਣ ਵਾਲਿਆਂ ਦੀ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ ਘਟੀ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਜਾਰੀ ਅੰਕੜਿਆਂ ਅਨੁਸਾਰ ਮਹੀਨੇ ਮਹੀਨੇ ਇਕ ਲੱਖ 79 ਹਜ਼ਾਰ 665 ਲੋਕ ਇਥੇ ਯਾਤਰੀ ਵੀਜ਼ੇ ਉਤੇ ਆਏ। ਪਹਿਲੇ ਨੰਬਰ ਉਤੇ ਆਸਟਰੇਲੀਆ ਵਾਲੇ 80,466 ਲੋਕ ਇਥੇ ਘੁੰਮਣ ਆਏ, ਅਮਰੀਕਾ ਤੋਂ 15,155, ਚੀਨ ਤੋਂ 13,904, ਭਾਰਤ ਤੋਂ 8614 (ਪਿਛਲੇ ਸਾਲ ਦੇ ਮੁਕਾਬਲੇ 953 ਘਟੇ), ਯੂਨਾਈਟਿਡ ਕਿੰਗਡਮ ਤੋਂ 4806, ਸਿੰਗਾਪੋਰ ਤੋਂ 4371, ਫੀਜ਼ੀ ਤੋਂ 3456, ਤਾਇਵਾਨ ਤੋਂ 3386, ਕੋਰੀਆ ਤੋਂ 3350, ਜਾਪਾਨ ਤੋਂ 3314, ਮਲੇਸ਼ੀਆ ਤੋਂ 2847, ਫਿਲੀਪੀਨਜ ਤੋਂ 2359, ਹਾਂਗਕਾਂਗ ਤੋਂ 2261, ਕੈਨੇਡਾ ਤੋਂ 2170 ਅਤੇ ਹੋਰ ਕਈ ਮੁਲਕਾਂ ਤੋਂ ਲੋਕ ਇਥੇ ਆਏ। ਕੁੱਲ ਮਿਲਾ ਕੇ ਪਿਛਲੇ ਸਾਲ ਦੇ ਮੁਕਾਬਲੇ 19300 ਲੋਕ ਇਥੇ ਵੱਧ ਆਏ, ਪਰ ਭਾਰਤੀਆਂ ਦੀ ਗਿਣਤੀ 953 ਦੇ ਕਰੀਬ ਘਟੀ ਹੈ। ਮਈ ਤੋਂ ਮਈ ਵੇਖਿਆ ਜਾਵੇ ਤਾਂ ਪਿਛਲੇ ਸਾਲ ਦੇ ਮੁਕਾਬਲੇ ਭਾਰਤੀਆਂ ਦੀ ਗਿਣਤੀ 33,000 ਤੋਂ 86,000 ਹੋਈ ਹੈ। ਨਿਊਜ਼ੀਲੈਂਡ ਦੇ ਵਿਚ ਮਈ 2024 ਦੇ ਮਹੀਨੇ 4,11,565 ਲੋਕ ਇਥੇ ਦਾਖਲ ਹੋਏ ਅਤੇ 464,868 ਬਾਹਰ ਗਏ, ਇਸੀ ਤਰ੍ਹਾਂ ਜੂਨ ਮਹੀਨੇ 430,568 ਲੋਕ ਇਥੇ ਆਏ ਅਤੇ 451,360 ਲੋਕ ਬਾਹਰ ਗਏ ਹਨ। ਸੋ ਹਵਾਈ ਏਅਰਪੋਰਟ ਜਾਂ ਸਮੁੰਦਰੀ ਬੰਦਰਗਾਹਾਂ ਉਤੇ ਲਗਪਗ ਇਕ ਮਿਲੀਅਨ ਲੋਕ ਪ੍ਰਤੀ ਮਹੀਨਾ ਆ ਜਾ ਰਹੇ ਹਨ।

# ਔਕਲੈਂਡ ਕੌਂਸਿਲ ਨੇ ਛੋਟੇ ਕਾਰੋਬਾਰੀਆਂ ਵਾਸਤੇ 'ਸਮਾਲ ਬਿਜ਼ਨਸ ਅਡਵਾਈਜ਼ਰੀ ਪੈਨਲ' ਗਠਿਤ ਕੀਤਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਔਕਲੈਂਡ ਕੌਂਸਿਲ ਵੱਲੋਂ ਸਥਾਨਿਕ ਛੋਟੇ ਕਾਰੋਬਾਰੀਆਂ ਦੀਆਂ ਮੁਸ਼ਕਿਲਾਂ ਨੂੰ ਹੋਰ ਨੇੜਿ ਵੇਖਣ, ਸਮਝਣ, ਉਨ੍ਹਾਂ ਦੇ ਹੱਲ ਅਤੇ ਸਿਸਟਮ ਦੇ ਵਿਚ ਤਬਦੀਲੀਆਂ ਦੀ ਸ਼ਿਫਾਰਸ਼ ਦੇ ਲਈ 'ਸਮਾਲ ਬਿਜ਼ਨਸ ਅਡਵਾਈਜ਼ਰੀ ਪੈਨਲ' (ਛੋਟੇ ਕਾਰੋਬਾਰੀਆਂ ਲਈ ਸਲਾਹਕਾਰ ਬੋਰਡ) ਬਣਾਇਆ ਗਿਆ ਹੈ, ਜਿਸ ਨੇ ਪਹਿਲੀ ਜੁਲਾਈ ਤੋਂ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।



ਰਘਬੀਰ ਸਿੰਘ ਸ਼ੇਰਗਿੱਲ (ਜੇ.ਪੀ.)



ਸੰਨੀ ਕੌਸ਼ਿਲ (ਡੇਅਰੀ ਅਤੇ ਬਿਜ਼ਨਸ ਗਰੁੱਪ)

ਔਕਲੈਂਡ ਦੇ ਮੇਅਰ ਸ੍ਰੀ ਵੇਅ ਬ੍ਰਾਊਨ ਨੇ ਇਨ੍ਹਾਂ ਨਿਯੁਕਤੀਆਂ ਨੂੰ ਪ੍ਰਵਾਨਗੀ ਦਿੱਤੀ ਹੈ। ਭਾਰਤੀਆਂ ਖਾਸ ਕਰ ਪੰਜਾਬੀਆਂ ਨੂੰ ਇਸ ਗੱਲ ਦੀ ਖੁਸ਼ੀ ਹੋਏਗੀ ਕਿ ਇਸ ਸਲਾਹਕਾਰ ਦਲ ਦੇ ਵਿਚ ਦੋ ਪੰਜਾਬੀ ਚਿਹਰੇ ਵੀ ਸ਼ਾਮਿਲ ਕੀਤੇ ਹਨ ਜਿਨ੍ਹਾਂ ਵਿਚ ਸ। ਰਘਬੀਰ ਸਿੰਘ ਸ਼ੇਰਗਿੱਲ (ਜੇ.ਪੀ.) ਅਤੇ ਸ੍ਰੀ ਸੰਨੀ ਕੌਸ਼ਿਲ (ਡੇਅਰੀ ਅਤੇ ਬਿਜ਼ਨਸ ਆਨਰ ਗਰੁੱਪ ਦੇ ਚੇਅਰਮੈਨ) ਹਨ। ਸ. ਰਘਬੀਰ ਸਿੰਘ ਇਕ ਸਫਲ ਕਾਰੋਬਾਰੀ ਹਨ ਅਤੇ ਲੰਬਾ ਸਮਾਂ ਪਾਪਾਟੋਏਟੋਏ ਦੇ ਵਿਚ ਪੀਜ਼ਾ ਫੈਕਟਰੀ ਦੇ ਮਾਲਕ ਰਹੇ ਹਨ। ਉਹ ਇਸ ਵੇਲੇ ਵੀ ਕਈ ਆਪਣੇ ਵਪਾਰਕ ਅਦਾਰਿਆਂ ਦੇ ਨਾਲ ਸਿੱਧੇ ਅਤੇ ਅਸਿੱਧੇ ਤੌਰ ਉਤੇ ਜੁੜੇ ਹੋਏ ਹਨ। ਇਸੇ ਤਰ੍ਹਾਂ ਸ੍ਰੀ ਸੰਨੀ ਕੌਸ਼ਿਲ ਵੀ ਲੰਬੇ ਸਮੇਂ ਤੋਂ ਛੋਟੇ ਕਾਰੋਬਾਰੀਆਂ ਅਤੇ ਡੇਅਰੀ ਬਿਜ਼ਨਸ ਅਦਾਰਿਆਂ ਦੀ ਰਾਸ਼ਟਰੀ ਮੀਡੀਏ ਤੱਕ ਨੁਮਾਇੰਦਗੀ ਕਰਦੇ ਰਹੇ ਹਨ ਅਤੇ ਛੋਟੇ ਕਾਰੋਬਾਰੀਆਂ ਦੀ ਸਹਾਇਤਾ ਲਈ ਬਣੇ 'ਡੇਅਰੀ ਅਤੇ ਬਿਜ਼ਨਸ ਔਨਰ ਗਰੁੱਪ੍ਰਯ ਦੇ ਚੇਅਰਮੈਨ ਵੀ ਹਨ। ਹਾਲ ਹੀ ਦੇ ਵਿਚ ਅਪਰਾਧਿਕ ਮਾਮਲਿਆਂ ਨੂੰ ਲੈ ਕੇ ਨੈਸ਼ਨਲ ਸਰਕਾਰ ਵੱਲੋਂ ਇਕ ਕਮਿਸ਼ਨ ਵੀ ਬਣਾਇਆ ਜਾ ਰਿਹਾ ਹੈ, ਜਿਸ ਦੇ ਚੇਅਰਮੈਨ ਸ੍ਰੀ ਸੰਨੀ ਕੌਸ਼ਿਲ ਨੂੰ ਲਾਇਆ ਜਾ ਰਿਹਾ ਹੈ। ਇਹ ਕਮਿਸ਼ਨ ਸਰਕਾਰ ਨੂੰ ਸ਼ਿਫਾਰਸ ਕਰੇਗਾ ਕਿ ਅਪਰਾਧਿਕ ਮਾਮਲਿਆਂ ਨੂੰ ਘੱਟ ਕਰਨ ਵਾਸਤੇ ਕੀ ਸੰਭਾਵਨਾ ਅਪਣਾਈਆਂ ਜਾ ਸਕਦੀਆਂ ਹਨ।

ਇਨ੍ਹਾਂ ਦੋਹਾਂ ਪੰਜਾਬੀਆਂ ਵੱਲੋਂ ਛੋਟੇ ਕਾਰੋਬਾਰੀਆਂ ਦੇ ਨਾਲ ਹੋਰ ਰਾਬਤਾ ਕਾਇਮ ਕਰਕੇ ਕਿਹੜੀਆਂ ਤਬਦੀਲੀਆਂ ਲਿਆਂਦੀਆਂ ਜਾ ਸਕਦੀਆਂ ਹਨ, ਸਮਾਂ ਹੀ ਦੱਸੇਗਾ ਪਰ ਐਨੀ ਆਸ ਜ਼ਰੂਰ ਰੱਖੀ ਜਾ ਸਕਦੀ ਹੈ ਕਿ ਇਹ ਦੋਵੇਂ ਸਥਾਨਕ ਅਤੇ ਰਾਸ਼ਟਰੀ ਸਰਕਾਰ ਦੇ ਕੰਨਾਂ ਤੱਕ ਆਪਣੀ ਗੱਲ ਪਹੁੰਚਾਉਣ ਦੇ ਲਈ ਘੰਟੀ ਉਤੇ ਠੋਲੂ ਮਾਰਨ ਦਾ ਕੰਮ ਜਰੂਰ ਕਰਨਗੇ।

ਪੰਜਾਬੀ ਮੀਡੀਆ ਕਰਮੀਆਂ ਰੇਡੀ ਸਪਾਈਸ, ਪੰਜਾਬੀ ਹੈਰਲਡ ਅਤੇ ਏਥਨਿਕ ਕਮਿਊਨਿਟੀਜ਼ ਅਡਵਾਈਜ਼ਰੀ ਪੈਨਲ ਦੇ ਮੈਂਬਰ ਸ. ਪਰਮਿੰਦਰ ਸਿੰਘ ਪਾਪਾਟੋਏਟੋਏ, ਅਤੇ ਸੰਨੀ ਸਿੰਘ ਇਮੀਗ੍ਰੇਸ਼ਨ ਸਲਾਹਕਾਰ ਨੇ ਇਨ੍ਹਾਂ ਦੋਹਾਂ ਸਲਾਹਕਾਰਾਂ ਨੂੰ ਵਧਾਈ ਦਿੱਤੀ ਹੈ।

# ਕੈਨੇਡਾ 'ਚ 5 ਮਿੰਟਾਂ 'ਚ ਹੋ ਜਾਂਦੀ ਹੈ ਕਾਰ ਚੋਰੀ ਅਤੇ ਨਿਊਜ਼ੀਲੈਂਡ 'ਚ 30 ਮਿੰਟਾਂ ਵਿਚ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਕਾਲੇ ਪਾਸਪੋਰਟ ਲੈ ਕੇ ਭਾਵੇਂ ਲੋਕ ਦੂਜੇ ਵਿਕਸਤ ਦੇਸ਼ਾਂ ਦੇ ਵਿਚ ਉਜਵਲ ਭਵਿੱਖ ਦਾ ਸੁਪਨਾ ਲੈ ਕੇ ਉਡਾਰੀ ਮਾਰ ਰਹੇ ਹਨ, ਪਰ ਕਈ ਵਾਰ ਕੰਮ ਰਾਸ ਨਾ ਆਏ ਤਾਂ ਹਾਲ ਉਥੇ ਵੀ ਉਹੋ ਜਿਹਾ ਹੀ ਹੋ ਜਾਂਦਾ। ਕੈਨੇਡਾ ਦੀ ਗੱਲ ਕਰੀਏ ਤਾਂ ਬਹੁਤ ਸਾਰੀਆਂ ਥਾਵਾਂ ਦੂਜਾ ਪੰਜਾਬ ਬਣ ਗਈਆਂ ਹਨ। ਸਾਲ 2022 ਦੇ ਵਿਚ ਉਥੇ 1,05,000 ਕਾਰਾਂ ਚੋਰੀ ਹੋਈਆਂ ਦੀ ਰਿਪੋਰਟ ਹੈ, ਇਸਦਾ ਮਤਲਬ ਹੈ ਕਿ ਪ੍ਰਤੀ 5 ਮਿੰਟ ਦੇ ਵਿਚ ਇਕ ਕਾਰ ਚੋਰੀ ਹੋ ਰਹੀ ਹੈ। ਇਸਦੇ ਮੁਕਾਬਲੇ ਨਿਊਜ਼ੀਲੈਂਡ ਵੀ ਵਿਕਸਤ ਦੇਸ਼ ਹੈ ਅਤੇ ਇਥੇ ਪ੍ਰਤੀ 30 ਮਿੰਟ ਦੇ ਵਿਚ ਇਕ ਕਾਰ ਚੋਰੀ ਹੋ ਰਹੀ ਹੈ। ਜਿਸ ਹਿਸਾਬ ਦੇ ਨਾਲ ਨਿਊਜ਼ੀਲੈਂਡ ਦੇ ਵਿਚ ਅਪਰਾਧ ਦੀ ਦਰ ਵਧ ਰਹੀ




ਹੈ, ਲਗਦਾ ਹੈ ਕਿ ਇਥੇ ਵੀ ਕਾਰਾਂ ਚੋਰੀ ਕਰਨ ਦੀ ਸਪੀਡ ਤੇਜ਼ ਹੋਣ ਵਾਲੀ ਹੈ। ਔਕਲੈਂਡ ਖੇਤਰ ਦੇ ਵਿਚ 33% ਕਾਰਾਂ ਚੋਰੀ ਹੋਈਆਂ, ਕੈਂਟਰਬਰੀ ਦੇ ਵਿਚ 17% ਅਤੇ ਵਾਇਕਾਟੋ ਦੇ ਵਿਚ 12% ਕਾਰਾਂ ਚੋਰੀ ਹੋਈਆਂ ਹਨ। ਚੋਰਾਂ ਦੀਆਂ ਮਨਪਸੰਦ ਕਾਰਾਂ ਦੇ ਵਿਚ ਟੋਇਟਾ ਐਕੂਆ ਪਹਿਲੇ ਨੰਬਰ, ਨਿਸ਼ਨ ਟਿੱਡਾ ਦੂਜੇ ਅਤੇ ਟੋਇਟਾ ਕਰੋਲਾ ਤੀਜੇ ਨੰਬਰ ਉਤੇ ਹੈ। ਆਸਟਰੇਲੀਆ ਵਿਖੇ ਵੀ ਕਾਰ ਚੋਰੀ ਦੀਆਂ ਘਟਨਾਵਾਂ ਕਾਫੀ ਹਨ, ਪਿਛਲੇ ਸਾਲ 14,670 ਕਾਰਾਂ ਚੋਰੀਆਂ ਹੋਈਆਂ ਇਸ ਹਿਸਾਬ ਨਾਲ 36 ਮਿੰਟ ਦੇ ਕਰੀਬ ਇਕ ਕਾਰ ਚੋਰੀ ਹੋ ਜਾਂਦੀ ਹੈ। ਸੋ ਜਿਸ ਹਿਸਾਬ ਨਾਲ ਕੈਨੇਡਾ ਦੇ ਵਿਚ ਚੋਰੀ ਦੀਆਂ ਘਟਨਾਵਾਂ ਹਨ, ਉਸ ਹਿਸਾਬ ਨਾਲ ਤਾਂ ਨਿਊਜ਼ੀਲੈਂਡ ਚੰਗਾ।

# ਚੌਥੇ ਨਿਊਜ਼ੀਲੈਂਡ ਪੰਜਾਬੀ ਪੇਂਟਿੰਗ ਮੁਕਾਬਲੇ ਦੇ ਜੇਤੂਆਂ ਨੂੰ ਵੰਡੇ ਇਨਾਮ-ਸਾਂਸਦ ਜੈਨੀ ਸਾਲੇਸਾ ਪਹੁੰਚੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਮਲਟੀ ਮੀਡੀਆ ਟ੍ਰਸਟ ਅਤੇ ਰੇਡੀਓ ਸਪਾਈਸ ਵੱਲੋਂ ਸਥਾਨਿਕ ਮੀਡੀਆ ਅਤੇ ਆਪਣੇ ਸਪਾਂਸਰਜ਼ ਦੇ ਸਹਿਯੋਗ ਨਾਲ ਅੱਜ ਸ਼ਾਮ ਚੌਥੇ 'ਨਿਊਜ਼ੀਲੈਂਡ ਪੰਜਾਬੀ ਪੇਂਟਿੰਗਜ਼-2024' ਦਾ ਇਨਾਮ ਰੱਖਿਆ ਗਿਆ ਸੀ। ਡੋਮੀਨੋਜ਼ ਪੀਜ਼ਾ ਪਾਪਾਟੋਏਟੋਏ ਤੋਂ ਸ। ਹਰਿੰਦਰ ਸਿੰਘ ਮਾਨ ਵੱਲੋਂ ਜੇਤੂ ਬੱਚਿਆਂ ਵਾਊਚਰ ਦਿੱਤੇ ਗਏ ਅਤੇ ਮਹਿਮਾਨਾਂ ਵਾਸਤੇ ਪੀਜ਼ੇ ਲਿਆਂਦੇ। ਜੱਜ ਸਾਹਿਬਾਨ ਦੀ ਭੂਮਿਕਾ ਮੈਡਮ ਕੁਲਵੰਤ ਕੌਰ ਅਤੇ ਸ। ਹਰਜੋਤ ਸਿੰਘ




ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੰਡੇ ਗਏ। ਇਸ ਤੋਂ ਪਹਿਲਾਂ ਆਏ ਸਾਰੇ ਮਹਿਮਾਨਾਂ ਦੇ ਲਈ ਪੰਜਾਬੀ ਚਾਪ ਮੈਨੁਰੇਵਾ ਤੋਂ ਵਿਸ਼ੇਸ਼ ਤੌਰ ਉਤੇ ਵੈਜ਼ੀਟੇਰੀਅਨ ਚਾਂਪ ਅਤੇ ਜਲਜੀਰੇ ਦਾ ਪ੍ਰਬੰਧ ਕੀਤਾ ਗਿਆ ਸੀ। ਪੇਂਟਿੰਗਜ਼ ਮੁਕਾਬਲਿਆਂ ਦੇ ਵਿਚ 5 ਤੋਂ 10 ਸਾਲ। 10 ਤੋਂ 16 ਸਾਲ ਅਤੇ 16 ਸਾਲ ਤੋਂ ਉਪਰ ਦੇ ਕਲਾਕਾਰਾਂ ਦੀਆਂ ਚਿੱਤਰਕਲਾਵਾਂ ਨੂੰ ਮੁਕਾਬਲੇ ਵਿਚ ਸ਼ਾਮਿਲ ਕੀਤਾ ਗਿਆ। ਲਗਪਗ 22 ਕਲਾਕਾਰਾਂ ਨੇ ਇਸ ਮੁਕਾਬਲੇ ਵਿਚ ਭਾਗ ਲਿਆ। 5 ਤੋਂ 10 ਸਾਲ ਦੀ ਸ਼੍ਰੇਣੀ ਵਿਚ ਪਹਿਲਾ ਇਨਾਮ ਤਵਲੀਨ ਕੌਰ, ਦੂਜਾ ਇਨਾਮ ਆਦਿਲਪ੍ਰੀਤ ਸਿੰਘ ਅਤੇ ਤੀਜਾ ਇਨਾਮ ਮਨਵੀਰ ਚਾਵਲਾ ਨੂੰ ਦਿੱਤਾ ਗਿਆ। 11 ਤੋਂ 15 ਸਾਲ ਦੀ ਸ਼੍ਰੇਣੀ ਦੇ ਵਿਚ ਪਹਿਲਾ ਇਨਾਮ ਹੈਜ਼ਲੀਨ ਕੌਰ, ਦੂਜਾ ਇਨਾਮ ਵੇਦਾ ਰਾਜ ਕੁਮਾਰ ਅਤੇ ਤੀਜਾ ਇਨਾਮ ਹਰਵੀਨ ਕੌਰ ਤੂਰ ਨੂੰ ਮਿਲਿਆ। 16 ਤੋਂ ਉਪਰ ਵਾਲੀ ਸ਼੍ਰੇਣੀ ਵਿਚ ਪਹਿਲਾ ਇਨਾਮ ਪੰਕਜ਼ ਭਾਂਵਰੀ, ਦੂਜਾ ਇਨਾਮ ਨੀਲਮ ਅਤੇ ਤੀਜਾ ਇਨਾਮ ਕਿਰਨਜੋਤ ਕੌਰ ਨੂੰ ਦਿੱਤਾ ਗਿਆ।

ਸਾਰੇ ਜੇਤੂਆਂ ਨੂੰ ਪਹਿਲੇ ਇਨਾਮ ਦੇ ਰੂਪ ਵਿਚ 300 ਡਾਲਰ, ਦੂਸਰੇ ਨੰਬਰ ਵਾਲੇ ਨੂੰ 250 ਅਤੇ ਤੀਜੇ ਨੰਬਰ ਉਤੇ ਰਹਿਣ ਵਾਲਿਆਂ ਲਈ 150 ਡਾਲਰ ਹੋਰਾਂ ਨੇ ਨਿਭਾਈ। ਲੇਬਰ ਸਾਂਸਦ ਜੈਨੀ ਸਾਲੇਸਾ ਨੇ ਸਾਰੇ ਜੇਤੂਆਂ ਨੂੰ ਵਧਾਈ ਦਿੱਤੀ, ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿਤੀ ਅਤੇ ਪੂਰੇ ਭਾਰਤੀ ਭਾਈਚਾਰੇ ਨੂੰ ਨਿਊਜ਼ੀਲੈਂਡ ਦੇ ਵਿਚ ਨੰਬਰ 1 ਦੱਸਿਆ। ਉਨ੍ਹਾਂ ਨਵਤੇਜ ਰੰਧਾਵਾ ਨੂੰ ਵੀ ਆਪਣੇ ਭਾਸ਼ਣ ਵਿਚ ਸ਼ਾਮਿਲ ਕਰਦਿਆਂ ਕਿਹਾ ਕਿ ਕਮਿਊਨਿਟੀ ਦੇ ਲਈ ਕੰਮ ਕਰਨ ਦਾ ਉਨ੍ਹਾਂ ਦਾ ਜ਼ਜਬਾ ਵੀ ਕਾਬਲੇ ਤਰੀਫ ਹੈ।

ਐਬਾਕਸ ਸਕੂਲ ਟਾਕਾਨੀਨੀ ਤੋਂ ਸ. ਹਰਪ੍ਰੀਤ ਸਿੰਘ ਹੋਰਾਂ ਨੇ ਬੱਚਿਆਂ ਨੂੰ ਜੋੜ, ਘਟਾਉ ਅਤੇ ਤਕਸੀਮ ਦੇ ਸਵਾਲ ਦੇ ਕੇ ਬੱਚਿਆਂ ਕੋਲੋਂ ਤੁਰੰਤ ਹੱਲ ਕਰਵਾਏ ਗਏ, ਜੋ ਕਿ ਜਾਦੂ ਵਿਖਾਉਣ ਦੇ ਬਰਾਬਰ ਸੀ। ਕਰਨ ਰਾਣਾ ਅਤੇ ਸੁਰਗਿਆਨ ਨੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਤਕਸੀਮ ਕੀਤੇ।

ਸਟੇਜ ਸੰਚਾਲਨ ਕਰਦਿਆਂ ਸ। ਪਰਮਿੰਦਰ ਸਿੰਘ ਪਾਪਾਟੋਏਟੋਏ ਹੋਰਾਂ ਨੇ ਆਏ ਸਾਰੇ ਮਹਿਮਾਨਾਂ, ਸਪਾਂਸਰਜ਼ ਅਤੇ ਜੱਜ ਸਾਹਿਬਾਨ ਦਾ ਧੰਨਵਾਦ ਕੀਤਾ। ਸ. ਨਵਤੇਜ ਸਿੰਘ ਰੰਧਾਵਾ ਨੇ ਪੰਜਾਬੀਆਂ ਦੀ ਇਥੇ ਜੜ੍ਹਾਂ ਕਿਵੇਂ ਲੱਗੀਆਂ, ਬਾਰੇ ਸੰਖੇਪ ਜਾਣਕਾਰੀ ਦਿੱਤੀ। ਸ। ਹਰਜੋਤ ਸਿੰਘ ਦੇ ਇਸ ਵਿਸ਼ੇ ਉਤੇ ਕੀਤੇ ਜਾ ਰਹੇ ਕਾਰਜ ਨੂੰ ਸਰਾਹਿਆ ਗਿਆ।

# ਕਾਂਗਰਸੀ ਆਗੂ ਸ. ਜਸਬੀਰ ਸਿੰਘ ਗਿੱਲ (ਡਿੰਪਾ) ਦਾ ਨਿਊਜ਼ੀਲੈਂਡ ਦੇ ਵਿਚ ਮਾਨ-ਸਨਮਾਨ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਪੰਜਾਬ ਦੇ ਮਸ਼ਹੂਰ ਸਿਆਸਤਦਾਨ ਅਤੇ 2019 ਤੋਂ 2024 ਤੱਕ ਹਲਕਾ ਖਡੂਰ ਸਾਹਿਬ ਤੋਂ ਸਾਂਸਦ ਰਹੇ ਸ. ਜਸਬੀਰ ਸਿੰਘ ਗਿੱਲ (ਡਿੰਪਾ) (96% ਪਾਰਲੀਮੈਂਟ ਹਾਜ਼ਰੀ) ਅੱਜਕਲ੍ਹ ਨਿੱਜੀ ਫੇਰੀ ਉਤੇ ਨਿਊਜ਼ੀਲੈਂਡ ਆਏ ਹੋਏ ਹਨ। ਉਨ੍ਹਾਂ ਆਪਣਾ ਸਿਆਸੀ ਜੀਵਨ ਪਿੰਡ ਲਿੱਧੜ ਦੇ ਸਰਪੰਚ ਬਨਣ ਤੋਂ ਬਾਅਦ ਕੀਤਾ ਸੀ। ਉਹ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ, ਨੈਸ਼ਨਲ ਕਾਂਗਰਸ ਦੇ ਜਨਰਲ ਸਕੱਤਰ ਅਤੇ ਸੰਨ 2002 ਦੇ ਵਿਚ ਬਿਆਸ ਤੋਂ ਵਿਧਾਇਕ ਵੀ ਬਣੇ।

ਅੱਜ ਉਨ੍ਹਾਂ ਦੇ ਮਾਨ-ਸਨਮਾਨ ਦੇ ਵਿਚ ਇਕ ਸਮਾਗਮ ਇੰਡੀਅਨ ਐਕਸੈਂਟ ਰੈਸਟੋਰੈਂਟ, ਫਲੈਟ ਬੁੱਸ਼ ਵਿਖੇ ਰੱਖਿਆ ਗਿਆ। ਇਥੇ ਵਸਦੇ ਰਈਆ ਖੇਤਰ ਦੇ ਲੋਕਾਂ ਦੇ ਵਿਚ ਉਨ੍ਹਾਂ ਪ੍ਰਤੀ ਕਾਫੀ ਉਤਸ਼ਾਹ ਸੀ। ਆਪਣੇ ਆਏ ਹੋਏ ਇਸ ਮਹਿਮਾਨ ਦੇ ਲਈ ਉਨ੍ਹਾਂ ਪਾਰਟੀ ਪੱਧਰ ਤੋਂ ਉਪਰ ਉਠ ਕੇ ਪੂਰਾ ਸਤਿਕਾਰ ਦਿੱਤਾ। ਡੋਮੀਨੋ ਪੀਜ਼ਾ ਵਾਲੇ ਸ. ਹਰਿੰਦਰ ਸਿੰਘ ਮਾਨ, ਸ੍ਰੀ ਨਵ ਪੱਡਾ, ਸ। ਕੁਲਦੀਪ ਸਿੰਘ ਰਈਆ, ਸੱਤਾ ਵੈਰੋਵਾਲੀਆ, ਬੀਰਦਵਿੰਦਰ ਮਾਨ, ਵਰਿੰਦਰ ਸਿੰਘ ਬਰੇਲੀ, ਰਵਿੰਦਰ ਸਿੰਘ ਹੀਰ, ਨਵੀ ਪੱਡਾ, ਬਲਜੀਤ ਹੀਰ, ਪੰਕਿਤ ਸੰਧੂ, ਮਨਿੰਦਰ ਸਿੰਘ ਮੰਨਾ, ਸੁਖਪ੍ਰੀਤ ਮਾਨ, ਜਰਮਨਜੀਤ ਮਾਨ, ਰੋਮਨ ਕੰਗ, ਦਿਲਬਾਗ ਬੈਂਸ, ਗੁਰਜੋਤ ਪੱਡਾ, ਅਮਰਗੜ੍ਹ, ਅਮਰਗੜ੍ਹ, ਬਿੱਲਾ ਢਿੱਲੋਂ ਅੰਮ੍ਰਿਤਸਰੀਆ ਅਤੇ ਹੋਰ ਕਈ ਨਾਮਵਰ ਸਖਸ਼ੀਅਤਾਂ ਨੇ ਇਸ ਮੌਕੇ ਸ਼ਿਰਕਤ ਕੀਤੀ। ਉਨ੍ਹਾਂ ਦਾ ਸਵਾਗਤ ਕਰਦਿਆਂ ਸ। ਹਰਿੰਦਰ ਸਿੰਘ ਮਾਨ, ਨਵ ਪੱਡਾ ਅਤੇ ਸ। ਕੁਲਦੀਪ ਸਿੰਘ ਰਈਆ ਵਾਲਿਆਂ ਨੇ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ। ਸ. ਜਸਬੀਰ ਸਿੰਘ ਡਿੰਪਾ ਹੋਰਾਂ ਇਥੇ ਵਸਦੇ ਭਾਈਚਾਰੇ ਨੂੰ ਸੰਬੋਧਨ ਹੁੰਦਿਆ ਕਿਹਾ ਕਿ ਵਿਦੇਸ਼ਾ ਦੇ ਵਿਚ ਰਹਿ ਕੇ ਪੰਜਾਬ ਦੀ ਧਰਤੀ ਨਾਲ ਜੁੜੇ ਰਹਿਣਾ ਆਪਣੇ ਪਿਛੋਕੜ ਨੂੰ ਸਾਂਭਣ ਦੇ ਬਰਾਬਰ ਹੈ। ਪ੍ਰਵਾਸੀਆਂ ਨੂੰ ਸਾਬਾਸ਼ ਦਿੰਦਿਆ ਕਿਹਾ ਕਿ ''ਤੁਹਾਡੀ ਤਰੱਕੀ ਦੇ ਵਿਚ ਮੇਰਾ ਸਿਰ ਝੁਕਦਾ ਹੈ, ਲੋਕ ਇਕ ਘਰ ਤੋਂ ਦੂਜੇ ਘਰ ਤਬਦੀਲ ਹੋਣ ਵੇਲੇ ਲੰਬਾ ਸਮਾਂ ਸੰਭਲ ਨਹੀਂ ਪਾਉਂਦੇ, ਪਰ ਤੁਸੀਂ ਐਨੀ ਦੂਰ ਦੂਸਰੇ ਮਹਾਂਦੀਪ ਪਹੁੰਚ, ਫੁੱਲਾਂ ਵਾਂਗ ਖਿੜ ਕੇ ਫੁੱਲਵਾੜੀ ਨੂੰ ਮਹਿਕਾ ਰਹੇ ਹੋ। ਤੁਹਾਨੂੰ ਕਿਸੇ ਪ੍ਰਕਾਰ ਦੀ ਪੰਜਾਬ ਦੇ ਵਿਚ ਲੋੜ ਪੈਂਦਾ ਹੈ ਤਾਂ ਮੇਰੇ ਨਾਲ ਸੰਪਰਕ ਕਰਨ ਵਿਚ ਝਿਜਕਣਾ ਨਹੀਂ।''

# ਜਿਹੜੀ ਲੇਖਣੀ ਦੇ ਕੇਂਦਰ ਵਿੱਚ ਮਾਨਵ ਨਹੀਂ, ਉਹ ਲੇਖਣੀ ਅਸਲ ਵਿੱਚ ਲੇਖਣੀ ਨਹੀਂ- ਪ੍ਰੋ. ਜਸਵੰਤ ਸਿੰਘ ਗੰਡਮ

**ਫਗਵਾੜਾ (ਬੀ.ਕੇ. ਰੱਤੂ)** ਜਿਹੜੀ ਲੇਖਣੀ ਦੇ ਕੇਂਦਰ ਵਿੱਚ ਮਾਨਵ ਨਹੀਂ ਮਨੁੱਖ ਨਹੀਂ, ਉਹ ਲੇਖਣੀ ਅਸਲ ਵਿੱਚ ਲੇਖਣੀ ਨਹੀਂ, ਜੋ ਲਿਖਤ ਲਤਾੜੇ, ਦੱਬੇ ਅਤੇ ਹਾਸ਼ੀਏ ਉੱਤੇ ਧਕੇਲੇ ਗਏ ਲੋਕਾਂ ਦੀ ਗੱਲ ਨਹੀਂ ਕਰਦੀ ਤਾਂ ਵੀ ਉਸ ਦਾ ਕੋਈ ਲਾਭ ਨਹੀਂ। ਇਸ ਲਈ ਸਿਰਫ਼ ਜੀਣ ਨਾਲ ਕੁਝ ਨਹੀਂ ਹੁੰਦਾ, ਸਗੋਂ ਸਾਨੂੰ ਮਨੁੱਖ ਹੋਣ ਦਾ ਹੱਕ ਅਦਾ ਕਰਨਾ ਚਾਹੀਦਾ ਹੈ। ਇਹ ਸ਼ਬਦ ਅੱਜ ਸਕੇਪ ਸਾਹਿਤਕ ਸੰਸਥਾ ਫਗਵਾੜਾ ਵੱਲੋਂ ਕਰਵਾਏ "ਰੂ-ਬ-ਰੂ" ਦੌਰਾਨ ਉੱਘੇ ਲੇਖਕ, ਕਾਲਮ ਨਵੀਸ ਅਤੇ ਪੱਤਰਕਾਰ ਪ੍ਰੋਫੈਸਰ ਜਸਵੰਤ ਸਿੰਘ ਗੰਡਮ ਨੇ ਕਹੇ । ਉਹਨਾਂ ਨੇ ਇਹ ਵੀ ਦੱਸਿਆ ਕਿ ਉਹ ਸਾਢੇ ਚੁਹੱਤਰ ਸਾਲ ਪਹਿਲਾਂ ਨਿਮਨ ਕਿਸਾਨੀ ਪਰਿਵਾਰ ਵਿੱਚ ਪੈਦਾ ਹੋਏ। ਆਰਥਿਕ ਤੰਗੀਆਂ ਨਾਲ਼ ਜੂਝਦਿਆਂ ਐਮ.ਏ. ਅੰਗਰੇਜ਼ੀ ਕੀਤੀ ਅਤੇ ਕਾਲਜ ਵਿੱਚ ਪੜ੍ਹਾਉਂਦਿਆਂ ਸਹਿਜ ਸੁਭਾਅ ਹੀ ਲਾਇਬ੍ਰੇਰੀ ਪੁਸਤਕਾਂ ਪੜ੍ਹਦਿਆਂ ਸਾਹਿਤ ਰਚਨਾ ਕਰਨ ਲੱਗੇ।ਉਹਨਾਂ ਕਿਹਾ ਕਿ ਪੱਤਰਕਾਰੀ ਕਰਦਿਆਂ ਵੀ ਉਹ ਹਮੇਸ਼ਾ ਸੰਘਰਸ਼ ਕਰਦੀਆਂ ਜਮਾਤਾਂ ਨਾਲ਼ ਖੜੇ ਰਹੇ। ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਪ੍ਰੋਫੈਸਰ ਜਸਵੰਤ ਸਿੰਘ ਗੰਡਮ ਨੇ ਆਪਣੇ ਵਿਛੜੇ ਦੋਸਤ ਉੱਘੇ ਸ਼ਾਇਰ ਸਵਰਗਵਾਸੀ ਸੁਰਜੀਤ ਪਾਤਰ ਨੂੰ ਯਾਦ ਕਰਦਿਆਂ, ਇਹ ਪ੍ਰੋਗਰਾਮ ਉਹਨਾਂ ਨੂੰ ਸਮਰਪਿਤ ਕਰਕੇ ਆਪਣੀ ਕਵਿਤਾ "ਪਾਤਰਨਾਮਾ" ਸੁਣਾਈ।



ਐਡਵੋਕੇਟ ਐੱਸ. ਐੱਲ. ਵਿਰਦੀ ਜੀ ਨੇ ਜੋ ਕਿ ਪ੍ਰੋਫੈਸਰ ਸਾਹਿਬ ਦੇ ਵਿਦਿਆਰਥੀ ਰਹੇ ਹਨ, ਉਹਨਾਂ ਬਾਰੇ ਗੱਲ ਕਰਦਿਆਂ ਦੱਸਿਆ ਕਿ ਉਹ ਚੰਗੇ ਅਧਿਆਪਕ ਹੋਣ ਤੋਂ ਇਲਾਵਾ ਕਰਮੱਠ ਤੇ ਨਿਡਰ ਪੱਤਰਕਾਰ ਵੀ ਹਨ ਅਤੇ ਬੀਤੇ ਸਮੇਂ ਵਿੱਚ ਮਨੁੱਖੀ ਅਧਿਕਾਰਾਂ ਦੇ ਰਾਖੇ ਵਜੋਂ ਸਰਗਰਮ ਭੂਮਿਕਾ ਨਿਭਾਉਂਦੇ ਰਹੇ ਹਨ। ਪ੍ਰੋਫੈਸਰ ਗੰਡਮ ਦੇ ਵਿਦਿਆਰਥੀ ਰਹਿ ਚੁੱਕੇ ਰਵਿੰਦਰ ਰਾਏ ਸਹਿਪਾਠੀ ਬਚਨ ਗੁੜਾ ਅਤੇ ਦੋਸਤ ਪ੍ਰਸਿੱਧ ਪੱਤਰਕਾਰ ਟੀ.ਡੀ. ਚਾਵਲਾ ਨੇ ਵੀ ਗੰਡਮ ਸਾਹਿਬ ਬਾਰੇ ਆਪਣੀਆਂ ਯਾਦਾਂ ਸਾਂਝੀਆਂ ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਪ੍ਰੋ. ਗੰਡਮ ਬਾਰੇ ਗੱਲ ਕਰਦਿਆਂ ਕਿਹਾ ਕਿ ਪ੍ਰੋਫੈਸਰ ਗੰਡਮ ਦਾ ਲਿਖਣ ਢੰਗ ਨਿਵੇਕਲਾ ਹੈ। ਉਹਨਾਂ ਦੀ ਲੇਖਣੀ ਪੰਜਾਬੀ ਆਲੋਚਕਾਂ ਦੀ ਪਾਰਖੂ-ਅੱਖ ਦਾ ਧਿਆਨ ਮੰਗਦੀ ਹੈ। ਉਹ ਪਾਏਦਾਰ ਵਾਰਤਕ ਲਿਖਣ ਵਾਲੇ ਲੇਖਕ ਹਨ। ਗੁਰਬਾਣੀ ਉਹਨਾਂ ਦੀ ਲੇਖਣੀ ਦਾ ਧੁਰਾ ਹੈ। ਉਹਨਾਂ ਅਨੁਸਾਰ ਸਾਹਿਤ ਰੂਪੀ ਸ਼ੀਸ਼ਾ ਸਮਾਜਿਕ ਵਿਵਸਥਾ ਦੀ ਸਥਿਤੀ ਨੂੰ ਦੇਖ ਕੇ ਉਸ ਵਿੱਚਲੇ ਚਿੱਬਾਂ ਨੂੰ ਠੀਕ ਕਰਨ ਲਈ ਹਥੌੜਾ ਵੀ ਹੈ। ਗੰਡਮ ਦੀਆਂ ਪੁਸਤਕਾਂ ਸੁੱਤੇ ਸ਼ਹਿਰ ਦਾ ਸਫ਼ਰ,ਉੱਗਦੇ ਸੂਰਜ ਦੀ ਅੱਖ, ਕਿਸੇ ਵੀ ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਦੇ ਪਾਠਕ੍ਰਮ ਦਾ ਹਿੱਸਾ ਬਣਨ ਦਾ ਹੱਕ ਰੱਖਦੀਆਂ ਹੈ। ਸਕੇਪ ਪ੍ਰਧਾਨ ਕਮਲੇਸ਼ ਸੰਧੂ ਨੇ ਪ੍ਰੋਫੈਸਰ ਗੰਡਮ ਅਤੇ ਹਾਜ਼ਰ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਸਟੇਟ ਸੰਚਾਲਨ ਦੀ ਜ਼ਿੰਮੇਵਾਰੀ ਰਵਿੰਦਰ ਚੋਟ ਜੀ ਨੇ ਬਾਖ਼ੂਬੀ ਨਿਭਾਈ। ਦਲਜੀਤ ਮਹਿਮੀ, ਸੋਢੀ ਸੱਤੋਵਾਲੀ, ਜਸਵਿੰਦਰ ਫਗਵਾੜਾ,ਬਲਵੀਰ ਕੌਰ ਬੱਬੂ ਸੈਣੀ, ਮਨੋਜ ਫਗਵਾੜਵੀ, ਅਸ਼ੋਕ ਟਾਂਡੀ ਨੇ ਆਪਣੀਆਂ ਰਚਨਾਵਾਂ ਦੀ ਸਾਂਝ ਵੀ ਸਰੋਤਿਆਂ ਨਾਲ ਪਾਈ। ਇਸ ਮੌਕੇ ਹੋਰਨਾਂ ਤੋਂ ਬਿਨਾਂ ਸੋਹਣ ਸਹਿਜਲ,ਰਵਿੰਦਰ ਸਿੰਘ ਰਾਏ, ਬਲਦੇਵ ਰਾਜ ਕੋਮਲ, ਠਾਕੁਰ ਦਾਸ ਚਾਵਲਾ, ਕੈਪਟਨ ਦਵਿੰਦਰ ਸਿੰਘ ਜੱਸਲ, ਸੋਢੀ ਸੱਤੋਵਾਲੀ, ਸੋਹਣ ਸਿੰਘ ਭਿੰਡਰ, ਸ਼ਾਮ ਸਰਗੁੰਦੀ, ਦਲਜੀਤ ਮਹਿਮੀ ਕਰਤਾਰਪੁਰ, ਮਨੋਜ ਫਗਵਾੜਵੀ, ਜਸਵਿੰਦਰ ਕੌਰ ਫਗਵਾੜਾ, ਬਲਬੀਰ ਕੌਰ ਬੱਬੂ ਸੈਣੀ, ਸ੍ਰੀਮਤੀ ਬੰਸੋ ਦੇਵੀ, ਰਘਬੀਰ ਸਿੰਘ ਮਾਨ, ਹਰਜਿੰਦਰ ਸਿੰਘ, ਸੁਖਦੇਵ ਸਿੰਘ, ਸੁਬੇਗ ਸਿੰਘ ਹੰਜਰਾ, ਅਸ਼ੋਕ ਟਾਂਡੀ, ਬਚਨ ਗੁੜਾ, ਮਾਸਟਰ ਸੁਖਦੇਵ ਸਿੰਘ, ਗੁਰਮੀਤ ਸਿੰਘ ਰੱਤੂ, ਪ੍ਰੀਤ ਕੌਰ ਪ੍ਰੀਤੀ, ਅਸ਼ੋਕ ਸ਼ਰਮਾ, ਮਨਦੀਪ ਸਿੰਘ, ਸਿਮਰਤ ਕੌਰ, ਗੁਰਨੂਰ ਕੌਰ, ਅਰਸ਼ਜੋਤ ਕੌਰ, ਗੁਰਮੀਤ ਲੁੱਗਾ, ਮੋਨਿਕਾ ਬੇਦੀ ਸਾਹਿਬਾ ਜੀਟਨ ਕੌਰ, ਜਸਪਾਲ ਸ਼ਰਮਾ, ਗੁਰਨਾਮ ਬਾਵਾ, ਰਵਿੰਦਰ ਚੋਟ, ਪ੍ਰਭਲੀਨ ਕੌਰ ਆਦਿ ਹਾਜ਼ਰ ਸਨ।

# ਨਗਰ ਨਿਗਮ ਪਠਾਨਕੋਟ ਦੇ ਕਰੀਬ 441 ਕਰਮਚਾਰੀਆਂ ਨੂੰ ਕੈਬਨਿਟ ਮੰਤਰੀ ਪੰਜਾਬ ਨੇ ਦਿੱਤੇ ਆਫਰ ਲੈਟਰ

## ਆਊਟਸੋਰਸ ਤੇ ਕੰਮ ਕਰਦੇ ਕਰਮਚਾਰੀਆਂ ਨੂੰ ਕੰਟਰੱਕਟ ਤੇ ਲੈਣਾ ਸਰਕਾਰ ਦਾ ਵੱਡਾ ਫੈਸਲਾ-ਸ੍ਰੀ ਲਾਲ ਚੰਦ ਕਟਾਰੂਚੱਕ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਬਹੁਤ ਹੀ ਭਾਗਾਂਭਰਿਆ ਦਿਨ ਹੈ ਵਿਸ਼ੇਸ ਤੌਰ ਤੇ ਉਨ੍ਹਾਂ ਪਰਿਵਾਰਾਂ ਦੇ ਲਈ ਜਿਨ੍ਹਾਂ ਦੇ ਪਰਿਵਾਰਿਕ ਮੈਂਬਰ ਜੋ ਲੰਮੇ ਸਮੇਂ ਤੋਂ ਆਊਟਸੋਰਸ ਤੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਕੰਟਰੱਕਟ ਤੇ ਲਿਆ ਗਿਆ ਹੈ, ਕਰੀਬ 441 ਕਰਮਚਾਰੀ ਜਿਨ੍ਹਾਂ ਵਿੱਚ ਕਰੀਬ 327 ਸਫ਼ਾਈ ਕਰਮਚਾਰੀ ਅਤੇ ਬਾਕੀ ਸੀਵਰਮੈਨ ਹਨ ਅਤੇ ਆਉਂਣ ਵਾਲੇ ਸਮੇਂ ਵਿੱਚ ਇਨ੍ਹਾਂ ਮਲਾਜਮਾਂ ਨੂੰ ਹੋਰ ਵੀ ਤਰੱਕੀ ਮਿਲੇਗੀ, ਹੁਣ ਇਹ ਕਰਮਚਾਰੀ ਠੇਕੇਦਾਰੀ ਪ੍ਰਣਾਲੀ ਵਿੱਚੋਂ ਨਿਕਲ ਕੇ ਸਰਕਾਰ ਦੇ ਦਾਇਰੇ ਵਿੱਚ ਆ ਗਏ ਹਨ ਇਸ ਦੇ ਨਾਲ ਸਹਿਰ ਦੀ ਸਾਫ ਸਫ਼ਾਈ ਅਤੇ ਹੋਰ ਵਿਵਸਥਾ ਵਿੱਚ ਵੀ ਸੁਧਾਰ ਆਵੇਗਾ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਨਗਰ ਨਿਗਮ ਪਠਾਨਕੋਟ ਵਿਖੇ ਆਯੋਜਿਤ ਇੱਕ ਸਮਾਰੋਹ ਦੌਰਾਨ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ) ਪਠਾਨਕੋਟ, ਵਿਭੂਤੀ ਸਰਮਾ ਚੇਅਰਮੈਨ ਟੂਰਿਜਮ ਵਿਭਾਗ ਪੰਜਾਬ, ਪੰਨਾ ਲਾਲ ਭਾਟੀਆ ਮੇਅਰ ਨਗਰ ਨਿਗਮ ਪਠਾਨਕੋਟ, ਸਤੀਸ ਮਹਿੰਦਰੂ ਚੇਅਰਮੈਨ ਦਾ ਹਿੰਦੂ ਕਾਰਪੋਰੇਟਿਵ ਬੈਂਕ ਪਠਾਨਕੋਟ ਅਤੇ ਹੋਰ ਪਾਰਟੀ ਮੈਬਰ ਵੀ ਹਾਜ਼ਰ ਸਨ। ਇਸ ਮੌਕੇ ਤੇ ਸੰਬੋਧਨ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਕਾਰਪੋਰੇਸਨ ਪਠਾਨਕੋਟ ਦੇ ਅਧੀਨ ਆਊਟਸੋਰਸ ਤੇ ਕੰਮ ਕਰ ਰਹੇ ਸਫਾਈ ਸੇਵਕ ਅਤੇ ਸੀਵਰਮੈਨ ਜੋ ਕਿ ਪਿਛਲੇ ਲੰਮੇ ਸਮੇਂ ਤੋਂ ਸੰਘਰਸ ਕਰ ਰਹੇ ਹਨ ਅੱਜ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦੇ ਸਦਕਾ ਇਨ੍ਹਾਂ ਕਰਮਚਾਰੀਆਂ ਨੂੰ ਆਊਟਸੋਰਸ ਤੋਂ ਕੰਟਰੱਕਟ ਤੇ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਕਰੀਬ 441 ਕਰਮਚਾਰੀਆਂ ਨੂੰ ਆਫਰ ਲੈਟਰ ਵੰਡੇ ਗਏ ਹਨ ਉਨ੍ਹਾਂ ਇਨ੍ਹਾਂ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਵੀ ਹਾਰਦਿੱਕ ਸੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਪੰਜਾਬ ਸਰਕਾਰ ਨੇ ਨੋਜਵਾਨਾਂ ਨੂੰ ਰੁਜਗਾਰ ਦੇਣ ਦੀ ਪਹਿਲ ਕੀਤੀ ਸੀ ਅਤੇ ਇਸ ਦੇ ਅਧੀਨ ਹੀ ਅੱਜ ਕਰਮਚਾਰੀਆਂ ਨੂੰ ਆਫਰ ਲੈਟਰ ਦਿੱਤੇ ਗਏ ਹਨ।



ਉਨ੍ਹਾਂ ਕਿਹਾ ਕਿ ਇਨ੍ਹਾਂ ਕਰਮਚਾਰੀਆਂ ਵੱਲੋਂ ਬਹੁਤ ਲੰਮੇ ਸਮੇਂ ਤੋਂ ਸੰਘਰਸ ਕੀਤਾ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਕਰਮਚਾਰੀਆਂ ਨੂੰ ਆਫਰ ਲੈਟਰ ਮਿਲਣ ਤੋਂ ਬਾਅਦ ਇਹ ਕਰਮਚਾਰੀ ਸਰਕਾਰ ਦੇ ਦਾਇਰੇ ਵਿੱਚ ਆ ਗਏ ਹਨ ਅਤੇ ਉਹ ਉਮੀਦ ਕਰਦੇ ਹਨ ਕਿ ਆਉਂਣ ਵਾਲੇ ਸਮੇਂ ਵਿੱਚ ਸਹਿਰ ਦੀ ਸਾਫ ਸਫਾਈ ਵਿੱਚ ਪਹਿਲਾ ਨਾਲੋਂ ਵੀ ਸੁਧਾਰ ਹੋਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਿਨ੍ਹਾਂ ਕਿਸੇ ਪੱਖਪਾਤ ਤੋਂ ਪੰਜਾਬ ਨੂੰ ਅੱਗੇ ਲੈ ਕੇ ਜਾ ਰਹੀ ਹੈ ਅਤੇ ਨੋਜਵਾਨਾਂ ਨੂੰ ਬਿਨ੍ਹਾਂ ਕਿਸੇ ਸਿਫਾਰਿਸ ਦੇ ਰੁਜਗਾਰ ਮੁਹੇਈਆਂ ਕਰਵਾਇਆ ਜਾ ਰਿਹਾ ਹੈ।



ਥਾਣੇਦਾਰ ਗੁਰਿੰਦਰਜੀਤ ਸਿੰਘ ਨਾਗਰਾ ਨੂੰ ਬਹੁਪੱਖੀ ਸ਼ਾਨਦਾਰ ਸੇਵਾਵਾਂ ਲਈ ਓਲੰਪੀਅਨ ਜਰਨੈਲ ਸਿੰਘ ਮੈਮੋਰ-ਿਅਲ ਕਮੇਟੀ ਗੜ੍ਹਸ਼ੰਕਰ ਵੱਲੋਂਸਨਮਾਨਿਤ ਕਰਦੇ ਹੋਏ ਐਸਪੀ ਸ਼ਵਿੰਦਰ-ਜੀਤ ਸਿੰਘ ਬੈਂਸ, ਰੌਸ਼ਨ ਜੀਤ ਸਿੰਘ ਪਨਾਮ ਅਤੇ ਪਤਵੰਤੇ।

# ਬਹੁਪੱਖੀ ਕਲਾਕਾਰ ਐਮ ਐਸ ਝੱਮਟ ਦਾ ਸਿੰਗਲ ਟਰੈਕ ਜਲਦ ਹੋਵੇਗਾ ਰਿਲੀਜ਼

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)-** ਪੰਜਾਬੀ ਸੱਭਿਆਚਾਰ ਦੀਆਂ ਵੱਖ ਵੱਖ ਕਲਾਵਾਂ ਵਿੱਚ ਓਤ ਪੋਤ ਦੁਆਬੇ ਦੇ ਜ਼ਿਲਾ ਹੁਸ਼ਿਆਰਪੁਰ ਦੀ ਚਰਚਿਤ ਆਵਾਜ਼ ਮਹਿੰਦਰ ਸਿੰਘ ਝੱਮਟ ਆਪਣੇ ਨਵੇਂ ਸਿੰਗਲ ਟਰੈਕ ਨਾਲ ਇੱਕ ਵਾਰ ਫਿਰ ਸਰੋਤਿਆਂ ਦੀ ਕਚਹਿਰੀ ਵਿੱਚ ਹਾਜ਼ਰ ਹੋ ਰਿਹਾ ਹੈ। ਜਿਕਰਯੋਗ ਹੈ ਕਿ ਐਮ ਐਸ ਝੱਮਟ ਪਿਛਲੇ ਲੰਬੇ ਅਰਸੇ ਤੋਂ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਨਾਲ ਜੁੜਿਆ ਹੋਇਆ ਉਹ ਕਲਾਕਾਰ ਹੈ ਜਿਸ ਨੇ ਅਨੇਕਾਂ ਅਖਬਾਰਾਂ ਤੋਂ ਇਲਾਵਾ ਸਟੇਜਾਂ ਤੇ ਆਪਣੀ ਕਲਾ ਦਾ ਪ੍ਰਦਰਸ਼ਨ ਆਪਣੀਆਂ ਕਲਾਵਾਂ ਰਾਹੀਂ ਕੀਤਾ ਹੈ। ਉਸ ਵੱਲੋਂ ਲਿਖੇ ਅਨੇਕਾਂ ਗੀਤ ਵੱਖ-ਵੱਖ ਪੰਜਾਬੀ ਗਾਇਕਾਂ ਦੀ ਆਵਾਜ਼ ਦਾ ਸ਼ਿੰਗਾਰ ਬਣੇ ਹਨ। ਅਤੇ ਉਸ ਨੂੰ ਜਿੱਥੇ ਲਿਖਣ ਦਾ ਬੇਹੱਦ ਸ਼ੌਂਕ ਹੈ ਉਥੇ ਹੀ ਉਸਨੂੰ ਗਾਇਕੀ ਦਾ ਵੀ ਸਿਖਰਾਂ ਸੋਂਹੰਦਾ ਸ਼ੌਂਕ ਹੈ। ਜਿਸ ਨੂੰ ਪੂਰਾ ਕਰਨ ਲਈ ਉਸ ਵਲੋਂ ਪਹਿਲਾਂ ਵੀ ਅਨੇਕਾਂ ਟਰੈਕ ਸਰੋਤਿਆਂ ਦੀ ਝੋਲੀ ਪਾਏ ਗਏ ਹਨ। ਉਸ ਵਲੋਂ ਹੁਣ 23 ਜੁਲਾਈ ਨੂੰ ਇੱਕ ਖੂਬਸੂਰਤ ਟਰੈਕ ਜਿਸ ਦਾ ਟਾਈਟਲ ਕਤਲ ਹੈ ਗੀਤ ਲਾਂਚ ਕੀਤਾ ਜਾ ਰਿਹਾ।




ਜਿਸ ਸਬੰਧੀ ਜਾਣਕਾਰੀ ਦਿੰਦਿਆਂ ਉਸ ਨੇ ਦੱਸਿਆ ਕਿ ਬਹੁਤ ਹੀ ਸਤਿਕਾਰਯੋਗ ਐਨੀ ਰੰਧਾਵਾ, ਲੇਖਕਾ ਰਮਨਦੀਪ ਕੌਰ ਬਰਗਾੜੀ, ਨੇਕਾ ਮੱਲਾ ਬੇਦੀਆਂ ਅਤੇ ਇਸ ਟਰੈਕ ਦੇ ਪੇਸ਼ਕਾਰ ਸਿਕੰਦਰ ਬਰਾੜ ਢਿਲਵਾਂ ਉਸ ਦਾ ਇਸ ਟਰੈਕ ਲਈ ਵਿਸ਼ੇਸ਼ ਸਹਿਯੋਗ ਕਰ ਰਹੇ ਹਨ। ਉਸ ਨੇ ਦੱਸਿਆ ਕਿ ਇਸ ਟਰੈਕ ਦਾ ਸ਼ਾਨਦਾਰ ਸੰਗੀਤ ਸਾਹਿਬ ਹੀਰਾ ਵਲੋਂ ਕੀਤਾ ਗਿਆ ਹੈ ਤੇ ਇਸ ਗੀਤ ਨੂੰ ਉਸਨੇ ਖੁਦ ਹੀ ਆਪਣੀ ਆਵਾਜ਼ ਦੇ ਕੇ ਸ਼ਿੰਗਾਰਿਆ ਹੈ ਇਸ ਖੂਬਸੂਰਤ ਗੀਤ ਦਾ ਵੀਡੀਓ ਪ੍ਰੋਡਕਸ਼ਨ ਦਾ ਕੰਮ ਪ੍ਰਸਿੱਧ ਕਮੇਡੀਅਨ ਅਤੇ ਵੀਡੀਓ ਡਾਇਰੈਕਟਰ ਤਾਇਆ ਟੱਲੀ ਰਾਮ ਨੇ ਵੱਖ-ਵੱਖ ਲੋਟੇਸ਼ਨਾਂ ਤੇ ਇੱਕ ਵੱਖਰੇ ਅੰਦਾਜ਼ ਵਿੱਚ ਕੀਤਾ ਹੈ ਅਤੇ ਇਸ ਟਰੈਕ ਨੂੰ ਐਸ ਸੀਰੀਜ ਕੰਪਨੀ ਵੱਲੋਂ ਲਾਂਚ ਕੀਤਾ ਜਾ ਰਿਹਾ। ਐਮਐਸ ਝੱਮਟ ਦੀ ਇਸ ਛੋਟੀ ਜਿਹੀ ਕੋਸ਼ਿਸ਼ ਨੂੰ ਸਰੋਤੇ ਪ੍ਰਵਾਨ ਕਰਨਗੇ ਉਸ ਨੂੰ ਇਹੀ ਆਸ ਉਮੀਦ ਹੈ। ਪਰਮਾਤਮਾ ਕਰੇ ਐਮ ਐਸ ਝੱਮਟ ਦੀ ਗਾਇਕੀ ਉਸਦੀ ਲਿਖਣ ਕਲਾ ਗੀਤਕਾਰੀ ਅਤੇ ਹੋਰ ਕਲਾਵਾਂ ਨੂੰ ਸਰੋਤੇ ਪ੍ਰਵਾਨ ਕਰਨ ਤੇ ਉਹ ਕਾਮਯਾਬੀ ਦੀਆਂ ਮੰਜ਼ਿਲਾਂ ਸਰ ਕਰਦਾ ਇੰਜ ਹੀ ਸੱਭਿਆਚਾਰਕ ਖੇਤਰ ਵਿੱਚ ਆ-ਪਣੀਆਂ ਸੇਵਾਵਾਂ ਨਿਭਾਉਂਦਾ ਰਹੇ । ਆਮੀਨ।

“ਦੇਸ਼ ਦੁਆਬਾ”

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਧੂਰੀ ਦੇ ਅੰਬੇਡਕਰਵਾਦੀਆਂ ਨੇ ਸ. ਬਲਵੀਰ ਸਿੰਘ ਆਲਮਪੁਰ ਦਾ ਕੀਤਾ ਸਨਮਾਨ



**ਧੂਰੀ (ਜਗਸੀਰ ਲੌਂਗੋਵਾਲ )–** ਧੂਰੀ ਸ਼ਹਿਰ ਦੇ ਅੰ-ਬੇਡਕਰ ਭਵਨ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਸ। ਰਾਮ ਸਰੂਪ ਸਿੰਘ ਖੇੜੀ ਅਤੇ ਸ. ਹਰਜੀਤ ਸਿੰਘ ਧੂਰੀ ਦੀ ਰਹਿਨੁਮਾਈ ਹੇਠ ਕੀਤਾ ਗਿਆ, ਜਿਸ ਵਿੱਚ ਰਾਖਵਾਂਕਰਨ ਚੋਰ ਫੜੋ ਮੋਰਚਾ ਦੇ ਮੁਢਲੇ ਆਗੂ ਸ੍ਰ ਬਲਵੀਰ ਸਿੰਘ ਆਲਮਪੁਰ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਸ੍ਰ ਚਮਕੌਰ ਸਿੰਘ ਵੀਰ ਬਸਪਾ ਦੇ ਸੂਬਾ ਆਗੂ ਨੇ ਕਿਹਾ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਸਾਹਿਬ ਨੇ ਹਜ਼ਾਰਾਂ ਸਾਲਾਂ ਤੋਂ ਦਬੇ ਕੁੱਚਲੇ ਸਮਾਜ ਨੂੰ ਉਹਨਾਂ ਦਾ ਬਣਦਾ ਹਿੱਸਾ ਨੌਕਰੀਆਂ ਵਿੱਚ ਰਾਖਵਾਂ ਕਰਨ ਦੇ ਰੂਪ ਵਿੱਚ ਸੰਵਿਧਾਨਿਕ ਤੌਰ ਤੇ ਦਿੱਤਾ ਗਿਆ ਸੀ ਜੋ ਕਿ ਅਖੌਤੀ ਉੱਚ ਜਾਤੀ ਦੇ ਮੰਨੂਵਾਦੀ ਮਾਨਸਿਕਤਾ ਵਾਲੇ ਲੋਕਾਂ ਨੇ ਪ੍ਰਸ਼ਾਸਨ ਅਤੇ ਸਰਕਾਰਾਂ ਨਾਲ ਮਿਲ ਕੇ ਜਾਹਲੀ ਅਨੁਸੂਚਿਤ ਜਾਤੀ ਅਤੇ ਬੈਕਵਰਡ ਕਲਾਸ ਦੇ ਸਰਟੀਫਿਕੇਟ ਬਣਵਾ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਸਰਕਾਰੀ ਨੌਕਰੀਆਂ, ਸਰਪੰਚੀਆਂ ਅਤੇ ਹੋਰ ਅਹੁਦਿਆਂ ਤੇ ਆਨੰਦ ਮਾਣ ਰਹੇ ਹਨ, ਨੂੰ ਬੇਨਕਾਬ ਕਰਨ ਦਾ ਸਭ ਤੋਂ ਪਹਿਲਾਂ ਬੀੜਾ ਸ੍ਰ ਬਲਬੀਰ ਸਿੰਘ ਆਲਮਪੁਰ ਨੇ ਚੁੱਕਿਆ, ਉਹਨਾਂ ਬੇਹੱਦ ਗਰੀਬੀ ਵਿੱਚ ਇਸ ਮੁਹਿੰਮ ਨੂੰ ਤੇਜ਼ ਕੀਤਾ ਅਤੇ ਸੈਂਕੜੇ ਜਾਹਲੀ ਸਰਟੀਫਿਕੇਟ ਵਾਲਿਆਂ ਨੂੰ ਨੰਗਾ ਕੀਤਾ ਜਿਸ ਕਰਕੇ ਸਮੇਂ ਦੀ ਸਰਕਾਰ ਨੇ ਉਹਨਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ ਭੇਜ ਦਿੱਤਾ ਹੁਣ ਉਹ ਤਿੰਨ ਜੂਨ ਤੋਂ ਜਮਾਨਤ ਤੇ ਆਏ ਹੋਏ ਹਨ ਸਮਾਜ ਦੇ ਬੁੱਧੀਜੀਵੀ ਸਾਥੀਆਂ ਵੱਲੋਂ ਉਹਨਾਂ ਦਾ ਸਾਰੇ ਪੰਜਾਬ ਵਿੱਚ ਲਗਾਤਾਰ ਸਨਮਾਨ ਸਮਾਗਮ ਚੱਲ ਰਹੇ ਹਨ ਜਿਸ ਦੀ ਲੜੀ ਵਜੋਂ ਧੂਰੀ ਵਿਖੇ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਤੇ ਉਹਨਾਂ ਨੂੰ ਕੁਝ ਵਿੱਤੀ ਸਹਾਇਤਾ ਵੀ ਦਿੱਤੀ ਗਈ । ਇਸ ਸਮੇਂ ਆਲਮਪੁਰ ਨੂੰ ਸਾਰੇ ਸਾਥੀਆਂ ਨੇ ਵਿਸ਼ਵਾਸ ਦਿਵਾਇਆ ਕਿ ਅਸੀਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਸਾਹਿਬ ਦੁਆਰਾ ਦਿੱਤੇ ਅਧਿਕਾਰ ਨੂੰ ਬਚਾਉਣ ਲਈ ਅਤੇ ਜਾਹਲੀ ਸਰਟੀਫਿਕੇਟ ਵਾਲਿਆਂ ਨੂੰ ਚੋਰ ਫੜੋ ਮੋਰਚੇ ਦੇ ਤਹਿਤ ਤਨ ਮਨ ਧਨ ਨਾਲ ਉਹਨਾਂ ਦਾ ਸਹਿਯੋਗ ਦਿੱਤਾ ਜਾਵੇਗਾ।

ਸ. ਹਰਦੀਪ ਸਿੰਘ ਚੁੰਬਰ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੂੰ ਚਾਹੀਦਾ ਤਾਂ ਇਹ ਸੀ ਕਿ ਜਿਹੜੇ ਲੋਕ ਜਾਹਲੀ ਸਰਟੀਫਿਟਾਂ ਦੇ ਆਧਾਰ ਤੇ ਨੌਕਰੀਆਂ ਦਾ ਆਨੰਦ ਮਾਣ ਰਹੇ ਹਨ ਉਹਨਾਂ ਨੂੰ ਤੁਰੰਤ ਡਿਸਮਿਸ ਕਰਕੇ ਉਹਨਾਂ ਤੇ ਪਰਚੇ ਕਰਕੇ ਉਹਨਾਂ ਨੂੰ ਜੇਲ ਵਿੱਚ ਭੇਜਣਾ ਚਾਹੀਦਾ ਹੈ ਅਤੇ ਉਨਾਂ ਵੱਲੋਂ ਜੋ ਸਰਕਾਰ ਨੂੰ ਆਰਥਿਕ ਤੌਰ ਤੇ ਚੂਨਾ ਲਾਇਆ ਗਿਆ ਹੈ ਉਹਨਾਂ ਤੋਂ ਸਮੇਤ ਵਿਆਜ ਸਾਰਾ ਪੈਸਾ ਖਜਾਨੇ ਵਿੱਚ ਜਮਾ ਕਰਾਉਣਾ ਚਾਹੀਦਾ ਸੀ ਪਰ ਸਮੇਂ ਦੀਆਂ ਸਰਕਾਰਾਂ ਹਮੇਸ਼ਾ ਦਲਿਤਾਂ ਅਤੇ ਪੱਛੜੇ ਵਰਗਾਂ ਦੇ ਵਿਰੋਧੀ ਹੋਣ ਕਾਰਨ ਸਾਨੂੰ ਇਨਸਾਫ ਨਹੀਂ ਮਿਲ ਰਿਹਾ ਜਿਸ ਕਰਕੇ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋਕੇ, ਨਿੱਕੇ ਮੋਟੇ ਗਿਲੇ ਸ਼ਿਕਵੇ ਭੁਲਾ ਕੇ, ਸਾਨੂੰ ਆਪਣੀ ਸਰਕਾਰ ਬਣਾਉਣੀ ਪਏਗੀ ਤਾਂ ਜੋ ਬਾਬਾ ਸਾਹਿਬ ਦੁਆਰਾ ਦਿੱਤੇ ਸੰਵਿਧਾਨਿਕ ਹੱਕਾਂ ਨੂੰ ਪੱਕੇ ਤੌਰ ਤੇ ਲਾਗੂ ਕੀਤਾ ਜਾ ਸਕੇ। ਇਸ ਸਮੇਂ ਰਾਜ ਸਿੰਘ ਟੋਡਰਵਾਲ, ਮੇਜਰ ਸਿੰਘ ਰੂਪਾਹੇੜੀ, ਲਾਲ ਸਿੰਘ, ਜਸਵਿੰਦਰਪਾਲ ਸਿੰਘ, ਸੀਤਾ ਸਿੰਘ ਕਰਨੈਲ ਸਿੰਘ, ਗਰੀਬੂ ਸਿੰਘ, ਚਰਨਜੀਤ ਸਿੰਘ ਕੈਂਥ, ਅਮਰਜੀਤ ਸਿੰਘ, ਭੂਰਾ ਸਿੰਘ, ਪ੍ਰੀਤਮ ਸਿੰਘ ਮੁਖਤਿਆਰ ਸਿੰਘ, ਜਸਵੀਰ ਸਿੰਘ, ਮਾਲਵਿੰਦਰ ਸਿੰਘ, ਰਘਵੀਰ ਸਿੰਘ, ਅਵਤਾਰ ਸਿੰਘ ਘਨੌਰੀ, ਜਗਰੂਪ ਸਿੰਘ, ਰਾਮਨਾਥ, ਭਰਪੂਰ ਸਿੰਘ, ਰਾਜਿੰਦਰਪਾਲ ਸਿੰਘ, ਜਸਬੀਰ ਸਿੰਘ, ਰਘਵੀਰ ਸਿੰਘ ਆਦਿ ਮੌਜੂਦ ਸਨ।

# ਜਲੰਧਰ ਪੱਛਮੀ ਦੀ ਜਿਮਨੀ ਚੋਣ ਜਿੱਤਣ ਤੇ ਆਪ ਆਗੂਆਂ ਨੇ ਅੱਡਾ ਪੋਜੇਵਾਲ ਸਰਾਂ ਵਿਖੇ ਲੱਡੂ ਵੰਡ ਕੇ ਖੁਸ਼ੀ ਮਨਾਈ



**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਜਲੰਧਰ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ੍ਰੀ ਮਹਿੰਦਰ ਭਗਤ ਜੀ ਦੀ ਸ਼ਾਨਦਾਰ ਜਿੱਤ ਦੀ ਖੁਸ਼ੀ ਵਿੱਚ ਅੱਡਾ ਪੋਜੇਵਾਲ ਸਰਾਂ ਵਿਖੇ ਅਸ਼ੋਕ ਕਟਾਰੀਆ ਸੀਨੀਅਰ ਆਗੂ ਆਮ ਆਦਮੀ ਪਾਰਟੀ ਦੀ ਅਗਵਾਈ ਵਿੱਚ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ। ਉਹਨਾਂ ਸਾਰੇ ਇਕੱਤਰਤ ਵਲੰਟੀਅਰਾ ਨੂੰ ਜਿੱਤ ਦੀ ਮੁਬਾਰਕਬਾਦ ਦਿੰਦਿਆਂ ਪਾਰਟੀ ਦੀਆਂ ਨੀਤੀਆਂ ਨੂੰ ਪਹੁੰਚਾਉਣ ਦਾ ਸੰਦੇਸ਼ ਵੀ ਦਿੱਤਾ। ਇਸ ਮੌਕੇ ਪਵਨ ਕੁਮਾਰ ਰੀਠੂ ਆਗੂ ਆਪ ਕਰੀਮਪੁਰ ਚਾਹਵਾਲਾ, ਹਰਮੇਸ਼ ਲਾਲ ਸਰਪੰਚ ਬਲਾਕ ਪ੍ਰਧਾਨ, ਹੁਸਨ ਲਾਲ ਬਲਾਕ ਪ੍ਰਧਾਨ, ਰਾਮਜੀ ਦਾਸ ਰਿਟਾਇਰਡ ਸਬ ਇੰਸਪੈਕਟਰ, ਰਵਿੰਦਰ ਪੋਜੇਵਾਲ, ਕੰਵਲਜੀਤ ਕੌਰ ਟੋਰੋਵਾਲ, ਕਾਕੂ ਸਿੰਘਪੁਰ, ਹਰਕੇਸ਼ ਕੇਸ਼ਾ, ਪ੍ਰਕਾਸ਼ ਟੋਰੋਵਾਲ, ਹਰਮੇਸ਼ ਕਟਾਰੀਆ, ਡਿੰਪਲ, ਜਸਵੀਰ ਜੱਸੀ, ਬਿੱਲੂ ਪੈਲੀ, ਸੋਨੂ ਪੋਜੇਵਾਲ, ਰਾਮਾ, ਗੁਰਚਰਨ ਨਾਨੋਵਾਲ, ਸ਼ਿੰਦਾ ਨਵਾਂਗਰਾਂ, ਅਸ਼ੋਕ ਸਿੰਘਪੁਰ, ਕਾਕੂ ਬਜਾੜ, ਵਿੱਕੀ ਕਟਾਰੀਆ ਮਾਲੇਵਾਲ, ਕਮਲ ਜੀਤਪੁਰ ਆਦਿ ਪਾਰਟੀ ਕਾਰਕੁੰਨ ਹਾਜ਼ਰ ਸਨ।

# ਸਾਹਿਤ ਅਕੈਡਮੀ ਪਟਿਆਲਾ ਵਲੋਂ ਵਰਡ ਪੰਜਾਬੀ ਸੈਂਟਰ ਵਿਖੇ ਡਾ. ਗੁਰਵਿੰਦਰ ਅਮਨ ਨਾਲ ਸਨਮੁਖ ਸੰਵਾਦ

**ਪਟਿਆਲਾ (ਡਾ ਅਮਰਜੀਤ ਕੌਂਕੇ)–**ਸਾਹਿਤ ਅਕੈਡਮੀ ਪਟਿਆਲਾ ਵੱਲੋਂ ਵਰਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬੀ ਦੇ ਪ੍ਰਸਿੱਧ ਲੇਖਕ ਡਾ. ਗੁਰਵਿੰਦਰ ਅਮਨ ਨਾਲ ਇੱਕ ਸਾਹਿਤਕ ਸੰਵਾਦ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਵਰਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ ਭੀਮ ਇੰਦਰ ਸਿੰਘ ਨੇ ਕੀਤੀ। ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਕਵੀ ਦਰਸ਼ਨ ਬੁੱਟਰ ਅਤੇ ਵਿਸ਼ੇਸ਼ ਮਹਿਮਾਨ ਗੁਰ-ਦਰਸ਼ਨ ਸਿੰਘ ਗੁਸੀਲ ਸਨ ਪ੍ਰੋ-ਗ੍ਰਾਮ ਦੀ ਸ਼ੁਰੂਆਤ ਵਿੱਚ ਸਾਹਿਤ ਅਕਾਦਮੀ ਪਟਿਆਲਾ ਦੇ ਪ੍ਰਧਾਨ ਡਾ. ਅਮਰਜੀਤ ਸਿੰਘ ਨੇ ਇਸ ਸਨਮੁਖ ਸੰਵਾਦ ਦੇ ਉਦੇਸ਼ ਬਾਰੇ ਦੱਸਦਿਆਂ ਕਿਹਾ ਕਿ ਕਿਸੇ ਵੀ ਲੇਖਕ ਦੀ ਰਚਨਾ ਦੀਆਂ ਅੰਤਰ ਦ੍ਰਿਸ਼ਟੀ ਦੀ ਪਹਿਚਾਣ ਲਈ ਅਜਿਹੇ ਸੰਵਾਦ ਦਾ ਬਹੁਤ ਵੱਡਾ ਮਹਤਵ ਹੈ। ਇਸ ਉਪਰੰਤ ਉੱਘੇ ਸ਼ਾਇਰ, ਅਨੁਵਾਦਕ ਅਤੇ ਸੰਪਾਦਕ 'ਪ੍ਰਤਿਮਾਨ' ਡਾ. ਅਮਰਜੀਤ ਕੌਂਕੇ ਨੇ ਡਾ ਗੁਰਵਿੰਦਰ ਅਮਨ ਦੇ ਵਿਅਕਤੀਤਵ ਅਤੇ ਉਨ੍ਹਾਂ ਦੀ ਰਚਨਾ ਬਾਰੇ ਵਿਸਤ੍ਰਤ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਗੁਰਵਿੰਦਰ ਅਮਨ ਦੀ ਸਖਸ਼ੀਅਤ ਦੀਆਂ ਬਹੁਤ ਸਾਰੀਆਂ ਡਾਈਮੇਨਸ਼ਨਸ ਹਨ, ਉਹ ਇੱਕੋ ਵੇਲੇ ਪੱਤਰਕਾਰ, ਕਲਾਕਾਰ,ਨਿਰਦੇਸ਼ਕ, ਕਹਾਣੀਕਾਰ ਅਤੇ ਕਵੀ ਹੋਣ ਦੀਆਂ ਵੱਖ ਵੱਖ ਭੂਮਿਕਾਵਾਂ ਬਹੁਤ ਹੀ ਸਫਲਤਾਪੂਰਬਕ ਨਿਭਾਉਂਦਾ ਹੈ। ਡਾ. ਗੁਰਵਿੰਦਰ ਅਮਨ ਨੇ ਆਪਣੀ ਜ਼ਿੰਦਗੀ ਅਤੇ ਆਪਣੀਆਂ ਕਿਰਤਾਂ ਦੇ ਬਾਰੇ ਬਹੁਤ ਹੀ ਵਿਸਤਾਰ ਪੂਰਬਕ ਚਾਨਣਾ ਪਾਉਂਦਿਆਂ ਸਰੋਤਿਆਂ ਨਾਲ ਆਪਣੇ ਜੀਵਨ ਦੇ ਵੱਖੋ ਵੱਖ ਅਨੁਭਵਾਂ ਬਾਰੇ ਦੱਸਦਿਆਂ ਆਪਣੀਆਂ ਕਵਿਤਾਵਾਂ ਅਤੇ ਮਿੰਨੀ ਕਹਾਣੀਆਂ ਵੀ ਸਾਂਝੀਆਂ ਕੀਤੀਆਂ। ਬਾਅਦ ਵਿੱਚ ਸਾਬਕਾ ਡਾਇਰੈਕਟ ਆਲ ਇੰਡੀਆ ਰੇਡੀਉ ਅਮਰਜੀਤ ਵੜੈਚ, ਡਾ। ਸੁਰਜੀਤ ਸਿੰਘ ਖੁਰਮਾ, ਡਾ ਹਰਪ੍ਰੀਤ ਰਾਣਾ, ਤੇਜਿੰਦਰ ਫਰਵਾਹੀ, ਅਤੇ ਹੋਰ ਲੇਖਕਾਂ ਨੇ ਡਾ ਅਮਨ ਨਾਲ ਆਪਣੇ ਸਵਾਲ ਸਾਂਝੇ ਕੀਤੇ। ਪ੍ਰੋਗ੍ਰਾਮ ਦੇ ਵਿਸ਼ੇਸ਼ ਮਹਿਮਾਨ ਗੁਰਦਰਸ਼ਨ ਗੁਸੀਲ ਨੇ ਅਕੈਡਮੀ ਦੇ ਇਸ ਪ੍ਰੋਗ੍ਰਾਮ ਦੀ ਸ਼ਲਾਘਾ ਕਰਦਿਆਂ ਆਪਣੀ ਗ਼ਜ਼ਲ ਵੀ ਸਰੋਤਿਆਂ ਨਾਲ ਸਾਂਝੀ ਕੀਤੀ। ਮੁੱਖ ਮਹਿਮਾਨ ਸ਼੍ਰੋਮਣੀ ਕਵੀ ਦਰਸ਼ਨ ਬੁੱਟਰ ਪ੍ਰਧਾਨ ਕੇਂਦਰੀ ਲੇਖਕ ਸਭਾ ਨੇ ਕਿਹਾ ਕਿ ਅਜਿਹੇ ਸੰਵਾਦ ਲੇਖਕ ਅਤੇ ਪਾਠਕਾਂ ਵਿੱਚ ਵਧੇਰੇ ਨੇੜਤਾ ਪੈਦਾ ਕਰਦੇ ਹਨ। ਉਨ੍ਹਾਂ ਨੇ ਅਕੈਡਮੀ ਦੇ ਪ੍ਰਬੰਧਕਾਂ ਨੂੰ ਅਜਿਹੇ ਸਾਰਥਕ ਪ੍ਰੋਗ੍ਰਾਮ ਲਈ ਵਧਾਈ ਦਿੱਤੀ। ਪ੍ਰੋਗ੍ਰਾਮ ਦੇ ਪ੍ਰਧਾਨ ਡਾ।ਭੀਮਇੰਦਰ ਸਿੰਘ ਨੇ ਕਿਹਾ ਉਨ੍ਹਾਂ ਨੂੰ ਇਸ ਪ੍ਰੋਗ੍ਰਾਮ ਦਾ ਹਿੱਸਾ ਬਣ ਕੇ ਬਹੁਤ ਹੀ ਖੁਸ਼ੀ ਹੋਈ ਹੈ। ਉਨ੍ਹਾਂ ਅੱਗੇ ਤੋਂ ਵੀ ਅਜਿਹੇ ਸਮਾਗਮਾਂ ਦੇ ਆਯੋਜਨ ਲਈ ਆਪਣਾ ਸਹਿਯੋਗ ਦੇਣ ਲਈ ਵਾਅਦਾ ਕੀਤਾ। ਇਸ ਪ੍ਰੋਗਰਾਮ ਵਿੱਚ ਉੱਘੇ ਕਵੀ ਅਮਰਜੀਤ ਕਸਕ, ਰਘਬੀਰ ਸਿੰਘ ਮਹਿਮੀ, ਅਵਤਾਰਜੀਤ ਅਟਵਾਲ, ਸੁਨੀਤਾ ਰਾਜਪੁਰਾ, ਡਾ. ਬੇਅੰਤ ਸਿੰਘ, ਨਵਦੀਪ ਮੁੰਡੀ, ਗੁਰਜੰਟ ਰਾਜੇਆਣਾ ਅਤੇ ਹੋਰ ਕਵੀਆਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਸਮਾਗਮ ਵਿੱਚ ਇੰਗਲੈਂਡ ਤੋਂ ਪ੍ਰਸਿੱਧ ਲੇਖਕ ਅਤੇ ਪੱਤਰਕਾਰ ਡਾ. ਨਿਰਪਾਲ ਸਿੰਘ ਸ਼ੇਰਗਿਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਇਸ ਮੌਕੇ ਤੇਜਿੰਦਰ ਸਿੰਘ ਅਨਜਾਨਾ, ਡਾ. ਇੰਦਰਪਾਲ ਕੌਰ, ਭੁਪਿੰਦਰ ਉਪਰਾਮ, ਤਰਲੋਚਨ ਤੋਚੀ, ਅਮਰਜੀਤ ਸਿੰਘ ਲਾਂਬਾ, ਕੁਲਦੀਪ ਕੌਰ, ਦਰਸ਼ਨ ਸਿੰਘ ਲਾਈਬ੍ਰੇਰੀਅਨ, ਪਰਮਜੀਤ ਕੌਰ, ਕੁਲਵਿੰਦਰ ਕੁਮਾਰ ਬਹਾਦਰਗੜ੍ਹ, ਚਮਕੌਰ ਬਿੱਲਾ, ਰਮਨਦੀਪ ਸਿੰਘ, ਸਹਿਜਦੀਪ ਸਿੰਘ ਸਾਹਿਤ ਪ੍ਰੇਮੀ ਸ਼ਾਮਿਲ ਹੋਏ। ਮੰਚ ਸੰਚਾਲਨ ਡਾ। ਹਰਪ੍ਰੀਤ ਰਾਣਾ ਨੇ ਬਹੁਤ ਹੀ ਸੁਚੱਜੇ ਅੰਦਾਜ਼ ਵਿੱਚ ਕੀਤਾ।




# ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਪਿੰਡ ਫੁਗਲਾਣਾ 'ਚ ਲੱਗੇ ਕੈਂਪ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀਆਂ ਸ਼ਿਕਾਇਤਾਂ, ਸਮੱਸਿਆਵਾਂ ਦਾ ਨਿਪਟਾਰਾ ਉਨ੍ਹਾਂ ਦੀਆਂ ਬਰੂਹਾਂ 'ਤੇ ਜਾ ਕੇ ਕਰਨ ਦੇ ਯਤਨਾਂ ਤਹਿਤ 'ਆਪ ਦੀ ਸਰਕਾਰ, ਆਪ ਦੇ ਦੁਆਰ' ਪ੍ਰੋਗਰਾਮ ਤਹਿਤ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਪਿੰਡ ਫੁਗਲਾਣਾ ਦੇ ਕਮਿਊਨਿਟੀ ਸੈਂਟਰ ਵਿਚ ਪਿੰਡ ਫੁਗਲਾਣਾ, ਮੇਹਟੀਆਣਾ, ਮੋਨਾ ਕਲਾਂ ਅਤੇ ਫਦਮਾਂ ਦਾ ਸਾਂਝਾ ਸ਼ਿਕਾਇਤ ਨਿਵਾਰਨ ਕੈਂਪ ਲਗਾਇਆ ਗਿਆ। ਇਸ ਦੌਰਾਨ ਲੋਕ ਸਭਾ ਮੈਂਬਰ ਡਾ। ਰਾਜ ਕੁਮਾਰ ਚੱਬੇਵਾਲ ਨੇ ਕੈਂਪ ਵਿਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਹਲਕਾ ਇੰਚਾਰਜ ਅਤੇ ਪੰਜਾਬ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਚੇਅਰਮੈਨ



ਹਰਮਿੰਦਰ ਸਿੰਘ ਸੰਧੂ ਵੀ ਮੌਜੂਦ ਸਨ। ਕੈਂਪ ਦੌਰਾਨ ਜਿਥੇ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਦਿੰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ, ਉਥੇ ਪੰਜਾਬ ਸਰਕਾਰ ਵੱਲੋਂ ਨਸ਼ੇ ਖਿਲਾਫ ਚਲਾਈ ਗਈ ਮੁਹਿੰਮ ਬਾਰੇ ਵੀ ਜਾਣੂ ਕਰਵਾਇਆ ਗਿਆ ਅਤੇ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ।

ਡਾ। ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਯਤਨ ਤਹਿਤ ਹੁਣ ਲੋਕਾਂ ਨੂੰ ਸੇਵਾਵਾਂ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦੀ ਲਗਾਤਾਰ ਮਾਨੀਟਰਿੰਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਖੁਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੂਰੇ ਸੂਬੇ ਦੇ ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿਚ ਇਹ ਕੈਂਪ ਲਗਾਏ ਜਾ ਰਹੇ ਹਨ, ਤਾਂ ਜੋ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਮ ਆਦਮੀ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਯੋਜਨਾਵਾਂ ਤਿਆਰ ਕਰ ਰਹੀ ਹੈ, ਤਾਂ ਜੋ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਪਹੁੰਚੇ। ਉਨ੍ਹਾਂ ਕਿਹਾ ਕਿ ਕੈਂਪਾਂ ਵਿਚ ਸਾਰੇ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਤਾਇਨਾਤ ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਬੜੇ ਹੀ ਧਿਆਨ ਨਾਲ ਸੁਣ ਕੇ ਉਨ੍ਹਾਂ ਦਾ ਯੋਗ ਹੱਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਅਤੇ ਇਕ ਛੱਤ ਦੇ ਥੱਲੇ ਪੰਜਾਬ ਸਰਕਾਰ ਵੱਲੋਂ ਜਾਰੀ ਲੋਕ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣਾ ਅਤੇ ਨਾਗਰਿਕਾਂ ਦੀਆਂ ਮੁਸ਼ਕਿਲਾਂ ਨੂੰ ਸੁਣ ਕੇ ਜਲਦ ਨਿਪਟਾਰੇ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਵੱਖ-ਵੱਖ ਸਥਾਨਾਂ 'ਤੇ ਲੱਗਣ ਵਾਲੇ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ।

ਹਲਕਾ ਇੰਚਾਰਜ ਅਤੇ ਪੰਜਾਬ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਚੇਅਰਮੈਨ ਹਰਮਿੰਦਰ ਸਿੰਘ ਸੰਧੂ ਨੇ ਇਲਾਕਾ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ, ਜਿਸ ਲਈ ਸਰਕਾਰੀ ਵਿਭਾਗ ਖ਼ੁਦ ਚੱਲ ਕੇ ਲੋਕਾਂ ਤੱਕ ਪਹੁੰਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਵਿਜ਼ਨ ਹੈ ਕਿ ਲੋਕਾਂ ਨੂੰ ਆਪਣੇ ਕੰਮਾਂ ਲਈ ਸਰਕਾਰੀ ਦਫ਼ਤਰਾਂ ਦੇ ਚੱਕਰ ਨਾ ਮਾਰਨੇ ਪੈਣ, ਜਿਸ ਲਈ ਪੂਰੇ ਸੂਬੇ ਵਿਚ ਇਸ ਤਰ੍ਹਾਂ ਦੇ ਸ਼ਿਕਾਇਤ ਨਿਵਾਰਨ ਕੈਂਪਾਂ ਦਾ ਆਯੋਜਨ ਹੋ ਰਿਹਾ ਹੈ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਮੁੱਖ ਮੰਤਰੀ ਦੇ ਨਿਰਦੇਸ਼ਾਂ 'ਤੇ ਹਫ਼ਤੇ ਵਿਚ ਦੋ ਦਿਨ ਇਹ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਜਿਨ੍ਹਾਂ ਸ਼ਿਕਾਇਤਾਂ ਦਾ ਮੌਕੇ 'ਤੇ ਹੱਲ ਨਹੀਂ ਹੁੰਦਾ, ਉਨ੍ਹਾਂ ਸ਼ਿਕਾਇਤਾਂ ਦਾ ਸਮੇਂ ਸਿਰ ਹੱਲ ਕੀਤਾ ਜਾਵੇ। ਇਸ ਸਬੰਧ ਵਿਚ ਸਬੰਧਤ ਐਸ.ਡੀ.ਐਮਜ਼ ਵੱਲੋਂ ਸ਼ਿਕਾਇਤਾਂ ਦੀ ਮਾਨੀਟਰਿੰਗ ਕੀਤੀ ਜਾ ਰਹੀ ਹੈ, ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਆਵੇ।

## ਕਵਿਤਾ

ਗਰਜ਼ੀ ਲੋਕ, ਸਹਾਰੇ ਨਾ ਕਹਿ।
ਉੜਦੇ ਜੁਗਨੂੰ ਤਾਰੇ ਨਾ ਕਹਿ।

ਵੇਖੀਂ ਜਾਨ ਲੈ ਲੈਣ ਨਾ ਤੇਰੀ,
ਜਾਨੋ ਵੱਧ ਪਿਆਰੇ ਨਾ ਕਹਿ।

ਸਾਂਝ, ਦੋਸਤੀ, ਵਫ਼ਾ, ਮੁਹੱਬਤ,
ਕਹਿੰਦਾ ਵਕਤ, ਇਹ ਚਾਰੇ ਨਾ ਕਹਿ।

ਸੁਣ ਕੇ ਜੱਗ ਤੇਰੇ ਤੇ ਹੱਸੂ,
ਅਪਣੇ ਦੁਖੜੇ ਸਾਰੇ ਨਾ ਕਹਿ।

ਭੋਲੇ ਚੇਹਰੇ ਜ਼ਾਲਿਮ ਹੁੰਦੇ,
ਇਹਨਾਂ ਨੂੰ ਵੇਚਾਰੇ ਨਾ ਕਹਿ।

ਦਿਲ ਦੀ ਗੱਲ ਕਰ ਰਤਨ ਬੋਲਕੇ,
ਕਰਕੇ ਇੰਝ ਇਸ਼ਾਰੇ ਨਾ ਕਹਿ।



**ਹੀਰਾ ਸਿੰਘ ਰਤਨ**
**9872028846**

# ਦਲਿਤ ਮਜ਼ਦੂਰਾਂ ਤੇ ਤਸ਼ੱਦਦ ਕਰਨ 'ਚ ਕਿਸਾਨ ਯੂਨੀਅਨ ਉਗਰਾਹਾਂ ਸਭ ਤੋਂ ਮੋਹਰੀ - ਦਲਿਤ ਆਗੂ

**ਸੰਗਰੂਰ (ਸਤਨਾਮ ਸਿੰਘ ਸਹੂੰਗੜਾ)**–ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਵੱਲੋਂ ਦਲਿਤ ਮਜ਼ਦੂਰ ਬੱਚਿਆਂ ਦੀ ਬੇਰਹਮੀ ਨਾਲ ਕੀਤੀ ਕੁੱਟਮਾਰ ਕਰਨ ਦੇ ਮਾਮਲੇ ਸਬੰਧੀ ਗਠਿਤ ਐਕਸ਼ਨ ਕਮੇਟੀ ਪੰਜਾਬ ਦੇ ਆਗੂਆਂ ਸ਼੍ਰੀ ਦਰਸ਼ਨ ਸਿੰਘ ਕਾਂਗੜਾ, ਵਿੱਕੀ ਪਰੋਚਾ ਧੂਰੀ, ਚਮਕੌਰ ਸਿੰਘ ਵੀਰ, ਸ਼ਕਤੀਜੀਤ ਸਿੰਘ, ਗੱਮੀ ਕਲਿਆਣ,ਬੰਨੀ ਖਹਿਰਾ, ਰਾਹੁਲ ਕੁਮਾਰ ਮੁੰਨਾ, ਵਿਜੇ ਸਾਹਨੀ, ਰਣਧੀਰ ਸਿੰਘ ਨਾਗਰਾ, ਰਾਜਿੰਦਰ ਸਿੰਘ ਆਦਿ ਨੇ ਕਿਹਾ ਕਿ ਉਹ ਪੀੜਤ ਪਰਿਵਾਰਾਂ ਨਾਲ ਚਟਾਨ ਵਾਂਗ ਖੜੇ ਹਨ, ਜ਼ੋ ਪੀੜਤ ਪਰਿਵਾਰਾਂ ਨੂੰ ਇੰਨਸਾਫ਼ ਦਿਵਾਉਣ ਲਈ ਹਰ ਲੜਾਈ ਲੜਨਗੇ। ਉਕਤ ਆਗੂਆਂ ਨੇ ਕਿਹਾ ਕਿ ਬੱਚਿਆਂ ਦੀ ਕੁੱਟਮਾਰ ਕਰਨ ਵਾਲੇ ਮਨਜੀਤ ਸਿੰਘ ਘਰਾਚੋ ਨੂੰ ਗਿਰਫ਼ਤਾਰ ਕੀਤਾ ਜਾ ਚੁੱਕਾ ਹੈ। ਅਤੇ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਨ ਲਈ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਗਠਿਤ ਸਿਟ ਵੀ ਆਪਣਾਂ ਕੰਮ ਕਰ ਰਹੀ ਹੈ। ਜ਼ੋ ਮਾਮਲੇ ਦੀ ਮੁਕੰਮਲ ਰਿਪੋਰਟ 15 ਜੁਲਾਈ ਨੂੰ ਐਸ ਸੀ ਕਮਿਸ਼ਨ ਪੰਜਾਬ ਦੇ ਦਫ਼ਤਰ ਚੰਡੀਗੜ੍ਹ ਵਿਖੇ ਪੇਸ਼ ਕਰੇਗੀ ਉਨ੍ਹਾਂ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂਆਂ ਵੱਲੋਂ ਬੀਤੇ ਦਿਨੀਂ ਮੀਡੀਆ ਤੇ ਸੋਸ਼ਲ ਮੀਡੀਆ ਰਾਹੀਂ ਦਿੱਤੇ ਬਿਆਨ ਦਾ ਖੰਡਣ ਕਰਦਿਆਂ ਕਿਹਾ ਕਿ ਇੱਕ ਪਾਸੇ ਇਹ ਕਿਸਾਨ ਮਜ਼ਦੂਰ ਏਕਤਾ ਦਾ ਨਾਅਰਾ ਦਿੰਦੇ ਹਨ ਅਤੇ ਦੂਜੇ ਪਾਸੇ ਹਰ ਰੋਜ਼ ਬੇਲੋੜੀ



ਬਿਆਨਬਾਜ਼ੀ ਕਰਕੇ ਦਲਿਤ ਮਜ਼ਦੂਰਾਂ ਤੇ ਦਬਾਅ ਬਣਾਉਣਾ ਚਾਹੁੰਦੇ ਹਨ। ਜਿਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਕਤ ਆਗੂਆਂ ਨੇ ਕਿਹਾ ਕਿ ਕਿਸਾਨ ਯੂਨੀਅਨ ਉਗਰਾਹਾਂ ਹਮੇਸ਼ਾ ਹੀ ਦਲਿਤ ਤੇ ਮਜ਼ਦੂਰ ਵਿਰੋਧੀ ਰਹੀ ਹੈ। ਪਿੰਡਾਂ ਅੰਦਰ ਦਲਿਤਾ ਤੇ ਜ਼ਿਆਦਾ ਤਸ਼ੱਦਦ ਇਸ ਯੂਨੀਅਨ ਨਾਲ ਸਬੰਧਿਤ ਲੋਕਾਂ ਵੱਲੋਂ ਹੀ ਕੀਤੇ ਜਾਂਦੇ ਹਨ। ਉਗਰਾਹਾਂ ਗਰੁੱਪ ਮਜ਼ਦੂਰ ਤੇ ਕਿਸਾਨਾਂ ਦੇ ਰਿਸ਼ਤੇ ਨੂੰ ਵੀ ਕਮਜ਼ੋਰ ਕਰਨ ਤੇ ਤੁਲਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੀੜ੍ਹਤ ਪਰਿਵਾਰਾਂ ਨੂੰ ਇੰਨਸਾਫ਼ ਦੇਣ ਸੰਬੰਧੀ ਜ਼ੋ ਪੁਲਿਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਵੱਲੋਂ ਉਨ੍ਹਾਂ ਨਾਲ ਵਾਅਦਾ ਕੀਤਾ ਹੈ ਉਸ ਤੇ ਜਰੂਰ ਅਮਲ ਹੋਵੇਗਾ।

ਜੇਕਰ ਫਿਰ ਵੀ ਜ਼ਰੂਰਤ ਪਈ ਤਾਂ ਉਹ ਵੱਡੇ ਤੋਂ ਵੱਡਾ ਸੰਘਰਸ਼ ਕਰਨ ਤੋਂ ਵੀ ਪਿੱਛੋਂ ਨਹੀਂ ਹਟਣਗੇ। ਇਸ ਮੌਕੇ ਹਾਜ਼ਰ ਪੀੜ੍ਹਤ ਦਲਿਤ ਮਜ਼ਦੂਰ ਬੱਚਿਆਂ ਦੇ ਪਿਤਾ ਸਤਗੁਰ ਸਿੰਘ ਚੱਠੇ ਸੇਖਵਾਂ ਅਤੇ ਸਤਗੁਰ ਸਿੰਘ ਬਾਲੀਆਂ ਨੇ ਕਿਹਾ ਕਿ ਸ਼ੁਰੂ ਤੋਂ ਹੀ ਐਕਸ਼ਨ ਕਮੇਟੀ ਪੰਜਾਬ ਵੱਲੋਂ ਉਨ੍ਹਾਂ ਨੂੰ ਇੰਨਸਾਫ਼ ਦਿਵਾਉਣ ਲਈ ਲੜਾਈ ਲੜੀ ਜਾ ਰਹੀ ਹੈ। ਉਹ ਐਕਸ਼ਨ ਕਮੇਟੀ ਪੰਜਾਬ ਅਤੇ ਹੋਰ ਵੀ ਮਦਦ ਕਰ ਰਹੀਆਂ ਸਮੂਹ ਜੱਥੇਬੰਦੀਆਂ ਦੇ ਦਿਲੋਂ ਰਿਣੀ ਹਨ।

14 ਜੁਲਾਈ ਐਤਵਾਰ ਨੂੰ ਸੰਗਰੂਰ ਵਿਖੇ ਇਸ ਮਾਮਲੇ ਸਬੰਧੀ ਦਿੱਤੇ ਜਾ ਰਹੇ ਧਰਨੇ ਸਬੰਧੀ ਅਗਿਆਨਤਾ ਜਤਾਉਂਦੇ ਹੋਏ ਕਿਹਾ ਕਿ ਇਹ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਦਾ ਇਸ ਧਰਨੇ ਨਾਲ ਕਿਸੇ ਤਰ੍ਹਾਂ ਦਾ ਕੋਈ ਸਬੰਧ ਹੈ। ਉਨ੍ਹਾਂ ਹਮਦਰਦੀ ਜਤਾਉਣ ਵਾਲੀਆਂ ਸਮੂਹ ਜੱਥੇਬੰਦੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਲੜਾਈ ਸਮੂਹ ਐਸ ਸੀ/ਬੀ ਸੀ ਜੱਥੇਬੰਦੀਆਂ ਇਕੱਠੀਆਂ ਹੋ ਕੇ ਲੜ ਰਹੀਆਂ ਹਨ। ਸੋ ਕਿਰਪਾ ਕਰਕੇ ਕੋਈ ਵੀ ਜੱਥੇਬੰਦੀ ਵੱਖ਼ਰੇ ਤੌਰ ਤੇ ਅਜਿਹਾ ਕਰਕੇ ਇਸ ਸੰਘਰਸ਼ ਨੂੰ ਕਮਜ਼ੋਰ ਨਾ ਕਰਨ ਕੋਈ ਵੀ ਧਰਨਾ ਪ੍ਰਦਰਸ਼ਨ ਕਰਨ ਤੋਂ ਪਹਿਲਾਂ ਪੀੜ੍ਹਤ ਪਰਿਵਾਰਾਂ ਨਾਲ ਤਾਲਮੇਲ ਜ਼ਰੂਰ ਕੀਤਾ ਜਾਵੇ।

# ਲਾਵਾਂ ਫੇਰਿਆਂ ਉਪਰੰਤ ਐਨ ਆਰ ਆਈ ਲਾੜੇ ਨੂੰ ਆਇਆ ਅਟੈਕ, ਦੁਖਦਾਈ ਮੌਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਪਤਾ ਨਹੀਂ ਰੱਬ ਕਿਹੜਿਆ ਰੰਗਾਂ ਵਿੱਚ ਰਾਜੀ ਦੀ ਮਿਸਾਲ ਅੱਜ ਬੰਗਾ ਵਿੱਚ ਉਸ ਵੇਲੇ ਸਾਹਮਣੇ ਆਈ ਜਦੋਂ ਮੁਕੰਦਪੁਰ



ਰੋਡ ਬੰਗਾ ਦੇ ਬਜਾਜ ਪੈਲਸ ਵਿਖੇ ਇੱਕ ਐਨਆਰਆਈ ਵਿਪਨ ਸਲਣ ਜੋ ਪਿਛਲੇ ਚਾਰ ਪੰਜ ਮਹੀਨੇ ਪਹਿਲਾਂ ਅਮਰੀਕਾ ਤੋਂ ਵਿਆਹ ਦੇ ਬੰਧਨ ਵਿੱਚ ਬੰਧਨ ਲਈ ਆਪਣੇ ਜੱਦੀ ਸ਼ਹਿਰ ਬੰਗਾ ਪਹੁੰਚਿਆ ਸੀ। ਬਹੁਤ ਹੀ ਖੁਸ਼ੀ ਤੇ ਮਲਾਰ ਨਾਲ ਪਰਿਵਾਰ ਵੱਲੋਂ ਅੱਜ ਉਸ ਦਾ ਵਿਆਹ ਬਜਾਜ ਪੈਲਸ ਬੰਗਾ ਵਿਖੇ ਰੱਖਿਆ ਗਿਆ ਸੀ ਬਹੁਤ ਹੀ ਮੰਦਭਾਗਾ ਦੁਖਦਾਈ ਭਾਣਾ ਵਾਪਰਿਆ। ਜਦੋਂ ਲਾੜੇ ਦੀ ਫੇਰਿਆਂ ਉਪਰੰਤ ਅਟੈਕ ਆਉਣ ਤੇ ਮੈਰਿਜ ਪੈਲਸ ਤੋਂ ਹਸਪਤਾਲ ਲਿਜਾਂਦੇ ਸਮੇਂ ਰਸਤੇ ਵਿੱਚ ਦੁਖਦਾਈ ਮੌਤ ਹੋ ਗਈ। ਜਾਣਕਾਰੀ ਅਨੁਸਾਰ ਵਿਪਨ ਸੱਲਨ ਦੀ ਉਮਰ ਕਰੀਬ 38 ਸਾਲ ਸੀ ਅਤੇ ਉਨਾਂ ਦੇ ਪਿਤਾ ਮੋਹਣ ਲਾਲ ਬੈਂਕ ਵਿੱਚੋਂ ਅਫਸਰ ਰਿਟਾਇਰ ਹੋਏ ਹਨ। ਮੌਕੇ ਦੇ ਹਾਲਾਤਾਂ ਅਨੁਸਾਰ ਪਰਿਵਾਰਿਕ ਮੈਂਬਰਾਂ ਦਾ ਇਸ ਦੁੱਖ ਦੀ ਘੜੀ ਵਿੱਚ ਬਹੁਤ ਬੁਰਾ ਹਾਲ ਸੀ। ਮਾਤਾ ਦੀ ਹਾਲਤ ਵਿਗੜਨ ਕਾਰਨ ਉਸ ਨੂੰ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ।

# ਵਾਤਾਵਰਣ ਹਰਿਆ- ਭਰਿਆ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਲੋੜ




**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**– ਸੋਸ਼ਲ ਵੈਲਫੇਅਰ ਸੋਸਾਇਟੀ ਰਜਿ। ਗੜ੍ਹਸ਼ੰਕਰ ਅਤੇ ਵਾਤਾਵਰਨ ਕਮੇਟੀ ਮਾਹਿਲਪੁਰ ਵਲੋਂ ਸਾਂਝੇ ਤੌਰ ਤੇ ਗੁਰੂ ਨਾਨਕ ਮਿਸ਼ਨ ਹਸਪਤਾਲ ਕੁੱਕੜ ਮਜਾਰਾ ਵਿਖੇ 150 ਪੌਦੇ ਜਿਸ ਵਿੱਚ ਤ੍ਰਿਵੈਣੀ ਸਮੇਤ ਵਿਰਾਸਤੀ, ਫਲਦਾਰ, ਫੁੱਲਦਾਰ ਅਤੇ ਛਾਂ ਵਾਲੇ ਬੂਟੇ ਲਗਾ ਕੇ ਵਾਤਾਵਰਣ ਨੂੰ ਸ਼ੁੱਧ ਰੱਖਣ ਦੇ ਲਈ ਕੀਤੇ ਉਪਰਾਲੇ ਵਜੋਂ ਵਣਮਹਾਂ ਉਤਸਵ ਮਨਾਇਆ ਗਿਆ। ਹਰਵੇਲ ਸਿੰਘ ਸੈਣੀ ਗੜ੍ਹਸ਼ੰਕਰ ਪ੍ਰਧਾਨ ਸੋਸ਼ਲ ਵੈਲਫੇਅਰ ਸੋਸਾਇਟੀ ਗੜ੍ਹਸ਼ੰਕਰ ਅਤੇ ਦੁਆਬਾ ਵਾਤਾਵਰਣ ਪ੍ਰੇਮੀ ਕਮੇਟੀ ਮਾਹਿਲ ਪੁਰ ਦੇ ਪ੍ਰਧਾਨ ਪ੍ਰਿੰਸੀਪਾਲ ਰੁਪਿੰਦਰਜੋਤ ਸਿੰਘ ਫਲੋਰਾ ਸਪੋਰਟਸ ਦੇ ਉਦਮ ਸਦਕਾ ਹਸਪਤਾਲ ਕੈਂਪਸ ਵਿੱਚ 150 ਤੋਂ ਵੱਧ ਬੂਟੇ ਲਗਾਏ ਗਏ। ਗੁਰੂ ਨਾਨਕ ਮਿਸ਼ਨ ਚੈਰੀਟੇਬਲ ਟਰੱਸਟ ਕੁੱਕੜ ਮਜ਼ਾਰਾ ਦੀ ਪ੍ਰਧਾਨ ਬੀਬੀ ਸੁਸ਼ੀਲ ਕੌਰ ਨੇ ਸਮੂਹ ਸੇਵਾਦਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਦਿਨੋ ਦਿਨ ਗਰਮੀ ਵਧਦੀ ਜਾ ਰਹੀ ਹੈ ਅਤੇ ਵਾਤਾਵਰਣ ਵਿੱਚ ਹੋ ਰਹੀ ਤਬਦੀਲੀ ਨੂੰ ਠੱਲ ਪਾਉਣ ਲਈ ਹਰ ਇੱਕ ਮਨੁੱਖ ਨੂੰ ਹਰ ਸਾਲ ਇੱਕ ਰੁੱਖ ਲਗਾ ਕੇ ਇਸ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ।

ਸੋਸ਼ਲ ਵੈਲਫੇਅਰ ਸੋਸਾਇਟੀ ਰਜਿ. ਗੜ੍ਹਸ਼ੰਕਰ ਦੇ ਪ੍ਰਧਾਨ ਸੈਣੀ ਨੇ ਕਿਹਾ ਕਿ ਸਮਾਜ ਵਿੱਚ ਗੁਰੂ ਨਾਨਕ ਮਿਸ਼ਨ ਸੰਸਥਾ ਵਰਗੀਆਂ ਹੋਰ ਸੰਸਥਾਵਾਂ ਦੀ ਬਹੁਤ ਜਰੂਰਤ ਹੈ ਜੋ ਆਮ ਲੋਕਾਂ ਨੂੰ ਉਹਨਾਂ ਦੀ ਪਹੁੰਚ ਵਿੱਚ ਸਿਹਤ ਸਹੂਲਤਾਂ ਅਤੇ ਵਿਦਿਅਕ ਸਹੂਲਤਾਂ ਮੁਹੱਈਆ ਕਰਵਾ ਰਹੀਆਂ ਹਨ ਅਤੇ ਨਾਲ ਹੀ ਵਾਤਾਵਰਣ ਨੂੰ ਸੰਭਾਲਣ ਲਈ ਵੱਡੇ ਕਾਰਜ ਕਰ ਰਹੀਆਂ ਹਨ। ਉਹਨਾਂ ਦਾ ਸਮਾਜ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਬਰਸਾਤੀ ਮੌਸਮ ਵਿੱਚ ਵਾਤਾਵਰਨ ਨੂੰ ਸ਼ੁੱਧ ਦੀ ਸਾਫ ਸੁਥਰਾ ਰੱਖਣ ਲਈ ਆਪਣੇ ਆਲੇ ਦੁਆਲੇ ਜਿੱਥੇ ਵੀ ਖਾਲੀ ਥਾਂ ਹੈ ਉੱਥੇ ਵੱਧ ਤੋਂ ਵੱਧ ਪੌਦੇ ਲਗਾਏ ਜਾਣ ਅਤੇ ਉਹਨਾਂ ਨੂੰ ਪਾਲਣ ਪੋਸਣ ਕੀਤਾ ਜਾਵੇ। ਇਸ ਮੌਕੇ ਤੇ ਟਰਸਟ ਦੇ ਪ੍ਰਬੰਧਕ ਰਘਬੀਰ ਸਿੰਘ, ਲੇਖਕ ਜਗਜੀਤ ਸਿੰਘ ਗਣੇਸ਼ਪੁਰ, ਪ੍ਰਿੰਸੀਪਲ ਰੁਪਿੰਦਰਜੋਤ ਸਿੰਘ ਫਲੋਰਾ ਸਪੋਰਟਸ ਮਾਹਿਲਪੁਰ, ਜਗਦੀਪ ਸਿੰਘ ਐਮ। ਸੀ। ਮਾਹਿਲਪੁਰ, ਸੋਸ਼ਲ ਵੈਲਫੇਅਰ ਸੋਸਾਇਟੀ ਗੜ੍ਹਸ਼ੰਕਰ ਵੱਲੋਂ ਰਜੀਵ ਕੰਡਾ ਸਰਪੰਚ,ਨਿਰਮਲ ਸਿੰਘ ਬੋਈ ਰੋਡ ਮਜਾਰਾ, ਹਰਨੇਕ ਸਿੰਘ ਬੰਗਾ,ਸਮਾਜ ਸੇਵੀ ਰਵੀ ਮਹਿਤਾ ਗੜ੍ਹਸ਼ੰਕਰ , ਲੰਬ-ੜਦਾਰ ਪ੍ਰੇਮ ਸਿੰਘ ਬਗਵਾਈ,ਗੁਰੂ ਨਾਨਕ ਮਿਸ਼ਨ ਸੰਸਥਾ ਵੱਲੋਂ ਸਮਾਜ ਸੇਵੀ ਰਘਵੀਰ ਸਿੰਘ , ਡਾਕਟਰ ਅਮਨਪ੍ਰੀਤ ਸਿੰਘ ,ਡਾਕਟਰ ਭਾਨੂ ਯਾਦਵ ਅਤੇ ਹਸਪਤਾਲ ਦਾ ਹੋਰ ਸਟਾਫ ਮੌਜੂਦ ਸੀ।

# ਸ਼ਹਿਰ ਦੇ ਪਤਵੰਤਿਆਂ ਨੇ ਨਵੀਂ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਮੜਕਨ ਦਾ ਕੀਤਾ ਸਵਾਗਤ



**ਸੁਨਾਮ ਊਧਮ ਸਿੰਘ ਵਾਲਾ (ਜਗਸੀਰ ਲੌਂਗੋਵਾਲ)**– ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿੱਚ ਅੱਜ ਨਵੇਂ ਆਏ ਪ੍ਰਿੰਸੀਪਲ ਸ੍ਰੀਮਤੀ ਮੀਨਾਕਸ਼ੀ ਮੜਕਨ ਜੀ ਨੇ ਸਰਕਾਰੀ ਰਣਵੀਰ ਕਾਲਜ ਸੰਗਰੂਰ ਤੋਂ ਆ ਕੇ ਆਪਣਾ ਚਾਰਜ ਸੰਭਾਲਿਆ ਜਿਸ ਵਿੱਚ ਸ਼ਹਿਰ ਦੀਆਂ ਉੱਘੀਆਂ ਸ਼ਖਸ਼ੀਅਤਾਂ ਪ੍ਰਿੰਸੀਪਲ ਸ੍ਰੀਮਤੀ ਮੀਨਾਕਸ਼ੀ ਮੜਕਨ ਜੀ ਦਾ ਮਾਨ ਸਨਮਾਨ ਕਰਨ ਲਈ ਅਤੇ ਉਹਨਾਂ ਨੂੰ ਜੀ ਆਇਆਂ ਕਹਿਣ ਲਈ ਪਹੁੰਚੀਆਂ। ਇਸ ਮੌਕੇ ਹਾਜਰ ਸ਼ਖਸੀਅਤਾਂ ਵਿੱਚ ਕਾਲਜ ਦੇ ਓਲਡ ਸਟੂਡੈਂਟ ਐਸੋਸੀਏਸ਼ਨ ਦੇ ਸਰਪ੍ਰਸਤ, ਪੰਜਾਬ ਫੁਟਬਾਲ ਐਸੋਸੀਏਸ਼ਨ ਦੇ ਵਾਈਸ ਪ੍ਰਧਾਨ, ਪ੍ਰਗਤੀਸ਼ੀਲ ਬ੍ਰਾਹਮਣ ਸਭਾ ਸੁਨਾਮ ਦੇ ਪ੍ਰਧਾਨ ਅਤੇ ਸੀਨੀਅਰ ਸਿਟੀਜਨ ਐਸੋਸੀਏਸ਼ਨ ਵੈਲਫੇਅਰ ਦੇ ਪ੍ਰਧਾਨ ਸ੍ਰੀ ਰੁਪਿੰਦਰ ਭਾਰਦਵਾਜ਼ ਰਿਟਾਇਰਡ ਐਸ।ਪੀ ਕਾਲਜ ਦੇ ਸ਼ੈਸ਼ਨ 2024-25 ਲਈ ਓਲਡ ਸਟੂਡੈਂਟਸ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਪੰਕਜ ਡੋਗਰਾ,ਪ੍ਰਗਤੀਸ਼ੀਲ ਬ੍ਰਾਹਮਣ ਸਭਾ ਦੇ ਸੈਕਟਰੀ ਮਾਸਟਰ ਭੂਸ਼ਣ ਕਾਂਤ ਸ਼ਰਮਾ, ਖਜਾਨਚੀ ਡਾਕਟਰ ਸੋਮਨਾਥ ਸ਼ਰਮਾ, ਸੰਤ ਸਮਾਜ ਪੰਜਾਬ ਦੇ ਪ੍ਰਧਾਨ ਸ਼੍ਰੀ ਕਾਹਨ ਦਾਸ ਬਾਵਾ ਜੀ,ਅਮਰਿੰਦਰ ਸਿੰਘ ਬਿੱਟੂ, ਵਾਈਸ ਪ੍ਰਿੰਸੀਪਲ ਮੈਡਮ ਅਚਲਾ ਜੀ, ਪ੍ਰੋਫੈਸਰ ਕੁਲਦੀਪ ਵਾਹੀਆ ਆਦਿ ਹਾਜਰ ਸਨ।

# ਸਸਕਾਰ ਵੈਲੀ ਸਮਾਰਟ ਸਕੂਲ ਭਵਾਨੀਗੜ੍ਹ 'ਚ ਖ਼ੂਨਦਾਨ ਕੈਂਪ ਲਗਾਇਆ

**ਭਵਾਨੀਗੜ੍ਹ, (ਦਲਜੀਤ ਕੌਰ)** ਪਤਾ ਨਹੀਂ ਰੱਬ ਕਿਹੜਿਆ ਰੰਗਾਂ ਵਿੱਚ ਰਾਜੀ ਦੀ ਮਿਸਾਲ ਅੱਜ ਬੰਗਾ ਵਿੱਚ ਉਸ ਵੇਲੇ ਸਾਹਮਣੇ ਆਈ ਜਦੋਂ ਮੁਕੰਦਪੁਰ ਰੋਡ ਬੰਗਾ ਦੇ ਬਜਾਜ ਪੈਲਸ ਵਿਖੇ ਇੱਕ ਐਨਆਰਆਈ ਵਿਪਨ ਸਲਣ ਜੋ ਪਿਛਲੇ ਚਾਰ ਪੰਜ ਮਹੀਨੇ ਪਹਿਲਾਂ ਅਮਰੀਕਾ ਤੋਂ ਵਿਆਹ ਦੇ ਬੰਧਨ ਵਿੱਚ ਬੰਧਨ ਲਈ ਆਪਣੇ ਜੱਦੀ ਸ਼ਹਿਰ ਬੰਗਾ ਪਹੁੰਚਿਆ ਸੀ। ਬਹੁਤ ਹੀ ਖੁਸ਼ੀ ਤੇ ਮਲਾਰ ਨਾਲ ਪਰਿਵਾਰ ਵੱਲੋਂ ਅੱਜ ਉਸ ਦਾ ਵਿਆਹ ਬਜਾਜ ਪੈਲਸ ਬੰਗਾ ਵਿਖੇ ਰੱਖਿਆ ਗਿਆ ਸੀ ਬਹੁਤ ਹੀ ਮੰਦਭਾਗਾ ਦੁਖਦਾਈ ਭਾਣਾ ਵਾਪਰਿਆ। ਜਦੋਂ ਲਾੜੇ ਦੀ ਫੇਰਿਆਂ ਉਪਰੰਤ ਅਟੈਕ ਆਉਣ ਤੇ ਮੈਰਿਜ ਪੈਲਸ ਤੋਂ ਹਸਪਤਾਲ ਲਿਜਾਂਦੇ ਸਮੇਂ ਰਸਤੇ ਵਿੱਚ ਦੁਖਦਾਈ ਮੌਤ ਹੋ ਗਈ। ਜਾਣਕਾਰੀ ਅਨੁਸਾਰ ਵਿਪਨ ਸੱਲਨ ਦੀ ਉਮਰ ਕਰੀਬ 38 ਸਾਲ ਸੀ ਅਤੇ ਉਨਾਂ ਦੇ ਪਿਤਾ ਮੋਹਣ ਲਾਲ ਬੈਂਕ ਵਿੱਚੋਂ ਅਫਸਰ ਰਿਟਾਇਰ ਹੋਏ ਹਨ। ਮੌਕੇ ਦੇ ਹਾਲਾਤਾਂ ਅਨੁਸਾਰ ਪਰਿਵਾਰਿਕ ਮੈਂਬਰਾਂ ਦਾ ਇਸ ਦੁੱਖ ਦੀ ਘੜੀ ਵਿੱਚ ਬਹੁਤ ਬੁਰਾ ਹਾਲ ਸੀ। ਮਾਤਾ ਦੀ ਹਾਲਤ ਵਿਗੜਨ ਕਾਰਨ ਉਸ ਨੂੰ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ।ਬਲੱਡ ਬੈਂਕ ਵਿੱਚ ਖੂਨ ਦੀ ਚੱਲ ਰਹੀ ਕਮੀ ਦੇ ਮੱਦੇਨਜ਼ਰ, ਸਸਕਾਰ ਵੈਲੀ ਸਮਾਰਟ ਸਕੂਲ, ਭਵਾਨੀਗੜ੍ਹ ਵਿੱਚ ਸਕੂਲ ਦੀ ਵਿਦਿਆਰਥੀ ਪ੍ਰੀਸ਼ਦ ਵੱਲੋਂ ਅੱਜ ਮਾਪੇ ਅਧਿਆਪਕ ਮਿਲਣੀ (ਪੀ.ਟੀ.ਐਮ.) ਮੌਕੇ ਖ਼ੂਨਦਾਨ ਕੈਂਪ ਲਗਾਇਆ ਗਿਆ। ਸੰਸਕਾਰ ਵੈਲੀ ਸਮਾਰਟ ਸਕੂਲ ਬੱਚਿਆਂ ਨੂੰ ਆਧੁਨਿਕ ਸਿੱਖਿਆ ਦੇ ਨਾਲ-ਨਾਲ ਗਤੀਵਿਧੀਆਂ ਅਤੇ ਪਰਉਪਕਾਰੀ ਵਰਗੀਆਂ ਕਦਰਾਂ ਕੀਮਤਾਂ ਦੇਣ ਦੇ ਯਤਨਾਂ ਵਿੱਚ ਹਮੇਸ਼ਾ ਮੋਹਰੀ ਰਿਹਾ ਹੈ, ਖ਼ੂਨਦਾਨ ਕੈਂਪ ਵਿੱਚ 80 ਤੋਂ ਵੱਧ ਵਾਲੰਟੀਅਰਾਂ ਨੇ ਖ਼ੂਨਦਾਨ ਕਰਕੇ ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ।




ਇਹ ਕੈਂਪ ਸਕੂਲ ਦੇ ਚੇਅਰਮੈਨ ਧਰਮਵੀਰ ਗਰਗ, ਪ੍ਰਧਾਨ ਈਸ਼ਵਰ ਬਾਂਸਲ ਅਤੇ ਸਕੱਤਰ ਸੰਜੀਵ ਗੋਇਲ ਜੀ ਦੇ ਸਹਿਯੋਗ ਨਾਲ ਸਕੂਲ ਦੇ ਵਿਹੜੇ ਵਿੱਚ ਲਗਾਇਆ ਗਿਆ। ਖ਼ੂਨਦਾਨ ਕਰਨ ਵਾਲੇ ਲੋਕਾਂ 'ਚ ਜ਼ਿਆਦਾਤਰ ਸਕੂਲ ਨਾਲ ਜੁੜੇ ਮਾਪੇ ਅਤੇ ਆਸ-ਪਾਸ ਦੇ ਇਲਾਕੇ ਦੇ ਲੋਕ ਸਨ, ਜਿਨ੍ਹਾਂ ਦੀ ਗਿਣਤੀ 130 ਦੇ ਕਰੀਬ ਸੀ ਪਰ ਇਸ ਨੇਕ ਕੰਮ 'ਚ ਯੋਗਦਾਨ ਪਾਉਣ ਲਈ ਸਿਰਫ਼ 80 ਖੁਸ਼ਕਿਸਮਤ ਲੋਕ ਹੀ ਮਿਲੇ। ਡਾਕਟਰਾਂ ਦੀ ਟੀਮ ਨੇ ਲੋਕਾਂ ਨੂੰ ਹੀਟ ਸਟ੍ਰੋਕ, ਡੇਂਗੂ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਬਾਰੇ ਵੀ ਜਾਗਰੂਕ ਕੀਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੈਡਮ ਅਮਨ ਨਿੱਝਰ ਨੇ ਦੱਸਿਆ ਕਿ ਇੱਕ ਸਿਹਤਮੰਦ ਵਿਅਕਤੀ ਤਿੰਨ ਮਹੀਨਿਆਂ ਵਿੱਚ ਇੱਕ ਵਾਰ ਖ਼ੂਨਦਾਨ ਕਰ ਸਕਦਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਇਸ ਮਹਾਨ ਦਾਨ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਸਕੂਲ ਦੇ ਚੇਅਰਮੈਨ ਧਰਮਵੀਰ ਗਰਗ ਨੇ ਇਸ ਮਹਾਨ ਦਾਨ ਲਈ ਆਏ ਸਾਰੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਤੋਂ ਵੱਡਾ ਕੋਈ ਵੀ ਦਾਨ ਨਹੀਂ ਹੋ ਸਕਦਾ ਕਿਉਂਕਿ ਲੋਕ ਇਹ ਨਹੀਂ ਜਾਣਦੇ ਕਿ ਉਨ੍ਹਾਂ ਦਾ ਦਾਨ ਕੀਤਾ ਖ਼ੂਨ ਕਿਸੇ ਦੀ ਜਾਨ ਬਚਾ ਸਕਦਾ ਹੈ। ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਜੀਵ ਗੋਇਲ ਨੇ ਵੀ ਸਾਰਿਆਂ ਦੇ ਨਾਲ-ਨਾਲ ਆਪਣਾ ਖ਼ੂਨਦਾਨ ਦਿੱਤਾ ਅਤੇ ਖ਼ੂਨਦਾਨ ਕਰਨ ਲਈ ਆਏ ਸਾਰੇ ਲੋਕਾਂ ਲਈ ਰਿਫਰੈਸ਼ਮੈਂਟ ਦਾ ਵੀ ਵਧੀਆ ਪ੍ਰਬੰਧ ਕੀਤਾ ਗਿਆ।

# ਈਕੋ ਵੀਲਰਜ ਸਾਈਕਲ ਕਲੱਬ ਵੱਲੋਂ ਆਪਣੇ ਰਾਈਡਰ ਇੰਸਪੈਕਟਰ ਕੁਲਦੀਪ ਸਿੰਘ ਨੂੰ ਉਹਨਾਂ ਦੀ ਸੇਵਾਮੁਕਤੀ ਉਪਰੰਤ ਕੀਤਾ ਸਨਮਾਨਿਤ



**ਮਾਨਸਾ–** ਈਕੋ ਵੀਲਰਜ ਸਾਈਕਲ ਕਲੱਬ ਮਾਨਸਾ ਵੱਲੋਂ ਮੀਂਹ ਦੀ ਪ੍ਰਵਾਹ ਨਾ ਕਰਦੇ ਹੋਏ ਰੋਜ਼ਾਨਾ ਦੀ ਤਰਾ ਅੱਜ ਮਾਨਸਾ ਤੋਂ ਭਾਈਦੇਸਾ ਤੱਕ 30 ਕਿਲੋਮੀਟਰ ਦੀ ਸਾਈਕਲ ਰਾਈਡ ਲਗਾਈ ਗਈ। ਅੱਜ ਦੀ ਇਹ ਰਾਈਡ ਇੰਸਪੈਕਟਰ ਕੁਲਦੀਪ ਸਿੰਘ ਨੂੰ ਸਮਰਪਿਤ ਕੀਤੀ ਗਈ, ਜੋ ਮਹਿਕਮਾ ਪੰਜਾਬ ਪੁਲਿਸ ਵਿੱਚ ਕਰੀਬ 39 ਸਾਲ ਦੀ ਬੇਦਾਗ ਸਰਵਿਸ ਬੜੀ ਮਿਹਨਤ ਤੇ ਇਮਾਨਦਾਰੀ ਨਾਲ ਪੂਰੀ ਕਰਕੇ ਪਿਛਲੇ ਦਿਨੀਂ ਜਿਲਾ ਮਾਨਸਾ ਤੋਂ ਸੇਵਾਮੁਕਤ ਹੋਏ ਹਨ।

ਸਾਈਕਲ ਰਾਈਡ ਦੌਰਾਨ ਭਾਈਦੇਸਾ ਵਿਖੇ ਚਾਹ-ਪਾਰਟੀ ਦਾ ਉਚੇਚੇ ਤੌਰ ਤੇ ਪ੍ਰਬੰਧ ਕੀਤਾ ਗਿਆ। ਇਸਤੋਂ ਬਾਅਦ ਸਾਈਕਲ ਕਲੱਬ ਵੱਲੋਂ ਸ੍ਰ: ਕੁਲਦੀਪ ਸਿੰਘ ਦੇ ਗਲ ਵਿੱਚ ਫੁੱਲਾਂ ਦੇ ਹਾਰ ਪਾ ਕੇ ਅਤੇ ਮੋਮੈਂਟੋਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਸ੍ਰ: ਬਲਵਿੰਦਰ ਸਿੰਘ ਕਾਕਾ ਨੇ ਵਧਾਈ ਦਿੰਦਿਆ ਕਿਹਾ ਕਿ ਇੰਸਪੈਕਟਰ ਕੁਲਦੀਪ ਸਿੰਘ ਬਹੁਤ ਹੀ ਮਿੱਠ-ਬੋਲੜੇ ਸੁਭਾਅ ਦੇ ਇਨਸਾਨ ਹਨ ਅਤੇ ਸਾਲ 2022 ਤੋਂ ਇਸ ਕਲੱਬ ਨਾਲ ਜੁੜ ਕੇ ਆਪਣੀ ਡਿਊਟੀ ਦੇ ਨਾਲ ਨਾਲ ਸਮੇਂ ਸਮੇਂ ਸਿਰ ਸਾਈਕਲਿੰਗ ਕਰ ਰਹੇ ਹਨ।

ਜਿਹਨਾਂ ਵੱਲੋਂ ਪੁਲਿਸ ਵਿਭਾਗ ਵਿੱਚ ਕਰੀਬ 39 ਸਾਲ ਆਪਣੀ ਸੇਵਾ ਬਹੁਤ ਹੀ ਵਧੀਆ, ਇਮਾਨਦਾਰੀ ਤੇ ਮਿਹਨਤ ਨਾਲ ਨਿਭਾਈ ਗਈ ਹੈ ਅਤੇ ਜਿਹਨਾਂ ਵੱਲੋਂ ਸਮੇਂ ਸਮੇਂ ਸਿਰ ਸਾਈਕਲਿੰਗ ਕਰਕੇ ਭਾਂਵੇ ਆਪਣੀ ਸਿਹਤ ਦੀ ਫਿਟਨੈੱਸ ਨੂੰ ਪੂਰੀ ਤਰਾ ਬਰਕਰਾਰ ਰੱਖਿਆ ਹੋਇਆ ਹੈ, ਪਰ ਫਿਰ ਵੀ ਉਹਨਾਂ ਨੂੰ ਬੇਨਤੀ ਹੈ ਕਿ ਹੁਣ ਉਹ ਕਲੱਬ ਨਾਲ ਰੋਜਾਨਾਂ ਸਾਈਕਲਿੰਗ ਕਰਨਗੇ ਅਤੇ ਕਲੱਬ ਦੀ ਸ਼ਾਨ ਨੂੰ ਹੋਰ ਚਾਰ ਚੰਨ ਲਗਾਉਣਗੇ।

ਇਸ ਮੌਕੇ ਸ੍ਰ: ਕੁਲਦੀਪ ਸਿੰਘ ਨੇ ਕਿਹਾ ਕਿ ਮੈਂ ਈਕੋ ਵੀਲਰਜ ਸਾਈਕਲ ਕਲੱਬ ਦਾ ਅਤੀ ਧੰਨਵਾਦੀ ਹਾਂ, ਜਿਹਨਾਂ ਨੇ ਮੈਨੂੰ ਇਨ੍ਹਾਂ ਮਾਣ ਤੇ ਇੱਜ਼ਤ ਦਿੱਤੀ ਹੈ ਅਤੇ ਮੈਂ ਕਲੱਬ ਦਾ ਸਦਾ ਰਿਣੀ ਰਹਾਂਗਾ। ਇਸ ਮੌਕੇ ਈਕੋ ਵੀਲਰਜ ਸਾਈਕਲ ਕਲੱਬ ਦੇ 40 ਦੇ ਕਰੀਬ ਮੈਂਬਰ ਹਾਜ਼ਰ ਸਨ।

**– ਡਾ. ਸੰਦੀਪ ਘੰਡ**

# ਨਗਰ ਕੌਂਸਲ ਸੰਗਰੂਰ ਖਿਲਾਫ਼ ਸੰਘਰਸ਼ ਕਰਨ ਦਾ ਐਲਾਨ

**ਸੰਗਰੂਰ, (ਦਲਜੀਤ ਕੌਰ)** ਪਾਰਕ ਸੰਭਾਲ ਤੇ ਸੋਸ਼ਲ ਵੈਲਫੇਅਰ ਸੁਸਾਇਟੀ, ਪੂਨੀਆ ਕਲੋਨੀ, ਸੰਗਰੂਰ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਬਹਾਦਰ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਨਗਰ ਕੌਂਸਲ ਸੰਗਰੂਰ , ਐਮ ਐਲ ਏ ਹਲਕਾ ਸੰਗਰੂਰ ਤੇ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਵਾਰ ਵਾਰ ਮਿਲਣ/ਲਿਖਤੀ ਦੇਣ ਦੇ ਬਾਵਜੂਦ ਸੰਗਰੂਰ ਵਿਖੇ ਧੂਰੀ ਰੋਡ ਤੇ ਫਲਾਈਓਵਰ ਦੇ ਦੋਵੇਂ ਪਾਸੇ ਬਣੀਆਂ ਸੜਕਾਂ ਦੀ ਮੁਰੰਮਤ ਅਤੇ ਪ੍ਰੀਮਿਕਸ ਨਾ ਪਵਾਉਣ ਕਾਰਨ ਕਮੇਟੀ ਵੱਲੋਂ ਫ਼ੈਸਲਾ ਕੀਤਾ ਗਿਆ ਕਿ ਜੇਕਰ ਇੰਨਾ ਸੜਕਾਂ ਦੇ ਫੌਰੀ ਟੋਏ ਨਹੀਂ ਭਰੇ ਜਾਂਦੇ ਤੇ 26 ਜੁਲਾਈ ਤੱਕ ਇੰਨਾ ਸੜਕਾਂ ਤੇ ਪ੍ਰੀਮਿਕਸ ਨਹੀਂ ਪਾਇਆ ਜਾਂਦਾ ਤਾਂ ਨਗਰ ਕੌਂਸਲ ਸੰਗਰੂਰ ਖਿਲਾਫ ਸੰਘਰਸ਼ ਸ਼ੁਰੂ ਕੀਤਾ ਜਾਵੇਗਾ । ਜਿਸ ਦੀ ਜ਼ਿੰਮੇਵਾਰੀ ਕਾਰਜਸਾਧਕ ਅਫ਼ਸਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਦੀ ਹੋਵੇਗੀ। ਇਸ ਤੋਂ ਇਲਾਵਾ ਮੀਟਿੰਗ ਵਿੱਚ ਪਾਰਕ ਵਿੱਚ ਵਾਟਰ ਕੂਲਰ ਲਗਵਾਉਣ ਲਈ ਇੰਜੀਨੀਅਰ ਰੁਪਿੰਦਰ ਸਿੰਘ ਪੂਨੀਆਂ ਦਾ ਧੰਨਵਾਦ ਕੀਤਾ ਗਿਆ। ਅਕਤੂਬਰ 2023 ਤੋਂ 31 ਮਾਰਚ 24 ਦੇ ਕੀਤੇ ਕੰਮਾਂ ਦੀ ਜਾਣਕਾਰੀ, ਇਕੱਤਰ ਹੋਏ ਫੰਡ ਤੇ ਖਰਚ ਦਾ ਹਿਸਾਬ ਕਾਰਜਕਾਰੀ ਕਮੇਟੀ ਮੈਂਬਰ ਮਨਧੀਰ ਸਿੰਘ ਤੇ ਮਾਸਟਰ ਕੁਲਦੀਪ ਸਿੰਘ ਨੇ ਪੇਸ਼ ਕੀਤਾ ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਪਾਰਕ ਨੂੰ ਹੋਰ ਸੁੰਦਰ ਬਣਾਉਣ ਲਈ ਵੀ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਕਾਰਜਕਾਰੀ ਕਮੇਟੀ ਦੇ ਮੈਂਬਰ ਸਵਰਨਜੀਤ ਸਿੰਘ, ਮਾਲਵਿੰਦਰ ਸਿੰਘ ਜਵੰਦਾ ਐਸ ਡੀ ਓ, ਬਲਦੇਵ ਸਿੰਘ, ਅਮਨਦੀਪ ਮਾਨ, ਸੁਰਜੀਤ ਸਿੰਘ, ਐਸ ਡੀ ਓ ਸੁਰਿੰਦਰ ਪਾਲ ਅਤੇ ਸੁਖਵਿੰਦਰ ਸਿੰਘ ਹਰੇੜੀ ਹਾਜ਼ਰ ਸਨ।



ਪਾਰਕ ਸੰਭਾਲ ਤੇ ਸੋਸ਼ਲ ਵੈਲਫੇਅਰ ਸੁਸਾਇਟੀ, ਪੂਨੀਆ ਕਲੋਨੀ, ਸੰਗਰੂਰ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਬਹਾਦਰ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਨਗਰ ਕੌਂਸਲ ਸੰਗਰੂਰ , ਐਮ ਐਲ ਏ ਹਲਕਾ ਸੰਗਰੂਰ ਤੇ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਵਾਰ ਵਾਰ ਮਿਲਣ/ਲਿਖਤੀ ਦੇਣ ਦੇ ਬਾਵਜੂਦ ਸੰਗਰੂਰ ਵਿਖੇ ਧੂਰੀ ਰੋਡ ਤੇ ਫਲਾਈਓਵਰ ਦੇ ਦੋਵੇਂ ਪਾਸੇ ਬਣੀਆਂ ਸੜਕਾਂ ਦੀ ਮੁਰੰਮਤ ਅਤੇ ਪ੍ਰੀਮਿਕਸ ਨਾ ਪਵਾਉਣ ਕਾਰਨ ਕਮੇਟੀ ਵੱਲੋਂ ਫ਼ੈਸਲਾ ਕੀਤਾ ਗਿਆ ਕਿ ਜੇਕਰ ਇੰਨਾ ਸੜਕਾਂ ਦੇ ਫੌਰੀ ਟੋਏ ਨਹੀਂ ਭਰੇ ਜਾਂਦੇ ਤੇ 26 ਜੁਲਾਈ ਤੱਕ ਇੰਨਾ ਸੜਕਾਂ ਤੇ ਪ੍ਰੀਮਿਕਸ ਨਹੀਂ ਪਾਇਆ ਜਾਂਦਾ ਤਾਂ ਨਗਰ ਕੌਂਸਲ ਸੰਗਰੂਰ ਖਿਲਾਫ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਜਿਸ ਦੀ ਜ਼ਿੰਮੇਵਾਰੀ ਕਾਰਜਸਾਧਕ ਅਫ਼ਸਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਦੀ ਹੋਵੇਗੀ। ਇਸ ਤੋਂ ਇਲਾਵਾ ਮੀਟਿੰਗ ਵਿੱਚ ਪਾਰਕ ਵਿੱਚ ਵਾਟਰ ਕੂਲਰ ਲਗਵਾਉਣ ਲਈ ਇੰਜੀਨੀਅਰ ਰੁਪਿੰਦਰ ਸਿੰਘ ਪੂਨੀਆਂ ਦਾ ਧੰਨਵਾਦ ਕੀਤਾ ਗਿਆ। ਅਕਤੂਬਰ 2023 ਤੋਂ 31 ਮਾਰਚ 24 ਦੇ ਕੀਤੇ ਕੰਮਾਂ ਦੀ ਜਾਣਕਾਰੀ, ਇਕੱਤਰ ਹੋਏ ਫੰਡ ਤੇ ਖਰਚ ਦਾ ਹਿਸਾਬ ਕਾਰਜਕਾਰੀ ਕਮੇਟੀ ਮੈਂਬਰ ਮਨਧੀਰ ਸਿੰਘ ਤੇ ਮਾਸਟਰ ਕੁਲਦੀਪ ਸਿੰਘ ਨੇ ਪੇਸ਼ ਕੀਤਾ ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਪਾਰਕ ਨੂੰ ਹੋਰ ਸੁੰਦਰ ਬਣਾਉਣ ਲਈ ਵੀ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਕਮੇਟੀ ਦੇ ਮੈਂਬਰ ਸਵਰਨਜੀਤ ਸਿੰਘ, ਮਾਲਵਿੰਦਰ ਸਿੰਘ ਜਵੰਦਾ ਐਸ ਡੀ ਓ, ਬਲਦੇਵ ਸਿੰਘ, ਅਮਨਦੀਪ ਮਾਨ, ਸੁਰਜੀਤ ਸਿੰਘ, ਐਸ ਡੀ ਓ ਸੁਰਿੰਦਰ ਪਾਲ ਅਤੇ ਸੁਖਵਿੰਦਰ ਸਿੰਘ ਹਰੇੜੀ ਹਾਜ਼ਰ ਸਨ।

# ਭੋਗਲ ਪਰਿਵਾਰ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ-ਕਲੇਰਾਂ ਨੂੰ ਦਾਨ ਕੀਤੀ ਐਂਬੂਲੈਂਸ ਲੋਕ ਸੇਵਾ ਲਈ ਰਵਾਨਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬੰਗਾ ਨਿਵਾਸੀ ਸਮਾਜ ਸੇਵੀ ਭੋਗਲ ਪਰਿਵਾਰ ਨੇ ਸਵ: ਕਰਨੈਲ ਸਿੰਘ ਭੋਗਲ ਜੀ ਦੀ ਨਿੱਘੀ ਅਤੇ ਮਿੱਠੀ ਯਾਦ ਵਿਚ ਚਾਰ ਦਹਾਕਿਆਂ ਤੋਂ ਮਿਆਰੀ ਸਿਹਤ ਸੇਵਾਵਾਂ ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਨੂੰ ਇੱਕ ਨਵੀਂ ਏਅਰਕੰਡੀਸ਼ਨ ਐਂਬੂਲੈਂਸ ਦਾਨ ਵਿਚ ਦਿੱਤੀ ਹੈ। ਅੱਜ ਅਮਰਜੀਤ ਸਿੰਘ ਕਲੇਰਾਂ ਸਕੱਤਰ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਅਤੇ ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ ਨੇ ਇਸ ਐਂਬੂਲੈਂਸ ਨੂੰ ਹਰੀ ਝੰਡੀ ਦਿਖਾ ਕੇ ਲੋਕ ਸੇਵਾ ਲਈ ਰਵਾਨਾ ਕੀਤਾ। ਇਸ ਮੌਕੇ ਹਸਪਤਾਲ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਸ ਕੁਲਵਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਚਾਲੀ ਸਾਲਾ ਸਥਾਪਨਾ ਦਿਵਸ ਮੌਕੇ ਸਮਾਜ ਸੇਵੀ ਭੋਗਲ ਪਰਿਵਾਰ ਬੰਗਾ ਵਲੋਂ ਸਵ: ਕਰਨੈਲ ਸਿੰਘ ਭੋਗਲ ਜੀ ਦੀ ਨਿੱਘੀ ਅਤੇ ਮਿੱਠੀ ਯਾਦ ਵਿਚ ਨਵੀਂ ਐਂਬੂਲੈਂਸ ਲਈ ਦਾਨ ਦਿੱਤਾ ਸੀ। ਸ. ਢਾਹਾਂ ਨੇ ਕਿਹਾ ਕਿ ਭੋਗਲ ਪਰਿਵਾਰ ਦਾ ਇਹ ਕਾਰਜ ਦਾਨੀ ਸੱਜਣਾਂ ਲਈ ਪ੍ਰੇਰਣਾ ਸਰੋਤ ਬਣੇਗਾ ਅਤੇ ਉਹਨਾਂ ਨੇ ਲੋੜਵੰਦ ਮਰੀਜ਼ਾਂ ਲਈ ਸਾਢੇ ਸੱਤ ਲੱਖ ਰੁਪਏ ਲਾਗਤ ਵਾਲੀ ਐਂਬੂਲੈਂਸ ਲਈ ਦਾਨ ਦੇਣ ਲਈ ਹਾਰਦਿਕ ਧੰਨਵਾਦ ਵੀ ਕੀਤਾ ਹੈ। ਸ. ਢਾਹਾਂ ਨੇ ਦੱਸਿਆ ਕਿ ਹਸਪਤਾਲ ਢਾਹਾਂ ਕਲੇਰਾਂ 100 ਬੈਡਾਂ ਦੀ ਸਮਰੱਥਾ ਵਾਲਾ ਮਲਟੀਸਪੈਸ਼ਲਿਟੀ ਹਸਪਤਾਲ ਹੈ। ਇੱਥੇ ਸੜਕੀ ਹਾਦਸਿਆਂ ਵਿਚ ਜਖਮੀਆਂ ਦੀ ਵਧੀਆ ਸੇਵਾ ਸੰਭਾਲ ਲਈ ਐਮਰਜੈਂਸੀ ਅਤੇ ਟਰੌਮਾ ਸੈਂਟਰ ਸਥਾਪਿਤ ਹੈ ਜਿੱਥੇ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਲਈ ਮਾਹਿਰ ਡਾਕਟਰ 24 ਘੰਟੇ ਤਾਇਨਾਤ ਰਹਿੰਦੇ ਹਨ। ਢਾਹਾਂ ਕਲੇਰਾਂ ਹਸਪਤਾਲ ਵਿਖੇ ਲੋੜਵੰਦ ਮਰੀਜ਼ਾਂ ਨੂੰ ਹੰਗਾਮੀ ਹਾਲਤਾਂ ਵਿਚ ਮਦਦ ਦੇਣ ਲਈ ਐਂਬੂਲੈਂਸਾਂ ਵੀ 24 ਘੰਟੇ ਤਿਆਰ ਬਰ ਤਿਆਰ ਰਹਿੰਦੀਆਂ ਹਨ। ਭੋਗਲ ਪਰਿਵਾਰ ਵੱਲੋਂ ਦਾਨ ਨਵੀਂ ਐਂਬੂਲੈਂਸ ਨੂੰ ਲੋਕ ਸੇਵਾ ਹਿੱਤ ਰਵਾਨਾ ਕਰਨ ਮੌਕੇ ਡਾ. ਰਵਿੰਦਰ ਖਜ਼ੂਰੀਆ ਮੈਡੀਕਲ ਸੁਪਰਡੈਂਟ, ਦਵਿੰਦਰ ਸਿੰਘ ਢਿੱਲੋਂ ਅਮਰੀਕਾ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ (ਦੋਹਤਾ ਸਵ: ਸ। ਕਰਨੈਲ ਸਿੰਘ ਭੋਗਲ) ਤੇ ਹਸਪਤਾਲ ਸਟਾਫ਼ ਵੀ ਹਾਜ਼ਰ ਸੀ।




# ਸੰਗੀਤ ਸੰਸਥਾ ਵਲੋਂ ਵਾਤਾਵਰਣ ਦੀ ਸ਼ੁੱਧਤਾ ਲਈ ਲਗਾਏ ਬੂਟੇ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਸੁਰ ਸੰਗੀਤ ਸੰਸਥਾ ਦੋਆਬਾ ਬੰਗਾ ਵਲੋਂ ਅਨੇਕਾਂ ਕਿਸਮਾਂ ਦੇ ਛਾਂਦਾਰ ਕਈ ਬੂਟੇ ਲਗਾਏ ਗਏ ਇਸ ਮੌਕੇ ਗੱਲਬਾਤ ਕਰਦਿਆ ਕਰਦਿਆ ਸੰਸਥਾ ਦੇ ਪ੍ਰਧਾਨ ਤੇ ਲੋਕ ਗਾਇਕ ਰਾਜ ਦਦਰਾਲ ਨੰਬਰਦਾਰ ਗੜੀ ਅਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਤਾਪਮਾਨ ਦਾ ਵੱਧਣਾ ਮਨੁੱਖ ਦੇ ਨਾਲ-ਨਾਲ ਪਸ਼ੂ, ਪੰਛੀਆਂ, ਜੀਵ ਜੰਤੂਆਂ ਆਦਿ ਲਈ ਬੇਹੱਦ ਘਾਤਕ ਹੈ ਤਾਪਮਾਨ ਦਾ ਵੱਧਣਾ ਧਰਤੀ ਤੇ ਰੁੱਖਾਂ ਦਾ ਨਾਂ ਹੋਣਾ ਬਹੁਤ ਚਿੰਤਾਜਨਕ ਹੈ ਇਹ ਰੁੱਖ ਕਿਸੇ ਇਕ ਲਈ ਨਹੀ ਸਗੋਂ ਸਾਰਿਆਂ ਲਈ ਹੈ ਤਾਪਮਾਨ ਦਾ ਵੱਧਣਾ ਪਰਾਲੀ ਸਾੜਨ ਦਾ ਕਾਰਨ ਵੀ ਬਣਿਆ ਤੇ ਜਿਸ ਕਾਰਨ ਸਾਨੂੰ ਆਕਸੀਜਨ ਦੀ ਕਮੀ ਮਹਿਸੂਸ ਹੋਣ ਲੱਗੀ ਇਨਾਂ ਸਾਰੀਆਂ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਸਾਡੀ ਸੰਸਥਾ ਵਲੋਂ ਵਾਤਾਵਰਣ ਦੀ ਸ਼ੁੱਧਤਾ ਲਈ ਹਰੇਕ ਮਨੁੱਖ ਲਾਵੇ ਰੁੱਖ ਦੀ ਮੁਹਿੰਮ ਤਹਿਤ ਅਗਾਜ ਕੀਤਾ ਤੇ ਆਉਣ ਵਾਲੇ ਸਮੇ ਵਿੱਚ ਇਹ ਉਪਰਾਲਾ ਚੱਲਦਾ ਰਹੇਗਾ ਜਰੂਰੀ ਨਹੀ ਕਿ ਸੰਸਥਾ ਵਲੋਂ ਲਗਾਏ ਬੂਟੇ ਸਿਰਫ ਸੰਸਥਾ ਵਾਲੇ ਦੇਖਭਾਲ ਕਰਨਗੇ ਇਨਾਂ ਬੂਟਿਆਂ ਨੂੰ ਸਾਰੇ ਜਣੇ ਦੇਖਭਾਲ ਕਰ ਸਕਦੇ ਹਨ ਕਿਉਕਿ ਇਹ ਅਸੀ ਆਪਣੇ ਨਹੀ ਲਗਾਏ ਸਗੋਂ ਸਮੁਚੀ ਮਾਨਵਤਾ ਲਈ ਹੈ ਉਨਾ ਸਭ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਕਿ ਸਾਰੇ ਹੀ ਜਿੰਮੇਵਾਰੀ ਸਮਝਦੇ ਹੋਏ ਬੂਟੇ ਜਰੂਰ ਲਗਾਉਣ ਇਸ ਮੌਕੇ ਮਾਸਟਰ ਮੱਖਣ ਬਖਲੌਰ, ਗੀਤਕਾਰ ਦੀਪ ਅਲਾਚੌਰੀਆ, ਸੁਰਿੰਦਰ ਸਾਧਪੁਰੀ, ਦਵਿੰਦਰ ਰੂਹੀ, ਪੌਪ ਸੰਧੂ, ਦਵਿੰਦਰ ਬੀਸਲਾ, ਹਰਦੀਪ ਬੱਲ, ਪ੍ਰੀਤ ਸੰਧੂ, ਰਾਜ ਬਾਹੜੋਵਾਲ, ਮੋਹਣ ਬੀਕਾ।ਸੰਜੀਵ ਲੁਧਿਆਣਾ। ਗਗਨਦੀਪ ਦਾਦਰਾ ਆਦਿ ਹਾਜ਼ਰ ਸਨ।

# ਸਹਿਕਾਰੀ ਸਭਾ ਬਖਲੌਰ ਦੀ ਚੋਣ ਸਰਬਸੰਮਤੀ ਨਾਲ ਹੋਈ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਬਖਲੌਰ ਚ ਸਹਿਕਾਰੀ ਸਭਾ ਦੀ ਨਵੀ ਕਮੇਟੀ ਦੀ ਚੋਣ ਕਰਨ ਲਈ ਵਿਸ਼ੇਸ਼ ਮੀਟਿੰਗ ਇੰਸਪੈਕਟਰ ਅਰਸ਼ਦੀਪ ਸਿੰਘ ਦੀ ਅਗਵਾਈ ਵਿੱਚ ਹੋਈ ਇਸ ਮੀਟਿੰਗ ਵਿੱਚ ਸਭਾ ਦੇ ਖਾਤਾਧਾਰਕ ਨੇ ਹਿੱਸਾ ਲਿਆ ਤੇ ਸਭਾ ਦੇ ਕਾਰਜਾਂ ਵਾਸਤੇ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕਰਵਾਈ ਗਈ ਜਿਸ ਵਿੱਚ ਨੌਂ ਮੈਂਬਰਾਂ ਦੀ ਸਹਿਮਤੀ ਨਾਲ ਰਾਣਾ ਗੁਰਦੀਪ ਸਿੰਘ ਪੁੱਤਰ ਪ੍ਰਸ਼ੋਤਮ ਸਿੰਘ ਵਾਸੀ ਬਖਲੌਰ ਨੂੰ ਸਭਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਇਸ ਮੌਕੇ ਨਵ ਨਿਯੁਕਤ ਪ੍ਰਧਾਨ ਰਾਣਾ ਗੁਰਦੀਪ ਸਿੰਘ ਨੇ ਸਭਾ ਦੇ ਮੈਂਬਰ ਸਾਹਿਬਾਨਾਂ ਤੇ ਸਮੂੰਹ ਸਟਾਫ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਜਿਨਾਂ ਮੈਨੂੰ ਪ੍ਰਧਾਨਗੀ ਦੇ ਯੋਗ ਸਮਝਿਆ ਉਨਾ ਆਖਿਆ ਕਿ ਜਿਹੜੀ ਜਿੰਮੇਵਾਰੀ ਮੈਨੂੰ ਦਿਤੀ ਗਈ ਹੈ ਇਸ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਤੇ ਸਭਾ ਦੀ ਬੇਹਤਰੀ ਲਈ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਕੰਮ ਕਰਾਂਗਾ ਇਸ ਮੌਕੇ ਸਭਾ ਦੇ ਚੁਣੇ ਗਏ ਮੈਂਬਰ ਜਿਨਾ 'ਚ ਮੁਖਤਿਆਰ, ਸ਼ਾਮ ਲਾਲ, ਰਮੇਸ਼ ਸਿੰਘ, ਸ਼ਿਵ ਕੁਮਾਰ, ਜਗਤਾਰ, ਸੋਨੀ ਸਿੰਘ, ਰਾਣਾ ਯੁਧਵੀਰ ਸਿੰਘ, ਜਗਵੀਰ ਸਿੰਘ ਚੁਣੇ ਗਏ ਇਸ ਮੌਕੇ ਇੰਸਪੈਕਟਰ ਅਰਸ਼ਦੀਪ ਸਿੰਘ, ਰਿਟਰਨਿੰਗ ਅਫ਼ਸਰ ਮੈਡਮ ਮਨੀਸ਼ਾ ਕੈਂਥ ਤੇ ਸਭਾ ਦੇ ਸਕੱਤਰ ਪ੍ਰਦੀਪ ਕੁਮਾਰ ਵਲੋਂ ਪ੍ਰਧਾਨ ਗੁਰਦੀਪ ਸਿੰਘ ਤੇ ਸਮੂੰਹ ਕਮੇਟੀ ਨੂੰ ਵਧਾਈ ਦਿਤੀ ਆਸ ਪ੍ਰਗਟਾਈ ਕਿ ਸਭਾ ਦੀ ਨਵੀ ਕਮੇਟੀ ਜਿੰਮੇਵਾਰੀ ਨਾਲ ਕੰਮ ਕਰਨਗੇ ਇਸ ਮੌਕੇ ਸਰਪੰਚ ਬਿਮਲ ਕਿਸ਼ੋਰ,ਯੁਧਵੀਰ ਸਿੰਘ ਆਦਿ ਹਾਜ਼ਰ ਸਨ।

# ਇਮੀਗ੍ਰੇਸ਼ਨ ਵਿਭਾਗ ਦੇ 8 ਸਟਾਫ ਮੈਂਬਰਾਂ ਨੂੰ ਛੁੱਟੀ 'ਤੇ ਭੇਜਿਆ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਮੀਗ੍ਰੇਸ਼ਨ ਦੇ ਕਾਮਿਆਂ ਦੇ ਵਿਚ ਇਕ ਦੂਜੇ ਦੇ ਨਾਲ ਚੈਟ ਉਤੇ ਕੀਤੀਆਂ ਜਾਂਦੀਆਂ ਗੱਲਾਂ, ਅਣਉਚਿਤ, ਗਲਤ ਭਾਸ਼ਾ ਅਤੇ ਗੈਰ ਪੇਸ਼ੇਵਰਾਨਾ ਹੋਣ ਦੇ ਕਾਰਨ 8 ਕਾਮਿਆਂ ਨੂੰ ਛੁੱਟੀ 'ਤੇ ਭੇਜਿਆ ਗਿਆ ਹੈ। ਇਮੀਗ੍ਰੇਸ਼ਨ ਨਿਊਜ਼ੀਲੈਂਡ ਦੀ ਮੁਖੀ ਐਲੀਸਨ ਮੈਕਡੋਨਲਡ ਨੇ ਪੁਸ਼ਟੀ ਕੀਤੀ ਕਿ ਉਸਨੇ ਪਿਛਲੇ ਹਫ਼ਤੇ ਇੱਕ ਕੰਪਨੀ-ਵਿਆਪੀ ਈਮੇਲ ਭੇਜੀ ਜਿਸ ਵਿੱਚ ਸਟਾਫ ਨੂੰ ਸਲਾਹ ਦਿੱਤੀ ਗਈ ਸੀ ਕਿ ਵਪਾਰ, ਨਵੀਨਤਾ ਅਤੇ ਰੁਜ਼ਗਾਰ ਮੰਤਰਾਲਾ (MBIE) ਚੈਟ ਪਲੇਟਫਾਰਮ ਮਾਈਕ੍ਰੋਸਾਫਟ ਟੀਮਾਂ 'ਤੇ ਉਨ੍ਹਾਂ ਦੀਆਂ ਟਿੱਪਣੀਆਂ ਨੂੰ ਦੇਖ ਰਿਹਾ ਹੈ। ਮੈਕਡੋਨਲਡ ਨੇ ਕਿਹਾ ਕਿ ਦੋਸ਼-ਗੰਭੀਰ ਅਤੇ ਚਿੰਤਾਜਨਕ ਸਨ ਅਤੇ ਨਤੀਜੇ ਵਜੋਂ, ਅੱਠ ਲੋਕਾਂ ਨੂੰ ਮੰਤਰਾਲੇ ਦੀਆਂ ਰੁਜ਼ਗਾਰ ਪ੍ਰਕਿਰਿਆਵਾਂ ਦੇ ਅਨੁਸਾਰ ਛੁੱਟੀ 'ਤੇ ਰੱਖਿਆ ਗਿਆ ਸੀ। "ਮੈਂ ਇਸ ਕਥਿਤ ਵਿਵਹਾਰ ਤੋਂ ਨਿਰਾਸ਼ ਹਾਂ, ਜੋ ਕਿ (MBIE) ਦੀਆਂ ਸਾਰੀਆਂ ਕਦਰਾਂ-ਕੀਮਤਾਂ ਦੇ ਉਲਟ ਹੈ ਅਤੇ ਜਨਤਕ ਸੇਵਕਾਂ ਤੋਂ ਉਮੀਦ ਕੀਤੇ ਮਾਪਦੰਡਾਂ ਦੇ ਉਲਟ ਨਹੀਂ ਹੈ... ਸਾਡੇ ਲੋਕਾਂ ਦੁਆਰਾ ਅਣਉਚਿਤ ਅਤੇ ਗੈਰ-ਪੇਸ਼ੇਵਰ ਵਿਵਹਾਰ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ ਅਤੇਂ 295 ਕਿਸੇ ਵੀ ਢੁਕਵੀਂ ਅਨੁਸ਼ਾਸਨੀ ਕਾਰਵਾਈ ਕਰਨ ਤੋਂ ਸੰਕੋਚ ਨਹੀਂ ਕਰੇਗਾ। ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਅਸੀਂ ਚੰਗੀ ਭਾਵਨਾ ਨਾਲ ਕੰਮ ਕਰਦੇ ਹਾਂ ਅਤੇ ਇਹ ਕਿ ਇੱਕ ਨਿਰਪੱਖ ਪ੍ਰਕਿਰਿਆ ਹੈ, ਇਸ ਲਈ ਅਸੀਂ ਇਹਨਾਂ ਰੁਜ਼ਗਾਰ ਮਾਮਲਿਆਂ 'ਤੇ ਹੋਰ ਟਿੱਪਣੀ ਨਹੀਂ ਕਰਾਂਗੇ। ਇਮੀਗ੍ਰੇਸ਼ਨ ਮੰਤਰੀ ਏਰਿਕਾ ਸਟੈਨਫੋਰਡ ਨੇ ਹੇਰਾਲਡ ਨੂੰ ਦੱਸਿਆ ਕਿ ਇਹ 295 ਲਈ ਇੱਕ ਸੰਚਾਲਨ ਮਾਮਲਾ ਸੀ।

# ਡਾਕਟਰ ਅੰਬੇਡਕਰ ਚੈਰੀਟੇਬਲ ਸੁਸਾਇਟੀ ਰਜਿ. ਬਖਲੌਰ ਨੇ ਫ਼ਲਦਾਰ ਤੇ ਛਾਂਦਾਰ ਬੂਟੇ ਲਗਾਏ



**ਫਿਲੌਰ (ਜੱਸੀ)-** ਡਾਕਟਰ ਅੰਬੇਡਕਰ ਚੈਰੀਟੇਬਲ ਸੁਸਾਇਟੀ ਰਜਿ. ਬਖਲੌਰ ਦੇ ਪ੍ਰਧਾਨ ਸ੍ਰੀ ਰਾਮ ਪ੍ਰਕਾਸ਼ ਚੁੰਬਰ, ਉਪ ਪ੍ਰਧਾਨ ਜੁਗਰਾਜ ਸੁਮਨ, ਖਜਾਨਚੀ ਸ੍ਰੀ ਮੰਗਤ ਰਾਮ ਅਤੇ ਅਸ਼ੋਕ ਕੁਮਾਰ, ਜਸਵਿੰਦਰ ਸਿੰਘ, ਮਾਸਟਰ ਮੱਖਣ ਬਖਲੌਰ, ਮਾਸਟਰ ਮਨਦੀਪ ਸੁਮਨ, ਹਰਪ੍ਰੀਤ ਅਤੇ ਅਤੇ ਬਾਕੀ ਸਤਿਕਾਰਯੋਗ ਸਾਥੀਆਂ ਦੇ ਯੋਗ ਉਪਰਾਲੇ ਰਾਹੀਂ ਸਾਡੇ ਐਨਆਰਆਈ ਵੀਰ ਸ੍ਰੀ ਲਾਜਪਤ ਰਾਏ ਸਿੱਧੀ ਇਟਲੀ ਵੱਲੋਂ ਜੋ 10,000 ਦੀ ਰਾਸ਼ੀ ਭੇਜੀ ਗਈ ਸੀ, ਉਸ ਰਾਸ਼ੀ ਦੇ ਨਾਲ ਸਾਰੀ ਟੀਮ ਨੇ ਚੋਣ ਕਰਕੇ ਨਰਸਰੀ ਤੋਂ: ਜਾਮਣ, ਅੰਬ, ਬੋਹੜ, ਪਿੱਪਲ ਪਿਲਕਨ, ਨਿੰਮ, ਡੇਕ, ਨਿੰਬੂ, ਅਸ਼ੋਕਾ ਟਰੀ ਸੁਹਾਜਨਾ, ਗੁਲਾਬ, ਕਰੋਟਨ, ਫੈਨਿਸ ਪਾਮ, ਅਮਰੂਦ ਸਪੋਰਟੀਆ, ਚੂਰੀ ਮੂਰੀ, ਫਾਈਕਸ ਆਦਿ ਦੇ ਛਾਂ ਵਾਲੇ, ਫੁੱਲਾਂ ਵਾਲੇ, ਫਲਾਂ ਵਾਲੇ ਅਤੇ ਖੁਸ਼ਬੂਦਾਰ ਬੂਟੇ ਲਿਆਂਦੇ ਇਹ ਬੂਟੇ ਵੱਖ-ਵੱਖ ਥਾਵਾਂ ਤੇ ਲਾਏ ਜਾਣਗੇ ਸਮੂਹ ਮੈਂਬਰਨ ਡਾਕਟਰ ਅੰਬੇਡਕਰ ਚੈਰੀਟੇਬਲ ਸੁਸਾਇਟੀ ਵੱਲੋਂ ਉਸ ਦਾਨੀ ਵੀਰ ਦਾ ਬਹੁਤ ਬਹੁਤ ਧੰਨਵਾਦ ਜਿਸ ਦਾ ਵਾਤਾਵਰਨ ਨਾਲ ਇੰਨਾ ਗੂੜਾ ਪ੍ਰੇਮ ਹੈ ।

ਸਾਰੇ ਸਾਥੀ ਫੁੱਲ ਬੂਟਿਆਂ ਦੇ ਨਾਲ ਦਿਖਾਈ ਦੇ ਰਹੇ ਨੇ ਸਾਰਿਆਂ ਦਾ ਮੋਹਤਬਰਾਂ ਵਲੋਂ ਬਹੁਤ ਧੰਨਵਾਦ ਕੀਤਾ ਗਿਆ ਹੈ।

# 2364 ਈਟੀਟੀ ਟੀਚਰਾਂ ਦੀ ਭਰਤੀ ਸਬੰਧੀ ਹਾਲੇ ਤੱਕ ਨਹੀਂ ਚਲਿਆ ਮੁੱਖ ਮੰਤਰੀ ਦਾ ਹਰਾ ਪੈਨ: ਚਮਕੌਰ ਸਿੰਘ ਵੀਰ

**ਸੰਗਰੂਰ, (ਜਗਸੀਰ ਲੌਂਗੋਵਾਲ)-** ਪੰਜਾਬ ਸਰਕਾਰ ਵੱਲੋਂ ਈ ਟੀ ਟੀ ਟੀਚਰਾਂ ਦਾ ਬੈਕਲਾਗ 2364 ਪੋਸਟਾਂ ਲੰਮੇ ਸਮੇਂ ਤੋਂ ਖਾਲੀ ਪਈਆਂ ਪੋਸਟਾਂ ਭਰਨ ਲਈ ਮਿਤੀ6/3/2020 ਨੂੰ ਇਸ਼ਤਿਹਾਰ ਦਿੱਤਾ ਸੀ ਇਸ ਸਬੰਧੀ ਹਜ਼ਾਰਾਂ ਹੀ ਬੇਰੁਜ਼ਗਾਰਾਂ ਨੇ ਪੋਸਟਾਂ ਭਰੀਆਂ ਸਨ ਇਹਨਾਂ ਅਸਾਮੀਆਂ ਨੂੰ ਭਰਨ ਲਈ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਦੇ ਡਬਲ ਬੈਂਚ ਵੱਲੋਂ ਵੀ ਹਰੀ ਝੰਡੀ ਦੇ ਦਿੱਤੀ ਗਈ ਹੈ ਪ੍ਰੰਤੂ ਪੰਜਾਬ ਸਰਕਾਰ ਜਾਣ ਬੁੱਝ ਕੇ ਇਹਨਾਂ ਟੀਚਰਾਂ ਦੀ ਭਰਤੀ ਨੂੰ ਲਮਕਾ ਰਹੀ ਹੈ ਜੋ ਕਿ ਪੰਜਾਬ ਦੇ ਨੌਜਵਾਨ ਬੇਰੁਜ਼ਗਾਰਾਂ ਨਾਲ ਸ਼ਰੇਆਮ ਧੱਕਾ ਹੈ ਇਨ੍ਹਾਂ ਸ਼ਬਦਾਂ ਦਾ ਦਾ ਪ੍ਰਗਟਾਵਾ ਸ੍ਰ ਚਮਕੌਰ ਸਿੰਘ ਵੀਰ ਸੂਬਾ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਪੰਜਾਬ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿ ਪਹਿਲਾਂ ਇਸ ਭਰਤੀ ਨੂੰ ਕਾਂਗਰਸ ਦੀ ਸਰਕਾਰ ਨੇ ਦੱਬੀ ਰੱਖਿਆ ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਚੋਣਾਂ ਤੋਂ ਪਹਿਲਾਂ ਇਹ ਵਾਅਦਾ ਕਰਦੀ ਸੀ ਇਹ ਬੇਰੁਜ਼ਗਾਰਾਂ ਦੇ ਹੱਕ ਵਿੱਚ ਹਰਾ ਪੈਨ ਚੱਲੇਗਾ ਪਰ ਹਾਲੇ ਤੱਕ ਸ੍ਰੀ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦਾ ਹਰਾ ਪੈਨ ਇਹਨਾਂ ਬੇਰੁਜ਼ਗਾਰ ਅਧਿਆਪਕਾਂ ਦੇ ਹੱਕ ਵਿੱਚ ਨਹੀਂ ਚੱਲਿਆ ਜਦੋਂ ਕਿ ਇਹਨਾਂ ਵਿੱਚੋਂ ਬਹੁਤ ਸਾਰੇ ਯੋਗ ਅਧਿਆਪਕ ਉਮਰ ਦੀ ਹੱਦ ਵੀ ਲੰਘ ਚੁੱਕੇ ਹਨ, ਬੇਰੁਜ਼ਗਾਰ ਅਧਿਆਪਕ ਮਜ਼ਦੂਰੀ ਕਰਨ ਲਈ ਮਜਬੂਰ ਹਨ, ਸਰਕਾਰਾਂ ਸ਼ਰੇਆਮ ਨੌਜਵਾਨ ਬੇਰੁਜ਼ਗਾਰਾਂ ਨਾਲ ਧੱਕਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹਨਾਂ ਪੋਸਟਾਂ ਨੂੰ ਭਰਨ ਲਈ ਈ ਟੀ ਟੀ ਬੇਰੁਜ਼ਗਾਰ ਯੂਨੀਅਨ ਲੰਬੇ ਸਮੇਂ ਤੋਂ ਸੰਘਰਸ਼ ਕਰਦੀ ਆ ਰਹੀ ਹੈ ਪਰ ਸਰਕਾਰ ਜਾਣ ਬੁਝ ਕੇ ਟਾਲ ਮਟੋਲ ਕਰ ਰਹੀ ਹੈ ਸ੍ਰ ਵੀਰ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਦਾ ਇਹੀ ਰਵੱਈਆ ਰਿਹਾ ਤਾਂ ਨੌਜਵਾਨ ਬੇਰੁਜ਼ਗਾਰਾਂ ਨੂੰ ਨਾਲ ਲੈ ਕੇ ਇਸ ਸਬੰਧੀ ਸੜਕਾਂ ਤੇ ਸੰਘਰਸ਼ ਕੀਤਾ ਜਾਵੇਗਾ ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਸਮੇਂ ਸੂਬੇਦਾਰ ਰਣਧੀਰ ਸਿੰਘ ਨਾਗਰਾ, ਗੁਰਮੇਲ ਸਿੰਘ ਰੰਗੀਲਾ, ਸਤਿਗੁਰ ਸਿੰਘ ਕੌਹਰੀਆਂ, ਨਿਰਮਲ ਸਿੰਘ ਮੱਟੂ, ਦਰਸ਼ਨ ਸਿੰਘ, ਗੁਰਦੇਵ ਸਿੰਘ ਘਾਬਦਾਂ, ਜਗਸੀਰ ਸਿੰਘ ਮਾਝੀ, ਸੇਵਾ ਸਿੰਘ ਬੰਗਾਵਾਲੀ, ਪ੍ਰਕਾਸ਼ ਸਿੰਘ, ਕਸ਼ਮੀਰਾ ਸਿੰਘ, ਡਾ ਹਰਬੰਸ ਸਿੰਘ, ਡਾ ਮਿੰਠੂ ਸਿੰਘ, ਰਾਮਪਾਲ ਸਿੰਘ, ਰਣਧੀਰ ਸਿੰਘ ਅਤੇ ਪ੍ਰੀਤਮ ਸਿੰਘ ਛੰਨਾ ਮੌਜੂਦ ਸਨ।



# ਨੀਟ-ਯੂਜੀ 2024: ਸੀਬੀਆਈ ਵੱਲੋਂ ਮੁੱਖ ਮੁਲਜ਼ਮ ਸਣੇ ਦੋ ਹੋਰ ਗ੍ਰਿਫ਼ਤਾਰ

**ਨਵੀਂ ਦਿੱਲੀ-** ਸੀਬੀਆਈ ਨੇ ਨੀਟ-ਯੂਜੀ ਪੇਪਰ ਲੀਕ ਮਾਮਲੇ ਵਿੱਚ ਮੁੱਖ ਮੁਲਜ਼ਮ ਸਣੇ ਦੋ ਹੋਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਨੇ ਕਥਿਤ ਤੌਰ 'ਤੇ ਨੈਸ਼ਨਲ ਟੈਸਟਿੰਗ ਏਜੰਸੀ ਤੋਂ ਪੇਪਰ ਚੋਰੀ ਕੀਤਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਦੋ ਗ੍ਰਿਫ਼ਤਾਰੀਆਂ ਨਾਲ ਮੈਡੀਕਲ ਦਾਖ਼ਲਾ ਪ੍ਰੀਖਿਆ ਲੀਕ ਹੋਣ, ਨਕਲ ਅਤੇ ਹੋਰ ਬੇਨੇਮੀਆਂ ਨਾਲ ਸਬੰਧਤ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਕੁੱਲ ਗਿਣਤੀ ਹੁਣ 14 ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਨੇ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ ਜਮਸ਼ੇਦਪੁਰ ਤੋਂ 2017 ਬੈਚ ਦੇ ਸਿਵਲ ਇੰਜਨੀਅਰ ਪੰਕਜ ਕੁਮਾਰ ਉਰਫ ਆਦਿਤਿਆ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਨੇ ਕਥਿਤ ਤੌਰ 'ਤੇ ਹਜ਼ਾਰੀਬਾਗ ਸਥਿਤ ਐਨਟੀਏ ਟਰੰਕ ਤੋਂ ਪੇਪਰ ਚੋਰੀ ਕੀਤਾ ਸੀ। ਉਨ੍ਹਾਂ ਨੇ ਦੱਸਿਆ ਕਿ ਬੋਕਾਰੋ ਦੇ ਰਹਿਣ ਵਾਲੇ ਕੁਮਾਰ ਨੂੰ ਪਟਨਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਸੀਬੀਆਈ ਨੇ ਇੱਕ ਹੋਰ ਮੁਲਜ਼ਮ ਰਾਜੂ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

# ਬਸਪਾ ਦਾ ਵਫ਼ਦ ਗਵਰਨਰ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੂੰ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਮਿਲਿਆ, ਛੇ ਬਿੰਦੂਆਂ 'ਤੇ ਦਿੱਤਾ ਮੈਮੋਰੰਡਮ

**ਫਗਵਾੜਾ (ਬੀ.ਕੇ.ਰੱਤੂ)-** ਬਹੁਜਨ ਸਮਾਜ ਪਾਰਟੀ ਦਾ ਚਾਰ ਮੈਂਬਰੀ ਵਫ਼ਦ ਅੱਜ ਗਵਰਨਰ ਸ੍ਰੀ ਬਨਵਾਰੀ ਲਾਲ ਪੁਰੋਹਿਤ ਜੀ ਨੂੰ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਮਿਲਿਆ ਅਤੇ ਛੇ ਬਿੰਦੂਆਂ ਤੇ ਮੈਮੋਰੰਡਮ ਵੀ ਦਿੱਤਾ। ਇਸ ਵਫਦ ਵਿੱਚ ਵਿਧਾਇਕ ਡਾਕਟਰ ਨਛੱਤਰ ਪਾਲ ਸ੍ਰੀ ਅਜੀਤ ਸਿੰਘ ਭੈਣੀ ਸ੍ਰੀ ਬਲਦੇਵ ਸਿੰਘ ਮਹਿਰਾ ਵੀ ਸ਼ਾਮਲ ਸਨ। ਸ ਗੜ੍ਹੀ ਨੇ ਪ੍ਰੈਸ ਨਾਲ ਵਾਰਤਾ ਕਰਦੇ ਹੋਏ ਦੱਸਿਆ ਕਿ ਤਮਿਲਨਾਡੂ ਸੂਬੇ ਦੇ ਬਸਪਾ ਪ੍ਰਧਾਨ ਕੇ.ਆਰਮਸਟਰਾਂਗ ਦੇ ਕਤਲ ਦੀ ਸਾਜਿਸ਼ ਨੂੰ ਬੇਨਕਾਬ ਕਰਨ ਲਈ ਕੇਂਦਰੀ ਏਜੰਸੀ ਸੀਬੀਆਈ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ। ਬਹੁਜਨ ਸਮਾਜ ਪਾਰਟੀ ਦੇ ਆਗੂ ਪੰਜਾਬ ਵਿੱਚ ਜਾਤੀਵਾਦ ਤਹਿਤ ਹੋ ਰਹੇ ਜ਼ੁਲਮ ਅੱਤਿਆਚਾਰਾਂ ਖਿਲਾਫ ਲੜਾਈ ਲੜਦੇ ਹਨ ਜਿਨਾਂ ਦੀ ਜਾਨ ਮਾਲ ਦੀ ਸੁਰੱਖਿਆ ਕਰਨ ਵਿੱਚ ਆਮ ਆਦਮੀ ਪਾਰਟੀ ਜਾਤੀਵਾਦੀ ਨਜ਼ਰੀਏ ਨਾਲ ਪੁਲਿਸ ਸੁਰੱਖਿਆ ਕਰਨ ਤੋਂ ਭੱਜ ਰਹੀ ਹੈ। ਪੰਜਾਬ ਪੁਲਿਸ ਦਾ ਨਜ਼ਰੀਆ ਜਾਤੀਵਾਦੀ ਤੌਰ ਤੇ ਇਹਨਾਂ ਤੰਗ ਹੈ ਕਿ ਜਦੋਂ ਗਰੀਬਾਂ, ਦਲਿਤਾਂ ਤੇ ਪਛੜੀਆਂ ਸ਼੍ਰੇਣੀਆਂ ਨੂੰ ਇਨਸਾਫ ਦੀ ਜਰੂਰਤ ਹੁੰਦੀ ਹੈ ਤਾਂ ਪੰਜਾਬ ਪੁਲਿਸ ਇਨਕੁਆਇਰੀ, ਸਿੱਟ ਅਤੇ ਲੀਗਲ ਐਡਵਾਈਜ਼ਰ ਦੀ ਸਲਾਹ ਦੇ ਨਾਮ ਤੇ ਗਰੀਬਾਂ ਨੂੰ ਇਨਸਾਫ ਦੇਣ ਤੋਂ ਆਨਾਕਾਨੀ ਕਰਦੀ ਹੈ।

ਪੰਜਾਬ ਪੁਲਿਸ ਦੀ ਨਿਕੰਮੀ ਕਾਰਗੁਜ਼ਾਰੀ ਹੀ ਹੈ ਕਿ ਅੱਜ ਪੰਜਾਬ ਨਸ਼ਿਆਂ ਅਤੇ ਗੈਂਗਵਾਰ ਦਾ ਘਰ ਬਣ ਚੁੱਕਾ ਹੈ। ਇੱਥੋਂ ਤੱਕ ਕਿ ਪੰਜਾਬ ਪੁਲਿਸ ਦੇ ਅਧੀਨ ਜੇਲਾਂ ਵੀ ਜੁਲਮ ਦੇ ਅੱਡੇ ਬਣ ਗਈਆਂ ਹਨ। ਅਜਿਹੇ ਬੁਰੇ ਹਾਲਾਤਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੇ 30 ਮਹੀਨਿਆਂ ਵਿੱਚ ਪੰਜਾਬ ਨੂੰ ਪੱਕਾ ਡੀਜੀਪੀ ਨਹੀਂ ਦੇ ਸਕੀ ਹੈ ਜੋ ਮਜਬੂਤ ਫੈਸਲੇ ਲੈ ਸਕੇ। ਇਸ ਦੀ ਉਦਾਹਰਨ ਹੈ ਕਿ ਜਲੰਧਰ ਵਿੱਚ ਬਸਪਾ ਦੇ 163 ਵਰਕਰਾਂ ਤੇ ਪੰਜਾਬ ਪੁਲਿਸ ਨੇ ਝੂਠਾ ਪਰਚਾ ਦਰਜ ਕੀਤਾ। ਜਦੋਂ ਡੀਜੀਪੀ ਪੰਜਾਬ ਨਾਲ ਬਸਪਾ ਵਫਦ ਨੇ ਗੱਲਬਾਤ ਕੀਤੀ ਤਾਂ ਡੀਜੀਪੀ ਪੰਜਾਬ ਇਕ ਸਾਲ ਪਹਿਲਾਂ ਮੰਨ ਗਿਆ ਸੀ ਇਹ ਝੂਠੇ ਪਰਚੇ ਵਾਪਸ ਲਵਾਂਗੇ ਅੱਜ ਤੱਕ ਵੀ ਇਹ ਝੂਠੇ ਪਰਚੇ ਹੇਠਲੇ ਅਫ਼ਸਰ ਵਾਪਸ ਲੈ ਨਹੀਂ ਸਕੇ। ਇਸੇ ਤਰ੍ਹਾਂ ਸੰਗਰੂਰ ਜਿਲੇ ਵਿੱਚ ਦਲਿਤ ਨੌਜਵਾਨ ਦੀ ਉੱਚ ਜਾਤੀ ਦੇ ਹੰਕਾਰੀ ਲੋਕਾਂ ਨੇ ਕੁੱਟਮਾਰ ਕੀਤੀ ਪਰ ਸਾਰੇ ਦੋਸ਼ੀ ਅੱਜ ਤੱਕ ਵੀ ਪੰਜਾਬ ਪੁਲਿਸ ਫੜ ਨਹੀਂ ਸਕੀ ਹੈ। ਪੰਜਾਬ ਪੁਲਿਸ ਦੀ ਸਕਾਰਕ ਜਾਰੀ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਲਤਾਂ ਪਿਛਲੀਆਂ ਸ਼੍ਰੇਣੀਆਂ ਤੇ ਗਰੀਬਾਂ ਨੂੰ ਇਨਸਾਫ ਦੇਣ ਦੇ ਮੁੱਦੇ ਤੇ ਫਾਡੀ ਨਜ਼ਰ ਆਉਂਦੀ ਹੈ। ਅੱਗੇ ਜਾਣਕਾਰੀ ਦਿੰਦਿਆ ਸ. ਗੜੀ ਨੇ ਕਿਹਾ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਨੂੰ ਜਾਂਦੀਆਂ ਸਾਰੀਆਂ ਪਹੁੰਚ ਸੜਕਾਂ ਖੂਨੀ ਸੜਕਾਂ ਬਣ ਚੁੱਕੀਆਂ ਹਨ ਜਿੱਥੇ ਹਰ ਸਾਲ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਦੁਰਘਟਨਾਵਾਂ ਦਾ ਸ਼ਿਕਾਰ ਹੋਕੇ ਅਣਕਿਆਸੀ ਮੌਤ ਦਾ ਸ਼ਿਕਾਰ ਹੋ ਜਾਂਦੀਆਂ ਹਨ। ਜਿਸ ਦੀ ਤਾਜ਼ਾ ਉਦਾਹਰਣ ਜ਼ਿਲਾਂ ਪਟਿਆਲੇ ਦੀ ਤਹਿਸੀਲ ਰਾਜਪੁਰੇ ਦਾ ਪਿੰਡ ਉੜਦਨ ਹੈ ਜਿੱਥੇ ਪਿਛਲੇ ਦਿਨੀ ਐਕਸੀਡੈਂਟ ਨਾਲ 4 ਮੌਤਾਂ ਤੇ 42 ਜਖਮੀ ਹੋਏ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਲਈ ਖੜੀ ਨਹੀਂ ਹੋਈ ਕਿ ਇਹ ਸਾਰੇ ਦਲਿਤ ਵਰਗ ਨਾਲ ਸਬੰਧਿਤ ਸਨ। ਇਸ ਲਈ ਕੇਂਦਰ ਸਰਕਾਰ ਸ੍ਰੀ ਖੁਰਾਲਗੜ੍ਹ ਸਾਹਿਬ ਦੀਆਂ ਇਹਨਾਂ ਸੜਕਾਂ ਨੂੰ ਚਾਰ ਮਾਰਗੀ ਬਣਾਵੇ। ਸੂਬਾ ਵਿਧਾਇਕ ਡਾਕਟਰ ਨਛੱਤਰ ਪਾਲ ਨੇ ਇਸ ਮੌਕੇ ਕਿਹਾ ਕਿ ਪੰਜਾਬ ਦੀ ਵਿਧਾਨ ਸਭਾ ਵਿੱਚ ਪੰਜਾਬ ਦੇ ਗਰੀਬਾਂ ਅਨੁਸੂਚਿਤ ਜਾਤੀ ਵਰਗਾਂ ਪਿਛੜੀਆਂ ਸ਼੍ਰੇਣੀਆਂ ਆਦਿ ਤੇ ਹੋ ਰਹੇ ਜੁਲਮਾਂ ਖਿਲਾਫ ਆਵਾਜ਼ ਅਸੀਂ ਹਮੇਸ਼ਾ ਚੁੱਕਦੇ ਰਹਾਂਗੇ। ਇਸ ਮੌਕੇ ਵਿਧਾਇਕ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਇਲਾਕੇ ਦੇ ਵਿਧਾਇਕਾਂ ਨੂੰ ਜਰੂਰ ਘੇਰਕੇ ਪੁੱਛਣ ਕਿ ਦਲਿਤਾਂ, ਪਿਛੜੀਆਂ ਸ਼੍ਰੇਣੀਆਂ ਅਤੇ ਗਰੀਬਾਂ ਦੇ ਹੱਕ ਵਿੱਚ ਆਵਾਜ਼ ਕਿਉਂ ਨਹੀਂ ਚੁਕਦੇ।



# ਤੇਜਾ ਸਿੰਘ ਸੁਤੰਤਰ ਜੀ ਦਾ ਜਨਮ ਦਿਹਾੜਾ ਮਨਾਇਆ



ਸਰਹੱਦੀ ਪਿੰਡ ਅਲੂਣਾ ਗੁਰਦਾਸਪੁਰ ਵਿਖੇ ਅਕਾਲੀ ਲਹਿਰ ਦੇ ਮੋਢੀ, ਖੱਬੀ ਲਹਿਰ ਦੇ ਉਸਰੀਏ, ਮਹਾਨ ਦੇਸ਼ ਭਗਤ, ਪੈਪਸੂ ਮੁਜਾਹਰਾ ਲਹਿਰ ਦੇ ਹੀਰੋ, ਉੱਚ ਕੋਟੀ ਦੇ ਕਵੀ, ਚਿੱਤਰਕਾਰ, ਗਦਰ ਅਖਬਾਰ ਦੇ ਸੰਪਾਦਕ ਮਹਾਨ ਕ੍ਰਾਂਤਕਾਰੀ ਤੇਜਾ ਸਿੰਘ ਸੁਤੰਤਰ ਜੀ ਦਾ 27ਵਾਂ ਜਨਮ ਦਿਹਾੜਾ ਸੁਤੰਤਰ ਯਾਦਗਾਰੀ ਕਮੇਟੀ ਵੱਲੋਂ ਧੂਮ-ਧਾਮ ਅਤੇ ਸ਼ਰਧਾ ਪੂਰਵਕ ਢੰਗ ਨਾਲ ਮਨਾਇਆ ਗਿਆ। ਪਿੰਡ ਅਲੂਣਾ ਵਿਖੇ ਤੇਜਾ ਸਿੰਘ ਸੁਤੰਤਰ ਜੀ ਦੇ ਸਮਾਧੀ ਸਥਾਨ ਵਿਖੇ ਇਸ ਦਿਹਾੜੇ ਦੀ ਸ਼ੁਰੂਆਤ ਸਕੂਲ ਦੇ ਬੱਚਿਆਂ ਨੇ ਇੱਕ ਗੀਤ ਨਾਲ ਕੀਤੀ। ਹਾਜ਼ਰ ਪ੍ਰਮੁੱਖ ਸ਼ਖ਼ਸ਼ੀਅਤਾਂ ਅਤੇ ਬੱਚਿਆਂ ਨੇ ਸੁਤੰਤਰ ਜੀ ਦੀ ਸਮਾਧ ਨੂੰ ਨਤਮਸਤਕ ਹੋ ਕੇ ਯਾਦ ਕੀਤਾ। ਇਸ ਮੌਕੇ 'ਤੇ ਕਮੇਟੀ ਪ੍ਰਧਾਨ ਜਗਜੀਤ ਸਿੰਘ ਕਾਹਲੋਂ ਨੇ ਤੇਜਾ ਸਿੰਘ ਸੁਤੰਤਰ ਜੀ ਦੀ ਕ੍ਰਿਤੀਤਵ ਸ਼ੈਲੀ ਅਤੇ ਜੀਵਨ ਸ਼ੈਲੀ ਉੱਪਰ ਬੋਲਦਿਆਂ ਕਿਹਾ ਕਿ ਸੁਤੰਤਰ ਜੀ ਮਹਾਨ ਬਹੁਪੱਖੀ ਸ਼ਖ਼ਸ਼ੀਅਤ ਦੇ ਮਾਲਕ ਸਨ। ਦੇਸ਼ ਦੀ ਆਜ਼ਾਦੀ ਵਿੱਚ ਉਨ੍ਹਾਂ ਨੇ ਅਭੁੱਲ ਯੋਗਦਾਨ ਪਾਇਆ। ਉਹ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜੇ, ਜਲਿਆਂ ਵਾਲੇ ਬਾਗ ਦੇ ਖੂਨੀ ਸਾਕੇ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਅੰਗਰੇਜ਼ਾਂ ਵਿਰੁੱਧ ਅਨੇਕਾਂ ਹੀ ਕ੍ਰਾਂਤੀਕਾਰੀ ਮੁਹਿੰਮਾਂ ਚਲਾਈਆਂ ਅਤੇ ਕਈ ਜਥੇਬੰਦੀਆਂ ਨੂੰ ਹੋਂਦ ਵਿਚ ਲਿਆਂਦਾ। ਅਕਾਲੀ ਜਥੇ ਭਰਤੀ ਕੀਤੇ। ਉਹ ਦੇਸ਼ ਵਿਦੇਸ਼ ਦੇ ਪਰਪੱਕ ਭਾਸ਼ਾਈ ਗਿਆਤਾ ਅਤੇ ਮਹਾਨ ਪ੍ਰਚਾਰਕ ਸਨ। ਦੇਸ਼ ਵਿਦੇਸ਼ ਦੀਆਂ ਲਗਭਗ 14 ਭਾਸ਼ਾਵਾਂ ਜਾਣਦੇ ਸਨ। ਵਿਦੇਸ਼ੀ ਯੂਨੀਵਰਸਿਟੀਆਂ ਤੋਂ ਕਈ ਡਿਗਰੀਆਂ ਪ੍ਰਾਪਤ ਕੀਤੀਆਂ। ਕਈ ਦੇਸ਼ਾਂ ਦਾ ਦੌਰਾ ਕੀਤਾ। ਈਸਟਨ ਯੂਨੀਵਰਸਿਟੀ ਮਾਸਕੋ ਤੋਂ ਫਲਸਫੇ ਅਤੇ ਤਕਨੀਕੀ ਸਿੱਖਿਆ ਹਾਸਿਲ ਕੀਤੀ। ਉਹ ਪੰਜਾਬ ਅਸੈਂਬਲੀ ਦੇ ਬਿਨਾਂ ਮੁਕਾਬਲਾ ਮੈਂਬਰ ਚੁਣੇ ਗਏ। ਸੁਤੰਤਰ ਜੀ ਦੇ ਸਮੁੱਚੇ ਪਰਿਵਾਰ ਨੇ ਨਾਮਧਾਰੀ ਲਹਿਰ, ਗਦਰ ਲਹਿਰ, ਅਕਾਲੀ ਲਹਿਰ ਅਤੇ ਆਜ਼ਾਦੀ ਦੀ ਲਹਿਰ ਵਿੱਚ ਅਹਿਮ ਹਿੱਸਾ ਪਾਇਆ। ਉਨ੍ਹਾਂ ਅਮਰੀਕਾ ਵਿੱਚ ਰਹਿ ਕੇ ਗਦਰ ਅਖਬਾਰ ਵੀ ਕੱਢਿਆ। ਉਨ੍ਹਾਂ ਨੇ ਭਾਰਤ ਦੀ 80 ਫੀਸਦੀ ਕਿਸਾਨੀ ਨੂੰ ਜੱਥੇਬੰਦ ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ। ਉਹ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਵੀ ਰਹੇ। ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਤੇਜਾ ਸਿੰਘ ਸੁਤੰਤਰ ਜੀ ਦੀ ਜੀਵਨੀ ਸਕੂਲ ਅਤੇ ਕਾਲਜਾਂ ਦੇ ਸਿਲੇਬਸਾਂ ਵਿੱਚ ਲੱਗਣੀ ਚਾਹੀਦੀ ਹੈ। ਉਨਾਂ ਦੇ ਨਾਂਅ ਦਾ ਗੇਟ ਹਰਦੋਛਨੀ ਰੋਡ ਗੁਰਦਾਸਪੁਰ ਵਿਖੇ ਬਣਾਇਆ ਜਾਵੇ। ਵਰਤਮਾਨ ਸਰਕਾਰਾਂ ਨੂੰ ਇਸ ਮਹਾਨ ਆਜ਼ਾਦੀ ਘੁਲਾਟੀਏ ਦੀ ਯਾਦ ਵਿੱਚ ਸਮਾਰਕ ਯਾਦਗਾਰੀ ਚਿੰਨ ਬਣਾਉਣੇ ਚਾਹੀਦੇ ਹਨ। ਇਸ ਮੌਕੇ ਤੇ ਪ੍ਰਸਿੱਧ ਗਾਇਕ ਮੰਗਲਦੀਪ ਸਟੇਟ ਐਵਾਰਡਰੀ ਨੇ ਆਪਣੇ ਗੀਤਾਂ ਰਾਹੀਂ ਸੁਤੰਤਰ ਜੀ ਨੂੰ ਯਾਦ ਕੀਤਾ। ਇਸ ਮੌਕੇ 'ਤੇ ਕਾਮਰੇਡ ਰਾਜ ਸਿੰਘ, ਬਲਵਿੰਦਰ ਸਿੰਘ, ਓਮ ਪ੍ਰਕਾਸ਼, ਮਾਸਟਰ ਅਜੇ ਕੁਮਾਰ, ਮਾਸਟਰ ਸਤਬੀਰ ਸਿੰਘ, ਸੈਂਟਰ ਹੈਡ ਟੀਚਰ ਸੁਰੇਸ਼ ਕੁਮਾਰ, ਸੈਂਟਰ ਹੈਡ ਟੀਚਰ ਮਨਜੀਤ ਸਿੰਘ, ਸੈਂਟਰ ਹੈਡ ਟੀਚਰ ਭੁਪਿੰਦਰ ਸਿੰਘ, ਬਿਸ਼ਨ ਦਾਸ, ਅਸ਼ੋਕ, ਪੰਕਜ, ਰਾਮ ਸਿੰਘ, ਹਰਵਿੰਦਰ ਸਿੰਘ ਸੈਣੀ, ਜਸਪਾਲ ਸਿੰਘ, ਬੂਟਾ ਰਾਮ, ਪਰਮਜੀਤ, ਜ਼ਿਮੀਦਾਰ ਸੁਖਵਿੰਦਰ ਕਾਹਲੋਂ ਤੋਂ ਇਲਾਵਾ ਅਨੇਕਾਂ ਸ਼ਖ਼ਸ਼ੀਅਤਾਂ ਨੇ ਸੁਤੰਤਰ ਜੀ ਨੂੰ ਯਾਦ ਕੀਤਾ।

**ਬਲਵਿੰਦਰ ਬਾਲਮ 98156-25409**

# ਸ਼ੰਭੂ ਬਾਰਡਰ ਖੁੱਲ੍ਹਦਿਆਂ ਹੀ ਦਿੱਲੀ ਕੂਚ ਕਰਨਗੇ ਕਿਸਾਨ

**ਚੰਡੀਗੜ੍ਹ-** ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਹਰਿਆਣਾ ਸਰਕਾਰ ਵੱਲੋਂ ਰਾਹ ਖੋਲ੍ਹੇ ਜਾਣ 'ਤੇ ਦਿੱਲੀ ਕੂਚ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨੀ ਮੰਗਾਂ ਦੇ ਹੱਲ ਲਈ ਦਿੱਲੀ ਵਿਖੇ ਹੀ ਕੇਂਦਰ ਸਰਕਾਰ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਵੇਗੀ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂ ਜਗਜੀਤ ਸਿੰਘ ਡੱਲੇਵਾਲ, ਸੁਰਜੀਤ ਸਿੰਘ ਫੂਲ, ਅਮਰਜੀਤ ਮੋਹੜੀ, ਅਭਿਮਨਿਊ ਕੋਹਾੜ, ਤੇਜਵੀਰ ਸਿੰਘ, ਮਲਕੀਤ ਸਿੰਘ, ਗੁਰਅਮਨੀਤ ਸਿੰਘ ਮਾਂਗਟ, ਗੁਰਿੰਦਰ ਭੰਗੂ, ਗੁਰਦਾਸ ਲੱਕੜਵਾਲੀ ਨੇ ਅੱਜ ਇਥੇ ਕਿਸਾਨ ਭਵਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਹਰਿਆਣਾ ਸਰਕਾਰ ਨੂੰ ਸੜਕ ਖਾਲੀ ਕਰਨ ਸਬੰਧੀ ਦਿੱਤੇ ਹੁਕਮਾਂ ਤੋਂ ਸਪਸ਼ਟ ਹੋ ਗਿਆ ਹੈ ਕਿ ਪੰਜਾਬ ਤੇ ਹਰਿਆਣਾ ਦੀ ਸ਼ੰਭੂ ਤੇ ਖਨੌਰੀ ਹੱਦ 'ਤੇ ਸੜਕਾਂ ਕਿਸਾਨਾਂ ਨੇ ਨਹੀਂ ਸਗੋਂ ਹਰਿਆਣਾ ਦੀ ਭਾਜਪਾ ਸਰਕਾਰ ਨੇ ਜਾਮ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੂੰ ਸੜਕਾਂ ਖੋਲ੍ਹਣੀਆਂ ਚਾਹੀਦੀਆਂ ਹਨ, ਜੇ ਹੁਣ ਵੀ ਹਰਿਆਣਾ ਸਰਕਾਰ ਇਹ ਸੜਕ ਨਹੀਂ ਖੋਲ੍ਹਦੀ ਤਾਂ ਵਪਾਰੀ ਵਰਗ ਵੀ ਭਾਜਪਾ ਖ਼ਿਲਾਫ਼ ਸੰਘਰਸ਼ ਦਾ ਰਾਹ ਅਖਤਿਆਰ ਕਰੇਗਾ।

ਕਿਸਾਨ ਆਗੂਆਂ ਨੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੇ ਕਤਲ ਦੀ ਜਾਂਚ ਹਰਿਆਣਾ ਪੁਲੀਸ ਨੂੰ ਸੌਂਪਣ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ੁਭਕਰਨ ਦੇ ਕਤਲ ਮਾਮਲੇ ਵਿੱਚ ਦੋਸ਼ ਸਿੱਧੇ ਤੌਰ 'ਤੇ ਹਰਿਆਣਾ ਪੁਲਿਸ 'ਤੇ ਲੱਗ ਰਹੇ ਹਨ ਤਾਂ ਫੇਰ ਹਰਿਆਣਾ ਪੁਲੀਸ ਉਕਤ ਮਾਮਲੇ ਦੀ ਜਾਂਚ ਕਿਵੇਂ ਕਰ ਸਕਦੀ ਹੈ। ਸ਼ੁਭਕਰਨ ਦੇ ਕਤਲ ਦੀ ਜਾਂਚ ਹਰਿਆਣਾ ਪੁਲੀਸ ਵੱਲੋਂ ਕੀਤੇ ਜਾਣ 'ਤੇ ਇਨਸਾਫ਼ ਮਿਲਣ ਦੀ ਉਮੀਦ ਘੱਟ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਪਹਿਲਾਂ ਹੀ ਸੁਪਰੀਮ ਕੋਰਟ ਤੱਕ ਪਹੁੰਚ ਕਰ ਚੁੱਕੀ ਹੈ ਅਤੇ ਸ਼ੁਭਕਰਨ ਸਿੰਘ ਦੇ ਕਤਲ ਦੀ ਸੁਤੰਤਰ ਜਾਂਚ ਦਾ ਵਿਰੋਧ ਕਰ ਚੁੱਕੀ ਹੈ, ਜਿਸ ਨਾਲ ਉਨ੍ਹਾਂ ਦੀ ਨੀਅਤ ਸਪੱਸ਼ਟ ਹੋ ਗਈ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨੀ ਮੰਗਾਂ ਸਬੰਧੀ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ 22 ਜੁਲਾਈ ਨੂੰ ਨਵੀਂ ਦਿੱਲੀ ਦੇ ਕਾਂਸਟੀਚਿਊਸ਼ਨ ਕਲੱਬ ਵਿੱਚ ਸਾਂਝੀ ਕਾਨਫਰੰਸ ਕੀਤੀ ਜਾਵੇਗੀ। ਇਸ ਤੋਂ ਇਲਾਵਾ 15 ਸਤੰਬਰ ਨੂੰ ਹਰਿਆਣਾ 'ਚ ਕੌਮੀ ਪੱਧਰ ਦੀ ਕਿਸਾਨ ਮਹਾਂਪੰਚਾਇਤ ਕਰਵਾਈ ਜਾਵੇਗੀ, ਜਿਸ 'ਚ ਦੇਸ਼ ਭਰ ਤੋਂ ਲੱਖਾਂ ਕਿਸਾਨ ਹਿੱਸਾ ਲੈਣਗੇ। ਉਨ੍ਹਾਂ ਕਿਹਾ ਕਿ ਕਿਸਾਨ ਮਹਾਂਪੰਚਾਇਤ ਬਾਰੇ ਕਿਸਾਨਾਂ ਵੱਲੋਂ ਹਰਿਆਣਾ ਦੇ ਘਰ-ਘਰ ਜਾ ਕੇ ਕਿਸਾਨਾਂ-ਮਜ਼ਦੂਰਾਂ ਨੂੰ ਜਾਗਰੂਕ ਕੀਤਾ ਜਾਵੇਗਾ।

# ਹਰਿਆਵਲ-ਸਰਤਾਜ ਸਿਆਟਲ ਤੋਂ ਅਲਾਸਕਾ ਸਟੇਟ ਦੀ ਕਰੂਜ਼-ਯਾਤਰਾ!

ਮੰਗਤ ਕੁਲਜਿੰਦ
ਮੋ.+91 94177-53892 (ਬਠਿੰਡਾ), +1 425 286 0163 (ਸਿਆਟਲ)

'ਜ਼ਿੰਦਗੀ ਵਿੱਚ ਘਰੇਲੂ ਅਤੇ ਵਪਾਰਿਕ ਰੁਝੇਵਿਆਂ 'ਤੋਂ ਕੁਝ ਸਮੇਂ ਲਈ ਰਾਹਤ ਪਾਉਣ ਲਈ ਕਰੂਜ਼-ਟੂਰ ਅੱਜ ਸੱਭ ਤੋਂ ਵਧੀਆ ਅਤੇ ਨਵਾਂ ਸਾਧਨ ਹੈ। ਅਲਾਸਕਾ ਕਰੂਜ਼, ਹਵਾਈ ਕਰੂਜ਼, ਮੈਕਸੀਕਨ ਕਰੂਜ਼ ਆਦਿ ਅਨੇਕਾਂ ਕੰਪਨੀਆਂ ਦੇ ਵੱਖੋ ਵੱਖਰੇ ਨਾਵਾਂ ਵਾਲੇ ਜਿਵੇਂ ਪਰਲ, ਸਕਾਈ , ਬਲਿਸ, ਸਪਿਰਿਟ, ਸਟਾਰ,ਪ੍ਰਾਈਡ ਆਫ ਅਮਰੀਕਾ, ਜੈਵਲ ਇਨਕੋਰ ਆਦਿ ਕਰੂਜ਼, ਦੇਖਣ-ਯੋਗ ਸਥਾਨਾਂ ਦੇ ਪਰਿਵਾਰਿਕ ਟੂਰ, ਜ਼ੋਖਮ-ਭਰੇ ਸਾਹਸੀ ਟੂਰ ਆਦਿ ਕਰਵਾਉਂਦੇ ਰਹਿੰਦੇ ਹਨ। ਮਈ 2024 ਵਿੱਚ ਜਿਸ ਕਰੂਜ਼ ਵਿੱਚ 'ਅਮੇਰਾਲਡ ਸਿਟੀ ਆਫ ਸਿਆਟਲ ਤੋਂ ਵਾਈਲਡਜ਼ ਆਫ ਅਲਾਸਕਾ' ਸੱਤ ਦਿਨਾਂ ਦੀ ਯਾਤਰਾ ਕਰਨ ਦਾ ਮੌਕਾ ਮਿਲਿਆ ਉਹ ਨਾਰਵੈਜ਼ੀਅਨ ਕਰੂਜ਼ ਲਾਈਨ ਦਾ 'ਇਨਕੋਰ' ਨਾਂ ਦਾ ਵੱਡ-ਆਕਾਰੀ ਸਮੁੰਦਰੀ ਜ਼ਹਾਜ ਹੈ। ਇਸ ਦੀ ਕੈਪੈਸਟੀ ਚਾਰ ਕੁ ਹਜ਼ਾਰ ਯਾਤਰੀਆਂ ਨੂੰ ਚੁੱਕੀ ਫਿਰਨ ਦੀ ਹੈ। ਅਸਲ ਵਿੱਚ ਇਹ ਅਮਰੀਕਾ ਦੀ ਕੰਪਨੀ, ਜਿਸਦਾ ਹੈਡਕੁਆਟਰ ਮਿਆਮੀ ਵਿੱਚ ਹੈ, ਦਾ ਸਮੁੰਦਰ ਕਿਨਾਰਿਆਂ 'ਤੇ ਵਸੇ ਸ਼ਹਿਰਾਂ ਦੀ ਯਾਤਰਾ ਕਰਵਾਉਣ ਵਾਲਾ ਯਾਤਰੂ ਸਮੁੰਦਰੀ ਜ਼ਹਾਜ਼ ਹੈ। ਉਨੀ ਮੰਜ਼ਿਲਾਂ ਉਚੇ ਇਸ ਜ਼ਹਾਜ਼ ਦੀ ਲੰਬਾਈ ਲੱਗਭੱਗ ਇਕ ਹਜ਼ਾਰ ਫੁੱਟ ਅਤੇ ਚੌੜਾਈ ਲੱਗਪੱਗ 100 ਕੁ ਫੁੱਟ ਹੈ। ਬੁਫੇ ਰੈਸਟੋਰੈਂਟ, ਕਾਰਡ ਰੂਮ, ਕੈਸੀਨੋ, ਚਾਈਲਡ ਕੇਅਰ, ਸਿਨੇਮਾ, ਕਲੱਬ, ਫਿਟਨੈਸ ਸੈਂਟਰ, ਹੌਟ ਟੱਬ, ਸਵਿੰਮਿੰਗ ਪੂਲ, ਲਾਇਬ੍ਰੇਰੀ, ਲੌਂਜ਼, ਅਬਜ਼ਰਵੇਸ਼ਨ ਡੈਕ, ਵਪਾਰਕ ਦੁਕਾਨਾਂ, ਮਾਲਿਸ਼ ਘਰ, ਨਾਟਕ ਘਰ, ਮੌਰਚਰੀ, ਵੱਖੋ ਵੱਖਰੀਆਂ ਕਿਸਮਾਂ ਦੀਆਂ ਸ਼ਰਾਬਾਂ ਦੇ ਠੇਕੇ, ਥੀਮ ਪਾਰਕ, ਵਾਟਰ ਪਾਰਕ, ਆਦਿ ਦਾ ਇਕ ਵੱਖਰਾ ਸੰਸਾਰ ਲੈ ਕੇ ਸਮੁੰਦਰ ਵਿੱਚ ਚੱਕਰ ਕੱਟਦਾ ਰਹਿੰਦਾ ਹੈ।









ਅਮਰੀਕਾ ਦੀ ਅਲਾਸਕਾ ਸਟੇਟ ਨਾਰਥ ਪੋਲ ਦੇ ਨਜ਼ਦੀਕ ਹੋਣ ਕਰਕੇ ਜੰਮੀ ਹੋਈ ਬਰਫ ਨਾਲ ਜ਼ਿਆਦਾ ਸਮਾਂ ਮੋਹ ਪਾਈ ਰੱਖਦੀ ਹੈ। ਇਸੇ ਲਈ ਲੋਕ ਇਸ ਸਟੇਟ ਦੀ ਸੁੰਦਰਤਾ ਨੂੰ ਮਾਨਣ ਲਈ ਗਰਮੀ ਦੇ ਮਹੀਨਿਆਂ ਅਪਰੈਲ ਤੋਂ ਸਿਤੰਬਰ ਤੱਕ ਨੂੰ ਚੁਣਦੇ ਹਨ। ਦਿਨ ਐਤਵਾਰ ਮਈ 19,2024 ਨੂੰ ਲੱਗਭੱਗ ਇਕ ਵਜੇ ਅਸੀਂ ਵੀ ਸਿਆਟਲ ਡਾਊਨਟਾਊਨ ਵਿਖੇ ਪਾਈਕ ਪਲੇਸ ਮਾਰਕੀਟ ਦੇ ਨਜ਼ਦੀਕ ਬੰਦਰਗਾਹ ਪੀਅਰ 66, ਉਪਰ ਪਹੁੰਚ ਗਏ ਜਿਸਦੀਆਂ ਟਿਕਟਾਂ ਅਸੀਂ ਵੀਹ ਕੁ ਦਿਨ ਪਹਿਲਾਂ ਹੀ ਬੁੱਕ ਕਰਵਾ ਲਈਆਂ ਸਨ। ਕਰੂਜ਼ ਨੇ ਸ਼ਾਮੀਂ ਪੰਜ ਵਜੇ ਸਿਆਟਲ ਨੂੰ ਬਾਏ-ਬਾਏ ਕਹਿਣਾ ਸੀ। ਸਵਾਰੀਆਂ ਨੂੰ ਜ਼ਹਾਜ਼ ਵਿੱਚ ਚੜਾਉਣ ਦਾ ਕੰਮ 12 ਵਜੇ ਹੀ ਸ਼ੁਰੂ ਕਰ ਦਿੱਤਾ ਜਾਂਦਾ ਹੈ ਜਦੋਂ ਨੂੰ ਅਸੀਂ ਉਥੇ ਪਹੁੰਚੇ, ਰਸ਼ ਕਾਫੀ ਘੱਟ ਚੁਕਿਆ ਸੀ ਕਿਉਂਕਿ ਬਾਹਲੇ ਉਤਸ਼ਾਹੀ ਤਾਂ ਪਹਿਲਾ ਹੀ ਆ ਪਹੁੰਚੇ ਸਨ।ਟੈਗ ਲੱਗੇ ਅਟੈਚੀ (ਟੈਗ, ਕੰਪਨੀ ਪਹਿਲਾਂ ਹੀ ਭੇਜ ਦਿੰਦੀ ਹੈ ਤਾਂ ਕਿ ਅਟੈਚੀਆਂ ਉਪਰ ਚਿਪਕਾ ਦਿੱਤੇ ਜਾਣ) ਉਥੇ ਰੇੜ੍ਹੀਆਂ ਲੈ ਕੇ ਖੜ੍ਹੇ ਸੇਵਾਦਾਰਾਂ ਨੂੰ ਅੰਦਰ ਲੈ ਜਾਣ ਲਈ ਪਕੜਾ ਦਿੱਤੇ। ਅਸੀਂ ਟਰਮੀਨਲ ਬਿਲਡਿੰਗ ਦੇ ਦੂਸਰੇ ਪਾਸੇ ਬਣੇ ਦਾਖਲਾ-ਗੇਟ ਰਾਹੀਂ ਪੌੜੀਆਂ ਚੜ੍ਹਦੇ ਪਹਿਲੀ ਮੰਜ਼ਿਲ ਤੇ ਬਣੇ ਹਾਲ ਵਿੱਚ ਪਹੁੰਚ ਗਏ। ਹਾਲ ਵਿੱਚ ਕਈ ਕਾਊਂਟਰ ਬਣੇ ਹੋਏ ਹਨ ਬੜੀ ਤੇਜ਼ੀ ਨਾਲ ਡਿਊਟੀਆਂ ਨਿਭਾ ਰਹੇ ਕਰਮਚਾਰੀਆਂ ਨੇ ਸਾਡੇ ਪਾਸਪੋਰਟ, ਗਰੀਨ ਕਾਰਡ ਚੈਕ ਕੀਤੇ। ਅਮਰੀਕਾ ਵਿੱਚ ਸਾਡੇ ਸਟੇਟਸ ਦੀ ਜਾਂਚ ਕੀਤੀ, ਵਿਜਟਰ ਵੀਜ਼ੇ ਵਾਲਿਆਂ ਦੇ ਪਾਸਪੋਰਟ ਇਹ ਕਹਿ ਕੇ ਰੱਖ ਲਏ ਜਾਂਦੇ ਹਨ ਕਿ ਅੰਬੈਸੀ ਤੋਂ ਇਮੀਗਰੇਸ਼ਨ ਜਾਂਚ ਹੋ ਜਾਣ ਦੇ ਬਾਅਦ ਕਰੂਜ਼ ਉਪਰ ਵਾਪਿਸ ਕਰ ਦਿੱਤੇ ਜਾਣਗੇ ਕਿਉਂਕਿ ਇਸ ਸਫਰ ਦੌਰਾਨ ਤੁਸੀਂ ਕੈਨੇਡਾ ਦੀ ਧਰਤੀ ਤੇ ਪੈਰ ਵੀ ਰੱਖਣੇ ਹੁੰਦੇ ਨੇ। ਅਮਰੀਕਾ ਗਰੀਨਕਾਰਡ ਹੋਲਡਰਾਂ ਜਾਂ ਸਿਟੀਜਨਾਂ ਲਈ ਕੈਨੇਡਾ ਦੀ ਧਰਤੀ ਤੇ ਜਾਣ ਦੀ ਕੋਈ ਬੰਦਿਸ਼ ਨਹੀਂ। ਪੰਜ ਸੱਤ ਮਿੰਟਾਂ ਵਿੱਚ ਉਹਨਾਂ ਨੇ ਸਾਨੂੰ ਸੱਭ ਨੂੰ ਕਮਰਿਆਂ ਦੀਆਂ ਮਾਡਰਨ ਡਿਜੀਟਲ ਚਾਬੀਆਂ ਦੇ ਦਿੱਤੀਆਂ ਹਰ ਇਕ ਜਣੇ ਨੂੰ ਉਸਦੇ ਨਾਂ ਪ੍ਰਿੰਟ ਹੋਈ ਚਾਬੀ ਮਿਲਦੀ ਹੈ। ਇਕ ਕਮਰੇ ਵਿੱਚ ਤੁਸੀਂ ਕਿੰਨੇ ਵੀ ਜਣੇ ਹੋ ਹਰ ਇਕ ਨੂੰ ਅਲਹਿਦਾ ਚਾਬੀ ਹੀ ਮਿਲੇਗੀ। ਸਾਡੇ ਕਮਰੇ ਗਿਆਰਵੀਂ ਮੰਜ਼ਿਲ ਤੇ ਸਨ।

ਹਾਲ 'ਚੋਂ ਨਿਕਲਦਿਆਂ ਹੀ ਤੁਹਾਡੀ ਸਕਿਊਰਿਟੀ ਜਾਂਚ ਕੀਤੀ ਜਾਂਦੀ ਹੈ, ਤੁਹਾਡੇ ਹੱਥਲੇ ਬੈਗਾਂ ਨੂੰ ਐਕਸਰੇ ਮਸ਼ੀਨ ਵਿੱਚ ਦੀ ਲੰਘਾਇਆ ਜਾਂਦਾ ਹੈ। ਉਸ ਤੋਂ ਅੱਗੇ ਸ਼ਿਪ ਦੀ ਸੱਤਵੀਂ ਮੰਜ਼ਿਲ ਉਪਰ ਬਣੇ ਦਰਵਾਜ਼ੇ ਵਿੱਚ ਦੀ ਕਰੂਜ਼ ਵਿੱਚ ਦਾਖਲ ਕਰਵਾਉਣ ਲਈ, ਵਲ-ਵਲਾਵੇਂ ਖਾਂਦੀ ਜਾਲੀਦਾਰ ਸੁਰੰਗ ਵਿੱਚ ਦੀ ਲਿਜਾਇਆ ਜਾਂਦਾ ਹੈ। ਕਰੂਜ਼ ਵਿੱਚ ਤੁਸੀਂ ਇਸ ਦੇ ਵਿਚਕਾਰਲੇ ਹਿੱਸੇ ਵਿੱਚ ਬਣੀਆ ਪੌੜੀਆਂ ਅਤੇ ਲੱਗੀਆਂ ਲਿਫਟਾਂ ਕੋਲੋਂ ਦੀ ਪਹੁੰਚਦੇ ਹੋ। ਲਿਫਟ ਰਾਹੀਂ ਆਪੋ ਆਪਣੇ ਕਮਰਿਆਂ ਦੀ ਪੰਛੀ-ਝਾਤ ਪਾਉਣ ਲਈ ਉਪਰ ਚਲੇ ਗਏ। ਕਮਰੇ ਵਿੱਚ ਡਬਲਬੈਡ, ਫਲੈਕਸੀਬਲ ਸੋਫਾ (ਜਿਸਨੂੰ ਖੋਲ੍ਹ ਕੇ ਬੈਡ ਬਣਾਇਆ ਜਾ ਸਕਦਾ ਹੈ), ਟੀ.ਵੀ. ਬਾਥਰੂਮ ਵਿੱਚ ਨਹਾਉਣ ਲਈ ਕੈਬਿਨ, ਕਮਰੇ ਦੇ ਬਾਹਰਲੇ ਪਾਸੇ ਬਾਲਕੋਨੀ ਬਣੀ ਹੋਈ ਸੀ ਜਿਸ ਵਿੱਚ ਦੋ ਕੁਰਸੀਆਂ ਅਤੇ ਮੇਜ਼ ਰੱਖਿਆ ਹੋਇਆ ਸੀ, ਇੱਥੇ ਬੈਠ ਕੇ ਤੁਸੀਂ ਅਠਖੇਲੀਆਂ ਕਰਦੀਆਂ ਪਾਣੀ ਦੀਆਂ ਲਹਿਰਾਂ ਨੂੰ ਵੇਖ ਸਕਦੇ ਹੋ, ਲੇਖਕ ਤਾਂ ਇਹਨਾਂ ਨਾਲ ਗੱਲਾਂ ਵੀ ਕਰ ਸਕਦੇ ਹਨ! ਟੈਲੀਫੋਨ ਵੀ ਲੱਗਾ ਹੋਇਆ ਹੈ। ਵੱਖ ਵੱਖ ਸਹੂਲਤਾਂ ਨਾਲ ਭਰਪੂਰ ਇਸ ਕਰੂਜ਼ ਵਿੱਚ ਕਈ ਕਿਸਮ ਦੇ ਕਮਰੇ ਸਨ ਜਿਵੇਂ ਸਟੱਡੀਓ, ਓਸ਼ਨਵਿਊ, ਬਾਲਕੋਨੀ, ਕਲੱਬ ਬਾਲਕੋਨੀ ਸੂਇਟ, ਅਤੇ ਹੈਵਨ ਆਦਿ। ਹਰ ਕਿਸੇ ਨੇ ਆਪਣੀ ਵਿੱਤੀ ਪਹੁੰਚ ਮੁਤ-ਾਬਿਕ ਕਮਰਾ ਬੁੱਕ ਕਰਵਾਇਆ ਹੋਇਆ ਸੀ। ਵਾਈ-ਫਾਈ ਕਨੈਕਸ਼ਨ ਲਈ ਤੁਹਾਨੂੰ ਸਪੈਸ਼ਲ ਪੈਕੇਜ਼ ਲੈਣਾ ਹੁੰਦਾ ਹੈ ਪਰ ਰੂੰਗੇ-ਝੂੰਗੇ ਵਿੱਚ ਤੁਸੀਂ ਸਾਰੇ ਟੂਰ ਦੌਰਾਨ 150 ਮਿੰਟ ਤੱਕ ਵਰਤ ਵੀ ਸਕਦੇ ਹੋ।ਸਾਡੇ ਕਮਰੇ ਲਈ ਮਿਲੇ ਸੇਵਾਦਾਰ ਦੇ ਦੱਸਣ ਤੇ ਅਸੀਂ 16 ਨੰ। ਡੈਕ 'ਤੇ ਬਣੇ 'ਗਾਰਡਨ ਕੈਫੇ' ਵਿੱਚ ਪਹੁੰਚ ਗਏ। ਉਪਰ ਪਹੁੰਚੇ, ਵੇਖਿਆ ਬਫੇ ਸਿਸਟਮ ਵਾਲੇ ਖਾਣਾ-ਹਾਲ ਵਿੱਚ ਦੇਸ਼ ਦੁਨੀਆਂ ਦਾ ਹਰ ਕਿਸਮ ਦਾ ਸ਼ਾਕਾਹਾਰੀ ਅਤੇ ਮਾਸਾਹਾਰੀ ਖਾਣਾ, ਇੰਡੀਅਨ, ਇਟਾਲੀਅਨ, ਮੈਕਸੀਕਨ, ਅਮਰੀਕਨ, ਵੈਸਟਰਨ ਆਦਿ, ਫਲ ਫਰੂਟ, ਸਲਾਦਾਂ, ਚਾਹ ਕੌਫੀ, ਮਿਲਕ ਜੂਸ ਤੱਤਾ ਪਾਣੀ, ਠੰਢਾ ਪਾਣੀ, ਤੱਤਫੱਟ ਤਿਆਰ ਕਰਕੇ ਦਿੱਤੀਆਂ ਜਾਂਦੀਆਂ ਵਰਾਇਟੀਆਂ, ਅਨੇਕਾਂ ਕਿਸਮਾਂ ਦੀਆਂ ਆਈਸਕਰੀਮਾਂ, ਬੇਕਰੀ ਦੀਆਂ ਆਈਟਮਾਂ, ਵਾਈਨ-ਬੀਅਰ-ਵਿਸਕੀ-ਵੋਦਕਾ-ਟੋਕੀਲਾ, ਆਦਿ ਸੱਭ ਕੁਝ ਸੀ। ਮਨ-ਪਸੰਦ ਦਾ ਕੁੱਝ ਵੀ ਪਲੇਟ ਵਿੱਚ ਪਾਉ ਅਤੇ ਆਸੇ ਪਾਸੇ ਲੱਗੇ ਸ਼ੀਸ਼ਿਆ ਵਿੱਚ ਦੀ ਸਮੁੰਦਰ ਦਾ ਨਜ਼ਾਰਾ ਤੱਕਦਿਆਂ ਗੱਪ-ਸ਼ੱਪ ਮਾਰਦਿਆਂ ਖਾਣ ਦਾ ਆਨੰਦ ਲਉ। ਖਾਣਾ ਖਾ ਕੇ ਵਾਪਿਸ ਆਏ ਤਾਂ ਅਟੈਚੀ ਬੂਹਿਆਂ ਅੱਗੇ ਪਏ ਸਨ। ਸਮਾਨ ਟਿਕਾਣੇ-ਸਿਰ ਟਿਕਾਇਆ। ਕਰੂਜ਼ ਨੂੰ ਘੁੰਮ ਫਿਰ ਕੇ ਵੇਖਣ ਚੱਲ ਪਏ। ਸਹੀ ਪੰਜ ਵਜੇ ਤੁਰੇ ਇਸ ਕਰੂਜ਼ ਦੀ ਉਂਨੀਵੀਂ ਮੰਜ਼ਿਲ ਉੱਤੇ ਖੜਿਆਂ ਸਿਆਟਲ ਦੇ ਆਸੇ ਪਾਸੇ ਟਾਪੂਆਂ, ਜ਼ਹਾਜ਼ਾਂ, ਕਿਸ਼ਤੀਆਂ, ਸਿਆਟਲ ਦੇ ਮਸ਼ਹੂਰ ਝੂਲੇ ਆਦਿ ਨੂੰ ਪਿੱਛੇ ਛੁੱਟਦਿਆਂ ਵੇਖ ਆਨੰਦਿਤ-ਅਹਿਸਾਸ ਮਹਿਸੂਸ ਕੀਤਾ। ਕਰੂਜ਼ ਨੇ ਲੱਗਭੱਗ ਅੱਠ-ਨੌ ਸੌ ਮੀਲ ਦਾ ਸਫਰ 45 ਘੰਟਿਆਂ ਵਿੱਚ ਪੂਰਾ ਕਰਕੇ ਅਲਾਸਕਾ ਸਟੇਟ ਦੇ ਜੂਨਿਊ ਸ਼ਹਿਰ ਦੀ ਬੰਦਰਗਾਹ ਉਪਰ ਮੰਗਲਵਾਰ ਦੁਪਹਿਰ ਢਾਈ ਵਜੇ ਲੰਗਰ ਸੁੱਟਣਾ ਸੀ। ਇੰਨੇ ਵੱਡੇ ਕਰੂਜ਼ ਦੀ ਰਫਤਾਰ 23 ਤੋਂ 35 ਮੀਲ ਪ੍ਰਤੀ ਘੰਟਾ ਹੁੰਦੀ ਹੈ। ਇਕ ਨੌਟੀਕਲ ਮੀਲ 1.15 ਮੀਲ ਦੇ ਬਰਾਬਰ ਹੁੰਦੀ ਹੈ।ਵੈਸੇ ਸਿਆਟਲ ਤੋਂ ਸਕੈਗਵੇਅ ਜੋ ਕਿ ਇਸ ਟਰਿਪ ਦਾ ਆਖਰ-ਬਿੰਦੂ ਸੀ,1009 ਨੌਟੀਕਲ ਮੀਲ ਦੀ ਜਾਣੀ ਕਿ 1.15 ਮੀਲ ਦੀ ਦੂਰੀ ਤੇ ਹੈ।

ਕਰੂਜ਼ ਟੂਰ ਦਾ ਅਸਲ ਮਾਟੋ ਹੈ ਕਿ 'ਫੀਲ ਫਰੀ ਟੂ ਫਾਲੋ ਦੀ ਸਨ ਇਨਸਟੈਡ ਆਫ ਏ ਸ਼ਡਿਊਲ' ਇਸੇ ਗੱਲ ਤੇ ਅਮਲ ਕਰਦਿਆਂ ਆਪਣੀ ਮਸਤ ਚਾਲੇ ਤੁਰਿਆ ਇਹ ਜ਼ਹਾਜ਼ ਸਿਆਟਲ ਬੰਦਰਗਾਹ ਤੋਂ 'ਪਜਟ-ਸਾਊਂਡ', ਵਿੱਚੋਂ ਦੀ ਲੰਘ ਕੇ 'ਸੈਲਿਸ਼ ਸਮੁੰਦਰ' ਵਿਚਲੇ 'ਸਟਰੇਟ ਆਫ ਜੁਆਨ ਡੀ ਫੰਕਾ' ਨੂੰ ਖਹਿੰਦਿਆ, 'ਉੱਤਰੀ ਪੈਸਫਿਕ ਔਸ਼ਨ' ਵਿੱਚੋਂ ਹੁੰਦਾ ਹੋਇਆ, ਕਈ ਟਾਪੂਆਂ ਨੂੰ ਪਿੱਛੇ ਛੱਡਦਾ ਅਲਾਸਕਾ ਦੇ ਮਸ਼ਹੂਰ ਬੰਦਰਗਾਹੀ-ਸ਼ਹਿਰ ਸਕੈਗਵੇਅ ਪਹੁੰਚੇਗਾ। ਉਸ ਤੋਂ ਪਹਿਲਾਂ ਉਹ ਰਸਤੇ ਵਿੱਚ ਜੂਨਿਊ ਸ਼ਹਿਰ ਜਾ ਕੇ ਦਮ ਲਵੇਗਾ।

16 ਨੰਬਰ ਡੈਕ ਉਪਰ ਬਣੇ ਦੋ ਸਵਿਮਿੰਗ-ਪੂਲਾਂ ਕੋਲ ਲੱਗੀ ਸਟੇਜ 'ਤੇ ਚੱਲ ਰਹੇ ਡੀ.ਜੇ ਪ੍ਰੋਗਰਾਮ ਦਾ ਆਨੰਦ ਮਾਨਣ ਲੱਗੇ। ਮਿਊਜ਼ਿਕ ਭਾਵੇਂ ਇੰਗਲਿਸ਼ ਸੀ, ਕਲਾਕਾਰ ਵੀ ਅੰਗਰੇਜ਼ੀ ਸਨ, ਗੀਤ ਵੀ ਅੰਗਰੇਜ਼ੀ ਹੀ ਪੇਸ਼ ਕਰ ਰਹੇ ਸਨ, ਲੋਕ ਨੱਚ ਰਹੇ ਸਨ ਝੂਮ ਰਹੇ ਸਨ ਉਦੋਂ ਹੀ ਪੰਜਾਬੀ ਗੀਤ ਅਤੇ ਧੁੰਨ ਤਰਥੱਲੀ ਮਚਾਉਣ ਲੱਗੀ। ਨੱਚਦੇ ਝੂਮਦੇ ਲੋਕਾਂ ਨੂੰ ਕੋਈ ਫਰਕ ਨਹੀਂ ਪਿਆ ਕਿ ਕਿਹੜੀ ਭਾਸ਼ਾ ਦਾ ਗੀਤ ਹੈ ਬੱਸ ਉਹ ਤਾਂ ਉਸੇ ਲੋਰ ਵਿੱਚ ਨੱਚ ਰਹੇ ਸਨ। ਵਾਕਿਆ ਹੀ ਮਿਊਜ਼ਿਕ ਪ੍ਰਤੀ ਸਰੀਰ ਦਾ ਕੋਈ ਵੀ ਅੰਗ ਪੱਖ-ਪਾਤੀ ਨਹੀਂ ਹੁੰਦਾ। ਕਰੂਜ਼ ਦੀ ਡਾਇਰੈਕਟਰ ਟਿਆਰਾ (ਓਜ਼ਗ) ਵੀ ਉੱਥੇ ਹਾਜ਼ਰ ਸੀ। ਸੂਰਜ ਆਪਣਾ ਸਫ਼ਰ ਤਹਿ ਕਰਕੇ ਜਾਣ ਦੀ ਤਿਆਰੀ ਵਿੱਚ ਸੀ। ਕਰੂਜ਼ ਦੀ ਸਤਾਰਵੀਂ ਮੰਜਿਲ ਉਪਰ ਬਣੇ ਹੌਟ-ਟੱਬਾਂ ਦੇ ਕੋਲ ਲੱਗੀਆਂ ਕੁਰਸੀਆਂ ਉਪਰ ਬੈਠ, ਕਰੂਜ਼ ਨੂੰ ਜੱਫੀਆਂ ਪਾਉਣ ਦਾ ਯਤਨ ਕਰ ਰਹੀਆਂ ਲਹਿਰਾਂ ਨੂੰ ਨਿਹਾਰਦੇ ਰਹੇ। 'ਰੋਟੀ ਖਾਣ ਯੋਗੇ ਹੋ ਤਾਂ ਜਾਈਏ' ਪੰਜਾਬੀਆਂ ਦੀ ਮਨਪਸੰਦੀ ਕਹਾਵਤ ਸਾਡੇ 'ਤੇ ਤਾਂ ਕੀ, ਬਹੁਤੇ ਸੈਲਾਨੀਆਂ 'ਤੇ ਲਾਗੂ ਹੋ ਰਹੀ ਸੀ ਅਤੇ ਉਹ ਅਮਲ ਵੀ ਕਰ ਰਹੇ ਸਨ। ਕਰੂਜ਼ ਵਿੱਚ ਅਨੇਕਾਂ ਬਾਰ ਜਾਂ ਪੰਜਾਬੀ 'ਚ ਠੇਕੇ ਕਹਿ ਲਉ ਵੱਖ ਵੱਖ ਨਾਵਾਂ ਨਾਲ ਮਸ਼ਹੂਰ ਹਨ-ਜਿਵੇਂ ਐਟਰੀਅਮ ਬਾਰ, ਮਾਲਟਿੰਗ ਵਿਸਕੀ ਬਾਰ ਇਨ-ਡੋਰ, ਮਿਕਸ ਬਾਰ, ਸੁਗਰਕੇਨ ਮੋਜਿੰਟੋ ਬਾਰ, ਦੀ ਕੈਵਰਨ ਬਾਰ, ਡਿਸਟ੍ਰਿਕ ਬਰਇਊ ਹਾਊਸ (ਇੱਥੇ ਤਾਜ਼ੀ ਬੀਅਰ ਬਣਾਕੇ ਦਿੱਤੀ ਜਾਂਦੀ ਹੈ) ਆਦਿ। ਖਾਣੇ ਦੇ ਲਈ ਗਾਰਡਨ ਕੈਫੇ ਤੋਂ ਬਿਨ੍ਹਾਂ ਸੇਵਰ, ਟੇਸਟ, ਮੈਨਹਟਨ, ਅਮਰੀਕਨ ਡਿਨਰ, ਫੂਡ ਰੀਪ-ਬਲਿਕ, ਟੱਪਿਨਯਾਕੀ ਆਦਿ ਵਿੱਚੋਂ ਵੀ ਵੱਖੋ ਵੱਖਰੇ ਸੁਆਦਾਂ ਦੇ ਖਾਣੇ ਮਿਲਦੇ ਹਨ ਪਰ ਇਹਨਾਂ ਥਾਵਾਂ ਤੇ ਜੀਭ ਨੂੰ ਸੰਤੁਸ਼ਟ ਕਰਨ ਲਈ ਵੱਖਰੇ ਤੌਰ 'ਤੇ ਜੇਬ ਹਲਕੀ ਕਰਨੀ ਪੈਂਦੀ ਹੈ। ਕਦੇ ਕਦੇ ਪੂਰਕ-ਤੌਰ ਤੇ ਪਹਿਲਾਂ ਦਿੱਤੀਆਂ ਟਿਕਟਾਂ ਦੇ ਵਿੱਚ ਮੁਫਤ ਵੀ ਖਵਾ ਦਿੰਦੇ ਨੇ। ਰਸੋਈ ਦੇ ਖਾਣਿਆਂ ਦਾ ਸੁਆਦ ਚੱਖ ਕੇ ਸੱਤਵੇਂ ਡੈਕ ਉਪਰ ਬਣੇ ਵਿਸ਼ਾਲ ਥੀਏਟਰ ਜਿਸਦਾ ਨਾਂ 'ਇਨਕੋਰ ਥੀਏਟਰ' ਹੈ ਵਿੱਚ ਚੱਲ ਰਹੇ ਕਮੇਡੀ ਸ਼ੋਅ ਨੂੰ ਵੇਖਣ ਚਲੇ ਗਏ। 'ਲੈਵਿਟੀ ਇੰਨਟਰਟੇਨਮੈਂਟ ਗਰੁੱਪ' ਵੱਲੋਂ ਪੇਸ਼ ਇਸ ਸ਼ੋਅ ਵਿੱਚ ਅਮਰੀਕਾ ਦੇ ਮਸ਼ਹੂਰ ਹਾਸਾ ਕਲਾਕਾਰਾਂ 'ਫਿਲ ਪਾਲੀਸਾਊਲ ਅਤੇ ਵਾਰੇਨਹਾਲ' ਨੇ ਡੇਢ ਘੰਟੇ ਤੱਕ ਲੋਕਾਂ ਦੇ ਢਿੱਡੀਂ ਪੀੜਾਂ ਪਾਈਆਂ।ਇਸ ਸ਼ੋਅ ਦੀ ਇਕ ਕੰਡੀਸ਼ਨ ਹੈ ਕਿ ਇਹ ਅਠਾਰਾਂ ਸਾਲਾਂ ਤੋਂ ਉਪਰ ਦੀ ਉਮਰ ਵਾਲਿਆਂ ਲਈ ਹੀ ਹੈ।

ਕਰੂਜ਼ ਦੇ ਸਫਰ ਦਾ ਤਜਰਬਾ ਕਰ ਰਹੇ ਕਾਫੀ ਯਾਤਰੀਆਂ ਨੂੰ ਪਹਿਲੇ ਦਿਨ ਮੋਸ਼ਨ-ਸਿਕਨੈਸ ਹੋ ਜਾਂਦੀ ਹੈ ਇਸ ਲਈ ਦਵਾਈ 'ਡਰਾਮਾਮੀਨ' ਜੋ ਕਿ ਅਮਰੀਕਾ ਵਿੱਚ ਡਾਕਟਰ ਦੀ ਪਰਚੀ ਤੋਂ ਬਿਨ੍ਹਾਂ ਵੀ ਮਿਲਦੀ ਹੈ ਅਤੇ ਓ.ਟੀ.ਸੀ. ਦੀ ਕੈਟੇਗਰੀ ਵਿੱਚ ਆਉਂਦੀ ਹੈ, ਲੈ ਜਾਣੀ ਚਾਹੀਦੀ ਹੈ ਪਰ ਮਿਲ ਇਹ ਉਥੇ ਵੀ ਜਾਂਦੀ ਹੈ। ਕਮਰਿਆਂ ਵਿੱਚ ਆ ਕੇ ਜਿਵੇਂ ਹੀ ਬੈਡ ਦੇ ਦੁਆਲੇ ਹੋਏ, ਮਹਿਸੂਸ ਹੋਇਆ ਕਿ ਰਾਤ ਕਰਕੇ ਜ਼ਹਾਜ਼ ਕੁਝ ਜ਼ਿਆਦਾ ਹੀ ਡਿਕਡੋਲੇ ਖਾ ਰਿਹਾ ਅਤੇ ਝੂਮ ਰਿਹਾ ਹੈ। ਕਿਸੇ ਵਿਸਕੀ-ਸ਼ੌਕੀਨ ਨੇ ਇਸ ਦੀ ਵਿਆਖਿਆ ਕੀਤੀ ਹੈ ਕਿ ਜਹਾਜ਼ ਵਿੱਚ ਸਫਰ ਕਰ ਰਹੇ ਅਨੇਕਾਂ ਲੋਕ ਵਾਈਨ-ਵਿਸਕੀ ਪੀ ਕੇ ਝੂਮਦੇ ਫਿਰਦੇ ਨੇ ਫਿਰ ਜ਼ਹਾਜ਼ ਵਿਚਾਰਾ ਵੀ ਕੀ ਕਰੇ-ਖਰਬੂਜੇ ਨੂੰ ਵੇਖ ਕੇ ਖਰਬੂਜ਼ਾ ਰੰਗ ਫੜ੍ਹ ਹੀ ਲੈਂਦੈ। ਅਸਲ ਵਿੱਚ ਦੋਸਤੋ ਰਾਤ ਨੂੰ ਸਮੁੰਦਰੀ ਲਹਿਰਾਂ ਕੁੱਝ ਜ਼ਿਆਦਾ ਹੀ ਟਪੂੰ ਟਪੂੰ ਕਰਦੀਆਂ ਨੇ ਕਿਉਂਕਿ ਚੰਦ ਦੀ ਸੁੰਦਰਤਾ ਅਤੇ ਗੁਰੂਤਾ-ਖਿੱਚ ਉਹਨਾਂ ਨੂੰ ਟਿਕਣ ਨਹੀਂ ਦਿੰਦੀ। ਸੁੱਤਿਆਂ ਪਿਆਂ ਤੋਂ ਹੀ ਜਹਾਜ਼ ਨਾਰਥ ਪੈਸਫਿਕ ਦੇ ਏਰੀਏ ਵਿੱਚ ਘੁਸਪੈਠ ਕਰ ਜਾਂਦਾ ਹੈ ਇਸ ਲਈ ਸ਼ਾਮੀ ਸੱਭ ਨੂੰ ਹਦਾਇਤਾਂ ਮਿਲ ਗਈਆਂ ਸਨ ਕਿ ਘੜੀਆਂ, ਕਲਾਕਾਂ, ਮੁਬਾਇਲਾਂ ਉਪਰ ਟਾਈਮ ਨਾਲ ਛੇੜ ਛਾੜ ਕਰ ਲਈ ਜਾਵੇ- ਇਕ ਘੰਟਾ ਪਿੱਛੇ ਕਰ ਲਿਆ ਜਾਵੇ ਕਿਉਂਕਿ ਉਥੇ ਟਾਈਮ-ਜ਼ੋਨ ਬਦਲ ਜਾਂਦਾ ਹੈ।

ਜਦ ਸੁਭਾ ਉਠੇ, ਬਾਲਕੋਨੀ 'ਚ ਜਾ ਕੇ ਨਜ਼ਰ ਮਾਰੀ ਤਾਂ ਸ਼ਾਤ ਸਮੁੰਦਰ ਦੇ ਪਾਣੀ ਉਪਰ ਕਰੂਜ਼ ਜੀ, ਮਸਤ ਚਾਲ ਚੱਲਦੇ ਮੀਲਾਂ ਦੇ ਡੱਕਰੇ ਕਰੀ ਜਾ ਰਹੇ ਸਨ। ਨਜ਼ਰ ਮਾਰਿਆਂ ਚਾਰੇ ਪਾਸੇ ਪਾਣੀ ਹੀ ਪਾਣੀ ਦਿਖਾਈ ਦੇ ਰਿਹਾ ਸੀ। ਧੰਨ ਸਨ ਉਹ ਲੋਕ ਜਿਹੜੇ ਬਿਨੋਂ ਸਹੂਲਤਾਂ ਛੋਟੀਆਂ ਛੋਟੀਆਂ ਕਿਸ਼ਤੀਆਂ ਲੈ ਕੇ ਵਿਸ਼ਾਲ ਸਮੁੰਦਰਾਂ ਦੀ ਹਿੱਕ ਤੇ ਤੁਰੇ ਫਿਰਦੇ ਨਵੀਆਂ ਧਰਤੀਆਂ ਦੀ ਭਾਲ ਕਰਦੇ ਰਹਿੰਦੇ ਸਨ ਅਤੇ ਉਹਨਾਂ ਦੀਆਂ ਮਿਹਨਤਾਂ-ਸਿਰੜਾਂ ਸਦਕਾ ਅੱਜ ਅਸੀਂ ਅਜਿਹੇ ਟੂਰਾਂ ਦਾ ਆਨੰਦ ਮਾਨਣ ਦੇ ਕਾਬੂਲ ਹੋਏ ਹਾਂ। ਉਂਝ ਵੱਖ ਵੱਖ ਮੰਜ਼ਿਲਾਂ (ਡੈਕਾਂ) ਉਪਰ ਬਣੇ ਅਨੇਕਾਂ ਵਪਾਰਕ ਆਦਾਰਿਆਂ ਜਿਹਨਾਂ ਵਿੱਚ ਵੱਖੋ ਵੱਖਰੇ ਢੰਗ ਦੀਆਂ ਮਾਲਿਸ਼ਾਂ ਕਰਨ ਵਾਲੇ ਮਾਲਿਸ਼-ਘਰ, ਸੈਲੂਨ, ਬਿਊਟੀ ਪਾਰਲਰ, ਜਿੰਮ, ਕੈਸੀਨੋ, ਆਰਟ ਗੈਲਰੀ, ਲਾਇਬ੍ਰੇਰੀ ਆਦਿ ਆ ਜਾਂਦੇ ਹਨ ਤੇ ਨਾਲ ਦੀ ਨਾਲ ਬੱਚਿਆਂ-ਨੌਜਵਾਨਾਂ ਲਈ ਖਾਸ ਪ੍ਰੋਗਰਾਮਾਂ ਦੀ ਜਾਣਕਾਰੀ ਤੁਹਾਨੂੰ ਲਿਖਤ ਰੂਪ 'ਚ ਕਮਰਿਆਂ ਵਿੱਚ ਸੁਭਾ ਹੀ ਪਹੁੰਚਾ ਦਿੱਤੀ ਜਾਂਦੀ ਹੈ ਅਤੇ ਥਾਂ ਪੁਰ ਥਾਂ ਲੱਗੀਆਂ ਡਿਜ਼ੀਟਲ ਸਕਰੀਨਾਂ ਤੇ ਵੀ ਜਾਣਕਾਰੀ ਉਪਲੱਬਧ ਰਹਿ-ਂਦੀ ਹੈ। ਜਹਾਜ਼ ਦੀਆਂ ਵੱਖ ਵੱਖ ਮੰਜ਼ਿਲਾਂ ਤੇ ਘੁੰਮ ਫਿਰ ਕੇ ਸੱਭ ਕੁੱਝ ਦੇਖਣ ਦੇ ਨਾਲ ਨਾਲ 17ਵੀਂ ਮੰਜ਼ਿਲ ਤੇ ਬਣੇ ਹਾਟ-ਟੱਬਾਂ ਦਾ ਤਜਰਬਾ ਵੀ ਕੀਤਾ। ਇਹਨਾਂ ਟੱਬਾਂ ਵਿੱਚ ਨਿ-ਊਜ਼ਲਾਂ ਰਾਹੀਂ ਪ੍ਰੈਸ਼ਰ ਨਾਲ ਨਿਕਲਦਾ ਗਰਮ ਗਰਮ ਪਾਣੀ ਪਿੰਡੇ ਨੂੰ ਰੀਲੈਕਸ ਕਰੀ ਰੱਖਦਾ ਹੈ, ਜਦੋਂ ਪਾਣੀ ਕੁਤਕਤਾੜੀਆਂ ਕਰਦਾ ਲੱਗਦਾ ਹੈ ਉਦੋਂ ਵੱਖਰਾ ਹੀ ਮਹਿਸੂਸ ਹੁੰਦਾ ਹੈ। ਸੱਤਵੇਂ ਮੰਜ਼ਿਲ ਤੇ ਬਣੇ 'ਇਨਕੋਰ ਥੀਏਟਰ' ਵਿੱਚ ਅੱਜ ਦੁਨੀਆਂ ਦੇ ਮਸ਼ਹੂਰ ਜਾਦੂਗਰ 'ਗਰੈਗ ਗਲੀਸਨ' ਦਾ ਸ਼ੋਅ ਹੋਣਾ ਸੀ ਪਰ ਅਫਸੋਸ! ਉਹ ਜ਼ਹਾਜ਼ ਵਿੱਚ ਪਹੁੰਚ ਹੀ ਨਾ ਸਕਿਆ। ਇਸ ਲਈ 'ਦੀ ਬੀਟਲਜ਼ ਇਨਵੇਜ਼ਨ ਸ਼ੋਅ ' ਨੂੰ ਹੀ ਵੇਖਣਾ ਪਿਆ। ਡੈਕ ਨੰ. ਛੇ ਉਪਰ ਬਣੇ ਸ਼ੋਸਲ ਨਾਈਟ ਕਲੱਬ ਜਿਸਦਾ ਨਾਂ ਹੈ,ਡਾਂਸ,ਲਾਫ ਅਤੇ ਸੋਸ਼ਲ' ਵਿੱਚ ਚੱਲ ਰਹੇ ਸ਼ੋਅ ਦਾ ਆਨੰਦ ਮਾ-ਨਿਆ। ਡੀ.ਜੇ. ਦੀਆਂ ਧੁਨਾਂ ਨਿਰੰਤਰ ਚੱਲਦੀਆਂ ਰਹਿੰਦੀਆਂ ਹਨ। ਬੱਚੇ ਜਵਾਨ ਬੁੱਢੇ ਡਾਂਸ ਕਰਦੇ ਰਹਿੰਦੇ ਨੇ।ਹਰ ਇਕ ਜਣਾ ਆਪਣੇ ਆਪ 'ਚ ਮਸਤ ਹੁੰਦਾ ਹੈ। ਕਰੂਜ਼ ਵਿੱਚ ਜ਼ਿਆਦਾ ਗਿਣਤੀ ਪ੍ਰੌੜ ਅਵਸਥਾ ਦੇ ਲੋਕਾਂ ਦੀ ਹੀ ਸੀ ਜੋ ਕਿ ਰੀਟਾਇਰ ਹੋਣ ਤੋਂ ਬਾਅਦ ਜ਼ਿੰਦਗੀ ਨੂੰ ਮਾਣਣ ਦੇ ਆਹਰੇ ਲੱਗੇ ਹੁੰਦੇ ਹਨ। ਇੰਡੀਅਨ ਵੀ ਕਾਫੀ ਸਨ ਪੰਜਾਬੀ ਆਟੇ 'ਚ ਲੂਣ ਬਰਾਬਰ ਹੀ ਸਨ।

ਦਿਨ ਮੰਗਲਵਾਰ ਮਈ ਮਹੀਨੇ ਦੀ ਅੱਜ 21 ਤਾਰੀਕ ਨੂੰ ਕਰੂਜ਼, ਅਲਾਸਕਾ ਸਟੇਟ ਦੇ ਸ਼ਹਿਰ ਜੂਨਿਊ ਦੀ ਬੰਦਰਗਾਹ 'ਤੇ ਤਕਰੀਬਨ ਦੋ ਵਜੇ ਆ ਪਹੁੰਚਿਆ। ਸਰਕਾਰੀ ਤੌਰ ਤੇ 'ਦੀ ਸਿਟੀ ਐਂਡ ਬਾਰੋਅ ਆਫ ਜੂਨਿਊ' ਯੂ.ਐਸ.ਏ ਅਲਾਸਕਾ ਅਤੇ ਅਲਾਸਕਾ-ਪੇਨ ਦੀ ਕੈਪੀਟਲ ਸਿਟੀ ਹੈ ਜੋ ਕਿ ਗੈਸਟੀਨਿਊ ਚੈਨਲ ਵਿੱਚ ਸਥਿਤ ਹੈ। ਅਮਰੀਕਾ ਨਾਲ ਇਹ ਕਿਤੋਂ ਵੀ ਸੜਕ ਰਸਤੇ ਨਹੀਂ ਜੁੜੀ। ਇੱਥੇ ਸਾਰਾ ਸਮਾਨ ਜ਼ਹਾਜਾਂ ਰਾਹੀਂ (ਸਮੁੰਦਰੀ ਜਾਂ ਹਵਾਈ) ਰਾਹੀਂ ਹੀ ਪਹੁੰਚਾਇਆ ਜਾਂਦਾ ਹੈ। ਅਮਰੀਕਾ ਦੀ ਇਹ ਇਕੋ ਇਕ ਸਟੇਟ-ਕੈਪੀਟਲ ਹੈ ਜਿਸਦਾ ਬਾਰਡਰ ਕਿਸੇ ਦੂਸਰੇ ਦੇਸ਼ ਕੈਨੇਡਾ ਦੀ ਸਟੇਟ, ਬ੍ਰਿਟਿਸ਼ ਕੋਲੰਬੀਆ ਨਾਲ ਲੱਗਦਾ ਹੈ।

ਸੰਨ 2020 ਦੀ ਜਨਗਣਨਾ ਮੁਤਾਬਿਕ ਇੱਥੋਂ ਦੀ ਆਬਾਦੀ ਲੱਗਭੱਗ ਬੱਤੀ ਹਜ਼ਾਰ ਹੈ। ਸਟੇਟ ਅਸੈਂਬਲੀ,ਗਵਰਨਰ, ਲੈਫਟੀਨੈਂਟ ਗਵਰਨਰ ਦੇ ਆਫਿਸ ਇੱਥੇ ਸਥਿਤ ਹਨ। 16.7 ਮਿਲੀਅਨ ਏਕੜ ਵਿੱਚ ਫੈਲੇ ਹੋਏ 'ਟਨਗਾਸ ਨੈਸ਼ਨਲ ਪਾਰਕ' ਵਿੱਚ ਹਜ਼ਾਰਾਂ ਕਿਸਮ ਦੇ ਜੀਵ-ਜੰਤੂ ਅਤੇ ਪੌਦੇ ਹਨ ਟੈਰੱਰ ਵਿਲਡਰਨੈਸ,ਵੈਲੈਨਟਾਈਨ ਬਿਲਡਿੰਗ ਔਰ ਪਲੇਸ ਕਮਰਸ਼ੀਅਲ ਬਿਲਡਿੰਗ, ਗੋਲਡਬੈਲਟ ਟਰਾਮ, ਅਲਾਸਕਾ ਸਟੇਟ ਮਿਊਜ਼ੀਅਮ, ਮੈਂਡਰਹਾਲ ਗਲੇਸ਼ੀਅਰਜ਼ ਅਤੇ ਲੈਮਨ ਕਰੀਕ ਗਲੇਸ਼ੀਅਰਜ਼ ਆਦਿ ਵੇਖਣ ਯੋਗ ਸਥਾਨਾਂ ਦੇ ਟੂਰ ਹਨ। ਸਮੁੰਦਰ ਦੀ 'ਔਕ ਖਾੜੀ' ਉਪਰ ਵਸਿਆ ਇਹ ਸ਼ਹਿਰ ਸਮੁੰਦਰ ਦੇ ਕਿਨਾਰੇ ਕਿਨਾਰੇ ਮੀਲਾਂ ਲੰਬਾ ਹੈ। ਕਰੂਜ਼ ਤੋਂ ਉਤਾਰਦਿਆਂ ਹੀ ਉਹਨਾਂ ਦੀਆਂ ਬੱਸਾਂ (ਸ਼ੱਟਲਜ਼) ਸਵਾਰੀਆਂ ਨੂੰ ਡੇਢ ਮੀਲ ਦੀ ਦੂਰੀ ਤੇ ਸਥਿਤ ਰੌਣਕਾਂ ਭਰੇ ਬਾਜ਼ਾਰ ਵਿੱਚ ਉਤਾਰ ਆਉਂਦੀਆਂ ਨੇ। ਉਥੋਂ ਟੂਰ ਕੰਪਨੀਆਂ ਤੋਂ ਡਾਲਰ 269 ਪ੍ਰਤੀ ਵਿਅਕਤੀ ਵਾਲਾ ਚਾਰ ਕੁ

**(ਬਾਕੀ ਅਗਲੇ ਸਫੇ 'ਤੇ)**

# ਹਰਿਆਵਲ-ਸਰਤਾਜ ਸਿਆਟਲ ਤੋਂ ਅਲਾਸਕਾ ਸਟੇਟ ਦੀ ਕਰੂਜ਼-ਯਾਤਰਾ !

(ਸਫਾ 21 ਦੀ ਬਾਕੀ)

ਘੰਟਿਆਂ ਦਾ ਟੂਰ ਸਾਨੂੰ ਦੋ ਸੌ ਵੀਹ ਡਾਲਰ ਪ੍ਰਤੀ ਵਿਅਕਤੀ ਮਿਲ ਗਿਆ। ਅਸੀਂ 'ਵੇਲ-ਵਾਚਿੰਗ ਅਤੇ ਵਾਈਲਡਲਾਈਫ ਕੁਐਸਟ ਟੂਰ' ਲਿਆ। ਕੁਲ 40 ਕੁ ਸਵਾਰੀਆਂ ਨੂੰ ਲੈ ਕੇ ਸ਼ਾਮੀਂ 5.30 ਵਜੇ ਚੱਲੀ ਬੱਸ ਨੇ ਸਾਨੂੰ ਕਈ ਮੀਲ ਤੋਂ ਬਾਅਦ ਕਿਸ਼ਤੀਆਂ ਦੇ ਡੈਕ ਤੇ ਜਾ ਉਤਾਰਿਆ। ਬੱਸ ਦੀ ਡਰਾਈਵਰ ਜੋ ਆਪ ਹੀ ਗਾਈਡ ਦਾ ਕੰਮ ਕਰ ਰਹੀ ਸੀ ਰਸਤੇ ਵਿੱਚ ਆਈਆਂ ਸਰਕਾਰੀ ਜਾਂ ਵਿਸ਼ੇਸ਼ ਸੰਸਥਾਵਾਂ ਬਾਰੇ ਜਾਣਕਾਰੀ ਦਿੰਦੀ ਜਾ ਰਹੀ ਸੀ। ਰਸਤੇ ਵਿੱਚ ਆਈ 'ਈਗਲਜ਼ ਘਾਟੀ' ਅਤੇ ਉਥੇ ਈਗਲਜ਼ ਦੇ ਸਮੂਹ ਵੇਖਣ ਨੂੰ ਮਿਲੇ। ਔਕ ਵੇਅ ਵਿੱਚ ਆਸੇ ਪਾਸੇ ਬਣੀਆਂ ਡੂੰਘੀਆਂ ਖਾੜੀਆਂ ਵਿੱਚ ਕੋਈ 20 ਕੁ ਮੀਲ ਦੀ ਦੂਰੀ ਤੇ ਕਿਸ਼ਤੀਆਂ ਦੇ ਡੈਕ ਤੋਂ ਮੋਟਰ-ਕੋਚ ਜਾਂ ਕਹਿ ਲਉ ਮੁਹਿੰਮੀ-ਕਿਸ਼ਤੀ (ਐਕਸਪੀਡੇਸ਼ਨ ਵੈਸਲ) 'ਚ ਜਾ ਬੈਠੇ ਜੋ ਕਿ ਖਾਸ ਤੌਰ ਤੇ ਇੰਜਨੀਅਰਾਂ ਵੱਲੋਂ ਡੀਜ਼ਾਇਨ ਕੀਤੀ ਗਈ ਹੈ। ਇਸ ਵਿੱਚ ਆਰਾਮਦਾਇਕ ਖੁੱਲ੍ਹਾ ਡੁੱਲਾ ਕੈਬਿਨ ਬਣਿਆ ਹੋਇਆ ਹੈ ਜਿਸ ਦੇ ਚਾਰੇ ਪਾਸੇ ਸ਼ੀਸ਼ੇ ਲੱਗੇ ਹੋਏ ਹਨ। ਪੂਰੀ ਰਫਤਾਰ ਨਾਲ ਸਮੁੰਦਰ ਦੇ ਪਾਣੀ ਦੀ ਹਿੱਕ ਤੇ ਉਡਦੀ ਜਾਂਦੀ ਇਸ ਕਿਸ਼ਤੀ ਨੂੰ ਚਾਲਕਾਂ ਨੇ ਡੂੰਘੇ ਪਾਣੀਆਂ ਦੀ ਸਮੁੰਦਰੀ ਖਾੜੀ ਦੇ ਵਿਚਕਾਰ ਇਕ ਥਾਂ ਉਪਰ ਲਿਜਾ ਕੇ ਲੱਗਭੱਗ ਰੋਕ ਹੀ ਦਿੱਤਾ। ਸਾਹਮਣੇ ਅਤੇ ਆਸੇ ਪਾਸੇ ਸਨ 'ਹੰਪਬੈਕ ਅਤੇ ਓਰਕਾ ਵੇਲਜ਼', ਸਟੈਲਰ ਸੀ-ਲਾਇਨ, ਡੱਲਜ਼ ਪੋਰਪੌਇਜ਼, ਹਾਰਬਰ ਸੀਲ ਜਾਂ ਛਲਾਗਾਂ ਲਾਉਂਦੀਆਂ ਪਾਣੀ ਤੋਂ ਬਾਹਰ ਆਉਂਦੀਆਂ ਮੱਛੀਆਂ ਦਾ ਸ਼ਿਕਾਰ ਕਰਦੇ ਬਾਲਡ ਈਗਲ । ਇਸ ਏਰੀਏ ਵਿੱਚ ਇਸ ਮੌਸਮ ਵਿੱਚ ਵੇਲ ਮੱਛੀਆਂ ਪਾਣੀ ਦੀ ਸਤਹਿ 'ਤੇ ਆਉਂਦੀਆਂ ਅਕਸਰ ਹੀ ਦਿਖਾਈ ਦੇ ਜਾਂਦੀਆਂ ਸਨ ਕਿਉਂਕਿ ਮਈ-ਜੂਨ ਤੋਂ ਸਿਤੰਬਰ ਮਹੀਨਿਆਂ ਤੱਕ ਪਰਿਵਾਸ-ਪੈਟਰਨਜ਼ ਸਕੀਮ ਦੇ ਕਾਰਨ ਹਵਾਈ ਟਾਪੂ ਦੇ ਸਮੁੰਦਰ ਤੋਂ ਇਹ ਮੱਛੀਆਂ ਬੱਚਿਆਂ ਨੂੰ ਜਨਮ ਦੇਣ ਇੱਥੇ ਆਉਂਦੀਆਂ ਹਨ ਕਿਉਂਕਿ ਇੱਥੇ ਗਲੇਸ਼ੀਅਰਾਂ ਤੋਂ ਖੁਰ ਕੇ ਆਇਆ ਪਾਣੀ ਪੌਸ਼ਟਿਕ ਖਣਿਜ ਪਦਾਰਥਾਂ ਨਾਲ ਭਰਪੂਰ ਹੁੰਦਾ ਹੈ ਜੋ ਕਿ ਬੱਚਿਆਂ ਦੇ ਪਾਲਣ ਪੋਸ਼ਨ ਲਈ ਕਾਰਗਾਰ ਸਾਬਤ ਹੁੰਦਾ ਹੈ। ਉਹਨਾਂ ਨੇ ਸਾਨੂੰ ਰਾਤੀਂ 9.20 ਮਿੰਟ ਤੇ ਕਰੂਜ਼ ਦੇ ਗੇਟ ਮੂਹਰੇ ਜਾ ਉਤਾਰਿਆ ਜਦੋਂ ਕਿ ਕਰੂਜ਼ ਦਾ ਸਮਾਂ 9.30 ਫਾਈਨਲ ਸੀ।

ਇਸ ਖਿੱਤੇ ਦੀ ਪਹਿਚਾਣ ਬਣੀ 'ਕਲਾ-'totm-KMB'y ਥਾਂ ਪੁਰ ਥਾਂ ਲੱਗੇ ਹੋਏ ਮਿਲਦੇ ਹਨ। ਇੱਥੇ ਇਕ ਲਾਇਬ੍ਰੇਰੀ ਵੀ ਹੈ ਉਹਨਾਂ ਨੂੰ ਮੈਂ ਸ਼ਬਦ-ਤ੍ਰਿੰਜਣ ਮੈਗਜ਼ੀਨ ਵੀ ਭੇਟ ਕਰਕੇ ਆਇਆ ਜੋ ਉਹਨਾਂ ਖੁਸ਼ੀ ਖੁਸ਼ੀ ਲਾਇਬ੍ਰੇਰੀ ਦਾ ਸ਼ਿੰਗਾਰ ਬਣਾ ਲਿਆ। ਇਸ ਸ਼ਹਿਰ ਬਾਰੇ ਮੰਨਿਆ ਜਾਂਦਾ ਹੈ ਕਿ 130 ਸਾਲ ਪਹਿਲਾਂ 'ਜੋਅ ਜੂਨਿਊ ' ਨਾਂ ਦੇ ਖੋਜੀ ਦੇ ਪਹਿਲੇ ਕਦਮ, ਇੱਥੇ ਗੋਲਡ ਕਰੀਕ ਵਿੱਚ ਰਸ਼ ਦਾ ਕਾਰਨ ਬਣੇ ਸਨ। ਅੱਜ ਵੀ ਇਹ ਏਰੀਆ 'ਅਲਾਸਕਾ ਗੋਲਡ ਰੱਸ਼' ਦੇ ਨਾਂ ਨਾਲ ਮਸ਼ਹੂਰ ਹੈ।

'ਸੈਲਫ ਗਾਈਡਡ ਜੀਪ ਟੂਰ,ਹੈਲੀਕਾਪਟਰ ਟੂਰ, ਜਾਂ ਕਹਿ ਲਉ ਅਸਮਾਨੀ ਉਡਾਰੀਆਂ, ਪੈਡਲਿੰਗ ਅਤੇ ਹਾਈਕਿੰਗ ਦੇ ਤਜਰਬੇ ਕਰਾਉਣ ਲਈ ਅਤੇ ਹੋਰ ਵੀ ਬਹੁਤ ਕੁਝ ਹੈ ਦੇਖਣ ਵਾਲਾ ਇੱਥੇ ਪਰ ਸਮਾਂ ਸਾਡੇ ਕੋਲ ਨਹੀਂ ਸੀ! ਅੰਦਰ ਵੜ੍ਹਦਿਆਂ ਫਿਰ ਚੈਕਿੰਗ ਕੀਤੀ ਗਈ, ਬੈਗ ਐਕਸਰੇ ਮਸ਼ੀਨ ਵਿੱਚ ਦੀ ਟਪਾਏ ਗਏ। ਜਾਣਕਾਰੀ ਲਈ ਦੱਸ ਦਿਆਂ ਕਿ ਭਾਵੇਂ ਤੁਸੀਂ ਕਰੂਜ਼ ਵਿੱਚੋਂ ਹੀ ਖਾਣ ਪੀਣ ਦਾ ਕੋਈ ਸਮਾਨ ਲੈ ਕੇ ਗਏ ਹੋ ਉਹ ਵਾਪਿਸ ਕਰੂਜ਼ 'ਚ ਨਹੀਂ ਲਿਜਾ ਸਕਦੇ ਖਾਸ ਕਰਕੇ ਅਲਕੋਹਲ ਵਾਲੇ ਪਰੋਡੱਕਟ ਤਾਂ ਬਿਲਕੁੱਲ ਨਹੀਂ। ਰਾਤ ਨੂੰ ਤੇਜ਼ ਹਵਾਵਾਂ ਡਰ ਪੈਦਾ ਕਰ ਰਹੀਆਂ ਸਨ। ਕਰੂਜ਼ ਨੂੰ ਡਿਕਡੋਲੇ ਖਾਣ ਲਈ ਮਜਬੂਰ ਕਰ ਰਹੀਆਂ ਸਨ ਪਰ ਮਨ ਨੂੰ ਤਸੱਲੀ ਸੀ ਕਿ ਵਿਗਿਆਨੀਆਂ ਦੀਆਂ ਖੋਜਾਂ ਸਾਡੇ ਨਾਲ ਹੁੰਦਿਆਂ ਇਹ ਹਵਾਵਾਂ ਸਾਡਾ ਅਤੇ ਕਰੂਜ਼ ਦਾ ਕੁੱਝ ਨਹੀਂ ਵਿਗਾੜ ਸਕਣਗੀਆਂ।

ਚੌਥੇ ਦਿਨ ਬੁਧਵਾਰ ਮਈ 22,2024 ਸੁਭਾ ਉਠੇ, ਬਾਹਰ ਵੇਖਿਆ ਕਰੂਜ਼ ਜੀ ਮਹਾਰਾਜ 'ਸਕੈਗਵੇਅ' ਸ਼ਹਿਰ ਦੀ ਬੰਦਰਗਾਹ 'ਤੇ ਯਾਤਰੀਆਂ ਦੇ ਜਾਗਣ ਦਾ ਇੰਤਜ਼ਾਰ ਕਰ ਰਿਹਾ ਸੀ।ਲੱਗਦਾ ਸੀ ਸੱਭ ਨੂੰ ਕਹਿ ਰਿਹਾ ਹੋਵੇ, 'ਉਠੋ ਯਾਰ... ਜਾਉ ਸੋਨੇ ਦੇ ਸ਼ਹਿਰ ਦੀ ਮਟਰਗਸ਼ਤੀ ਕਰ ਆਉ, ਮੈਨੂੰ ਵੀ ਆਰਾਮ ਕਰ ਲੈਣ ਦਿਉ।' ਉਥੇ ਪਹਿਲਾਂ ਹੀ ਤਿੰਨ ਕਰੂਜ਼ ਹੋਰ ਖੜ੍ਹੇ ਸਨ। ਸਹਿਜ ਮਤੇ ਨਾਲ ਬ੍ਰੇਕਫਾਸਟ ਕੀਤਾ ਫਿਰ ਸਕੈਗਵੇਅ ਦੀ ਧਰਤੀ ਨੂੰ ਜਾ ਭਾਗ ਲਾਏ। ਕਰੂਜ਼ ਦੀ ਇੱਥੇ ਸਟੇਅ ਦਾ ਸਮਾਂ ਸੁਭਾ 7 ਵਜੇ ਤੋਂ ਸ਼ਾਮੀਂ 7.45 ਤੱਕ ਦਾ ਸੀ।ਅਲਾਸਕਾ ਸਟੇਟ ਦੇ ਦੱਖਣ ਪੂਰਬ ਵਿੱਚ ਇਹ ਇਕ ਸੰਗਠਿਤ ਸ਼ਹਿਰ ਹੈ। ਗੋਲਡ-ਰੱਸ਼ ਯੁੱਗ ਦੀਆਂ ਇਮਾਰਤਾਂ ਦਾ ਸ਼ਹਿਰ ਹੈ। ਇੱਥੇ ਸਥਾਪਿਤ 'ਕਲੌਨਡਾਈਕ ਗੋਲਡ ਰੱਸ਼ ਨੈਸ਼ਨਲ ਹਿਸਟਰੀਕਲ ਪਾਰਕ' ਇਤਿਹਾਸਕ ਯਾਦਗਾਰਾਂ ਨੂੰ ਸੰਭਾਲੀ ਬੈਠਾ ਹੈ। ਸੱਭ ਤੋਂ ਮਸ਼ਹੂਰ ਆਕਰਸ਼ਣ ਜੋ ਲੋਕਾਂ ਦੀ ਖਿੱਚ ਦਾ ਕੇਂਦਰ ਹੈ, ਉਹ ਹੈ, ਦੈਂਤ-ਆਕਾਰੀ ਬਰਫੀਲੀਆਂ ਪਹਾੜੀਆਂ ਦੇ ਵਿੱਚ ਵਲ-ਵਲਾਵੇਂ ਖਾਂਦੀ ਜਾਂਦੀ, ਤਿੰਨ ਫੁੱਟੀ ਪਟੜੀ ਉਪਰ ਚੱਲਦੀ ਰੇਲਵੇ। ਅਮਰੀਕਾ ਕੈਨੇਡਾ ਦੀ ਸਰਹੱਦ ਉਤੇ ਬਣੇ 'ਵਾਈਟ ਪਾਸ ਸੁਮਿਟ 2888 ਫੁੱਟ ਦੀ ਉਚਾਈ' ਤੱਕ ਪਹੁੰਚਦੀ ਇਹ ਟਰੇਨ, ਸਕੈਗਵੇਅ ਸੈਨਟੇਨੀਅਲ ਪਾਰਕ ਕੋਲ ਬਣੇ ਸਟੇਸ਼ਨ ਤੋਂ 'ਵਾਈਟ ਪਾਸ ਐਂਡ ਯੂਕੋਨ ਰੂਟ' ਕੈਨੇਡਾ, ਲਈ ਚੱਲਦੀ ਹੈ। ਇਸ ਰੂਟ ਉਪਰ ਅੱਡ ਅੱਡ ਲੰਬਾਈਆਂ ਦੇ ਟੂਰਾਂ ਲਈ ਵਿਵਸਥਾ ਹੈ। ਕੇਵਲ ਬਾਰਡਰ ਤੱਕ ਜਾਂ ਕੈਨੇਡਾ ਦੀ ਜ਼ਮੀਂ ਤੇ ਵੱਸੇ ਸ਼ਹਿਰ ਯੂਕੌਨ ਦੇ ਵਿੱਚ 'ਵਾਈਟ ਹੌਰਸ ਵਾਈ.ਟੀ. ਉਚਾਈ 2078 ਫੁੱਟ' ਦੀਆਂ ਯਾਤਰਾਵਾਂ ਲਈ ਅੱਡ ਅੱਡ ਰੇਟ ਫਿਕਸ ਹਨ।

ਲੱਗਭੱਗ ਵੀਹ ਮੀਲ (ਕੁਲ 40 ਮੀਲ) ਦੇ ਸਫਰ ਨਾਲ ਪਹਾੜਾਂ ਦੀਆਂ ਉਚਾਈਆਂ ਤੱਕ ਲੈ ਜਾਣ ਵਾਲੀ ਇਹ ਰੇਲ ਨੇ ਅਮਰੀਕਾ-ਕੈਨੇਡਾ ਦੀ ਸਰਹੱਦ ਤੋਂ ਵਾਪਸੀ ਕੀਤੀ।ਗੱਡੀ ਵਿੱਚ ਬੈਠਿਆਂ ਜਿਹਨਾਂ ਸਥਾਨਾਂ ਦੀ ਪੰਛੀ-ਝਾਤ ਅਸੀਂ ਪਾਈ ਉਹ ਸਨ- 'ਗੋਲਡ-ਰੱਸ਼ ਸੀਮੈਂਅਰੀ) ਬਰਾਈਡਲਵੇਲ ਫਾਲਜ਼(1537 ਫੁੱਟ), ਹੈਨੇ ਸਟੇਸ਼ਨ, ਗਲੇਸ਼ੀਅਰ ਸਟੇਸ਼ਨ, ਪਰਬਤੀ ਸੁਰੰਗ (2275ਫੁੱਟ), ਡੈਡ ਹੌਰਸ ਗਲੱਚ, 1901 ਵਿੱਚ ਬਣੇ ਸਟੀਲ ਦੇ ਬ੍ਰਿਜ ਦੇ ਅਵਸ਼ੇਸ਼ (2613 ਫੁੱਟ), ਗੋਲਡ ਫੀਲਡ ਨੂੰ ਜਾਂਦਾ ਮੁਢਲਾ ਰੂਟ(2730 ਫੁੱਟ) ਟਰੈਲ ਆਫ 98 ਅਤੇ ਇਸ ਤੋਂ ਅੱਗੇ ਕੈਨੇਡਾ ਬ੍ਰਿਟਿਸ਼ ਕੋਲੰਬੀਆ ਦਾ ਇਲਾਕਾ ਸ਼ੁਰੂ ਹੋ ਜਾਂਦਾ ਹੈ।

ਫਰੇਜ਼ਰ ਬੀ.ਸੀ. (2767 ਫੁੱਟ), ਬੀਨੈਟ ਬੀ.ਸੀ. 2156 ਫੁੱਟ, ਫਿਰ ਕਾਰਕਰਾਸ ਵਾਈ.ਟੀ. ਅਤੇ ਫਿਰ ਵਾਈਟ ਹੋਰਸ ਵਾਈ।ਟੀ. (2078 ਫੁੱਟ) ਆ ਜਾਂਦਾ ਹੈ। ਇਸ ਰੂਟ ਦੀ ਕੁੱਲ ਲੰਬਾਈ 110 ਮੀਲ ਹੈ। ਨਵੇਂ ਯੁੱਗ ਦੇ ਇੰਜਣ ਨਾਲ ਖਿੱਚੀ ਜਾਂਦੀ, ਦਸ ਕੁ ਡੱਬਿਆਂ ਵਾਲੀ ਇਸ ਰੇਲ ਦੇ ਇੰਜਣਾਂ ਦੇ ਸ਼ੁਰੂਆਤੀ ਮਾਡਲ (ਨੰ. 69,73, ਅਲਕੋ ਡੀਜ਼ਨ, ਜੀ ਈ ਡੀਜ਼ਲ,) ਇੱਥੇ ਸੰਭਾਲ ਕੇ ਰੱਖੇ ਹੋਏ ਹਨ। ਰੇਲਵੇ ਲਾਈਨ ਦੇ ਸਮਾਨਅੰਤਰ ਕੁਝ ਦੂਰੀ ਤੇ ਹੀ ਹਾਈਵੇਅ 98 ਵੀ ਜਾਂਦੀ ਹੈ ਜੋ ਕੈਨੇਡਾ ਵਿੱਚ ਜਾ ਕੇ ਹਾਈਵੇਅ 2 ਕਲੌਨਡਾਈਕ ਹਾਈਵੇਅ ਬਣ ਜਾਂਦੀ ਹੈ ਅਤੇ ਵਾਈਟ ਹਾਰਸ ਵਾਈ.ਟੀ. ਤੋਂ ਅੱਗੇ ਤੱਕ ਜਾਂਦੀ ਹੈ। ਵਾਈਟ ਪਾਸ ਸੁਮਿਟ ਕੋਲ ਛੇ ਛੇ ਫੁੱਟ ਬਰਫ ਜੰਮੀ ਹੋਈ ਸੀ। ਲੱਗਭੱਗ 40 ਮੀਲ ਦਾ ਸਫਰ ਤਿੰਨ ਕੁ ਘੰਟਿਆਂ ਵਿੱਚ ਪੂਰਾ ਕਰਕੇ ਰੇਲਵੇ ਸਟੇਸ਼ਨ ਤੇ ਆ ਉਤਰੇ ਸੀ।

ਸ਼ਹਿਰ ਵਿੱਚ ਸਵਾ ਸੌ ਸਾਲ ਪੁਰਾਣੀਆਂ ਅਤੇ ਅੱਜ ਵੀ ਆਪਣੀ ਚਮਕ ਨੂੰ ਬਰਕਰਾਰ ਰੱਖੀ ਬੈਠੀਆਂ ਇਮਾਰਤਾਂ ਵੇਖਣ ਨੂੰ ਮਿਲੀਆ। ਲੱਗਭੱਗ 1900 ਵੇਲੇ ਦੀ ਬਣੀ ਇਮਾਰਤ ਵਿੱਚ ਇੰਡੀਅਨ ਖਾਣੇ ਦਾ ਹੋਟਲ ਵੇਖਿਆ। ਇੱਥੋਂ ਦੀ ਮਸ਼ਹੂਰ ਬੀਅਰ ਦਾ ਆਨੰਦ ਮਾਣਿਆ।ਸੋਨੇ ਦੇ ਗਹਿਣਿਆਂ, ਗਿਫਟਾਂ ਦੀਆਂ ਦੁਕਾਨਾਂ ਦੇ ਰੂ-ਬ-ਰੂ ਹੋਏ। ਸੰਨ 1899 ਵਿੱਚ ਬਣਿਆ ਮਕਾਨ 'ਕੈਂਪ ਕੈਗਵੇਅ' ਜੋ ਆਪਣੀ ਵੱਖਰੀ ਹੀ ਪਹਿਚਾਣ ਰੱਖਦਾ ਹੈ। ਕਈ ਬਿਲਡਿੰਗਾਂ ਸੋਨੇ ਵਾਂਗ ਚਮਕਦੀਆਂ ਹਨ। ਸੋਨੇ ਨਾਲ ਇਸ ਸ਼ਹਿਰ ਦੇ ਜੁੜੇ ਸੰਬੰਧਾਂ ਬਾਰੇ ਕਿਹਾ ਜਾਂਦਾ ਹੈ ਕਿ ਸੰਨ 1898 ਵਿੱਚ ਸੋਨੇ ਦੀ ਭਾਲ-ਮੁਹਿੰਮ ਵਿੱਚ ਹਿੱਸਾ ਲੈਣ ਲਈ ਲੋਕ ਇੱਥੋਂ ਚੜਾਈ ਸ਼ੁਰੂ ਕਰਦੇ ਸਨ। ਕੈਨੇਡਾ ਦੀ ਯੂਕੋਨ ਟੈਰੀਟਰੀ ਵਿੱਚ ਪਹੁੰਚਣ ਲਈ ਸਕੈਗਵੇਅ ਤੋਂ ਦੋ ਰਸਤੇ ਲੋਕ ਵਰਤਦੇ ਸਨ, ਇਕ ਸੀ ਚਿਲਕੂਟ ਪਰਬਤ ਉਪਰ ਸਿੱਧੀ ਚੜਾਈ ਵਾਲਾ ਖਤਰਨਾਕ ਰਸਤਾ ਅਤੇ ਦੂਸਰਾ ਸੀ ਕੁਝ ਘੱਟ ਖਤਰਨਾਕ-ਵਾਈਟ ਪਾਸ ਵਾਲਾ ਜੋ ਕਿ ਲੰਬਾ ਸੀ। ਹਜ਼ਾਰਾਂ ਪਾਲਤੂ ਜਾਨਵਰਾਂ ਨੇ ਇਹਨਾਂ ਰਸਤਿਆਂ 'ਤੇ ਚੜ੍ਹਦਿਆਂ ਆਪਣੀਆਂ ਜਾਨਾਂ ਗਵਾਈਆਂ ਪਰ 110 ਮੀਲ ਲੰਬੀ ਰੇਲ ਪਟੜੀ ਦੇ 10 ਮਿਲੀਅਨ ਡਾਲਰ ਦੇ ਪ੍ਰਜੈਕਟ ਨੂੰ ਸਿਰੇ ਚੜਾਉਣ ਲਈ ਇਕ ਹਿੰਮਤੀ ਇੰਜਨੀਅਰ ਮਾਈਕਲ. ਜੇ. ਹੈਨਰੀ ਦੀ ਹਿੰਮਤ ਅਤੇ ਦੂਰਅੰਦੇਸ਼ੀ ਦੇ ਹੁੰਦਿਆਂ, ਅਮਰੀਕਾ ਕੈਨੇਡਾ ਅਤੇ ਬ੍ਰਿਟਿਸ਼ ਦੇ ਸਾਂਝੇ ਉਦਮ ਨਾਲ ਜੁਲਾਈ 29,1900 ਨੂੰ ਸਿਰੇ ਚੜਾਇਆ ਗਿਆ। ਇਹ ਰੇਲਵੇ ਲਾਈਨ ਬਣਾਈ ਤਾਂ ਗਈ ਸੀ ਸੋਨਾ ਲੱਭਣ ਵਾਲੇ ਲੋਕਾਂ ਲਈ ਪਰ ਅੱਜ ਕੱਲ ਇਹ ਟੂਰਿਜ਼ਮ ਦਾ ਬਹੁਤ ਵੱਡਾ ਆਕਰਸ਼ਣ ਬਣ ਗਈ ਹੈ, ਇਸੇ ਲਈ ਅੱਜ ਕੱਲ ਇਹ ਕਰੂਜ਼ ਦੇ ਯਾਤਰੀਆਂ ਦੇ ਸਹਾਰੇ ਹੀ ਹੈ ਅਪਰੈਲ-ਮਈ ਤੋਂ ਸ਼ੁਰੂ ਹੋਕੇ ਸਤੰਬਰ ਤੱਕ ਹੀ ਵਰਤੀ ਜਾਂਦੀ ਹੈ।

ਸਕੈਗਵੇਅ ਸ਼ਹਿਰ ਵਿੱਚ ਪਾਲਤੂ ਕੁੱਤਿਆਂ ਦੇ ਸ਼ੋਅ ਮੱਸ਼ਰਜ਼ ਕੈਂਪ ਐਂਡ ਸਲੈਜ਼ ਡੌਗਜ਼ ਐਕਸਪੀਰੀਐਂਸ, ਸੀਨਿਕ ਸੁਮਿਟ, ਗੋਲਡ ਪਾਨਿੰਗ, ਚਟਾਨਾਂ ਉਪਰ ਚੜਾਈ ਕਰਨੀ, ਬਾਈਸਾਈਕਲ ਟੂਰ, ਸਮੁੰਦਰੀ ਰਾਫਟ, (ਚਿਲਕੁੱਟ ਝੀਲ ਵਿੱਚ ਕਿਆਕਿੰਗ) ਹੈਲੀਕਾਪਟਰ ਟੂਰ, ਗਲੇਸ਼ੀਅਰ ਖੋਜਾਂ ਆਦਿ ਦਾ ਯਾਤਰੀ ਆਨੰਦ ਮਾਣਦੇ ਹਨ। ਸਾਰੇ ਸ਼ਹਿਰ ਨੂੰ ਵੇਖਦਿਆਂ ਘੁੰਮਦਿਆਂ ਮੁਬਾਈਲਾਂ ਦੇ ਕੈਮਰਿਆਂ ਨੂੰ ਵਕਤ ਪਾਈ ਰੱਖਿਆ। ਸ਼ਹਿਰ ਬਾਰੇ ਇਹ ਗੱਲ ਵੀ ਮੰਨੀ ਜਾਂਦੀ ਹੈ ਕਿ ਇੱਥੇ ਲੈਂਡਸਲਾਈਡਜ਼ ਹੁੰਦੀ ਰਹਿੰਦੀ ਹੈ ਜੋ ਕਦੇ ਕਦੇ ਵੱਡਿਆਂ ਜ਼ਹਾਜ਼ਾਂ ਦੇ ਨੁਕਸਾਨ ਵੀ ਕਰ ਦਿੰਦੀ ਹੈ। ਸ਼ਹਿਰ ਦੀ ਸੁੰਦਰਤਾ ਨੂੰ ਅਸੀਂ ਕੈਮਰਿਆਂ 'ਚ ਬੰਦ ਕਰ ਲਿਆ ਸੀ।

ਰਾਤੀਂ ਵਾਪਿਸ ਆ ਕੇ 'ਸੇਵਰ' ਰੈਸਟੋਰੈਂਟ ਵਿੱਚ ਖਾਣੇ ਦਾ ਆਨੰਦ ਲਿਆ। ਬੱਸ ਇਉਂ ਸਮਝ ਲਉ ਖਿਚੜੀ ਹੀ ਸੀ, ਫਰਕ ਇਹ ਸੀ ਕਿ ਉਚੀ ਦੁਕਾਨ ਵਾਲਿਆਂ ਦੀ ਬਣਾਈ ਹੋਈ ਸੀ, ਤਸੱਲੀ ਇਹ ਸੀ ਕਿ ਦੇਸ਼ ਦੁਨੀਆਂ ਦੀਆਂ ਨਵੀਆਂ ਡਿਸ਼ਾਂ ਦੇ ਰੂ ਬ ਰੂ ਹੋ ਰਹੇ ਸਾਂ।

ਦਿਨ ਵੀਰਵਾਰ ਮਈ 23, 2024, ਦੀ ਸੁਭਾ ਹੋਈ। ਵੇਖਿਆ- ਸਾਹਮਣੇ ਫਿਲਮਾਂ 'ਚ ਵੇਖੇ ਸੀਨ ਪ੍ਰਤੱਖ ਸਨ: ਬਰਫ ਦੀਆਂ ਢਿੱਗਾਂ ਆਪਣੇ ਵਜੂਦ ਨਾਲੋਂ ਟੁੱਟ ਕੇ ਪਾਣੀ ਨੂੰ ਜੱਫੀਆਂ ਪਾਉਣ ਦੇ ਆਹਰੇ ਲੱਗੀਆਂ ਹੋਈਆਂ ਸਨ। ਹਾਂ ਜੀ ਸਾਡਾ ਕਰੂਜ਼ ਖੜ੍ਹਾ ਸੀ 'ਗਲੇਸ਼ੀਅਰ ਬੇਅ' ਦੀ ਸੁੰਦਰਤਾ ਨੂੰ ਨਿਹਾਰਨ ਲਈ ਉਸਦੇ ਸਾਹਮਣੇ। ਬਰਫ ਦੀਆਂ ਲੁਧ-ਲੁਧ ਕਰਦੀਆਂ ਵੱਡ-ਆਕਾਰੀ ਬਰਫੀਆਂ ਨੂੰ ਘਿਸੜ ਘਿਸੜ ਕੇ ਪਾਣੀ ਵਿੱਚ ਲੁਪਤ ਹੋਣ ਦੇ ਨਜ਼ਾਰੇ ਨੂੰ ਪ੍ਰਤੱਖ ਵੇਖਣਾ ਆਚੰਭਿਤ ਕਰਨ ਵਾਲਾ ਸੀ। ਕਿਰਦੀ ਚਿੱਟੀ ਚਿੱਟੀ ਬਰਫ ਸੂਰਜ ਦੀਆਂ ਲਿਸ਼ਕੋਰਾਂ ਨਾਲ ਹੋਰ ਵੀ ਲਿਸ਼ਕਦੀ, ਹੇਠਾਂ ਨੀਲੇ ਰੰਗ ਦੀ ਭਾਅ ਮਾਰਦਾ ਪਾਣੀ, ਮਾਨੋਂ ਪ੍ਰੇਮਿਕਾ ਆਪਣੇ ਪ੍ਰੇਮੀ ਦੇ ਆ ਗਲੇ ਲੱਗੀ ਹੋਵੇ। ਇਸ ਮਸ਼ਹੂਰ ਗਲੇਸ਼ੀਅਰ ਨੂੰ ਦੁਨੀਆਂ ਦੀ ਵਿਰਾਸਤ ਸਾਈਟ ਘੋਸ਼ਿਤ ਕੀਤਾ ਹੋਇਆ ਹੈ। ਇਹ ਦੁਨੀਆਂ ਦਾ ਸੱਭ ਤੋਂ ਵੱਡਾ ਅੰਤਰਰਾਸ਼ਟਰੀ ਪਰੋਟੈਕਟਡ ਏਰੀਆ ਹੈ। ਮੰਨਿਆ ਜਾਂਦਾ ਹੈ ਕਿ ਇਹ ਟਲਿਨਜਿਟ ਅਤੇ ਹੈਡਾ ਕਬੀਲਿਆਂ ਦੇ ਲੋਕਾਂ ਦਾ ਘਰ ਰਿਹਾ ਹੈ। ਇਸ ਪਾਰਕ ਵਿੱਚ 1045 ਗਲੇਸ਼ੀਅਰ ਹਨ ਜਿਹਨਾਂ ਵਿੱਚੋਂ 50 ਦਾ ਨਾਮਕਰਨ ਹੋ ਚੁੱਕਿਆ ਹੈ। ਇਸ ਦੀ ਡੂੰਘਾਈ ਸਮੁੰਦਰੀ ਤਲ ਤੋਂ 1410 ਫੁੱਟ ਹੈ।

ਕਰੂਜ਼ 'ਬਾਰਟਲੈਟ ਕੋਵ ' ਕੋਲ ਦੀ ਗਲੇਸ਼ੀਅਰ ਖਾੜੀ ਵਿੱਚ ਵੜਦਾ ਹੈ। ਇੱਥੋਂ ਤੁਸੀਂ ਜੌਹਨ ਹੌਪਕਿਨਜ਼ ਗਲੇਸ਼ੀਅਰਜ਼, ਫੇਅਰਵੈਧਰ ਗਲੇਸ਼ੀਅਰ ਤੋਂ ਬਿਨਾਂ ਅਨੇਕਾਂ ਬਰਫਾਂ ਨਾਲ ਢਕੀਆਂ ਚੋਟੀਆਂ ਲੀਟੂਈਆ ਮਾਊਨਟਨ (11750 ਫੁੱਟ), ਮਾਊਂਟ ਕੋਐਨਸੀ ਆਦਮਜ਼ (13650 ਫੁੱਟ) ਮਾਊਂਟ ਟਲਿਨਜੈਟ ਤੋਂ ਇਲਾਵਾ ਸੱਭ ਤੋਂ ਉਚੇ ਪਰਬਤ ਮਾਊਂਟ ਫੇਅਰਵੈਦਰ (15300 ਫੁੱਟ) ਨੂੰ ਵੇਖ ਸਕਦੇ ਹੋ। ਖਾੜੀ ਵਿੱਚ ਖੜ੍ਹੇ ਕਰੂਜ਼ ਦੀ ਦਿਸ਼ਾ ਵਾਰ ਵਾਰ ਬਦਲੀ ਜਾਂਦੀ ਹੈ ਤਾਂ ਕਿ ਕਰੂਜ਼ ਦੇ ਹਰ ਇਕ ਕੋਨੇ ਤੋਂ ਗਲੇਸ਼ੀਅਰ ਦਾ ਹਰ ਇਕ ਕੋਨਾ ਹਰ ਸੈਲਾਨੀ ਨੂੰ ਦਿਸ ਜਾਵੇ। ਡੈਕ ਨੰ। 8 ਉਪਰ ਅਰਧ ਗੋਲੇ ਦੇ ਰੂਪ 'ਚ ਬਣੇ ਜ਼ਹਾਜ਼ ਦੇ ਮੂਹਰਲੇ ਹਿੱਸੇ ਜਿਸਨੂੰ, 'ਬੋਅ' ਕਿਹਾ ਜਾਂਦਾ ਹੈ। ਉਪਰ ਜਾਕੇ ਤੁਸੀਂ ਗਲੇਸ਼ੀਅਰ ਨਾਲ ਅੱਖਾਂ ਚਾਰ ਕਰ ਸਕਦੇ ਹੋ। ਗਲੇਸ਼ੀਅਰਾਂ ਦੇ ਦਰਸ਼ਨ ਦੇ ਨਾਲ ਨਾਲ ਕਦੇ ਕਦੇ ਰੁੰਗੇ-ਝੂੰਗੇ ਵਿੱਚ ਹੰਪਬੈਕਵੇਲਜ਼, ਸੀ-ਸਟਾਰ ਫਿਸ਼ ਅਤੇ ਪੂਫਿਨਜ ਪੰਛੀ, ਪੀਜ਼ਨ, ਗੁਇਲਮੌਟ ਤੋਂ ਇਲਾਵਾ ਪਰਬਤੀ ਚੋਟੀਆਂ ਉਪਰ ਬਰਫ ਨਾਲ ਇਕਮਿਕ ਹੋਈਆਂ ਪਹਾੜੀ ਬੱਕਰੀਆਂ ਤੇ ਪਹਾੜੀ ਰਿੱਛ ਵੀ ਦਿਖਾਈ ਦੇ ਜਾਂਦੇ ਨੇ। 'ਕਿਆਕਰ ਲੋਕ' ਗਲੇਸ਼ੀਅਰਾਂ ਦੀਆਂ ਜੜਾਂ ਤੱਕ ਵੀ ਪਹੁੰਚਦੇ ਰਹਿੰਦੇ ਹਨ।ਇਸ ਗਲੇਸ਼ੀਅਰ ਦਾ ਕੁਝ ਹਿੱਸਾ ਕੈਨੇਡਾ ਵਿੱਚ ਵੀ ਹੈ। ਕਰੂਜ਼ 'ਚ ਸਫਰ ਕਰ ਰਹੇ, ਸੈਲਾਨੀਆਂ ਨੂੰ ਹਦਾਇਤਾਂ ਵੀ ਹੁੰਦੀਆਂ ਹਨ ਕਿ ਕਿਸੇ ਵੀ ਜਾਨਵਰ (ਪਸ਼ੂ ਪੰਛੀ ਜਾਂ ਸਮੁੰਦਰੀ ਜੀਵਾਂ ਲਈ ਖਾਣ-ਪਦਾਰਥ ਨਹੀਂ ਸੁੱਟਣੇ)। ਕੋਈ ਪੇਪਰ-ਕਾਗਜ਼ ਇਸ ਇਲਾਕੇ ਦੇ ਕੁਦਰਤੀ ਪਾਣੀਆਂ ਵਿੱਚ ਜਾਣੇ ਜਾਂ ਅਣਜਾਣੇ ਵੀ ਨਹੀਂ ਸੁੱਟਣਾ।

ਸਾਢੇ ਸੱਤ ਵਜੇ ਤੋਂ ਦਸ ਵਜੇ ਤੱਕ ਇਨਕੋਰ ਥੀਏਟਰ ਵਿੱਚ 'ਕੋਇਅਰ ਆਫ ਮੈਨ' ਗਰੁੱਪ ਵੱਲੋਂ ਐਨਰਜਿਕ ਡਾਂਸ ਅਤੇ ਗੀਤ ਦਾ ਆਨੰਦ ਲਿਆ। ਕਲਾਕਾਰਾਂ ਨੇ ਗੀਤਾਂ ਦੀਆਂ ਸੁਰਾਂ ਨਾਲ ਕਰਤੱਵ ਭਰਪੂਰ ਡਾਂਸ ਵਿਖਾ ਕੇ ਸੱਭ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਡਿਊਟੀ ਫਰੀ ਦੁਕਾਨਾਂ ਤੋਂ ਥੋਹੜੀ ਜਿਹੀ ਸ਼ਾਪਿੰਗ ਕੀਤੀ। ਕਸੀਨੋ 'ਚ ਬੈਠੇ ਲੋਕਾਂ ਦੇ ਚੇਹਰਿਆਂ ਦੇ ਬਦਲਦੇ ਰੰਗਾਂ ਨੂੰ ਵੇਖਿਆ।

ਛੇਵਾਂ ਦਿਨ ਮਈ 24,2024, ਵਧੀਆ ਦਿਨ ਚੜ੍ਹਿਆ। ਬੱਦਲ ਸੂਰਜ ਨਾਲ ਛੇੜਖਾਨੀਆਂ ਕਰਦੇ ਰਹੇ। ਸਮੁੰਦਰੀ ਹਵਾਵਾਂ ਸੱਭ ਦੇ ਚੇਹਰਿਆਂ ਨੂੰ ਚੁੰਮ ਰਹੀਆਂ ਸਨ। ਸੁਭਾ 6 ਵਜੇ ਹੀ ਜ਼ਹਾਜ਼ ਕੈਟਚੀਕੈਨ ਸ਼ਹਿਰ ਦੀ ਬੰਦਰਗਾਹ ਉਪਰ ਜਾ ਖੜਾ। ਇੱਥੇ ਅਸੀਂ ਸੁਭਾ 7 ਵਜੇ ਤੋਂ 12.45 ਤੱਕ ਮਟਰਗਸ਼ਤੀ ਕਰ ਸਕਦੇ ਸੀ। ਅਲਾਸਕਾ ਸਟੇਟ ਦੇ ਦੱਖਣ ਪੂਰਬ ਵਿੱਚ ਪਚਾਸੀ ਸੌ ਕੁ ਲੋਕਾਂ ਦੀ ਆਬਾਦੀ ਵਾਲਾ ਇਹ ਸ਼ਹਿਰ 'ਸੈਲਮਨ (ਮਸ਼ਹੂਰ ਮੱਛੀ) ਕੈਪੀਟਲ' ਦੇ ਨਾਂ ਤੇ ਮਸ਼ਹੂਰ। ਇਹ ਸ਼ਹਿਰ ਵੀ ਟਲਿਨਜੈਟ ਵੰਸ਼ਜ ਦੇ ਨਾਲ ਜੁੜਿਆ ਹੋਇਆ ਹੈ। ਸ਼ਹਿਰ ਵਿੱਚ ਬਣੀ ਕੁਦਰਤੀ ਖਾੜੀ 'ਵਾਰਡ ਕੋਵ' ਵਿੱਚ ਰੁਕੇ ਕਰੂਜ਼ ਵਿੱਚੋਂ ਉਤਰ ਕੇ ਲੱਕੜ ਦੇ ਪੁੱਲ ਉਪਰ ਦੀ ਜਾਂਦਿਆਂ ਬਹੁਤ ਹੀ ਵਿਸ਼ਾਲ ਟਰਮੀਨਲ ਬਿਲਡਿੰਗ ਵਿੱਚ ਦੀ ਬਾਹਰ ਲਿਜਾਇਆ ਜਾਂਦਾ ਹੈ। ਇਸ ਵਿੱਚ ਸਟੋਰ ਵੀ ਹੈ ਅਤੇ ਮਿਊਜ਼ੀਅਮ ਵੀ ਹੈ, ਇਹਦੇ ਵਿੱਚ ਥਾਂ ਥਾਂ ਤੇ 'ਟੋਟਮਜ਼' ਦੀ ਨੁਮਾਇਸ਼ ਕੀਤੀ ਗਈ ਹੈ। ਅਸਲ ਵਿੱਚ ਇਹ ਟੋਟਮ-ਖੰਭੇ ਇੱਥੋਂ ਦੀਆਂ ਟਲਿਨਜੈਟ, ਹੈਡਾ ਅਤੇ ਹੋਰ ਕਈ ਕੈਨੇਡੀਅਮ ਕੌਮਾਂ ਦੇ ਵਿਰਾਸਤੀ ਸੱਭਿਆਚਾਰ ਦੀ ਨੁਮਾਇਸ਼ ਕਰਦੇ ਹਨ। ਇੱਥੇਂ ਦੇ ਸਦਾ ਬਹਾਰੀ ਜੰਗਲਾਂ ਵਿੱਚ ਉਗਦੇ ਵੱਧਦੇ ਫੁਲਦੇ ਭਾਰੀ-ਭਰਕਮ ਤਣਿਆਂ ਵਾਲੇ ਦਰੱਖਤਾਂ ਦੇ ਤਣਿਆਂ ਨੂੰ ਸੁਕਾ ਕੇ ਉਸ ਉਪਰ ਇੱਥੋਂ ਦੇ ਮਾਹਿਰ ਕਾਰੀਗਰ, ਕੁਦਰਤੀ ਸ਼ਕਤੀਆਂ ਦੇ ਮਾਨਵੀ ਰੂਪ, ਖਗੋਲੀ ਵਸਤਾਂ, ਆਪਣੇ ਪੂਰਵਜ਼ਾਂ ਦੇ ਚੇਹਰੇ, ਕਿਸੇ ਜਾਤੀ ਨੂੰ ਰੀਪਰੈਜੈਂਟ ਕਰਦੇ ਜੀਵ ਜੰਤੂਆਂ ਆਦਿ ਦੇ ਚਿੰਨ੍ਹ, ਖੋਦ ਕੇ ਉਹਨਾਂ ਵਿੱਚ ਰੰਗ ਭਰ ਕੇ ਸੁੰਦਰਤਾ ਬਖ਼ਸ਼ ਦਿੰਦੇ ਹਨ। ਇਹ ਖੰਭੇ ਇੱਥੋਂ ਦੀਆਂ ਪੁਰਾਣੀਆਂ ਸੱਭਿਆਤਾਵਾਂ ਅਤੇ ਪੂਰਵਜ਼ਾਂ ਦੇ ਕਰਾਮਾਤੀ ਕਰਤਵਾਂ ਦਾ ਮੂੰਹੋਂ ਬੋਲਦਾ ਸਬੂਤ ਹਨ। ਅਸਲ ਵਿੱਚ ਇਹ ਟੋਟਮਜ਼ ਇਨਸਾਨ ਦਾ ਕੁਦਰਤ ਨਾਲ ਭੇਦ ਭਰਿਆ ਸੰਬੰਧ ਵਿਅਕਤ ਕਰਦੇ ਹਨ।

ਡਾਊਨਟਾਊਨ ਏਰੀਏ ਵਿੱਚ ਵੱਖ ਵੱਖ ਟੂਰਿਸਟ ਕੰਪਨੀਆਂ ਨੇ ਆਪੋ-ਆਪਣੇ ਕਾਊਂਟਰ ਖੋਲ੍ਹੇ ਹੋਏ ਹਨ। ਰੇਟ ਤੋੜ-ਤੜਾਈ ਦਾ ਸਿਲਸਲਾ ਇੱਥੇ ਵੀ ਹੈ। ਸਾਡਾ ਇਹ ਟੂਰ 'ਟੋਟਮ ਬਾਈਟ ਸਟੇਟ ਹਿਸਟਰੀਕਲ ਪਾਰਕ ਅਤੇ ਰੇਨਫਾਰੈਸਟ ਵਿਲਡਲਾਈਫ ਸੈਂਕਚਅਰੀ' ਦਾ ਹੀ ਸੀ। ਵੈਸੇ ਇੱਥੇ ਵਿਲਡਰਨੈਸ ਐਕਸਪਲੋਰੇਸ਼ਨ ਅਤੇ ਕਰੈਬ ਫੀਸਟ, ਅਲਾਸਕਨ ਲਿਊਬਰਜੈਕ ਸ਼ੋਅ, ਈਗਲ ਇਜ਼ਲੈਂਡ, ਸੀ-ਕਿਆਕ, ਸੈਕਸਮੈਨ ਨੇਟਿਵ ਵਿਲੇਜ਼ ਆਦਿ ਦੇਖਣ ਯੋਗ ਸਥਾਨਾਂ ਦੇ ਟੂਰ ਹਨ। ਇੱਥੋਂ ਦੇ ਲੋਕ ਸਦੀਆ ਤੋਂ ਲੱਕੜ-ਪ੍ਰੇਮੀ ਅਤੇ ਲੱਕੜੀ ਕਲੋਲਾਂ ਕਰਦੇ ਰਹੇ ਨੇ। ਇਸੇ ਲਈ ਇੱਥੋਂ ਦਾ 'ਗਰੇਟ ਅਲਾਸਕੇਨ ਲੂੰਬਰਜੈਕ ਸ਼ੋਅ' ਜਿਸ ਵਿੱਚ ਖਿਲਾੜੀਆਂ ਵੱਲੋਂ ਤਰਥੱਲੀ ਮਚਾਉਣ ਵਾਲੀਆਂ ਅਦਭੁੱਤ ਗੇਮਾਂ ਦੇ ਮੁਕਾਬਲੇ ਹੁੰਦੇ ਹਨ ਜਿਵੇਂ ਆਰੀ ਚਲਾਉਣਾ, ਰੀਲੇਅ-ਰੇਸ, ਲੱਕੜਾਂ ਦੇ ਟੁਕੜੇ ਕਰਨੇ, ਕੁਹਾੜਾ ਸੁੱਟਣਾ, ਲੱਕੜ ਦੀ ਗੇਲੀਆਂ ਨੂੰ ਪੈਰਾਂ ਨਾਲ ਪਾਣੀ ਵਿੱਚ ਘੁੰਮਾਉਣਾ ਅਤੇ ਪੰਜਾਹ ਫੁੱਟ ਉੱਚੇ ਲੱਕੜ ਦੇ ਕੂਲੇ ਖੰਭਿਆਂ ਤੇ ਚੜ੍ਹਨ ਦਾ ਮੁਕਾਬਲਾ ਆਦਿ ਦੇ ਕਰਤੱਵ ਦਿਖਾਏ ਜਾਂਦੇ ਹਨ।

ਦਿੱਤੇ ਸਮੇਂ ਤੇ ਚੱਲੀ ਬੱਸ ਦੀ ਡਰਾਈਵਰ ਆਪ ਹੀ ਗਾਈਡ ਦਾ ਕੰਮ ਕਰ ਰਹੀ ਸੀ। ਕੈਟਚੀਕੈਨ ਦੇ ਸੰਘਣੇ ਦਰੱਖਤਾਂ ਦੇ ਝੁੰਡਾਂ ਵਾਲੇ ਜੰਗਲਾਂ ਦੇ ਕੋਲ ਦੀ ਜਾਂਦਿਆਂ 'ਰੇਨਫਰੈਸਟ ਵਿਲਡਲਾਈਫ ਸੈਂਕਚੁਅਰੀ ' ਕੋਲ ਜਾ ਖੜਾਈ। ਕਿਉਂਕਿ ਇਹ ਸਮੁੰਦਰੀ ਮੁਹਾਨਾ ਹੈ ਇੱਥੇ ਇਸ ਮੌਸਮ ਵਿੱਚ ਸੈਲਮਨ ਮੱਛੀਆਂ ਦੇ ਪ੍ਰਜਣਨ ਕਰਨ ਲਈ ਆਉਣ ਦਾ ਚੱਕਰ ਚੱਲਦਾ ਰਹਿੰਦਾ ਹੈ ਇਸੇ ਲਈ ਮਾਸਾਹਾਰੀ ਜੰਗਲੀ ਜੀਵ ਜਿਵੇਂ ਰਿੱਛ ਆਦਿ, ਮਾਸਾ ਹਾਰੀ ਪੰਛੀ ਜਿਵੇਂ ਈਗਲ ਆਦਿ ਲਈ ਇਹ ਜਸ਼ਨ ਮਨਾਉਣ ਦਾ ਸਮਾਂ ਹੁੰਦਾ ਹੈ ਕਿਉਂਕਿ ਸੈਲਮਨ ਮੱਛੀਆਂ ਉਹਨਾਂ ਦੇ ਸਾਹਮਣੇ ਮਸਤੀ 'ਚ ਡੁੱਬੀਆਂ ਉਹਨਾਂ ਦਾ ਸੌਖਿਆਂ ਸ਼ਿਕਾਰ ਬਣ ਜਾਂਦੀਆਂ ਹਨ। ਇੱਥੋਂ ਵਾਪਿਸ ਜਾਂਦਿਆਂ ਡਾਊਨਟਾਉਨ ਕੋਲ ਦੀ ਹੁੰਦਿਆਂ ਅਤੇ ਪੱਛਮ ਵੱਲ ਨੂੰ ਜਾਂਦਿਆਂ ਬੱਸ ਨੇ ਸਾਨੂੰ ਦੁਨੀਆਂ ਵਿੱਚ ਟੋਟਮਜ਼ ਦੇ ਸੱਭ ਤੋਂ ਵੱਡੇ ਸੰਗ੍ਰਹਿ 'ਟੋਟਮ ਬਾਈਟ ਸਟੇਟ ਪਾਰਕ' ਵਿੱਚ ਜਾ ਉਤਾਰਿਆ।'ਟੋਟਮ ਬਣਾਉਣ ਦੀ ਇੱਥੇ ਵਰਕਸ਼ਾਪ ਹੈ, ਟੋਟਮਜ਼ ਦਾ ਗਿਫਟ ਹਾਊਸ ਹੈ।

ਇੱਥੇ ਵੇਲ ਮੱਛੀ ਦਾ ਸਕੈਲਟਨ ਵੀ ਸੰਭਾਲਿਆ ਹੋਇਆ ਹੈ। ਨਕਾਸ਼ੀ ਦਾ ਕੰਮ ਜ਼ਿਆਦਾ ਕਰਕੇ ਇੱਥੋਂ ਦੇ ਮਿਸਤਰੀ ਹੀ ਕਰਦੇ ਹਨ। ਯੂਨੀਕ ਕਾਰਾਂ ਜਾਂ ਕਹਿ ਲਉ ਦੁਰਲੱਭ ਕਾਰਾਂ ਦੀ ਲੰਬੀ ਚੌੜੀ ਕਲੈਕਸ਼ਨ ਇੱਥੇ ਸੁਰੱਖਿਅਤ ਪਈ ਹੈ। ਅਮਰੀਕਨ ਆਸਟਿਨ ਕੰਪਨੀ ਦੀ, ਜਨਵਰੀ 1906 ਵਿੱਚ 'ਸਟੇਨਲੇਅ ਸਟੀਮ ਕਾਰ' ਜੋ ਉਸ ਸਮੇਂ ਦੁਨੀਆਂ ਦੀ ਸੱਭ ਤੋਂ ਤੇਜ਼ ਦੌੜਨ ਵਾਲੀ ਕਾਰ ਐਲਾਨੀ ਗਈ ਸੀ ਅਤੇ ਉਸਨੇ ਕਈ ਵਰਡ-ਰੀਕਾਰਡ ਬਣਾਏ ਸਨ ਉਹ ਵੀ ਇੱਥੇ ਖੜੀ ਹੈ। 'ਪੌਟਲੈਚ ਟੋਟਮ ਪਾਰਕ' ਵੀ ਇਸਦਾ ਹਿੱਸਾ ਹੀ ਹੈ। ਲੱਗਪੱਗ 12 ਵਜੇ ਦੇ ਕਰੀਬ ਬੱਸ ਨੇ ਸਾਨੂੰ ਟਰਮੀਨਲ ਕੋਲ ਉਤਾਰ ਦਿੱਤਾ। ਟਰਮੀਨਲ ਬਿਲਡਿੰਗ ਦੇ ਸਟੋਰ-ਕਮ-ਮਿਊਜ਼ੀਅਮ ਵਿੱਚ ਗੇੜਾ ਕੱਢਕੇ ਅਸੀ ਜ਼ਹਾਜ਼ ਤੇ ਆਕੇ ਹੌਟ-ਟੱਬ ਵਿੱਚ ਬੈਠ ਕੇ ਇਕ ਘੰਟਾ ਭਰ ਸਰੀਰ ਨੂੰ ਰੀਲੈਕਸ ਕੀਤਾ। ਸ਼ਾਮ ਨੂੰ 18ਵੀਂ ਡੈਕ ਉਪਰ ਬਣੀ 'ਸਪੀਡ ਵੇਅ ਸਿੰਗਲ ਗੋ ਕਾਰਟ' ਵਿੱਚ ਰੇਸ ਲਾਉਣ ਦਾ ਤਜਰਬਾ ਕੀਤਾ। ਡੀ.ਜੇ. ਪ੍ਰੋਗਰਾਮ ਦਾ ਆਨੰਦ ਮਾਣਿਆ। ਅੱਜ ਵੀ ਹਦਾਇਤਾਂ ਸਨ ਕਿ ਸੌਣ ਤੋਂ ਪਹਿਲਾਂ ਘੜੀਆਂ, ਕਲਾਕਾਂ, ਮੋਬਾਈਲਾਂ ਦੇ ਕਲਾਕਾਂ ਦਾ ਸਮਾਂ ਇਕ ਘੰਟਾ ਅੱਗੇ ਕਰ ਲਿਆ ਜਾਵੇ ਕਿਉਂਕਿ ਅਸੀਂ ਪਹਿਲਾਂ ਵਾਲੇ ਟਾਈਮ-ਜ਼ੋਨ ਵਿੱਚ ਪਹੁੰਚ ਰਹੇ ਹਾਂ। ਰਾਤੀਂ ਹਵਾਵਾਂ ਕਾਫੀ ਤੇਜ਼ ਸਨ, ਲੱਗ ਰਿਹਾ ਸੀ ਕਿ ਲਹਿਰਾਂ ਸਾਡੇ ਜ਼ਹਾਜ਼ ਨਾਲ ਧੱਕਾ-ਮੁੱਕੀ ਕਰ ਰਹੀਆਂ ਹਨ, ਸ਼ਾਇਦ ਕਹਿ ਰਹੀਆਂ ਹੋਣ,'ਨੀ ਇਹ ਦੈਂਤ ਜਿਹਾ ਐਵੇਂ ਸਾਡੇ ਵਿਹੜੇ ਤਰਥੱਲ ਪਾਈ ਫਿਰਦੈ, ਆਉ ਰਲ ਕੇ ਭਜਾਈਏ ਇਹਨੂੰ!' ਅਤੇ ਵਿਚਾਰਾ ਸਾਡਾ ਜ਼ਹਾਜ਼ ਕਹਿ ਰਿਹਾ ਹੋਵੇ, 'ਭੈਣੋਂ ਗੁੱਸੇ ਕਾਹਤੋਂ ਹੁੰਣੀਓਂ? ਮੈਂ ਤਾਂ ਹੁਣ ਜਾ ਰਿਹਾ ਹਾਂ,ਪਰ ਕਰਾਂ ਕੀ? ਤੁਸੀਂ ਮੈਨੂੰ ਇੰਨੀਆਂ ਚੰਗੀਆਂ ਲੱਗਦੀਆਂ ਹੋ ਕਿ ਮੇਰਾ ਚਿੱਤ ਤੁਹਾਨੂੰ ਵਾਰ ਵਾਰ ਮਿਲਣ ਨੂੰ ਕਰ ਆਉਂਦਾ ਹੈ।' ਉਹਨਾਂ ਨੇ ਤਾਂ ਇਕ ਦੂਜੇ ਨੂੰ ਕੁਝ ਕਿਹਾ ਜਾਂ ਨਾ ਪਰ ਸਾਡੇ ਤਾਂ ਹੋਸ਼ ਉਡੇ ਪਏ ਸਨ ਕਿਉਂਕਿ ਡਾਢਿਆਂ ਦੀ ਲੜਾਈ ਵਿੱਚ ਅਕਸਰ ਹੀ ਗਰੀਬਾਂ ਦਾ ਘਾਣ ਹੋ ਜਾਂਦੈ। ਅੱਜ 18 ਨੰ. ਡੈਕ ਉਪਰ ਬਣੇ ਲੇਜਰ ਟੈਗ ਵਿੱਚ ਬੱਚਿਆਂ ਨੇ ਖੇਡ ਖੇਡ ਵਿੱਚ ਆਪਣੀ ਕਾਬਲੀਅਤ ਦੀ ਪਰਖ ਕੀਤੀ।

ਸੱਤਵਾਂ ਦਿਨ ਸ਼ਨੀਵਾਰ, ਮਈ 25, 2024, ਸ਼ਾਮੀਂ ਸਾਢੇ ਸੱਤ ਵਜੇ ਕੈਨੇਡਾ ਦੀ ਸਟੇਟ-ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਵਿਕਟੋਰੀਆ ਆ ਉਤਰੇ। ਗਾਰਡਨ-ਸਿਟੀ ਦੇ ਨਾਂ ਨਾਲ ਜਾਣੇ ਜਾਂਦੇ ਅਤੇ ਕੁਈਨ ਵਿਕਟੋਰੀਆਂ ਨੂੰ ਸਮਰਪਿਤ ਇਸ ਸ਼ਹਿਰ ਵਿੱਚ 'ਔਗਡਨ ਪੁਆਇੰਟ' ਦੇ ਨਾਂ ਨਾਲ ਜਾਣਿਆ ਜਾਂਦਾ 'ਵਿਕਟੋਰੀਆ ਬੀ.ਸੀ. ਕਰੂਜ਼ਸ਼ਿਪ ਡੌਕ' ਸਾਡੇ ਸਾਹਮਣੇ ਸੀ। ਕਿਣਮਿਣ ਹੋ ਰਹੀ ਸੀ। ਕੈਨੇਡਾ ਬਾਰਡਰ ਸਰਵਿਸ ਏਜੰਸੀ ਵੱਲੋਂ ਕੈਨੇਡਾ ਦੇ ਵੀਜ਼ਾ ਸੰਬੰਧੀ ਕਾਰਵਾਈਆਂ ਕਰੂਜ਼ ਵਿੱਚ ਹੀ ਪੂਰੀਆਂ ਕਰ ਲਈਆਂ ਗਈਆਂ ਸਨ। ਬੰਦਰਗਾਹ ਤੋਂ ਵਿਕਟੋਰੀਆ ਦੇ ਡਾਊਨਟਾਊਨ ਵਿੱਚ ਪਹੁੰਚਣ ਤੇ ਵਾਪਿਸ ਲਿਆਉਣ ਲਈ ਡਬਲਡੈਕ ਬੱਸਾਂ ਪੰਦਰਾਂ ਡਾਲਰ ਕਿਰਾਇਆ ਲੈਂਦੀਆਂ ਹਨ। ਸਮਾਂ ਰਾਤ ਦੀ ਸ਼ੁਰੂਆਤ ਹੀ ਸੀ ਇਸ ਲਈ 'ਵਿਕਟੋਰੀਆ ਈਵਨਿੰਗ ਹਾਈਲਾਈਟਸ' ਦਾ ਨਜ਼ਾਰਾ ਹੀ ਸੈਲਾਨੀ ਲੈ ਰਹੇ ਸਨ। ਕੁਝ ਲੋਕ 'ਹੌਰਸਡਰਾਅ ਟਰਾਲੀ' ਉਪਰ ਬੈਠ ਕੇ ਘੁੰਮਣ ਫਿਰਨ ਨੂੰ ਤਰਜੀਹ ਦੇ ਰਹੇ ਸਨ। ਜਿੰਨਾਂ ਖਿੱਚ-ਕੇਂਦਰਾਂ ਨਾਲ ਅਸੀ ਅੱਖ-ਸੰਵਾਦ ਰਚਾ ਸਕੇ ਉਹ ਸਨ-ਵਿਕਟੋਰੀਆ ਸੈਨਟੈਨੀਅਲ ਫਾਊਂਡੇਸ਼ਨ, ਲੈਜਿਸਲੇਟਿਵ ਅਸੈਂਬਲੀ, ਰਾਇਲ ਬੀ.ਸੀ. ਮਿਊਜ਼ੀਅਮ ਨੈਚਰੁਅਲ ਹਿਸਟਰੀ, ਥੰਡਰਬਰਡ ਪਾਰਕ, ਗਰੇਟਰ ਪਬਲਿਕ ਲਾਇਬ੍ਰੇਰੀ ਸੈਂਟਰਲ ਬਰਾਂਚ, ਮਿੰਨੀਏਚਰ ਵਰਡ, ਵਿਕਟੋਰੀਆ ਬੱਗ ਯੂ, ਚਾਈਨਾਟਾਊਨ, ਆਦਿ।

ਸੰਨ 1916 ਵਿੱਚ ਬਣਿਆ 'ਦੀ ਔਗਡਨ ਪੋਆਇੰਟ ਬਰੇਕਵਾਟਰ' ਹੈ ਜਿੱਥੇ 'ਡਾਲਾਸ ਰੋਡ' ਤੋਂ 'ਜੁਆਨ ਡੀ ਫੱਕਾ ਸਟਰੇਟ' ਨੂੰ ਜਾਂਦਿਆਂ ਬਣੇ 'ਲਾਈਟਹਾਊਸ ਪੋਆਇੰਟ' ਤੇ ਖੜ੍ਹਕੇ ਸਮੁੰਦਰ ਵਿੱਚ ਆ ਜਾ ਰਹੀਆਂ ਕਰੂਜ਼ ਸ਼ਿਪਸ, ਫੈਰੀਆਂ, ਬੋਟਸ, ਫਲੋਟ ਪਲੇਨ ਹੈਲੀਕਾਪਟਰ ਆਦਿ ਨੂੰ ਨੇੜਿਉਂ ਤੱਕਣ ਦਾ ਸਬੱਬ ਬਣਦਾ ਹੈ ਨਾਲ ਦੀ ਨਾਲ (ਹਾਰਬੌਰ ਵਿੰਡਜ਼) ਸਮੁੰਦਰ ਹਵਾਵਾਂ ਵਿੱਚ ਸੀਗੁੱਲ ਵਰਗੇ ਪੰਛੀਆਂ ਨੂੰ ਗਲਾਈਡਜ਼ ਵਾਂਗ ਤਾਰੀਆਂ ਲਾਉਂਦਿਆਂ ਨੂੰ ਵੇਖਣ ਦਾ। ਲੱਗਭੱਗ ਸਾਢੇ ਗਿਆਰਾਂ ਵਜੇ ਅਸੀਂ ਕਰੂਜ਼ ਵਿੱਚ ਵਾਪਿਸ ਆ ਗਏ।

ਛੇ ਨੰ. ਡੈਕ ਵਿੱਚ ਬਣੇ 'ਗੈਸਟ ਸਰਵਿਸਜ਼ ਕਾਊਂਟਰ' ਤੋਂ ਟੈਗ ਲੈ ਆਂਦੇ ਕਿਉਂਕਿ ਸੁਭਾ ਕਮਰਿਆਂ ਵਿੱਚ ਹਦਾਇਤਾਂ ਪਹੁੰਚ ਚੁੱਕੀਆਂ ਸਨ ਕਿ ਹੈਂਡ ਬੈਗਾਂ ਤੋਂ ਬਿਨਾਂ ਅਟੈਚੀ-ਬੈਗਾਂ ਉਪਰ ਵੱਖੋ ਵੱਖਰੇ ਰੰਗਾਂ ਦੇ ਟੈਗ ਲਾਕੇ ਰਾਤੀਂ 12 ਵਜੇ ਤੋਂ ਬਾਅਦ ਆਪਣੇ ਕਮਰਿਆਂ ਦੇ ਬੂਹੇ ਅੱਗੇ ਰੱਖ ਦਿੱਤੇ ਜਾਣ।

ਵਰਕਰ ਰੰਗਾਂ ਤੋਂ ਸਮਝ ਜਾਣਗੇ ਕਿ ਕਿਹੜਾ ਅਟੈਚੀ ਕਿੰਨੇ ਵਜੇ ਟਰਮੀਨਲ ਬਿਲਡਿੰਗ ਦੇ ਕਿਹੜੇ ਬਾਹਰੀ ਰਸਤੇ ਕੋਲ ਪਹੁੰਚਾਉਣਾ ਹੈ ਜਾਂ ਕਿਹੜਾ ਸਮਾਨ ਏਅਰਪੋਰਟਾਂ ਤੇ ਪਹੁੰਚਾਉਣਾ ਹੈ ਇਹ ਸੱਭ ਯਾਤਰੂਆਂ ਦੀ ਸਹੂਲਤ ਲਈ ਕੀਤਾ ਜਾਂਦਾ ਹੈ। ਅਸੀਂ ਆਪਣੇ ਅਟੈਚੀਆਂ ਉਪਰ ਨਿੰਬੂ (ਲਾਈਮ) ਰੰਗ ਦੇ ਟੈਗ ਲਗਾਏ ਤੇ ਬੂਹੇ ਅੱਗੇ ਰੱਖ ਦਿੱਤੇ।

ਸੁਭਾ ਅਲਵਿਦਾ ਕਹਿ ਰਹੇ ਯਾਤਰੀਆਂ ਨੂੰ ਰੂੰਗੇ-ਝੂੰਗੇ ਵਿੱਚ ਬਰੇਕਫਾਸਟ ਦਿੱਤਾ ਗਿਆ। ਗਾਰਡਨ ਕੈਫੇ ਵਿੱਚ ਕੁਰਬਲ ਕੁਰਬਲ ਹੋ ਰਹੀ ਸੀ। ਹੱਥਾਂ ਵਿੱਚ ਫੜ੍ਹੇ ਜਾਂ ਮੋਢਿਆਂ ਤੇ ਟੰਗੇ ਬੈਗਾਂ ਨਾਲ ਸਾਰੇ ਜਣੇ ਖਾਣ ਪੀਣ ਦੇ ਆਹਰੇ ਲੱਗੇ ਹੋਏ ਸਨ। ਕਰੂਜ਼ ਦੇ ਬਾਹਰੀ ਗੇਟ ਕੋਲ ਆਉਣ ਤੋਂ ਪਹਿਲਾਂ ਹਰ ਇਕ ਸੈਲਾਨੀ ਨੂੰ ਇਮੀਗਰੇਸ਼ਨ ਚੈਕ ਅੱਪ ਟੀਮ ਦਾ ਸਾਹਮਣਾ ਕਰਨਾ ਪਿਆ। ਤੁਹਾਡੇ ਚੇਹਰੇ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕੀਤਾ ਜਾਂਦਾ ਹੈ, ਬੈਗ ਐਕਸਰੇ ਵਿੱਚ ਦੀ ਲੰਘਾਏ ਜਾਂਦੇ ਹਨ। ਉਥੋਂ ਦੀ ਗੁਜ਼ਰ ਕੇ ਸੱਤ ਨੰ। ਡੈਕ ਦੇ ਬਾਹਰੀ ਗੇਟ ਵਿੱਚ ਦੀ ਹੋ ਕੇ ਤੁਸੀਂ ਆਰਜ਼ੀ ਤੌਰ ਤੇ ਬਣਾਈ ਸੁਰੰਗ ਰਾਹੀਂ ਟਰਮੀਨਲ ਇਮਾਰਤ ਦੇ ਹਾਲ ਵਿੱਚ ਪਹੁੰਚ ਜਾਂਦੇ ਹੋ। ਉਥੇ ਰੱਖੇ ਹੋਏ ਅਟੈਚੀਆਂ-ਸਮਾਨ ਵਿੱਚੋਂ ਅਸੀਂ ਵੀ ਆਪਣੇ ਪਹਿਚਾਨੇ, ਚੁੱਕੇ ਤੇ ਬਾਹਰ ਆ ਗਏ। ਸਾਹਮਣੇ ਦੈਂਤ ਆਕਾਰੀ ਕਰੂਜ਼ ਸ਼ਾਮ ਨੂੰ ਦੁਬਾਰਾ ਜਾਣ ਲਈ ਤਿਆਰੀ ਵਿੱਚ ਰੁਝਿਆ ਹੋਇਆ ਸੀ। ਅਸੀਂ ਟੈਕਸੀ ਲਈ, ਇਕ ਕਾਰ ਦੋਸਤ ਲੈ ਕੇ ਆ ਗਿਆ। ਸੁਭਾ 10 ਵਜੇ ਅਸੀਂ ਘਰ ਪਹੁੰਚ ਗਏ ਸੀ।

ਕਿਸੇ ਅਚਾਨਕ ਜਾਂ ਕੁਦਰਤੀ ਆਫਤ ਆ ਜਾਣ 'ਤੇ ਬਚਾਉ ਲਈ ਕਰੂਜ਼ ਵਿੱਚ ਅਨੇਕਾਂ ਇੰਤਜ਼ਾਮ ਕੀਤੇ ਹੁੰਦੇ ਹਨ। ਅਨੇਕਾਂ ਕਿਸ਼ਤੀਆਂ ਜ਼ਹਾਜ਼ ਦੇ ਆਸੇ ਪਾਸੇ ਟੰਗੀਆਂ ਹੁੰਦੀਆਂ ਹਨ ਪਾਣੀ ਵਿੱਚ ਡੁੱਬਣ ਤੋਂ ਬਚਾਉਣ ਲਈ ਸੇਫਟੀ ਜੈਕਟਾਂ ਥਾਂ ਪੁਰ ਥਾਂ ਰੱਖੀਆਂ ਹੁੰਦੀਆਂ ਹਨ। ਛੋਟੀ ਮੋਟੀ ਬੀਮਾਰੀ ਲਈ ਮੈਡੀਕਲ ਸੇਵਾਵਾਂ ਹੁੰਦੀਆਂ ਹਨ। ਕਦੇ ਕਦੇ ਕਰੂਜ਼ ਵਾਲੇ ਅੱਗ ਲੱਗਣ ਦੀ ਅਫਵਾਹ ਫੈਲਾ ਕੇ ਮੌਕ-ਡਰਿਲਾਂ ਵੀ ਕਰਦੇ ਰਹਿੰਦੇ ਨੇ। ਸਮੁੰਦਰੀ ਜ਼ਹਾਜ਼ ਦੀ ਨਿਰੰਤਰ ਚੱਲਦੀ ਹਰ ਕਿਸਮ ਦੀ ਕਾਰਜ ਵਿਧੀ ਤੋਂ ਯਾਤਰੂਆਂ ਨੂੰ ਜਾਣਕਾਰੀ ਦੇਣ ਲਈ 'ਬੀਹਾਈਂਡ ਦੀ ਸੀਨ ਟੂਰ' ਵੀ ਕਰਵਾਇਆ ਜਾਂਦਾ ਹੈ ਜਿਸ ਵਿੱਚ ਕਰੂਜ਼ ਦੇ ਵੱਖ ਵੱਖ ਹਿੱਸਿਆਂ ਤੇ ਹੁੰਦੀਆਂ ਕਾਰਵਾਈਆਂ ਦੇ ਰੂਬਰੂ ਤੁਹਾਨੂੰ ਕਰਾਇਆ ਜਾਂਦਾ ਹੈ ਅਤੇ ਇਸ ਦੀ ਟਿਕਟ ਲੱਗਦੀ ਹੈ ਪਰ

# ਜਿਹਨਾਂ 'ਤੇ ਮਾਣ ਪੰਜਾਬੀਆਂ ਨੂੰ



**ਗੁਰਮੀਤ ਪਲਾਹੀ**
**91-98158-02070**

### 1. ਇੱਕ ਮਿਸ਼ਨਰੀ ਜੀਊੜਾ, ਮਿਸਟਰ ਸਿੰਘ, ਸਰਦਾਰ ਬਹਾਦਰ ਸਿੰਘ (ਸਲੇਮ) ਅਮਰੀਕਾ

ਪੰਜ ਦਰਿਆਵਾਂ ਦੀ ਧਰਤੀ ਦੇ ਜਾਏ ਪੰਜਾਬੀ, ਦੇਸ਼ ਵਿਦੇਸ਼ ਵਿੱਚ ਜਿਧਰ ਕਿਧਰੇ ਵੀ ਰੋਟੀ-ਰੋਜ਼ੀ ਦੀ ਭਾਲ ਵਿੱਚ ਗਏ, ਨਵੀਂਆਂ ਪੈੜਾਂ ਪਾਉਂਦੇ, ਨਵੇਂ ਦਿਸਹੱਦੇ ਸਿਰਜਦੇ, ਆਪਣੀ ਜਨਮ ਭੂਮੀ ਦਾ ਕਰਜ਼ਾ ਚੁਕਾਉਣੋਂ ਕਦੇ ਨਾ ਥਿੜਕੇ। ਪੰਜਾਬ ਦੇ ਪਾਣੀਆਂ ਦੀ ਤਾਸੀਰ ਹੀ ਕੁਝ ਇਹੋ ਜਿਹੀ ਹੈ, ਜਿਹੜੀ ਸੇਵਾ, ਸਰਬਤ ਦੇ ਭਲੇ, "ਕਿਰਤ ਕਰ ਵੰਡ ਛਕ" ਦਾ ਪਾਠ ਪੜ੍ਹਾਉਂਦੀ ਹੈ।

ਬਚਪਨ ਦੇ ਪੰਜ ਵਰ੍ਹੇ ਦੁਆਬੇ ਦੀ ਧਰਤੀ ਦੇ ਕਸਬੇ ਫਗਵਾੜਾ ਦੇ ਇਲਾਕੇ ਬਸੰਤ ਨਗਰ, ਖੇੜਾ ਰੋਡ 'ਚ ਆਪਣੇ ਮਾਪਿਆਂ ਦੇ ਜੱਦੀ ਘਰ ਖੇਡਦਿਆਂ, ਮਲਦਿਆਂ, 1971 ਤੋਂ ਮਾਤਾ-ਪਿਤਾ ਨਾਲ ਯੂ.ਪੀ. ਚਲੇ ਗਏ। ਇਸ ਨੌਜਵਾਨ ਨੇ ਉਥੇ ਹੀ ਪੜ੍ਹਾਈ ਕੀਤੀ ਅਤੇ 25 ਵਰ੍ਹਿਆਂ ਦੀ ਭਰ-ਜੁਆਨੀ ਉਮਰੇ 1991 'ਚ ਅਮਰੀਕਾ ਜਾ ਡੇਰੇ ਲਾਏ। ਜਿਥੇ ਪਹਿਲਾਂ ਕੈਲੇਫੋਰਨੀਆਂ ਪੈਟਰੋਲ ਪੰਪਾਂ, ਸਟੋਰਾਂ 'ਚ ਨੌਕਰੀ ਕੀਤੀ ਤੇ ਫਿਰ ਆਪਣਾ ਕਾਰੋਬਾਰ ਖੋਲ੍ਹਿਆ।

ਇਹ ਕਹਾਣੀ ਇੱਕ ਇਹੋ ਜਿਹੇ ਸਖ਼ਸ਼ ਦੀ ਹੈ, ਜਿਹੜੀ ਬਹੁਤੇ ਪੰਜਾਬੀ ਨੌਜਵਾਨਾਂ, ਕਾਰੋਬਾਰੀਆਂ ਦੀ ਹੈ, ਜਿਹੜੇ ਪ੍ਰਵਾਸ ਦੇ ਰਾਹ ਪੈਂਦੇ ਹਨ, ਅੱਤ ਦਰਜੇ ਦੀਆਂ ਮੁਸੀਬਤਾਂ ਸਹਿੰਦੇ ਹਨ, ਪਰਿਵਾਰਾਂ ਤੋਂ ਦੂਰ ਇਕੱਲ ਹੰਢਾਉਂਦੇ ਹਨ ਅਤੇ ਉਹ ਵਰ੍ਹੇ ਜਿਹਨਾ 'ਚ ਉਹਨਾ ਜ਼ਿੰਦਗੀ ਦਾ ਸੁੱਖ ਮਾਨਣਾ ਹੁੰਦਾ ਹੈ, ਆਪਣੇ ਚੰਗੇਰੇ ਭਵਿੱਖ ਲਈ, ਆਪਣੀ ਅਗਲੀ ਪੀੜ੍ਹੀ ਦੇ ਸੁੱਖ ਅਰਾਮ ਲਈ ਬਿਤਾ ਦਿੰਦੇ ਹਨ।



ਸਰਦਾਰ ਬਹਾਦਰ ਸਿੰਘ (ਸਲੇਮ) ਅਮਰੀਕਾ

ਇਹੋ ਕਹਾਣੀ ਉਹਨਾ ਨੌਜਵਾਨਾਂ ਦੀ ਵੀ ਹੈ, ਜਿਹੜੇ ਓਪਰੇ ਸਭਿਆਚਾਰ 'ਚ , ਉਥੋਂ ਦੀ ਬੋਲੀ ਤੋਂ ਸੱਖਣੇ, ਪੜ੍ਹਾਈ ਤੋਂ ਊਣੇ, ਸਥਾਨਕ ਲੋਕਾਂ ਨਾਲ ਸਾਂਝ ਪਾਉਂਦੇ ਹਨ ਤੇ ਸਫ਼ਲ ਹੁੰਦੇ ਹਨ।

ਪਰ ਇਹੋ ਜਿਹੇ ਲੋਕਾਂ ਤੋਂ ਵੱਖਰੇ ਉਹ ਸਫ਼ਲ ਨੌਜਵਾਨ ਵੀ ਹਨ, ਜਿਹੜੇ ਪਰਿਵਾਰਾਂ ਤੱਕ ਹੀ ਸੀਮਤ ਨਹੀਂ ਰਹਿੰਦੇ, ਸਮਾਜ ਭਲਾਈ ਲਈ ਅੱਗੇ ਆਉਂਦੇ ਹਨ, ਲੋਕਾਂ ਦਾ ਦਰਦ ਵੰਡਾਉਂਦੇ ਹਨ ਤੇ ਆਪਣੀ ਜ਼ਿੰਦਗੀ ਉਹਨਾ ਦੇ ਲੇਖੇ ਲਾ ਦਿੰਦੇ ਹਨ।

ਇਹੋ ਜਿਹਾ ਕਰਮੀ ਜੀਊੜਾ, ਕਰਮਯੋਗੀ, ਸਿੱਖ ਧਰਮ ਦੇ ਅਸੂਲਾਂ ਨੂੰ ਪ੍ਰਣਾਇਆ, ਅਮਰੀਕਾ ਦੇ ਸ਼ਹਿਰ ਸਲੇਮ ਵਸਦਾ ਸਰਦਾਰ ਬਹਾਦਰ ਸਿੰਘ ਹੈ ਜਿਸਨੇ ਆਪਣਾ ਪੂਰਾ ਜੀਵਨ 'ਲੋਕ ਲੇਖੇ' ਲਾਇਆ ਹੋਇਆ ਅਤੇ ਜੀਵਨ ਦੀ ਵਗਦੀ ਧਾਰਾ 'ਚ ਗੁਰੂ ਦਾ ਜੱਸ ਖੱਟਦਾ ਆਪਣਾ ਤਨ ਮਨ, ਧਨ ਲੋਕ ਅਰਪਨ ਕਰੀ ਬੈਠਾ ਹੈ।

ਸਿੱਖ ਸੇਵਾ ਫਾਊਂਡੇਸ਼ਨ ਸਟੇਟ (ਅਮਰੀਕਾ) ਦਾ ਬਾਨੀ ਬਹਾਦਰ ਸਿੰਘ ਕਮਿਊਨਿਟੀ ਸੇਵਾ 'ਚ ਇੰਨੀਆਂ ਕੁ ਪੁਲਾਂਘਾਂ ਪੁੱਟ ਚੁੱਕਾ ਹੈ ਕਿ ਕਿਸੇ ਵੀ ਦਾਨੀ, ਸਮਾਜ ਸੇਵਕ, ਲੋਕ ਸੇਵਾ ਨੂੰ ਸਪਰਪਿਤ ਸਖ਼ਸ਼ੀਅਤ ਤੋਂ ਉਸਦਾ ਕੱਦ ਬੁੱਤ ਉੱਚਾ ਹੈ। ਗੁਰਬਾਣੀ ਦੇ ਪ੍ਰਚਾਰ, ਪ੍ਰਸਾਰ, ਵਿਦਿਆਰਥੀਆਂ ਨੂੰ ਉੱਚ ਸਿੱਖਿਆ ਪ੍ਰਦਾਨ ਕਰਨਾ, ਲੋੜਵੰਦਾਂ ਲਈ ਖਾਣੇ ਦਾ ਪ੍ਰਬੰਧ, ਆਫ਼ਤਾਂ ਵੇਲੇ ਸਰਕਾਰ ਅਤੇ ਲੋਕਾਂ ਨਾਲ ਖੜਕੇ ਸੇਵਾ ਦੇ ਪ੍ਰਾਜੈਕਟ ਚਲਾਉਣ ਉਸਦੇ ਹਿੱਸੇ ਆਇਆ ਹੈ।

ਦੇਸ਼ ਦੇ ਲਈ ਜਾਨਾਂ ਵਾਰਨ ਵਾਲੇ ਗ਼ਦਰੀ ਬਾਬਿਆਂ ਦੀ ਡਾਕੂਮੈਂਟਰੀ ਤਿਆਰ ਕਰਾਉਣਾ ਉਸਦੇ ਦੇਸ਼ ਪ੍ਰੇਮ ਦੀ ਬਿਹਤਰ ਮਿਸਾਲ ਹੈ। ਆਪਣਿਆਂ ਨੂੰ ਯਾਦ ਰੱਖਣਾ ਅਤੇ ਉਹਨਾ ਲਈ ਕੁਝ ਵੀ ਕਰਨ ਦੀ ਵਿਰਤੀ ਮਨ 'ਚ ਪਾਲਕੇ ਸ: ਬਹਾਦਰ ਸਿੰਘ ਨੇ ਯੂ।ਪੀ। ਦੇ ਲਖੀਮਪੁਰ ਜ਼ਿਲੇ ਝੀਰਾ ਖੀਰੀ 'ਚ 150 ਬਿਸਤਰਿਆਂ ਦੇ ਹਸਪਤਾਲ ਦੀ ਉਸਾਰੀ 2012-14 'ਚ ਕਰਵਾਈ, ਇਹ ਸੇਵਾ ਅੱਜ ਵਨ ਬੀਟ ਚੈਰੀਟੇਬਲ ਦੇ ਤਿੰਨ ਹਸਪਤਾਲਾਂ ਤੱਕ ਪੁੱਜ ਚੁੱਕੀ ਹੈ, ਜਿਥੇ ਮੁਫ਼ਤ ਇਲਾਜ, ਐਕਸਰੇ, ਸਰਜਰੀ, ਐਮਰਜੈਂਸੀ ਸੇਵਾਵਾਂ ਲਈ ਲੋਕਾਂ ਤੋਂ ਕੋਈ ਪੈਸਾ ਨਹੀਂ ਲਿਆ ਜਾਂਦਾ। ਹਰ ਰੋਜ਼ 4 ਤੋਂ 5 ਹਜ਼ਾਰ ਲੋਕ ਇਹਨਾ ਹਸਪਤਾਲਾਂ 'ਚ ਮੁਫ਼ਤ ਦਵਾਈਆਂ ਇਲਾਜ ਸੇਵਾ ਪ੍ਰਾਪਤ ਕਰਦੇ ਹਨ। ਮੁਫ਼ਤ ਲੰਗਰ ਸੇਵਾ ਨਿਰੰਤਰ ਰਹਿੰਦੀ ਹੈ। ਇਥੇ ਹੀ ਬੱਸ ਨਹੀਂ ਮੈਡੀਕਲ ਸਿੱਖਿਆ ਦੇਣ ਲਈ ਸ:ਬਹਾਦਰ ਸਿੰਘ(ਸਲੇਮ) ਵਲੋਂ ਫਾਰਮੇਸੀ, ਨਰਸਿੰਗ, ਪੈਰਾ ਮੈਡੀਕਲ ਕਾਲਜ ਖੋਲ੍ਹੇ ਗਏ ਹਨ, ਜਿਹੜੇ ਹਜ਼ਾਰਾਂ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰ ਰਹੇ ਹਨ।

ਕਰਮਭੂਮੀ ਅਮਰੀਕਾ ਦੀ ਔਰਗੇਨ ਸਟੇਟ 'ਚ ਵਸਦਾ ਬਹਾਦਰ ਸਿੰਘ, ਕਦੇ ਵੀ ਆਪਣੀ ਜਨਮ ਭੂਮੀ ਨੂੰ ਭੁਲਾ ਨਹੀਂ ਸਕਿਆ। ਪੰਜਾਬੀ ਬੋਲੀ, ਪੰਜਾਬੀ ਵਿਰਸੇ, ਨੂੰ ਮਨ 'ਚ ਸਮੋਈ ਹਰ ਪਲ ਉਹ ਕੁਝ ਇਹੋ ਜਿਹਾ ਕਰਨ ਲਈ ਤਤਪਰ ਰਹਿੰਦਾ ਹੈ, ਜੋ ਉਸਦੇ ਮਨ ਨੂੰ ਸਿਰਫ਼ ਸਕੂਨ ਹੀ ਨਾ ਦੇਵੇ, ਸਗੋਂ ਲੋਕਾਂ ਦੇ ਪੱਲੇ ਵੀ ਕੁਝ ਪਾਵੇ।

ਚਮਕੌਰ ਸਾਹਿਬ (ਪੰਜਾਬ) ਵਿੱਚ ਤਿਆਰ ਕੀਤਾ ਜਾ ਰਿਹਾ ਮਲਟੀਸਪੈਸ਼ਲਿਟੀ ਹਸਪਤਾਲ, ਜੋ ਫਰਵਰੀ 2025 ਤੱਕ ਚਾਲੂ ਹੋਏਗਾ, ਸ:ਬਹਾਦਰ ਸਿੰਘ ਦਾ ਇੱਕ ਇਹੋ ਜਿਹਾ ਪ੍ਰਾਜੈਕਟ ਸਾਬਤ ਹੋਏਗਾ, ਜੋ ਪੰਜਾਬ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਉਸ ਵਲੋਂ ਜ਼ਿੰਦਗੀ ਦੀ ਤਿਲ ਫੁਲ ਸੇਵਾ ਹੋਏਗਾ। ਇਹ ਉਸਦਾ ਦ੍ਰਿੜ ਸੰਕਲਪ ਅਤੇ ਇਰਾਦਾ ਹੈ।




ਸ: ਬਹਾਦਰ ਸਿੰਘ ਦਾ ਕਾਰੋਬਾਰ ਵੱਡਾ ਹੈ। ਆਪਣੇ ਪੂਰੇ ਪਰਿਵਾਰ ਨਾਲ ਉਹ "ਸੈਂਟਰ ਮਾਰਕੀਟ ਗਰੁੱਪ", ਨਾਮ ਹੇਠ ਗਰੌਸਰੀ, ਡਿਪਾਰਟਮੈਂਟਲ ਸਟੋਰ ਚਲਾ ਰਿਹਾ ਹੈ। ਜਿਸਦੇ ਪੂਰੇ ਦੇਸ਼ ਅਮਰੀਕਾ ਦੇਸ਼ ਭਰ 'ਚ 45 ਸਟੋਰ ਹਨ। ਦੋ ਭਰਾ, ਉਹਨਾ ਦਾ ਪ੍ਰੀਵਾਰ ਪਤਨੀ, ਦੋ ਲੜਕੇ ਅਤੇ ਇੱਕ ਲੜਕੀ, ਰਿਸ਼ਤੇਦਾਰ ਉਹਨਾ ਦੇ ਕੰਮ ਕਾਰ 'ਚ ਵਾਧੇ ਅਤੇ ਸਮਾਜ ਸੇਵਾ 'ਚ ਜੁਟੇ ਰਹਿੰਦੇ ਹਨ। ਉਹਨਾ ਦੇ ਲੜਕੇ, ਲੜਕੀ ਅਮਰੀਕਾ 'ਚ ਉੱਚ ਸਿੱਖਿਆ ਕਰਕੇ ਆਪੋ-ਆਪਣੇ ਥਾਵੀਂ ਕਾਰਜ਼ਸ਼ੀਲ ਹਨ।

ਸ। ਬਹਾਦਰ ਸਿੰਘ ਸਿੱਖ ਸੇਵਾ ਫਾਊਂਡੇਸ਼ਨ ਦਾ ਚੇਅਰਮੈਨ ਹੈ, ਸੈਂਟਰ ਮਾਰਕੀਟ ਗਰੁੱਪ ਦਾ ਚੇਅਰਮੈਨ ਹੈ, ਵਨ ਬੀਟ ਚੈਰੀਟੇਬਲ ਹਸਪਤਾਲਾਂ ਦੇ ਗਰੁੱਪ ਦਾ ਚੇਅਰਮੈਨ ਹੈ ਅਤੇ ਹੋਰ ਵੀ ਕਈ ਸੰਸਥਾਵਾਂ ਨਾਲ ਜੁੜੀ ਉਹ ਇੱਕ ਵਿਲੱਖਣ ਸਖ਼ਸ਼ੀਅਤ ਹੈ। ਇਹ ਸਖ਼ਸ਼ੀਅਤ ਖ਼ਾਲਸਾ ਪੰਥ ਦੀਆਂ ਸ਼ਾਨਦਾਰ ਰਵਾਇਤਾਂ ਅਤੇ ਵਿਰਾਸਤ ਨੂੰ ਦੁਨੀਆ ਭਰ 'ਚ ਪਹੁੰਚਾਉਣ ਲਈ ਜਿਸ ਤਨਦੇਹੀ ਨਾਲ ਕੰਮ ਕਰ ਰਹੀ ਸਖ਼ਸ਼ੀਅਤ ਹੈ, ਉਸਦਾ ਕੋਈ ਸਾਨੀ ਨਹੀਂ ਹੈ।

ਅਣਥੱਕ, ਮਿਹਨਤੀ, ਸਿਦਕੀ ਮਿਸ਼ਨਰੀ, ਪਰ ਨਾਲ-ਨਾਲ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ ਇਹ ਸ਼ਖ਼ਸੀਅਤ ਸ: ਬਹਾਦਰ ਸਿੰਘ।

ਸ: ਬਹਾਦਰ ਸਿੰਘ ਅਮਰੀਕਾ ਵਸਦਾ ਹੈ, ਉਸਦਾ ਆਪਣੀ ਕਰਮਭੂਮੀ ਦੇ ਲੋਕਾਂ ਪ੍ਰਤੀ ਪਿਆਰ ਅਨੂਠਾ ਹੈ। ਉਥੇ ਵਸਦਿਆਂ ਉਹ ਆਪਣੇ ਪੰਜਾਬੀ ਪਿਆਰਿਆਂ ਦੇ ਕੰਮ ਆਉਣ ਦਾ ਯਤਨ ਕਰਦਾ ਹੈ। ਉਹ ਯੂ.ਪੀ. (ਭਾਰਤ) ਵਾਲਿਆਂ ਲਈ ਸਰਦਾਰ ਜੀ ਹੈ। ਆਪਣੀ ਜਨਮ ਭੂਮੀ ਪੰਜਾਬ ਵਾਲਿਆਂ ਲਈ ਛੋਟਾ-ਵੱਡਾ ਭਰਾ ਹੈ, ਭਾਵੇਂ ਕਿ ਅਮਰੀਕਾ ਵਾਲਿਆਂ ਲਈ ਮਿਸਟਰ ਸਿੰਘ ਹੋਵੇਗਾ। ਉਸਦੇ ਮਿਸਟਰ, ਸਰਦਾਰ, ਭਰਾ ਵਾਲੇ ਖਿਤਾਬ, ਇੱਕ ਇਹੋ ਜਿਹੇ ਹਰਮਨ ਪਿਆਰੇ ਪੰਜਾਬੀ ਦਾ ਰੋਸ਼ਨ ਨਾਮ ਹੈ, ਜਿਹਨਾ ਉਤੇ ਪੰਜਾਬੀ ਪਿਆਰਿਆਂ ਨੂੰ ਮਾਣ ਹੈ।

### 2. ਸਰਬੱਤ ਦੇ ਭਲੇ ਲਈ ਕਾਰਜ਼ਸ਼ੀਲ ਹੈ ਯੂਨਾਈਟਿਡ ਸਿੱਖ ਮਿਸ਼ਨ ਕੈਲੇਫੋਰਨੀਆ

ਚੰਗੇ ਭਵਿੱਖ ਲਈ, ਪਰ ਕਦੇ-ਕਦੇ ਮਜ਼ਬੂਰੀਆਂ ਕਾਰਨ ਮਨੁੱਖ ਦਾ ਖਾਸਾ ਪ੍ਰਵਾਸ ਹੰਢਾਉਣ ਦਾ ਰਿਹਾ ਹੈ। ਪ੍ਰਵਾਸ ਦੀ ਇਹ ਪ੍ਰਵਿਰਤੀ ਮਨੁੱਖ ਨੂੰ ਦੇਸ਼, ਵਿਦੇਸ਼ ਦੇ ਲੋਕਾਂ ਨਾਲ ਸਾਂਝ ਪਾਉਣ, ਆਪਣਾ ਭਵਿੱਖ ਸੁਆਰਣ, ਨਵੇਂ ਸਭਿਆਚਾਰਾਂ 'ਚ ਵਿਚਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਪ੍ਰਵਾਸੀ ਮਨੁੱਖ ਨਵੇਂ ਥਾਵਾਂ 'ਤੇ ਜਾਕੇ ਬਹੁਤ ਕੁਝ ਸਿਖਦਾ ਹੈ, ਤਜ਼ਰਬੇ ਹਾਸਲ ਕਰਦਾ ਹੈ, ਵੱਡੀਆਂ ਪ੍ਰਾਪਤੀਆਂ ਕਰਦਾ ਹੈ, ਪਰ ਜਨਮ ਭੂਮੀ ਨਾਲ ਉਸਦਾ ਲਗਾਅ ਲਗਾਤਾਰ ਰਹਿੰਦਾ ਹੈ ਅਤੇ ਉਹ ਜ਼ਿੰਦਗੀ ਭਰ ਉਸਦਾ ਕਰਜ਼ਾ ਚੁਕਾਉਣ ਲਈ ਤਤਪਰ ਰਹਿੰਦਾ ਹੈ।

ਹਿੰਦੋਸਤਾਨੀ ਪ੍ਰਵਾਸੀਆਂ ਖ਼ਾਸ ਕਰਕੇ ਪੰਜਾਬੀ ਪ੍ਰਵਾਸੀਆਂ, ਜਿਹਨਾਂ ਜਿਥੇ ਵਿਸ਼ਵ ਦੇ ਵੱਖੋ-ਵੱਖਰੇ ਥਾਵਾਂ 'ਤੇ ਜਾਕੇ ਬਹੁਤ ਕੁਝ ਹਾਸਲ ਕੀਤਾ, ਉਥੇ ਉਹਨਾ ਆਪਣੇ ਧਰਮ, ਸਭਿਆਚਾਰ, ਬੋਲੀ ਨੂੰ ਜੀਊਂਦੇ ਰੱਖਿਆ। ਉਹ ਇੰਜੀਨੀਅਰ, ਡਾਕਟਰ, ਪ੍ਰੋਫੈਸ਼ਨਲ ਬਣੇ। ਉਹਨਾ ਖੇਤੀ ਅਤੇ ਬਿਜ਼ਨੈਸ ਖ਼ਾਸ ਕਰਕੇ ਟਰੱਕਿੰਗ 'ਚ ਵਿਸ਼ੇਸ਼ ਉਪਲੱਬਧੀਆਂ ਹਾਸਲ ਕੀਤੀਆਂ। ਸਿਆਸੀ ਖੇਤਰ 'ਚ ਪੈਰ ਪਸਾਰੇ, ਪਰ ਸਮਾਜ ਸੇਵਾ 'ਚ ਉਹਨਾ ਗੁਰੂਆਂ ਦੇ ਦੱਸੇ ਰਸਤੇ 'ਤੇ ਚਲਦਿਆਂ ਵੱਡੇ ਮਾਅਰਕੇ ਮਾਰੇ।



ਸ: ਰਸ਼ਪਾਲ ਸਿੰਘ ਢੀਂਡਸਾ

ਇਸੇ ਸਦਕਾ ਪਿਛਲੇ ਚਾਰ -ਪੰਜ ਦਹਾਕਿਆਂ ਤੋਂ ਪ੍ਰਵਾਸੀ ਪੰਜਾਬੀਆਂ ਆਪਣੇ ਦੇਸ਼ ਪੰਜਾਬ ਅਤੇ ਆਪਣੇ ਪਿੰਡਾਂ, ਸ਼ਹਿਰਾਂ ਲਈ ਉਹਨਾਂ ਦੇ ਬੁਨਿਆਦੀ ਢਾਂਚੇ 'ਚ ਉਸਾਰੀ ਲਈ ਵਿਸ਼ੇਸ਼ ਯੋਗਦਾਨ ਪਾਇਆ, ਹਸਪਤਾਲ, ਸਕੂਲ, ਸਟੇਡੀਅਮ, ਜੰਞ ਘਰ ਆਦਿ ਉਸਾਰੇ, ਲੋੜਵੰਦ ਲੜਕੀਆਂ ਦੇ ਵਿਆਹਾਂ, 'ਚ ਯੋਗਦਾਨ ਪਾਇਆ। ਸਕੂਲ, ਕਾਲਜਾਂ ਦੇ ਵਿਦਿਆਰਥੀ ਲਈ ਫ਼ੀਸਾਂ ਅਦਾ ਕਰਕੇ ਉਹਨਾ ਨੂੰ ਪੜ੍ਹਾਇਆ। ਪਰ ਕੁਝ ਇੱਕ ਸੰਸਥਾਵਾਂ ਨੇ ਵਿਲੱਖਣ ਸੇਵਾ ਕਰਦਿਆਂ ਪੰਜਾਬ 'ਵ ਵਧ ਰਹੇ ਕੈਂਸਰ ਅਤੇ ਅੱਖਾਂ ਦੀਆਂ ਬੀਮਾਰੀਆਂ ਦੇ ਇਲਾਜ ਲਈ ਭਰਪੂਰ ਉਪਰਾਲੇ ਕੀਤੇ।

ਇਹੋ ਜਿਹੀਆਂ ਸੰਸਥਾਵਾਂ ਵਿਚੋਂ ਇੱਕ ਯੂਨਾਈਟਿਡ ਸਿੱਖ ਮਿਸ਼ਨ ਸੰਸਥਾ ਹੈ, ਜਿਸ ਦੇ ਆਗੂਆਂ ਨੇ ਭਰਪੂਰ ਯਤਨ ਕਰਕੇ ਪੰਜਾਬ ਦੇ ਪਿੰਡਾਂ 'ਚ ਵੱਡੀ ਪੱਧਰ ਉਤੇ ਕੰਮ ਕੀਤਾ ਹੈ। ਹਜ਼ਾਰਾਂ ਵਿਅਕਤੀਆਂ ਦੀਆਂ ਅੱਖਾਂ ਦੀ ਰੌਸ਼ਨੀ ਮੁੜ ਪਰਤਾਈ ਅਤੇ ਬੁਢਾਪੇ 'ਚ ਨਿਆਸਰੇ ਲੋੜਬੰਦ ਬਜ਼ੁਰਗਾਂ ਦੀਆਂ ਅੱਖਾਂ 'ਚ ਲੈਂਨਜ਼ ਪਾਉਣ ਦੀ ਸੇਵਾ ਨਿਭਾਈ।

ਯੂਨਾਈਟਿਡ ਸਿੱਖ ਮਿਸ਼ਨ ਕੈਲੇਫੋਰਨੀਆ ਯੂਐਸਏ ਦਾ ਮੁੱਖ ਉਦੇਸ਼ ਅੱਖਾਂ ਦੇ ਅਪਰੇਸ਼ਨ ਅਤੇ ਅੱਖਾਂ ਦੇ ਚੈਕਅੱਪ ਕੈਂਪ ਲਾਉਣਾ ਹੈ। ਸਾਲ 2023 'ਚ ਕੁਲ ਮਿਲਾਕੇ ਦਸ ਹਜ਼ਾਰ ਤੋਂ ਵਧ ਲੋਕਾਂ ਦੀਆਂ ਅੱਖਾਂ ਦੇ ਚੈਕ ਅੱਪ ਕਰਵਾਏ ਗਏ। ਸਾਲ 2024 ਵਿੱਚ ਵੀ ਇਹ ਕਾਰਜ ਨਿਰਵਿਘਨ ਜਾਰੀ ਹੈ।

ਯੂਨਾਈਟਿਡ ਸਿੱਖ ਮਿਸ਼ਨ ਅੱਖਾਂ ਦੇ ਕੈਂਪ ਲਗਾਕੇ ਪੰਜਾਬ ਦੇ ਬਜ਼ੁਰਗਾਂ, ਲੋੜਵੰਦਾਂ ਦੀ ਸਹਾਇਤਾ ਲਈ ਕਾਰਜਸ਼ੀਲ ਹੈ, ਕਿਉਂਕਿ ਪੰਜਾਬ ਦੇ ਲੋਕ ਅੱਖਾਂ ਪ੍ਰਤੀ ਖ਼ਾਸ ਤੌਰ 'ਤੇ ਅਵੇਸਲੇ ਹਨ, ਇਸੇ ਕਰਕੇ ਇੱਕ ਡੂੰਘੀ ਸੋਚ ਮਨ 'ਚ ਰੱਖਦਿਆਂ ਇਸ ਸੰਸਥਾ ਦੇ ਮੈਂਬਰਾਂ ਨੇ ਰਸ਼ਪਾਲ ਸਿੰਘ ਢੀਂਡਸਾ, ਵਰਿੰਦਰ ਕੌਰ ਸੰਘਾ, ਗੁਰਪਾਲ ਸਿੰਘ ਢੀਂਡਸਾ, ਰਣਜੀਤ ਸਿੰਘ, ਬਿੰਦਰ ਸਿੰਘ ਢਿਲੋਂ, ਬਲਵਿੰਦਰ ਸਿੰਘ ਬੜੈਚ ਅਤੇ ਹੋਰਨਾਂ ਦੀ ਅਗਵਾਈ ਵਿੱਚ ਇਸ ਸਬੰਧ ਵਿੱਚ ਵਡੇਰੇ ਕਦਮ ਪੁੱਟੇ। ਇਸ ਸੰਸਥਾ ਵਲੋਂ ਦੋ ਦਹਾਕਿਆਂ ਵਿੱਚ 250 ਤੋਂ ਵੱਧ ਅੱਖਾਂ ਦੇ ਕੈਂਪ ਪਿਛਲੇ ਪੰਜਾਂ ਸਾਲਾਂ ਵਿੱਚ ਅਤੇ 600 ਤੋਂ ਵੱਧ ਕੈਂਪ ਪਿਛਲੇ 19 ਸਾਲਾਂ ਵਿੱਚ ਲਗਾ ਚੁੱਕੀ ਹੈ, ਜਿਸ ਤੋਂ 3 ਲੱਖ ਤੋਂ ਵਧ ਲੋਕਾਂ ਨੇ ਫਾਇਦਾ ਲਿਆ ਹੈ। ਅੱਖਾਂ ਦੇ ਸਰਜਰੀ ਕਰਕੇ ਲੈਂਨਜ਼ ਹੀ ਨਹੀਂ ਪਾਏ ਗਏ, ਸਗੋਂ ਉਹਨਾ ਨੂੰ ਮੁਫਤ ਦਵਾਈਆਂ, ਐਨਕਾਂ ਵੀ ਮੁਫ਼ਤ ਦਿੱਤੀਆਂ ਗਈਆਂ।

ਕੈਲੇਫੋਰਨੀਆ ਦੀ ਯੂਨਾਈਟਿਡ ਸਿੱਖ ਮਿਸ਼ਨ ਇੱਕ ਗੈਰ-ਸਰਕਾਰੀ ਅੰਤਰ-ਰਾਸ਼ਟਰੀ ਸੰਸਥਾ ਹੈ, ਜੋ ਸਿਹਤ, ਸਿੱਖਿਆ, ਵਾਤਾਵਰਨ ਅਤੇ ਮਨੁੱਖੀ ਵਿਕਾਸ ਲਈ ਬਚਨਬੱਧਤਾ ਦੇ ਨਾਲ ਕੰਮ ਕਰਦੀ ਹੈ। ਇਹ ਸੰਸਥਾ ਅਮਰੀਕਾ ਵਿੱਚ ਵੱਖੋ-ਵੱਖਰੇ ਦੇਸ਼ਾਂ 'ਚ ਕੰਮ ਕਰਨ ਲਈ ਚੈਰੀਟੇਬਲ ਸੁਸਾਇਟੀ ਵਲੋਂ ਰਜਿਸਟਰਡ ਹੈ। ਇਸ ਸੰਸਥਾ ਦਾ ਮੁੱਖ ਉਦੇਸ਼ ਜਿਥੇ ਸਿਹਤ ਸੰਭਾਲ ਖ਼ਾਸ ਕਰਕੇ ਅੱਖਾਂ ਦੀ ਸੰਭਾਲ ਮੁੱਖ ਤੌਰ 'ਤੇ ਹੈ ਉਥੇ ਸੰਸਥਾਂ ਵਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

ਸਾਲ 2021 ਵਿੱਚ ਰਸ਼ਪਾਲ ਸਿੰਘ ਢੀਂਡਸਾ ਦੀ ਅਗਵਾਈ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਦੁਆਰਿਆਂ ਵਿੱਚ 1.2 ਮੈਗਾਵਾਟ ਦੇ ਸੋਲਰ ਸਿਸਟਮ ਲਗਾਏ ਗਏ, ਜਿਸ ਨਾਲ ਸਾਫ਼-ਸੁਥਰਾ ਵਾਤਾਵਰਨ ਬਣਾਉਣ ਵਿੱਚ ਤਾਂ ਫ਼ਾਇਦਾ ਹੋਇਆ ਹੀ ਪਰ ਨਾਲ ਦੀ ਨਾਲ ਬਿਜਲੀ ਖਪਤ ਅਤੇ ਖ਼ਰਚ ਵੀ ਘਟਿਆ। ਇਸ ਸੰਸਥਾ ਦੇ ਕੰਮਾਂ ਅਤੇ ਭਵਿੱਖ ਯੋਜਨਾ ਬਾਰੇ ਜਦੋਂ ਪ੍ਰਧਾਨ ਰਸ਼ਪਾਲ ਸਿੰਘ ਢੀਂਡਸਾ ਦੇ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾ ਨੇ ਦੱਸਿਆ ਕਿ ਉਹਨਾ ਦੀ ਯੋਜਨਾ ਪੰਜਾਬ ਦੇ ਹਰ ਪਿੰਡਾਂ ਵਿੱਚ ਅੱਖਾਂ ਦੇ ਮਿਸ਼ਨ ਨੂੰ ਲੈ ਕੇ ਪਹੁੰਚਣ ਦੀ ਹੈ। ਉਹਨਾ ਨੇ ਇਹ ਵੀ ਕਿਹਾ ਕਿ ਅਮਰੀਕਾ ਵਸਦੇ ਪ੍ਰਵਾਸੀ ਵੀਰਾਂ ਵਲੋਂ ਉਹਨਾ ਦੀ ਸੰਸਥਾ ਨੂੰ ਇਸ ਕਾਰਜ ਵਿੱਚ ਵਿਸ਼ੇਸ਼ ਸਹਿਯੋਗ ਮਿਲਦਾ ਹੈ ਕਿਉਂਕਿ ਲੋਕ ਆਪਣੇ-ਆਪਣੇ ਪਿੰਡਾਂ ਵਿੱਚ ਅੱਖਾਂ ਦੇ ਕੈਂਪ ਲਗਵਾ ਕੇ ਉਹਨਾ ਨੂੰ ਮੁਫ਼ਤ ਸਹੂਲਤਾਂ ਦੇਣ ਲਈ ਯੋਗਦਾਨ ਪਾਉਂਦੇ ਹਨ। ਉਹਨਾ ਦੱਸਿਆ ਕਿ ਉਹਨਾ ਦਾ ਮਿਸ਼ਨ ਪੰਜਾਬ ਦੇ ਹਰ ਪਿੰਡ ਵਿੱਚ ਪਹੁੰਚਣ ਦਾ ਹੈ ਅਤੇ ਸਾਲ ਦਰ ਸਾਲ ਉਹਨਾ ਦੀ ਸੰਸਥਾ ਅੱਖਾਂ ਦੇ ਕੈਂਪ ਲਗਾਉਣ 'ਚ ਵਾਧਾ ਕਰਕੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਹੈ। ਰਸ਼ਪਾਲ ਸਿੰਘ ਢੀਂਡਸਾ ਅਤੇ ਉਹਨਾ ਦੀ ਟੀਮ ਦਾ ਸੁਪਨਾ ਪੰਜਾਬ ਵਿੱਚ ਇੱਕ ਵੱਡਾ ਸੁਪਰਸਪੈਸ਼ਲਿਟੀ ਹਸਪਤਾਲ ਬਣਾਉਣ ਦਾ ਹੈ, ਜਿਥੇ ਮਾਡਰਨ ਸੁਵਿਧਾਵਾਂ ਤਾਂ ਪ੍ਰਦਾਨ ਕੀਤੀਆਂ ਹੀ ਜਾਣਗੀਆਂ ਸਗੋਂ ਮਾਹਰ ਡਾਕਟਰ ਦੀ ਸੇਵਾ ਵੀ ਲਈ ਜਾਵੇਗੀ।

# ਕੈਬਨਿਟ ਮੰਤਰੀ ਜਿੰਪਾ ਨੇ ਜਵਾਹਰ ਨਵੋਦਿਆ ਵਿਦਿਆਲਿਆ ਨੂੰ ਦਿੱਤਾ 2 ਲੱਖ ਰੁਪਏ ਦਾ ਚੈਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਪੀ।ਐਮ ਸ੍ਰੀ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਦਾ ਦੌਰਾ ਕੀਤਾ ਅਤੇ ਸਕੂਲ ਦੇ ਵਿਕਾਸ ਲਈ 2 ਲੱਖ ਰੁਪਏ ਦਾ ਚੈਕ ਸਕੂਲ ਦੀ ਪ੍ਰਿੰਸੀਪਲ ਨੂੰ ਸੌਂਪਿਆ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਕੁਝ ਸਮਾਂ ਪਹਿਲਾ ਉਹ ਸਕੂਲ ਵਿਚ ਨੈਸ਼ਨਲ ਯੋਗ ਮੀਟ ਦੌਰਾਨ ਆਏ ਸਨ ਅਤੇ ਉਨ੍ਹਾਂ ਸਕੂਲ ਨੂੰ ਦੋ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਵਾਅਦਾ ਕੀਤਾ ਸੀ ਅਤੇ ਅੱਜ ਵਾਅਦੇ ਮੁਤਾਬਿਕ ਉਹ ਸਕੂਲ ਨੂੰ ਦੋ ਲੱਖ ਰੁਪਏ ਦਾ ਚੈਕ ਸੌਂਪਣ ਆਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ



ਵਿਚ ਪੰਜਾਬ ਸਰਕਾਰ ਸਿੱਖਿਆ ਦੇ ਪੱਧਰ ਨੂੰ ਕਾਫੀ ਉਚਾ ਲੈ ਕੇ ਗਈ ਹੈ।ਸਕੂਲ ਆਫ ਐਮੀਨੈਂਸ ਇਸ ਦੀ ਸਭ ਤੋਂ ਤਾਜ਼ਾ ਉਦਾਹਰਨ ਹਨ, ਜਿਥੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦਾ ਪੱਧਰ ਕਾਫੀ ਵਧੀਆ ਹੋਇਆ ਹੈ। ਉਨ੍ਹਾਂ ਕਿਹਾ ਕਿ ਨਵੋਦਿਆ ਵਿਦਿਆਲਿਆ ਫਲਾਹੀ ਨੇ ਵੀ ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿਚ ਆਪਣੀ ਵਿਸ਼ੇਸ਼ ਪਹਿਚਾਣ ਬਣਾਈ ਹੋਈ ਹੈ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਇਸ ਮੌਕੇ ਪ੍ਰਿੰਸੀਪਲ ਰੰਜੂ ਦੁੱਗਲ, ਵਾਈਸ ਪ੍ਰਿੰਸੀਪਲ ਸੰਤੋਸ਼ ਨੇਗੀ, ਜਸਵਿੰਦਰ ਸਿੰਘ, ਦਿਨੇਸ਼, ਰਾਕੇਸ਼ ਸੋਨੀ, ਗੀਤਿਕਾ, ਗੁਰਦੀਪ ਕੌਰ, ਸੋਨੀਆ, ਮੁਹੰਮਦ ਜਾਕੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਲੀਡਰਾਂ ਨੇ ਖਤਮ ਕਰ ਦਿੱਤੀ ਬਹੁਜਨ ਸਮਾਜ ਪਾਰਟੀ



ਸਤਨਾਮ ਸਿੰਘ ਸਹੂੰਗੜਾ
ssahungra@gmial.com

ਸਾਹਿਬ ਕਾਂਸ਼ੀ ਰਾਮ ਜੀ ਅਕਸਰ ਹਰ ਸਟੇਜ ਤੇ ਆਖਿਆ ਕਰਦੇ ਸਨ ਕਿ "ਮੈਂ ਇਸ ਗਰੀਬ ਸਮਾਜ ਨੂੰ ਰਾਜ ਭਾਗ ਦੇ ਮਾਲਕ ਬਣਾਉਣ ਲਈ ਹੀ ਆਇਆ ਹਾਂ" ਤੇ ਇਹਨਾਂ ਲੋਕਾਂ ਨੂੰ ਰਾਜ ਕਰਦੇ ਵੇਖਣਾ, ਆਪਣੀ ਕਿਸਮਤ ਘੜਨ ਦੇ ਫੈਸਲੇ ਆਪ ਲਿਖਦੇ ਵੇਖਣਾ ਇਹੀ ਮੇਰੀ ਪਹਿਲੀ ਤੇ ਆਖਰੀ ਤਮੰਨਾ ਹੈ। ਐਸ਼ੋ-ਆਰਾਮ ਦੀ ਨੌਕਰੀ ਜਿਸ ਨਾਲ ਜਿੰਦਗੀ ਦੀ ਹਰ ਸਹੂਲਤ ਦਾ ਆਨੰਦ ਮਾਣਿਆ ਜਾ ਸਕਦਾ ਸੀ, ਨੂੰ ਠੋਕਰ ਮਾਰ ਦਿੱਤੀ ਸਿਰਫ ਬਹੁਜਨ ਸਮਾਜ ਨੂੰ ਰਾਜ-ਭਾਗ ਦੇ ਮਾਲਕ ਬਣਾਉਣ ਲਈ ਤੇ ਖੁੱਸਿਆ ਰਾਜ ਪ੍ਰਾਪਤ ਕਰਨ ਵਾਸਤੇ। ਜਿਸ ਘਟਨਾ ਸਾਹਿਬ ਕਾਂਸ਼ੀ ਰਾਮ ਜੀ ਐਸ਼ੋ-ਆਰਾਮ ਛੱਡ ਕੇ ਗਲੀਆਂ ਦੇ ਕੱਖ ਚੁਗਣ ਲਈ ਮਜਬੂਰ ਕੀਤਾ ਉਹ ਘਟਨਾ ਵਾਰੇ ਥੋੜੀ ਜਿਹੀ ਰੌਸ਼ਨੀ ਪਾਉਣੀ ਵੀ ਜਰੂਰੀ ਹੈ।

ਸਾਹਿਬ ਕਾਂਸ਼ੀ ਰਾਮ ਡਿਊਟੀ ਤੋਂ ਘਰ ਵਾਪਸ ਆ ਰਹੇ ਸੀ, ਡਰਾਈਵਰ ਨਵਾਂ ਸੀ ਉਹ ਰਾਹ ਭੁੱਲ ਗਿਆ। ਉਹ ਪੂਨੇ (ਮਹਾਂਰਾਸ਼ਟਰ) ਦੇ ਬੁੱਧਵਾਰ ਪੇਠ ਇਲਾਕੇ ਵਿੱਚ ਗਲਤੀ ਨਾਲ ਜਾ ਵੜਿਆ। ਬੁੱਧਵਾਰ ਪੇਠ ਵੇਸ਼ਵਾਵਾਂ ਦੇ ਨਾਮ ਨਾਲ ਬਦਨਾਮ ਇਲਾਕਾ ਹੈ। ਜਿਥੇ ਬੇਰੁਜ਼ਗਾਰ ਮਹਿਲਾਵਾਂ, ਔਰਤਾਂ, ਲੜਕੀਆਂ ਆਪਣੀ ਜਿੰਦਗੀ ਦੀਆਂ ਨਿੱਤ ਦੀਆਂ ਮੁਸ਼ਕਿਲਾਂ ਨਾਲ ਦੋ ਚਾਰ ਹੁੰਦੀਆਂ, ਅੱਤ ਦੀ ਗਰੀਬੀ ਦੀਆਂ ਮਾਰੀਆਂ, ਜਿੰਦਗੀ ਦਾ ਗੁਜਰ ਬਸਰ ਕਰਨ ਲਈ ਆਪਣਾ ਸ਼ਰੀਰ ਵੇਚਦੀਆਂ ਸਨ। ਉਸ ਇਲਾਕੇ ਸਾਹਿਬ ਜੀ ਦੀ ਗੱਡੀ ਜਾ ਵੜੀ, ਉਹ ਵੀ ਨਵਾਂ ਡਰਾਈਵਰ ਸੀ। ਜੋ ਰਾਹਾਂ ਤੋਂ ਅਣਜਾਣ ਸੀ, ਭੁਲੇਖੇ ਨਾਲ ਉਸ ਰਾਹ ਜਾ ਵੜਿਆ। ਭੁਲੇਖੇ ਨਾਲ ਜਾਣ ਤੇ ਉਹ ਰਾਹ ਸਾਹਿਬ ਕਾਂਸ਼ੀ ਰਾਮ ਜੀ ਨੂੰ ਜਿੰਦਗੀ ਦਾ ਸਭ ਤੋਂ ਕੀਮਤੀ ਤੇ ਮੁਫਤ ਦੇ ਭੁਲੇਖੇ ਵਿੱਚ ਹੀ ਅਹਿਮ ਸਬਕ ਸਿਖਾ ਗਿਆ।

**ਸਾਹਿਬ ਕਾਂਸ਼ੀ ਰਾਮ ਜੀ ਦਾ ਮਨ ਟੁੱਟਣਾ**

ਉਸ ਰਾਹ ਵਿੱਚ ਥਾਂ-ਥਾਂ ਤੇ ਨੌਜਵਾਨ ਲੜਕੀਆਂ ਆਪਣੇ ਹੱਥਾਂ ਵਿੱਚ ਮੂੰਹ ਦੇ ਕੋਲ ਨੂੰ ਮੋਮਬੱਤੀਆਂ ਜਗਾ ਕੇ ਖੜੀਆਂ ਸਨ। ਜਦੋਂ ਚੱਲਦਿਆਂ ਨੂੰ ਅਨੇਕਾਂ ਨੌਜਵਾਨ ਲੜਕੀਆਂ ਨੂੰ ਇਸ ਤਰ੍ਹਾਂ ਖੜੀਆਂ ਵੇਖਿਆ ਤਾਂ ਸਾਹਿਬ ਜੀ ਨੇ ਡਰਾਈਵਰ ਨੂੰ ਰੋਕਿਆ ਤੇ ਗੱਡੀ ਵਿੱਚੋਂ ਉੱਤਰ ਕੇ ਸੜਕ ਕਿਨਾਰੇ ਖੜੀ ਲੜਕੀ ਕੋਲ ਗਏ ਤੇ ਪੁੱਛਿਆ। ਕਿ ਬੀਬਾ ਤੂੰ ਰਾਤ ਦੇ ਹਨੇਰੇ ਵਿੱਚ ਮੋਮਬੱਤੀ ਲੈ ਕੇ ਕਿਉਂ ਖੜੀ ਹੈ, ਆਪਣੇ ਘਰ ਨੂੰ ਜਾਓ ਤੇ ਆਰਾਮ ਕਰੋ। ਤਾਂ ਉਸ ਨੌਜਵਾਨ ਲੜਕੀ ਨੇ ਕਿਹਾ ਕਿ ਸਾਹਿਬ ਜੀ ਅਜੇ ਕੁਝ ਕਮਾਈ ਨਹੀਂ ਹੋਈ। ਤੁਸੀਂ ਦੱਸੋ ਕਿੰਨੇ ਪੈਸੇ ਦਿੰਦੇ ਹੋ, ਮੇਰੇ ਨਾਲ ਮੌਜ ਮਸਤੀ ਕਰਨ ਦੇ ਮੈਂ ਤਿਆਰ ਹ ਪੈਸੇ ਦਿਓ, ਆਪਣਾ ਮੰਨ ਖੁਸ਼ ਕਰੋ ਤੇ ਆਪਣੇ ਘਰ ਜਾਓ। ਸਾਹਿਬ ਕਾਂਸ਼ੀ ਰਾਮ ਜੀ ਸਮਝ ਨਾ ਪਾਏ ਕਿ ਕੀ ਕਿਹਾ ਹੈ, ਤਾਂ ਉਹਨਾਂ ਫਿਰ ਲੜਕੀ ਨੂੰ ਉਹੀ ਸ਼ਬਦ ਜਾਣ ਵਾਰੇ ਬੋਲੇ, ਤਾਂ ਲੜਕੀ ਨੇ ਵੀ ਉਹੀ ਦਿਲ ਖੁਸ਼ ਕਰੋ ਤੇ ਜਾਓ ਵਾਲੇ ਸ਼ਬਦ ਦੁਹਰਾ ਦਿੱਤੇ। ਸਾਹਿਬ ਕਾਂਸ਼ੀ ਰਾਮ ਜੀ ਦੀ ਜਿੰਦਗੀ ਵਿੱਚ ਭੂਚਾਲ ਆ ਗਿਆ। ਉਸਦੀ ਜਾਤ ਬਿਰਾਦਰੀ ਦਾ ਨਾਮ ਸੁਣ ਕੇ ਤੇ ਹੋਰ ਕੋਈ ਕੰਮ ਧੰਦਾ ਨਾ ਹੋਣ ਕਰਕੇ ਸਾਹਿਬ ਜੀ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ। ਉਹਨਾਂ ਉਥੇ ਖੜ ਕੇ ਲੜਕੀ ਤੇ ਉਸਦੀਆਂ ਸਹੇਲੀਆਂ ਤੋਂ ਸਾਰੀ ਜਾਣਕਾਰੀ ਲੈ ਕੇ ਆਖਿਆ ਕਿ "ਤੁਸੀਂ ਮੇਰਾ ਸਾਥ ਦਿਓ ਮੈਂ ਤੁਹਾਡੀ ਚੋਂ ਇਹ ਨਰਕ ਦੂਰ ਕਰ ਦਿਆਂਗਾ"। ਤੁਸੀਂ ਵੀ ਇੱਜਤ ਤੇ ਸਵੈਮਾਣ ਨਾਲ ਜਿਊਣ ਦੀਆਂ ਹੱਕਦਾਰ ਹੋ ਤੇ ਮੈਂ ਤੁਹਾਡੀ ਜਿੰਦਗੀ ਦੇ ਹਨੇਰੇ ਦੂਰ ਕਰਕੇ ਹੀ ਸਾਹ ਲਵਾਂਗਾ। ਫਿਰ ਉਹ ਅੱਗੇ ਆਪਣੀ ਮੰਜਿਲ ਵੱਲ ਚੱਲ ਪਏ ਤੇ ਘਰ ਜਾ ਕੇ ਸਾਰੀ ਰਾਤ ਬੇਅਰਾਮੀ ਵਿੱਚ ਗੁਜਾਰੀ। ਪੂਰੀ ਰਾਤ ਜਿੰਦਗੀ ਨੂੰ ਚਲਾਉਣ ਦੇ ਥਪੇੜਿਆਂ ਦੀ ਬਰਸਾਤ ਵਿੱਚ ਗੁਜਰ ਗਈ।

**ਸਖਤ ਮਿਹਨਤ ਦਾ ਪ੍ਰਣ ਕਰਨਾ**

ਅਜਿਹੇ ਹੋਰ ਵੀ ਬਿਰਤਾਂਤ ਉਹਨਾਂ ਦੀ ਜਿੰਦਗੀ ਵਿੱਚ ਗੁਜਰੇ, ਜਿਹਨਾਂ ਤੋਂ ਬਾਅਦ ਉਹਨਾਂ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ ਤੇ ਸਮਾਜ ਨੂੰ ਇਕ ਪਲੇਟਫਾਰਮ ਤੇ ਇਕੱਠੇ ਕਰਨ ਦੀ ਸੌਂਹ ਪਾ ਲਈ। ਮਨ ਵਿਚ ਇਹ ਕਸਮ ਵੀ ਖਾ ਲਈ ਕਿ "ਮੈਂ ਆਪਣੇ ਸਮਾਜ ਨੂੰ ਇਹਨਾਂ ਦੁੱਖਾਂ-ਤਟਲੀਫਾਂ ਤੋਂ ਛੁਟਕਾਰਾ ਦੁਆ ਕਿ ਇਹਨਾਂ ਨੂੰ ਰਾਜ-ਭਾਗ ਦੇ ਮਾਲਕ ਬਣਾਵਾਂਗਾ। ਬਸ ਫਿਰ ਕੀ ਸੀ ਮਰਦ ਅਗੰਮੜੇ ਦੀ ਖਾਧੀ ਕਸਮ ਨੇ ਉਸ ਨੂੰ ਸ਼ਾਹੀ ਨੌਕਰੀ ਛੱਡ ਕੇ ਗਲੀਆਂ ਦੇ ਕੱਖ ਚੁਗਣ ਲਾ ਦਿੱਤਾ। ਪੈਸੇ ਪੈਸੇ ਦਾ ਮੁਹਤਾਜ ਵੀ ਬਣਾਇਆ, ਮੁਰਦੇ ਦਾ ਉਤਾਰਿਆ ਸਵੈਟਰ ਵੀ 20 ਰੁਪਏ ਵਿੱਚ ਖਰੀਦ ਕੇ ਪਾਉਣ ਲਈ ਮਜਬੂਰ ਕਰ ਦਿੱਤਾ। ਸਾਇਕਲ ਲੈ ਕੇ ਜਾਂ ਪੈਦਲ ਚੱਲ ਚੱਲ ਕੇ ਲੋਕਾਂ ਨੂੰ ਜਾਗਰੂਕ ਕਰਨ ਦਾ ਜਿੰਮਾ ਲੈ ਲਿਆ। ਲਿਤਾੜੇ ਸਮਾਜ ਨੂੰ ਤੇ ਕੁੱਲੀਆਂ 'ਚ ਵੱਸਦੇ ਲੋਕਾਂ ਨੂੰ ਰਾਜੇ ਬਣਾਉਣ ਦੀ ਖਾਧੀ ਕਸਮ ਨੇ ਦੁੱਖ, ਸੁੱਖ, ਪਰਿਵਾਰ, ਰਿਸ਼ਤੇਦਾਰ, ਮਾਂ, ਪਿਓ ਭੁਲਾ ਕੇ ਸਾਹਿਬ ਕਾਂਸ਼ੀ ਰਾਮ ਨੂੰ ਅਜਿਹਾ ਘੜਿਆ ਕਿ ਦੁਨੀਆਂ ਤੇ ਮਿਸਾਲ ਪੈਦਾ ਕਰ ਗਿਆ। ਹੁਣ ਉਸ ਵਰਗਾ ਕੋਈ ਹੋਰ ਨਹੀਂ ਜੰਮ ਸਕਦਾ, ਕਿਉਂਕਿ ਕੁਦਰਤ ਨੇ ਇਕ ਹੀ ਸ਼ਾਹੂ, ਫੂਲੇ, ਪੇਰਿਆਰ, ਫੂਲਨ ਦੇਵੀ, ਅੰਬੇਡਕਰ, ਮੰਗੂ ਰਾਮ, ਸਤਿਗੁਰੂ ਕਬੀਰ, ਨਾਨਕ, ਰਵਿਦਾਸ, ਗੋਬਿੰਦ ਸਿੰਘ ਇਹ ਸਾਰੇ ਇਕ ਹੀ ਬਣਾਏ ਸੀ। ਜੋ ਆਪਣਾ ਰਸਤਾ ਆਪ ਬਣਾ ਕੇ ਚੱਲੇ। ਸਮਾਜ ਨੂੰ ਉਸ ਰਾਹ ਚੱਲਣਾ ਪਿਆ। ਕਿਉਂਕਿ ਉਸ ਰਾਹ ਵਿੱਚੋਂ ਉਹ ਮਹਾਂਪੁਰਸ਼ ਕੰਡੇ ਪਹਿਲਾਂ ਹੀ ਚੁਗ ਗਏ, ਪੁੱਟੇ ਹੋਏ ਟੋਏ ਭਰ ਗਏ ਤੇ ਆਉਣ ਵਾਲੀਆਂ ਮੁਸੀਬਤਾਂ ਨੂੰ ਪਹਿਲਾਂ ਹੀ ਦੂਰ ਕਰ ਗਏ। ਫਿਰ ਉਹਨਾਂ ਵਰਗਾ ਹੋਰ ਕਿਉਂ ਭੇਜਿਆ ਜਾਵੇ।

ਸਾਹਿਬ ਕਾਂਸ਼ੀ ਰਾਮ ਜੀ ਨੇ ਦਿਨ ਰਾਤ ਇਕ ਕਰ ਦਿੱਤਾ, ਸਖਤ ਮਿਹਨਤ ਕੀਤੀ। ਭੁੱਖ - ਪਿਆਸ ਭੁੱਲ ਗਏ, ਬਸ ਇਕ ਹੀ ਜਨੂੰਨ ਸੀ, ਕਿ ਕੁੱਲੀਆਂ 'ਚ ਵੱਸਣ ਵਾਲਿਆਂ ਨੂੰ ਰਾਜ ਦੇ ਮਾਲਕ ਬਣਾਉਣਾ ਹੈ। ਫਿਰ ਇਹ ਆਪਣੀ ਕਿਸਮਤ ਆਪ ਜਿਹੋ ਜਿਹੀ ਲੋੜ ਹੋਈ ਘੜ ਲੈਣਗੇ। ਇਸ ਵਿਕਾਸਮੁਖੀ ਸੋਚ ਨੂੰ ਮੁੱਖ ਰੱਖ ਕੇ ਰਾਜਨੀਤਕ ਪਾਰਟੀ ਬਣਾਉਣ ਵਾਰੇ ਸੋਚਿਆ। ਪਹਿਲਾਂ ਚੱਲ ਰਹੀਆਂ ਪਾਰਟੀਆਂ ਤੇ ਉਹਨਾਂ ਦੇ ਹੋਰ ਵਾਰੇ ਸੋਚ ਕੇ ਉਹਨਾਂ ਸਭ ਤੋਂ ਪਹਿਲਾਂ ਉਹਨਾਂ 6 ਦਸੰਬਰ 1978 ਨੂੰ ਬਾਮਸੇਫ਼ (ਬੈਕਵਰਡ ਐਂਡ ਮਾਇਨਾਰਿਟੀ ਕਮਿਊਨਿਟੀਜ ਇੰਪਲਾਈਜ਼ ਫੈਡਰੇਸ਼ਨ), 6 ਦਸੰਬਰ 1981 ਨੂੰ ਡੀ ਐਸ ਫੋਰ (ਦਲਿਤ ਸ਼ੋਸ਼ਿਤ ਸਮਾਜ ਸੰਘੰਰਸ਼ ਸੰਮਤੀ) ਫਿਰ ਇਸ ਤੋਂ ਬਾਅਦ ਡੀ ਐਸ ਫੋਰ ਦਾ ਹੀ ਨਾਮ ਬਦਲ ਕੇ ਵੱਡਾ ਸੰਗਠਨ ਵੱਡੀ ਰਾਜਨੀਤਕ ਪਾਰਟੀ ਦੇ ਰੂਪ ਵਿੱਚ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਦਾ ਗਠਨ ਕਰ ਦਿੱਤਾ। ਬਹੁਜਨ ਸਮਾਜ ਪਾਰਟੀ ਨਾਮ ਦੇ ਰਾਜਨੀਤਕ ਪਲੇਟਫਾਰਮ ਨੂੰ ਦੁਨੀਆਂ ਦੀ ਸਕਰੀਨ ਤੇ ਪੇਸ਼ ਕਰਨ ਲਈ ਚੋਣ ਲੜਨੀ ਜਰੂਰੀ ਸੀ। ਉਹਨਾਂ ਅਜਿਹਾ ਸੋਚਿਆ ਕਿ ਪੈਸਾ ਤਾਂ ਹੈ ਨਹੀਂ ਜੋ ਹੈ ਉਸ ਨਾਲ ਗੱਲ ਨਹੀਂ ਬਣਨੀ। ਇਸ ਕਰਕੇ ਉਹਨਾਂ 1988 ਵਿੱਚ ਵੀ ਪੀ ਸਿੰਘ (ਸਾਬਕਾ ਪ੍ਰਧਾਨ ਮੰਤਰੀ) ਦੇ ਖਿਲਾਫ ਚੋਣ ਲੜੀ ਜਿਸ ਨਾਲ ਮੁਫਤ ਵਿੱਚ ਪ੍ਰਚਾਰ ਵੀ ਵਧੀਆ ਤਰੀਕੇ ਨਾਲ ਹੋ ਗਿਆ। ਇਸ ਤੋਂ ਬਾਅਦ ਉਹਨਾਂ ਰਾਜੀਵ ਗਾਂਧੀ ਦੇ ਖਿਲਾਫ ਵੀ ਇਸੇ ਤਰਜ ਤੇ ਚੋਣ ਲੜੀ, ਜਿਸ ਨਾਲ ਸਾਹਿਬ ਕਾਂਸ਼ੀ ਰਾਮ ਜੀ ਦਾ ਤੇ ਬਹੁਜਨ ਸਮਾਜ ਪਾਰਟੀ ਦਾ ਨਾਮ ਅਜਾਦ ਦੇਸ਼ ਦੀ ਗੁਲਾਮ ਫਿਜ਼ਾ ਦੇ ਗੁਲਾਮ ਲੋਕਾਂ ਵਿੱਚ ਵੀ ਗੂੰਜਣ ਲੱਗ ਪਿਆ। ਇਕ ਰੌਸ਼ਨੀ ਬਣਨ ਲੱਗ ਪਈ ਤੇ ਲੋਕ ਜੁੜਨ ਲੱਗ ਪਏ। ਸਾਹਿਬ ਕਾਂਸ਼ੀ ਰਾਮ ਜੀ ਪਹਿਲੀ ਵਾਰੀ 1992 ਵਿੱਚ ਉੱਤਰ ਪ੍ਰਦੇਸ਼ ਦੀ ਇਟਾਵਾ ਲੋਕ ਸਭਾ ਸੀਟ ਤੋਂ ਜਿੱਤ ਕੇ ਲੋਕ ਸਭਾ ਪਹੁੰਚ ਗਏ। ਸਾਹਿਬ ਕਾਂਸ਼ੀ ਰਾਮ ਜੀ ਦੇ ਜਿੱਤਣ ਨਾਲ ਮਨੂੰਵਾਦੀ ਸਿਸਟਮ 'ਚ ਖਲਬਲੀ ਮਚਣ ਲੱਗ ਪਈ ਤੇ ਵਿਧਵਾ ਵਿਰਲਾਪ ਦੇ ਕੀਰਨੇ ਸ਼ੁਰੂ ਹੋ ਗਏ। ਸਾਹਿਬ ਕਾਂਸ਼ੀ ਰਾਮ ਜੀ ਦੂਸਰੀ ਵਾਰ ਲੋਕ ਸਭਾ ਲਈ ਆਪਣੀ ਜੰਮਣ ਭੂਮੀ ਪੰਜਾਬ ਆ ਗਏ ਤੇ 1996 ਵਿੱਚ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਜਿੱਤ ਗਏ।

**ਮਿਹਨਤ ਦੇ ਨਤੀਜੇ ਮਿਲਣਾ**

ਸਾਹਿਬ ਕਾਂਸ਼ੀ ਰਾਮ ਜੀ ਦੀ ਮਿਹਨਤ ਨੂੰ ਬੂਰ ਪੈਣ ਲੱਗ ਪਿਆ ਸੀ। ਜਿੱਤਣ ਦੀ ਲੜੀ ਸ਼ੁਰੂ ਹੋ ਗਈ ਸੀ। ਇਹ ਉਸ ਮਰਦ ਅਗੰਮੜੇ ਦੀ ਕੁੱਲੀਆਂ ਵਿੱਚ ਜਗਾਈ ਰੌਸ਼ਨੀ ਸੀ, ਜਿਸ ਨੇ ਕੁੱਲੀਆਂ ਦੇ ਨਾਲ-ਨਾਲ ਲਤਾੜੇ ਲੋਕਾਂ ਤੇ ਦਿਮਾਗ ਵੀ ਰੌਸ਼ਨ ਕਰ ਦਿੱਤੇ ਸਨ। ਜਿਹਨਾਂ ਨੂੰ ਰਾਜ ਭਾਗ ਦਾ ਚਸਕਾ ਪੈਣ ਲੱਗ ਪਿਆ ਸੀ। ਉਹਨਾਂ ਰੌਸ਼ਨ ਦਿਮਾਗਾਂ ਨੇ 1993 ਵਿੱਚ ਉੱਤਰ ਪ੍ਰਦੇਸ਼ ਵਿੱਚ ਇੰਨੇ ਕੁ ਐਮ ਐਲ ਏ ਜਿਤਾ ਦਿੱਤੇ ਕਿ ਸਮਾਜਵਾਦੀ ਪਾਰਟੀ ਨਾਲ ਰਲ ਕੇ ਪਹਿਲੀ ਸਰਕਾਰ ਬਣਾਈ ਤੇ ਮਨੂੰਵਾਦ ਦੀ ਜੜ੍ਹ ਵਿੱਚ ਟੋਪੀ ਵਾਲਾ ਕਿੱਲ ਠੋਕ ਦਿੱਤਾ। 25 ਜੂਨ 1995 ਵਿੱਚ ਭਾਜਪਾ ਨਾਲ ਮਿਲ ਕੇ ਫਿਰ ਸਰਕਾਰ ਬਣਾਈ। 1996 ਵਿੱਚ ਲੋਕ ਸਭਾ ਦੀਆਂ ਚੋਣਾਂ ਹੋਈਆਂ। ਬਹੁਜਨ ਸਮਾਜ ਪਾਰਟੀ ਦੇ ਵਧਦੇ ਪ੍ਰਭਾਵ ਨੇ ਕਾਂਗਰਸ ਦੇ ਗੜ੍ਹ ਉੱਤਰ ਪ੍ਰਦੇਸ਼ ਦੀਆਂ ਸਾਰੀਆਂ 85 ਸੀਟਾਂ ਤੇ ਕਾਂਗਰਸ ਦੇ ਉਮੀਦਵਾਰਾਂ ਦੀਆਂ ਜਮਾਨਤਾਂ ਜਬਤ ਕਰਵਾ ਦਿੱਤੀਆਂ। ਕਾਂਗਰਸ ਸਾਹਿਬ ਕਾਂਸ਼ੀ ਰਾਮ ਜੀ ਮੂਹਰੇ ਗੋਡੇ ਟੇਕਣ ਲਈ ਮਜਬੂਰ ਹੋ ਗਈ। 1996 ਵਿੱਚ ਬਹੁਜਨ ਸਮਾਜ ਪਾਰਟੀ ਦੇਸ਼ ਦੀ ਰਾਸ਼ਟਰੀ ਪਾਰਟੀ ਬਣ ਗਈ। 21 ਮਾਰਚ 1997 ਨੂੰ ਸਾਹਿਬ ਕਾਂਸ਼ੀ ਰਾਮ ਜੀ ਦੀ ਬਦੌਲਤ ਭੈਣ ਮਾਇਆਵਤੀ ਦੂਸਰੀ ਵਾਰ ਮੁੱਖ ਮੰਤਰੀ ਬਣੀ। ਸਾਹਿਬ ਜੀ ਦੇ ਨਿਰਦੇਸ਼ਾਂ ਮੁਤਾਬਕ ਚੱਲ ਕੇ ਮਾਇਆਵਤੀ ਨੇ ਅਜਿਹਾ ਸ਼ਾਸ਼ਨ ਕਰ ਕੇ ਵਿਖਾਇਆ ਕਿ ਸਾਰੇ ਦੇਸ਼ ਵਿਚ ਧੁੰਮਾ ਪੈ ਗਈਆਂ। ਬੇਸ਼ਕ ਸਰਕਾਰ ਰਾਜਨੀਤਕ ਚਾਲਾਂ ਦੀ ਭੇਂਟ ਚੜ੍ਹ ਕੇ ਸਮਾਂ ਪੂਰਾ ਨਾ ਕਰ ਸਕੀ, ਛੇਤੀ ਹੀ ਡਿੱਗ ਗਈ। ਪਰ ਮਨੂੰਵਾਦੀ ਸ਼ਾਸਕਾਂ ਨੂੰ ਇਹ ਅਹਿਸਾਸ ਜਰੂਰ ਕਰਵਾ ਦਿੱਤਾ ਸੀ, ਕਿ ਬਹੁਜਨ ਸਮਾਜ ਇਕਮੁੱਠ ਹੋ ਰਿਹਾ, ਜੋ ਅੱਗੇ ਚੱਲ ਕੇ ਸਾਡੇ ਰਾਹ ਭੀੜੇ ਕਰ ਦੇਵੇਗਾ। ਸਾਹਿਬ ਕਾਂਸ਼ੀ ਰਾਮ ਦੀ ਕਾਬਲੇ ਤਾਰੀਫ ਹੁਸ਼ਿਆਰੀ ਤੇ ਚਲਾਕੀ ਨਾਲ ਸਮਾਜ ਪੈਰ ਪੈਰ ਤੇ ਅੱਗੇ ਵੱਧ ਰਿਹਾ ਸੀ। ਇਸੇ ਦੌੜ ਵਿਚ ਸਾਹਿਬ ਨੂੰ ਸਮਾਜ ਦੀ ਅਗਵਾਈ ਕਰਨ ਵਾਲੇ ਆਗੂਆਂ ਦੀ ਵੀ ਲੋੜ ਸੀ। ਜੋ ਕਿ ਪੂਰੀ ਤਰ੍ਹਾਂ ਸਮਰਪਿਤ ਭਾਵਨਾ ਵਾਲੇ ਚਾਹੀਦੇ ਸੀ। ਜਿਹਨਾਂ ਵਿੱਚ ਮਾਇਆਵਤੀ ਨੰਬਰ ਲੈ ਗਈ। ਜੋ ਅੱਗੇ ਜਾ ਕੇ ਬਹੁਜਨ ਸਮਾਜ ਪਾਰਟੀ ਦੀ ਰਹਿਨੁਮਾ ਆਗੂ ਬਣੀ ਤੇ ਅੱਜ ਤੱਕ ਉਸ ਮੁਕਾਮ ਤੇ ਜਰੂਰ ਬੈਠੀ ਹੈ। ਸਮੇਂ ਦੇ ਨਾਲ-ਨਾਲ ਸਾਹਿਬ ਕਾਂਸ਼ੀ ਰਾਮ ਜੀ ਸਿਹਤ ਦੇ ਪੱਖ ਤੋਂ ਕਮਜੋਰ ਰਹਿਣ ਲੱਗ ਪਏ ਸਨ। 2002 ਵਿੱਚ ਸਾਹਿਬ ਕਾਂਸ਼ੀ ਰਾਮ ਜੀ ਨੇ ਨਿਰਣਾ ਲਿਆ ਕਿ ਉਹ 14 ਅਕਤੂਬਰ 2006 ਨੂੰ ਆਪਣੇ 5 ਕਰੋੜ ਪੈਰੋਕਾਰਾਂ ਨਾਲ ਸਦਾ ਲਈ ਬੁੱਧ ਧਰਮ ਦੀ ਸ਼ਰਨ ਵਿਚ ਚਲੇ ਜਾਣਗੇ। ਪਰ ਅਫਸੋਸ ਕੁਦਰਤ ਨੂੰ ਕੁਝ ਹੋਰ ਹੀ ਮਨਜੂਰ ਸੀ। ਸਾਹਿਬ ਕਾਂਸ਼ੀ ਰਾਮ ਜੀ 9 ਅਕਤੂਬਰ 2006 ਨੂੰ ਸਾਰੇ ਬਹੁਜਨ ਸਮਾਜ ਅੰਦਰ ਜਿਊਣ ਦਾ ਜਜ਼ਬਾ ਤੇ ਰਾਜ ਭਾਗ ਦੇ ਮਾਲਕ ਬਣਨ ਦੀ ਇੱਛਾ ਪੈਦਾ ਕਰਕੇ ਆਪ ਕੁਦਰਤ ਦੇ ਪੰਜ ਤੱਤਾਂ ਵਿੱਚ ਛਿਪਣ ਹੋ ਗਏ।

ਸਾਹਿਬ ਕਾਂਸ਼ੀ ਰਾਮ ਜੀ ਦੇ ਜਿਉਂਦੇ ਜੀਅ ਬਹੁਜਨ ਸਮਾਜ ਪਾਰਟੀ ਮੰਜਿਲ ਦਰ ਮੰਜਿਲ ਤਹਿ ਕਰਦੀ ਗਈ। ਉਹਨਾਂ ਦੇ ਜਾਣ ਤੋਂ ਬਾਅਦ ਅੱਜ ਜੋ ਬਹੁਜਨ ਸਮਾਜ ਪਾਰਟੀ ਦੀ ਹਾਲਤ ਭੈਣ ਮਾਇਆਵਤੀ ਤੇ ਉਸਦੇ ਸਿਪਾਹੀਆਂ ਨੇ ਕਰ ਦਿੱਤੀ ਹੈ। ਉਹ ਕਿਸੇ ਤੋਂ ਵੀ ਲੁਕੀ ਛਿਪੀ ਨਹੀਂ ਰਹੀ। 1992 ਵਿੱਚ ਪੰਜਾਬ ਨੇ ਅਕਾਲੀਆਂ ਦੇ ਬਾਈਕਾਟ ਦੌਰਾਨ 9 ਐਮ ਐਲ ਏ ਜਿਤਾਏ, 1997 ਵਿੱਚ 8 ਹਾਰ ਗਏ, ਇਕ ਬਚਿਆ। ਉਸ ਤੋਂ ਬਾਅਦ 2022 ਵਿੱਚ ਨਵਾਂਸ਼ਹਿਰ ਤੋਂ ਕਾਂਗਰਸ ਪਾਰਟੀ ਦੇ ਆਪਸੀ ਕਾਟੋ ਕਲੇਸ਼ ਕਾਰਨ ਬਹੁਜਨ ਸਮਾਜ ਪਾਰਟੀ ਦਾ ਦਾਅ ਲੱਗ ਗਿਆ। ਇਕ ਐਮ ਐਲ ਏ ਜਿੱਤ ਗਿਆ। ਉਸ ਮੌਕੇ ਦੇ ਬਸਪਾ ਪ੍ਰਧਾਨ ਆਪਣੇ ਹਲਕੇ ਬਲਾਚੌਰ ਨੂੰ ਛੱਡ ਕੇ ਫਗਵਾੜੇ ਜਾ ਖੜਿਆ ਤੇ ਉਥੋਂ ਵੀ ਹਾਰ ਕੇ ਪਰਤਿਆ। ਆਪਣੇ ਆਪ ਨੂੰ ਬਹੁਤ ਵੱਡਾ ਮਿਸ਼ਨਰੀ ਤੇ ਪ੍ਰੋ ਗੁਰਨਾਮ ਸਿੰਘ ਮੁਕਤਸਰ ਤੋਂ ਉੱਪਰ ਸਮਝਣ ਦੀ ਨਾਸਮਝੀ ਬਹੁਜਨ ਸਮਾਜ ਪਾਰਟੀ ਦਾ ਬੇੜਾ ਗਰਕ ਕਰਨ ਵਿੱਚ ਬਹੁਤ ਸਹਾਈ ਹੋਈ। 2022 ਵਿੱਚ ਅਕਾਲੀ ਦਲ ਬਾਦਲ ਨਾਲ ਗਠਜੋੜ ਤਾਂ ਕਰ ਲਿਆ, ਪਰ ਪ੍ਰਧਾਨ ਦੀ ਨਾਸਮਝੀ ਨੇ ਸੀਟਾਂ ਉਹ ਲਈਆਂ ਜਿਥੋਂ ਅਕਾਲੀ ਦਲ ਖੁਦ ਜਿੱਤਣ ਦੀ ਸਮਰੱਥਾ ਵਿੱਚ ਨਹੀਂ ਸੀ, ਜੋ ਜ਼ਿਆਦਾਤਰ ਸੀਟਾਂ ਗਠਜੋੜ ਵਿਚ ਸ਼ਹਿਰੀ ਵੋਟ ਕਰਕੇ ਭਾਜਪਾ ਨੂੰ ਮਿਲਦੀਆਂ ਸਨ। ਅਖੀਰ ਡਾਕਟਰ ਨਛੱਤਰ ਪਾਲ ਹੀ ਜਿੱਤ ਸਕੇ। ਡਾਕਟਰ ਨਛੱਤਰ ਪਾਲ ਇਕ ਪੁਰਾਣਾ ਮਿਸ਼ਨਰੀ ਸਾਥੀ ਹੈ, ਜੋ ਪ੍ਰਧਾਨ ਨਾਲੋਂ ਪ੍ਰਧਾਨਗੀ ਵਿੱਚ ਵਧੀਆ ਸਾਬਤ ਹੋ ਸਕਦਾ ਸੀ। ਤਾਜੀਆਂ-ਤਾਜੀਆਂ ਹੋਈਆਂ ਲੋਕ ਸਭਾ ਚੋਣਾਂ ਵਿੱਚ ਸਿਰਫ ਸ਼੍ਰੀ ਆਨੰਦਪੁਰ ਸਾਹਿਬ ਹਲਕੇ ਤੇ ਹੀ ਨਜਰ ਮਾਰੀ ਜਾਵੇ ਤਾਂ ਪਤਾ ਲੱਗ ਜਾਵੇਗਾ ਕਿ ਮੌਜੂਦਾ ਪ੍ਰਧਾਨ ਆਪਣੇ ਜੱਦੀ ਬਲਾਚੌਰ ਹਲਕੇ ਤੋਂ ਵਿਧਾਇਕ ਜਿੱਤਣ ਦੀ ਸਮਰੱਥਾ ਵਿੱਚ ਵੀ ਨਹੀਂ ਹੈ।

**ਲੋਕ ਸਭਾ ਦੇ ਨਤੀਜੇ !**

ਮੌਜੂਦਾ ਲੋਕ ਸਭਾ ਚੋਣਾਂ ਵਿੱਚ ਗੜ੍ਹਸ਼ੰਕਰ ਤੋਂ 13,346, ਬੰਗਾ 16,935, ਨਵਾਂਸ਼ਹਿਰ 19,250, ਬਲਾਚੌਰ 20,616, ਸ਼੍ਰੀ ਆਨੰਦਪੁਰ ਸਾਹਿਬ 2,616, ਰੂਪਨਗਰ 8,641, ਚਮਕੌਰ ਸਾਹਿਬ 3,887, ਖਰੜ 2,681, ਐਸ ਏ ਐਸ ਨਗਰ 1,981 (ਕੁੱਲ 89,953) ਵੋਟਾਂ ਪੈਣ ਨਾਲ ਪ੍ਰਧਾਨ ਜੀ ਆਪਣੀ ਜਮਾਨਤ ਵੀ ਜਬਤ ਕਰਵਾ ਬੈਠੇ। ਇਸ ਤਰ੍ਹਾਂ ਪੰਜਾਬ ਦੀਆਂ ਬਾਕੀ ਸੀਟਾਂ ਤੇ ਨਜਰ ਮਾਰੀ ਜਾਵੇ ਤਾਂ ਸ਼੍ਰੀ ਆਨੰਦਪੁਰ ਸਾਹਿਬ 89,953 (ਪਿਛਲੀ ਵਾਰੀ ਇਕ ਲੱਖ ਤੋਂ ਜਿਆਦਾ ਸੀ), ਜਲੰਧਰ 64,841 (ਪਿਛਲੀ ਵਾਰ ਦੋ ਲੱਖ ਤੋਂ ਜਿਆਦਾ ਸੀ), ਹੁਸ਼ਿਆਰਪੁਰ 48,214 (ਪਿਛਲੀ ਵਾਰ ਇਕ ਲੱਖ ਤੋਂ ਜਿਆਦਾ ਸੀ), ਸੰਗਰੂਰ 37,731, ਪਟਿਆਲਾ 22,400, ਫਤਿਹਗੜ੍ਹ ਸਾਹਿਬ 20,892, ਬਠਿੰਡਾ 13,039, ਲੁਧਿਆਣਾ 10,394, ਫਿਰੋਜਪੁਰ 8,433 (ਇਥੋਂ ਬਸਪਾ ਦੇ ਸਾਬਕਾ ਪ੍ਰਧਾਨ ਮੋਹਣ ਲਾਲ ਫਲੀਆਂਵਾਲਾ ਚਾਹੇ ਗਠਜੋੜ ਸੀ ਦੋ ਵਾਰ ਜਿੱਤੇ ਸਨ), ਫਰੀਦਕੋਟ 8,210, ਖਡੂਰ ਸਾਹਿਬ 5,066, ਗੁਰਦਾਸਪੁਰ 4,930 ਅਤੇ ਸ਼੍ਰੀ ਅਮ੍ਰਿਤਸਰ ਸਾਹਿਬ 2,733 ਸਮੇਤ ਪੂਰੇ ਪੰਜਾਬ ਵਿਚ ਮਹਾਂਬਲੀ ਸਾਹਿਬ ਕਾਂਸ਼ੀ ਰਾਮ ਜੀ ਦੀ ਖੂਨ ਪਸੀਨੇ ਨਾਲ ਤਿਆਰ ਕੀਤੀ ਬਹੁਜਨ ਸਮਾਜ ਪਾਰਟੀ ਦਾ ਉਹਨਾਂ ਦੇ ਚਲੇ ਜਾਣ ਤੋਂ ਬਾਅਦ ਮੌਜੂਦਾ ਲੀਡਰਸ਼ਿਪ ਵਲੋਂ ਸੱਤਿਆਨਾਸ਼ ਕਰਨ ਨਾਲ 3,37,140 ਵੋਟਾਂ ਦਾ ਪੂਰੇ ਪੰਜਾਬ ਵਿਚ ਮਿਲਣਾ ਬੇਸ਼ਰਮੀ ਤੋਂ ਪਰੇ ਕੁਝ ਨਹੀਂ ਕਿਹਾ ਜਾ ਸਕਦਾ। ਕਿਉਂਕਿ ਪੂਰੇ ਪੰਜਾਬ ਦੇ ਸਾਰੇ ਉਮੀਦਵਾਰਾਂ ਦੀਆਂ ਜਮਾਨਤਾਂ ਜਬਤ ਹੋਣਾ, ਕੋਈ ਛੋਟੀ ਗੱਲ ਨਹੀਂ ਹੈ। ਰਾਸ਼ਟਰੀ ਦਰਜੇ ਵਾਲੀ ਪਾਰਟੀ ਲਈ।

**ਜਲੰਧਰ ਪੱਛਮੀ ਦੀ ਚੋਣ ਨੇ ਰਹਿੰਦਾ ਵੀ ਜਲੂਸ ਕੱਢ ਦਿੱਤਾ**

ਜਲੰਧਰ ਪੱਛਮੀ ਦੀ ਸੀਟ 2022 ਵਿੱਚ ਭਾਜਪਾ ਤੋਂ ਆਪ ਵਿੱਚ ਆਏ ਨੌਜਵਾਨ ਸ਼ੀਤਲ ਅੰਗੁਰਾਲ ਨੇ ਜਿੱਤ ਦਰਜ ਕੀਤੀ। ਦੋ ਸਾਲ ਵਿੱਚ ਮੋਹ ਭੰਗ ਹੋਣ ਤੇ ਫਿਰ ਤੋਂ ਭਾਜਪਾ 'ਚ ਚਲੇ ਗਿਆ ਤੇ ਜਲੰਧਰ ਦੇ ਲੋਕਾਂ ਨੂੰ ਜਿਮਨੀ ਚੋਣ ਵਿੱਚ ਧੱਕ ਦਿੱਤਾ ਗਿਆ। ਉਸ ਚੋਣ ਵਿੱਚ ਬਹੁਜਨ ਸਮਾਜ ਪਾਰਟੀ ਨੂੰ ਵਹਿਮ ਪੈ ਗਿਆ ਕਿ ਇਹ ਸਾਰਾ ਹਲਕਾ ਮਿਸ਼ਨਰੀ ਹੈ ਤੇ ਬਸਪਾ ਆਪਣੇ ਨਿਸ਼ਾਨ ਤੇ ਅਸਾਨੀ ਨਾਲ ਜਿੱਤ ਜਾਵੇਗੀ। ਪਰ ਅਫਸੋਸ ਮੌਜੂਦਾ ਪ੍ਰਧਾਨ ਦੀ ਨਲਾਇਕੀ ਤੇ ਨਕਾਰਾ ਲੀਡਰਸ਼ਿਪ ਲੋਕ ਸਭਾ ਚੋਣਾਂ ਤੋਂ ਬਾਅਦ ਫਿਰ ਜਮਾਨਤ ਬਚਾਉਣ ਤੋਂ ਅਸਮਰੱਥ ਹੋ ਗਈ ਤੇ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਬਿੰਦਰ ਲਾਖਾ ਨੂੰ 734 ਵੋਟਾਂ ਮਿਲੀਆਂ। ਜੋ ਬਸਪਾ ਦਾ ਅੱਤ ਮਾੜਾ ਪ੍ਰਦਰਸ਼ਨ ਮੰਨਿਆ ਜਾ ਸਕਦਾ ਹੈ। ਬਹੁਜਨ ਸਮਾਜ ਪਾਰਟੀ ਦੀ ਲੀਡਰਸ਼ਿਪ ਅਜੇ ਵੀ ਨਾ ਸਮਝੀ ਤੇ ਹੰਕਾਰੀ ਫੈਸਲੇ ਲੈਣੇ ਜਾਰੀ ਰੱਖੇ ਤਾਂ ਆਉਣ ਵਾਲੀ ਕੋਈ ਵੀ ਚੋਣ ਬਸਪਾ ਨੂੰ ਖਤਮ ਕਰਨ ਵੱਲ ਹੀ ਲੈ ਕੇ ਜਾਏਗੀ।

**ਕੀ ਕੀਤਾ ਜਾਵੇ?**

ਅੱਜ ਦੇ ਸਮੇਂ ਅੰਦਰ ਅਗਰ ਪਾਰਟੀ ਨੂੰ ਫਿਰ ਤੋਂ ਖੜੇ ਕਰਨਾ ਹੈ ਤਾਂ ਬਹੁਜਨ ਸਮਾਜ ਪਾਰਟੀ ਵਲੋਂ ਰਾਸ਼ਟਰੀ ਪ੍ਰਧਾਨ ਭੈਣ ਮਾਇਆਵਤੀ ਜੀ ਦੇ ਭਤੀਜੇ ਅਕਾਸ਼ ਨੂੰ ਬਣਾਇਆ ਜਾਵੇ ਤੇ ਪੂਰੇ ਪੰਜਾਬ ਦੀ ਲੀਡਰਸ਼ਿਪ ਨੂੰ ਅਹੁਦਾ ਰਹਿਤ ਕਰਕੇ ਕੇਡਰ ਕੈਂਪ ਲਗਾਉਣ ਦੀ ਜਿੰਮੇਵਾਰੀ ਦਿੱਤੀ ਜਾਵੇ। ਹਰ ਦਿਨ ਨਵਾਂ ਪਿੰਡ ਤੇ ਨਵੇਂ ਲੋਕਾਂ ਨਾਲ ਮੁਲਾਕਾਤ ਕਰਕੇ ਪਾਰਟੀ ਨਾਲ ਜੋੜਨ ਦੀ ਰਿਪੋਰਟ ਪ੍ਰਾਪਤ ਕੀਤੀ ਜਾਵੇ। ਮੌਜੂਦਾ ਸਾਰੀ ਲੀਡਰਸ਼ਿਪ ਜਦੋਂ ਤੋਂ ਅਹੁਦਿਆਂ ਤੇ ਬਿਰਾਜਮਾਨ ਹੋਈ ਹੈ, ਸਾਰਿਆਂ ਦੀ ਪ੍ਰਾਪਰਟੀ ਦੀ ਜਾਂਚ ਕੀਤੀ ਜਾਵੇ। ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਪੰਚਾਇਤਾ ਦੀਆਂ ਚੋਣਾਂ ਵਾਸਤੇ ਉਮੀਦਵਾਰ ਨਹੀਂ ਮਿਲਣਗੇ। ਪੰਜਾਬ ਪ੍ਰਧਾਨ ਦਾ ਅਹੁਦਾ ਡਾਕਟਰ ਮੱਖਣ ਸਿੰਘ ਜਾਂ ਕੁਲਦੀਪ ਸਿੰਘ ਸਰਦੂਲਗੜ੍ਹ ਵਰਗੇ ਸੂਝਵਾਨ ਤੇ ਮਿਹਨਤਕਸ਼ ਲੀਡਰ ਨੂੰ ਸੌਂਪਿਆ ਜਾਵੇ ਤੇ ਜਿੰਮੇਵਾਰੀ ਤਹਿ ਕਰ ਦਿੱਤੀ ਜਾਵੇ ਕਿ ਅਗਰ ਚੋਣਾਂ ਵਿੱਚ ਤੇ ਪੰਜਾਬ ਵਿਚ ਪਾਰਟੀ ਦਾ ਗ੍ਰਾਫ ਨਾ ਵਧਿਆ ਤਾਂ ਉਹਨਾਂ ਨਾਲ ਵੀ ਢਿੱਲ ਨਹੀਂ ਵਰਤੀ ਜਾਵੇਗੀ।

**ਫੇਸਬੁੱਕ ਦੇ ਸ਼ੇਰਾਂ ਨੂੰ ਨੱਥ ਪਾਈ ਜਾਵੇ**

ਬਾਕੀ ਅਖੀਰ ਵਿੱਚ ਇਹ ਵੀ ਜਰੂਰੀ ਹੈ ਕਿ ਫੇਸਬੁੱਕ ਤੇ ਬਾਕੀ ਪਾਰਟੀਆਂ ਵਾਂਗ ਬੇਲੋੜੀ ਬਹਿਸਬਾਜ਼ੀ ਬੰਦ ਕੀਤੀ ਜਾਵੇ। ਜਿਹੜਾ ਵਰਕਰ ਜਾਂ ਆਗੂ ਨਹੀਂ ਮੰਨਦਾ ਉਸਨੂੰ ਵੋਟਾਂ ਖਰਾਬ ਕਰਨ ਦੇ ਮੁੱਦੇ ਤਹਿਤ ਪਾਰਟੀ 'ਚੋਂ ਖਾਰਜ ਕਰਨ ਨੂੰ ਪਹਿਲ ਦਿੱਤੀ ਜਾਵੇ। ਜਿਆਦਾਤਰ ਵੇਖਿਆ ਜਾਵੇ ਤਾਂ ਫੇਸਬੁੱਕ ਤੇ ਕੋਈ ਅਹੁਦਾ ਨੀ, ਕੋਈ ਲੀਡਰ ਨੀ ਇਕ ਆਮ ਵਰਕਰ ਕਿਸੇ ਸਵਾਲ ਦੇ ਜਵਾਬ ਦੇਣ ਵੇਲੇ ਬਹੁਤ ਵਾਰ ਅਗਲੇ ਨੂੰ ਜਲੀਲ ਕਰਨ ਵਿੱਚ ਕੋਈ ਕਸਰ ਨਹੀਂ ਛੱਡਦੇ। ਫਿਰ ਸੋਚੋ ਕਿ ਜਿਸ ਨੂੰ ਤੁਹਾਡੇ ਵਰਕਰ ਫੇਸਬੁੱਕ ਤੇ ਜਲੀਲ ਕਰਨਗੇ, ਕੀ ਉਹ ਤੁਹਾਨੂੰ ਵੋਟ ਪਾਵੇਗਾ।

ਬਾਕੀ ਪਾਰਟੀਆਂ ਵੱਲ ਵੇਖ ਲੈਣਾ ਚਾਹੀਦਾ ਹੈ, ਕਿ ਉਹਨਾਂ ਦੇ ਆਗੂ ਜਾਂ ਵਰਕਰ ਕਿੰਨੀ ਕੁ ਬੇਫਜੂਲੀ ਬਹਿਸ ਕਿਸੇ ਨਾਲ ਕਰਦੇ ਹਨ ਫੇਸਬੁੱਕ ਉਪਰ, ਤਾਂ ਕਿਉਂ ਨਾਂ ਪਹਿਲਾਂ ਇਹਨਾਂ ਨੂੰ ਹੀ ਨੱਥ ਪਾ ਕੇ ਬਹੁਜਨ ਸਮਾਜ ਪਾਰਟੀ ਦੇ ਭਲੇ ਲਈ ਕਦਮ ਚੁੱਕਿਆ ਜਾਵੇ।

**ਨੋਟ** (ਇਸ ਲੇਖ ਵਿੱਚ ਬਸਪਾ ਵਰਕਰਾਂ ਦੀ ਬੋਲ ਬਾਣੀ ਹੀ ਹੈ ਜੋ ਨਿੱਤ ਬਸਪਾ ਲਈ ਤੜਫਦੇ ਹਨ, ਫਿਰ ਵੀ ਕਿਸੇ ਦੇ ਮੰਨ ਨੂੰ ਠੇਸ ਪਹੁੰਚੇ ਤਾਂ ਮਾਫੀ ਚਾਹੁੰਦਾ ਹਾਂ)

**ਮੌਜੂਦਾ ਲੋਕ ਸਭਾ ਚੋਣਾਂ ਵਿੱਚ ਗੜ੍ਹਸ਼ੰਕਰ ਤੋਂ 13,346, ਬੰਗਾ 16,935, ਨਵਾਂਸ਼ਹਿਰ 19,250, ਬਲਾਚੌਰ 20,616, ਸ਼੍ਰੀ ਆਨੰਦਪੁਰ ਸਾਹਿਬ 2,616, ਰੂਪਨਗਰ 8,641, ਚਮਕੌਰ ਸਾਹਿਬ 3,887, ਖਰੜ 2,681, ਐਸ ਏ ਐਸ ਨਗਰ 1,981 (ਕੁੱਲ 89,953) ਵੋਟਾਂ ਪੈਣ ਨਾਲ ਪ੍ਰਧਾਨ ਜੀ ਆਪਣੀ ਜਮਾਨਤ ਵੀ ਜਬਤ ਕਰਵਾ ਬੈਠੇ। ਇਸ ਤਰ੍ਹਾਂ ਪੰਜਾਬ ਦੀਆਂ ਬਾਕੀ ਸੀਟਾਂ ਤੇ ਨਜਰ ਮਾਰੀ ਜਾਵੇ ਤਾਂ ਸ਼੍ਰੀ ਆਨੰਦਪੁਰ ਸਾਹਿਬ 89,953 (ਪਿਛਲੀ ਵਾਰੀ ਇਕ ਲੱਖ ਤੋਂ ਜਿਆਦਾ ਸੀ), ਜਲੰਧਰ 64,841 (ਪਿਛਲੀ ਵਾਰ ਦੋ ਲੱਖ ਤੋਂ ਜਿਆਦਾ ਸੀ), ਹੁਸ਼ਿਆਰਪੁਰ 48,214 (ਪਿਛਲੀ ਵਾਰ ਇਕ ਲੱਖ ਤੋਂ ਜਿਆਦਾ ਸੀ), ਸੰਗਰੂਰ 37,731, ਪਟਿਆਲਾ 22,400, ਫਤਿਹਗੜ੍ਹ ਸਾਹਿਬ 20,892, ਬਠਿੰਡਾ 13,039, ਲੁਧਿਆਣਾ 10,394, ਫਿਰੋਜਪੁਰ 8,433 (ਇਥੋਂ ਬਸਪਾ ਦੇ ਸਾਬਕਾ ਪ੍ਰਧਾਨ ਮੋਹਨ ਲਾਲ ਫਲੀਆਂਵਾਲਾ ਚਾਹੇ ਗਠਜੋੜ ਸੀ ਦੋ ਵਾਰ ਜਿੱਤੇ ਸਨ), ਫਰੀਦਕੋਟ 8,210, ਖਡੂਰ ਸਾਹਿਬ 5,066, ਗੁਰਦਾਸਪੁਰ 4,930 ਅਤੇ ਸ਼੍ਰੀ ਅਮ੍ਰਿਤਸਰ ਸਾਹਿਬ 2,733 ਸਮੇਤ ਪੂਰੇ ਪੰਜਾਬ ਵਿਚ ਮਹਾਂਬਲੀ ਸਾਹਿਬ ਕਾਂਸ਼ੀ ਰਾਮ ਜੀ ਦੀ ਖੂਨ ਪਸੀਨੇ ਨਾਲ ਤਿਆਰ ਕੀਤੀ ਬਹੁਜਨ ਸਮਾਜ ਪਾਰਟੀ ਦਾ ਉਹਨਾਂ ਦੇ ਚਲੇ ਜਾਣ ਤੋਂ ਬਾਅਦ ਮੌਜੂਦਾ ਲੀਡਰਸ਼ਿਪ ਵਲੋਂ ਸੱਤਿਆਨਾਸ਼ ਕਰਨ ਨਾਲ 3,37,140 ਵੋਟਾਂ ਦਾ ਪੂਰੇ ਪੰਜਾਬ ਵਿਚ ਮਿਲਣਾ ਬੇਸ਼ਰਮੀ ਤੋਂ ਪਰੇ ਕੁਝ ਨਹੀਂ ਕਿਹਾ ਜਾ ਸਕਦਾ।**

## ਕੀ ਅਗਲਾ ਵਿਸ਼ਵ ਯੁੱਧ ਪਾਣੀ ਲਈ ਲੜਿਆ ਜਾਵੇਗਾ

# ਆਉ ਪਾਣੀ ਅਤੇ ਰਿਸ਼ਤਿਆਂ ਦੇ ਗੰਧਲੇਪਣ ਅਤੇ ਖਾਤਮੇ ਨੂੰ ਰੋਕਣ ਵਿੱਚ ਆਪਣਾ ਯੋਗਦਾਨ ਪਾਈਏ



ਡਾ. ਸੰਦੀਪ ਘੰਡ
9478231000

ਪਵਣੁ ਗੁਰੁ ਪਾਣੀ ਪਿਤਾ ਮਾਤਾ ਧਰਤ ਮਹਤਿ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਹ ਸ਼ਬਦ ਸਾਡੇ ਮਨ,ਦਿਲ,ਦਿਮਾਗ ਤੇ ਉਕਰੇ ਹੋਏ ਹਨ ਰੋਜ ਸਵੇਰੇ ਸ਼ਾਮ ਗੁਰਬਾਣੀ ਦੇ ਇਹ ਸ਼ਬਦ ਸਾਡੇ ਕੰਨਾਂ ਵਿੱਚ ਪੈਂਦੇ ਹਨ। ਧੰਨ ਗੁਰੂ ਨਾਨਕ ਦੇਵ ਜੀ ਨੇ ਰਿਸ਼ਤਿਆਂ ਦੀ ਮਹੱਤਤਾ ਬਣਾਈ ਰੱਖਣ ਸਾਡੀ ਜਿੰਦਗੀ ਵਿੱਚ ਮਾਂ-ਬਾਪ ਅਤੇ ਗੁਰੂ ਦੀ ਮਹੱਤਤਾ ਦੱਸਦੇ ਹੋਏ ਕਿਹਾ ਹੈ ਕਿ ਸਾਡਾ ਜੀਵਨ ਇਹਨਾਂ ਰਿਸ਼ਤਿਆਂ ਅਤੇ ਤਿੰਨੇ ਲੋੜਾਂ ਹਵਾ-ਪਾਣੀ ਅਤੇ ਧਰਤੀ ਤੋਂ ਬਿਨਾਂ ਸੋਚਿਆ ਹੀ ਨਹੀ ਜਾ ਸਕਦਾ।ਸਾਡਾ ਦੇਸ਼ ਇੱਕ ਸੰਸਕਾਰੀ ਦੇਸ਼ ਹੈ ਇਥੇ ਅਸੀ ਵਿਰਾਸਤ ਵਿੱਚ ਮਿਲੇ ਪਿਤਾ ਪੁਰਖੀ ਸੰਸ਼ਕਾਰਾਂ ਨਾਲ ਹੀ ਅੱਗੇ ਵੱਧ ਰਹੇ ਹਾਂ ਜਿਵੇਂ ਸਾਨੂੰ ਆਪਣੇ ਸੰਸਕਾਰਾਂ ਅਤੇ ਰਿਸ਼ਤਿਆਂ ਤੇ ਮਾਣ ਹੈ ਉਸੇ ਤਰਾਂ ਸਾਨੂੰ ਕੁਦਰਤ ਦੇ ਇਹ ਤਿੰਨ ਬਹੁਕੀਮਤੀ ਪਦਾਰਥਾਂ ਤੇ ਵੀ ਮਾਣ ਮਹਿਸੂਸ ਹੁੰਦਾ ਹੈ। ਪਰ ਅਫਸੋਸ ਕਿ ਅਸੀ ਆਪਣੀਆਂ ਗਲਤੀਆਂ ਕਾਰਣ ਅਸੀ ਤਿੰਨੇ ਜਰੂਰਤਾਂ/ਵਸਤਾਂ ਦੇ ਨਾਲ ਨਾਲ ਰਿਸ਼ਤਿਆਂ ਨੂੰ ਵੀ ਗੰਦਲਾ ਅਤੇ ਖਾਤਮੇ ਵੱਲ ਵੱਧ ਰਹੇ ਹਾਂ। ਜਦੋਂ ਅਸੀ ਰੋਜਾਨਾ ਮੀਡੀਆ ਤੇ ਪਿਤਾ ਵੱਲੋਂ ਆਪਣੀ ਧੀ ਨਾਲ ਗਲਤ ਸਬੰਧ ਬਣਾਉਣ ਜਾਂ ਧੀ ਵੱਲੋਂ ਆਪਣੇ ਮਾਂ-ਬਾਪ ਦੀ ਇੱਜਤ ਦਾ ਮਾਣ ਸਨਮਾਨ ਬਣਾਉਣ ਦੀ ਥਾਂ ਰੋਲਿਆ ਜਾਦਾਂ ਹੈ ਤਾਂ ਸਿਰ ਸ਼ਰਮ ਨਾਲ ਝੁਕ ਜਾਦਾਂ ਹੈ। ਇਸੇ ਤਰਾਂ ਸਾਨੂੰ ਸਿੱਖਿਆ ਦੇਣ ਵਾਲਾ ਅਧਿਆਪਕ ਸਿੱਖਿਆ ਦੇਣ ਸਮੇਂ ਪੱਖਪਾਤ ਕਰਦਾ ਜਾਂ ਆਪਣੀ ਵਿਦਆਰਥਣ ਨਾਲ ਕਿਸੇ ਕਿਸਮ ਦਾ ਗਲਤ ਵਿਵਹਾਰ ਕਰਦਾ ਅਤੇ ਵਿਦਆਰਥੀ ਆਪਣੇ ਅਧਿਆਪਕ ਦੇ ਮਾਣ ਸਨਮਾਨ ਦੀ ਥਾਂ ਉਸ ਨੂੰ ਬੇਇੱਜਤ ਕਰਨ ਦੀ ਕੋਸ਼ਿਸ਼ ਕਰਦਾ ਤਾਂ ਸਿਰ ਸ਼ਰਮ ਨਾਲ ਝੁਕ ਜਾਦਾਂ। ਇਸੇ ਤਰਾਂ ਰੂਹਾਨੀ ਜਾਂ ਧਾਰਿਮਕ ਗੁਰੂਆਂ ਵੱਲ ਦੇਖਦੇ ਹਾਂ ਤਾਂ ਇਥੇ ਹਲਾਤ ਹੋਰ ਵੀ ਬਦਤਰ ਹਨ ਰੋਜਾਨਾ ਮੀਡੀਆ ਵਿੱਚ ਇਹਨਾਂ ਦੀ ਕਰਤੂਤਾਂ ਬਾਰੇ ਪੜਦੇ ਹਾਂ ਤਾਂ ।ਧਰਤੀ ਜਿਸ ਨੂੰ ਮਾਂ ਦਾ ਦਰਜਾ ਬਾਰੇ ਜਾਂ ਪੁੱਤਰ ਵੱਲੋਂ ਮਾਂ-ਬਾਪ ਨੂੰ ਘਰੋਂ ਕੱਢਣ ਅਤੇ ਗੁਰੂ ਦੇ ਮਾਣ ਸਨਮਾਨ ਦੀ ਤਾਂ ਗੱਲ ਹੀ ਖਤਮ ਹੋ ਗਈ।

ਹਵਾ ਜਿਸ ਤੋਂ ਬਿੰਨਾਂ ਅਸੀ ਆਪਣਾ ਜੀਵਨ ਬਾਰੇ ਸੋਚ ਹੀ ਨਹੀ ਸਕਦੇ ਦਿਨੋ ਦਿਨ ਹਵਾ ਪ੍ਰਦੂਸ਼ਿਤ ਹੋ ਰਹੀ ਹੈ ਹੁਣ ਉਹ ਦਿਨ ਦੂਰ ਨਹੀ ਜਦੋਂ ਅਸੀ ਸਾਡੇ ਬੱਚੇ ਆਕਸੀਜਨ ਦਾ ਸਿਲੰਡਰ ਲਾਕੇ ਸਕੂਲ ਜਾਇਆ ਕਰਨਗੇ। ਦਫਤਰਾਂ ਵਿੱਚ ਵੀ ਰੁਤਬੇ ਅੁਨਸਾਰ ਹਵਾ, ਚੰਗੀ ਹਵਾ ਅਤੇ ਬਹੁਤ ਚੰਗੀ ਹਵਾ ਮਿਿਲਆ ਕਰੇਗੀ।ਇਹ ਸਬ ਕੁਝ ਸਾਡੀਆਂ ਗਲਤੀਆਂ ਕਾਰਣ ਹੀ ਹੋ ਰਿਹਾ ਹੈ। ਜੋ ਆਸਮਾਨ ਅਸੀਂ ਅੱਜ ਤੋਂ 10 ਸਾਲ ਪਹਿਲਾਂ ਦੇਖਦੇ ਸੀ ਜਿਸ ਨੂੰ ਹੁਣ ਅਸੀ ਕੇਵਲ ਵਿਦੇਸ਼ੀ ਧਰਤੀ ਤੇ ਹੀ ਦੇਖਦੇ ਹਾਂ।ਬਾਹਰਲੇ ਵਿਕਸਤ ਦੇਸ਼ਾਂ ਵਿੱਚ ਹੋ ਸਕਦਾ ਧਰਮ ਖਤਮ ਹੋ ਗਿਆ ਹੋਵੇ ਜਿਸ ਤਰਾਂ ਕੈਨੇਡਾ ਅਮਰੀਕਾ ਵਿੱਚ ਮੈਨੂੰ ਦੇਖਣ ਦਾ ਮੋਕਾ ਵੀ ਮਿਲਿਆ ਕਿ ਬਹੁਤ ਚਰਚ ਬੰਦ ਹੋ ਗਏ ਹਨ। ਕਈ ਚਰਚ ਬੰਦ ਹੋਕੇ ਸਾਡੇ ਪੰਜਾਬੀਆਂ ਨੇ ਖਰੀਦ ਲਏ ਹਨ। ਪਰ ਵਾਤਾਵਰਣ ਪੱਖੋਂ ਉਹ ਜਾਗਰੂਕ ਹਨ।ਹਰ ਘਰ ਦੇ ਬਾਹਰ ਇੱਕ ਵੱਡਾ ਦਰੱਖਤ ਲੱਗਿਆ ਹੋਣਾ ਜਰੂਰੀ ਹੈ। ਦਰੱਖਤ ਨੂੰ ਕੱਟਣ ਦੀ ਤਾਂ ਕਤਲ ਨਾਲੋਂ ਵੀ ਵੱਧ ਸਜਾ ਦਿੱਤੀ ਜਾਦੀ। ਜਦੋਂ ਕਿ ਅਸੀ ਹਰ ਸਾਲ ਵੱਖ ਵੱਖ ਰੁੱਤਾਂ ਦਾ ਆਨੰਦ ਮਾਣਦੇ ਹਾਂ ਪਰ ਉਥੇ ਛੇ ਮਹੀਨੇ ਤਾਂ ਬਰਫ ਹੀ ਪੈਂਦੀ ਰਹਿੰਦੀ ਹੈ। ਪਾਣੀ ਵੀ ਪੂਰਾ ਸਾਫ ਕੋਈ ਆਰ ਓ ਨਹੀ। ਜੇਕਰ ਵਿਦੇਸ਼ਾਂ ਵਿੱਚ ਰਿਸ਼ਤਿਆਂ ਦੀ ਗੱਲ ਕਰੀਏ ਤਾਂ ਇਸ ਵਿੱਚ ਕੋਈ ਸ਼ੱਕ ਨਹੀ ਕਿ ਉਥੇ ਹਰ ਵਿਅਕਤੀ ਦੀ ਆਪਣੀ ਨਿੱਜੀ ਜਿੰਦਗੀ ਹੈ ਪਰ ਸਾਡੇ ਵਾਂਗ ਰਿਸ਼ਤਿਆਂ ਵਿੱਚ ਗੰਧਲਾਪਣ ਨਹੀ ਆਇਆ।ਕੁਦਰਤ ਨੇ ਸਾਨੂੰ ਹਵਾ ਹੀ ਹਵਾ ਦਿੱਤੀ ਪਰ ਅਸੀ ਉਸ ਨੂੰ ਪ੍ਰਦੂਸ਼ਿਤ ਵੀ ਕਰ ਲਿਆ ਅਤੇ ਖਾਤਮੇ ਵੱਲ ਵੀ ਜਾ ਰਹੇ ਹਾਂ।ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਜਿਵੇਂ ਗੁਰੂ ਸਾਨੂੰ ਹਰ ਕਿਸਮ ਦੀ ਸੋਝੀ ਜੋ ਉਸ ਨੇ ਲੰਮੀ ਘਾਲਣਾ ਨਾਲ ਪ੍ਰਾਪਤ ਕੀਤੀ ਹੈ ਅਤੇ ਜਿਸ ਨੂੰ ਹਵਾ ਵਾਂਗ ਮਹਿਸੂਸ ਹੀ ਕੀਤਾ ਜਾ ਸਕਦਾ।

ਮਨੁੱਖ ਨੇ ਧਰਤੀ ਤੇ ਵਿਕਾਸ ਦੇ ਨਾਮ ਤੇ ਸੜਕਾਂ ਅਤੇ ਪੁੱਲਾਂ ਦੀ ਉਸਾਰੀ ਕਰਨ ਕਰਕੇ ਵੱਡੇ ਪੱਧਰ ਤੇ ਦਰੱਖਤਾਂ ਦੀ ਕਟਾਈ ਕੀਤੀ ਗਈ। ਇਸ ਗੱਲ ਦਾ ਮੈਂ ਖੁਦ ਗਵਾਹ ਹਾਂ ਕਿ ਅੱਜ ਤੋਂ ਕੁਝ ਸਮਾਂ ਪਹਿਲਾਂ ਜਦੋਂ ਅਸੀ ਕਦੇ ਸਾਈਕਲ, ਬਾਈਕ ਤੇ ਟੂਰ ਜਾਂ ਕਿਸੇ ਲੰਮੇ ਸਫਰ ਤੇ ਜਾਦੇਂ ਸੀ ਤਾਂ ਰਾਸਤੇ ਵਿੱਚ ਖੜ ਵੱਡੇ ਵੱਡੇ ਦਰੱਖਤ ਇਸ ਤਰਾਂ ਲੱਗਦੇ ਸਨ ਜਿਵੇਂ ਸਾਡੀ ਉਡੀਕ ਕਰ ਰਹੇ ਹੋਣ। ਜਦੋਂ ਅਸੀ ਉਸ ਦਰੱਖਤ ਥੱਲੇ ਆ ਜਾਦੇ ਤਾਂ ਸਾਡੀ ਥਕਾਵਟ ਮਿੰਟਾਂ ਸਕਿੰਟਾਂ ਵਿੱਚ ਚਲੀ ਜਾਦੀ ਸੰਘਣੀ ਛਾਂ ਅਤੇ ਸ਼ਾਨਦਾਰ ਹਵਾ ਸਾਨੂੰ ਆਪਣੇ ਗੁਰੂ ਵਾਂਗ ਅਸੀਰਵਾਦ ਦਿੰਦੇ ਲੱਗਦੀ।ਪਰ ਅੱਜ ਵੱਡੇ ਵੱਡੇ ਹਾਈਵੇ ਬਣ ਗਏ ਹੁਣ ਤਾਂ ਰਾਸਤੇ ਵਿੱਚ ਜਾਂਦੇ ਹਾਂ ਨਾ ਦਰੱਖਤ ਨਾ ਰਾਸਤੇ ਵਿੱਚ



ਕਿੱਤੇ ਨਲਕਾ। ਲੱਗਦਾ ਅਸੀ ਵਿਕਾਸ ਕਰਦੇ ਕਰਦੇ ਬਹੁਤ ਕੁਝ ਗਵਾ ਲਿਆ ਹੈ। ਰਹਿੰਦੀ ਕਸਰ ਕਿਸਾਨਾਂ ਨੇ ਪਰਾਲੀ ਨੂੰ ਅੱਗ ਲਾਕੇ ਪੂਰੀ ਕਰ ਦਿੱਤੀ ਸੜਕ ਤੇ ਧੂਏਂ ਦੇ ਅੰਬਾਰ,ਧਰਤੀ ਵਿੱਚੋਂ ਨਿਕਲਦੀ ਅੱਗ ਦੇਖ ਕੇ ਲੱਗਦਾ ਕਿ ਸਾਡੀ ਮਾਂ ਕਲਪ ਰਹੀ ਹੋਵੇ ਇਸ ਕਾਰਣ ਕਰਕੇ ਨਹੀ ਕਿ ਅੱਗ ਲਾ ਦਿੱਤੀ ਮਾਂ ਵਾਂਗ ਉਹ ਆਪਣੇ ਪੁੱਤਰਾਂ ਨੂੰ ਅਖਿਆਈ ਵਿੱਚ ਦੇਖ ਰਹੀ ਹੈ ਉਹ ਤਾਂ ਦੁੱਖੀ ਹੈ।

ਪਾਣੀ ਦਾ ਪੱਧਰ ਦਿੰਨੋ ਦਿਨ ਨੀਵਾਂ ਹੁੰਦਾ ਜਾ ਰਿਹਾ ਹੈ ਹਰ ਸਾਲ ਧਰਤੀ ਹੇਠਲਾ ਪਾਣੀ 10 ਤੋਂ 20 ਫੁੱਟ ਤੱਕ ਥੱਲੇ ਚਲਾ ਜਾਦਾਂ ਅਤੇ ਫਸਲਾਂ ਨੂੰ ਕੀਟਨਾਸ਼ਕ ਦਵਾਈਆਂ ਨਾਲ ਪਾਣੀ ਦਾ ਪੱਧਰ ਕੇਵਲ ਨੀਵਾਂ ਹੀ ਨਹੀ ਹੋਇਆ ਸਗੋਂ ਇਹ ਪੀਣ ਯੋਗ ਵੀ ਨਹੀ ਰਿਹਾ। ਪਾਣੀ ਦੀ ਤੁਲਨਾ ਗੁਰਬਾਣੀ ਵਿੱਚ ਪਿਤਾ ਨਾਲ ਕੀਤੀ ਗਈ ਹੈ।ਧੰਨ ਗੁਰੂ ਨਾਨਕ ਦੇਵ ਜੀ ਨੇ ਬਹੁਤ ਅਸਾਨ ਤਾਰੀਖੇ ਨਾਲ ਪਾਣੀ ਦੀ ਮਹੱਤਤਾ ਨੂੰ ਦਰਸਾਇਅਤ ਹੈ ਕਿ ਜਿਵੇਂ ਇੱਕ ਪ੍ਰੀਵਾਰ ਨੂੰ ਚਲਾਉਣ ਲਈ ਪਿਤਾ ਸਾਰਾ ਦਿਨ ਅਤੇ ਰਾਤ ਪ੍ਰੀਵਾਰ ਲਈ ਕੰਮ ਕਰਦਾ ਪ੍ਰੀਵਾਰ ਨੂੰ ਪਾਲਦਾ ਹੈ।

ਉਸੇ ਤਰਾਂ ਪਾਣੀ ਵੀ ਸਾਡੀ ਸਾਰੀ ਸ੍ਰਿਸ਼ਟੀ ਦੀ ਲੋੜ ਪੂਰੀ ਕਰਦਾ ਹੈ।ਮਨੁੱਖ ਦੀ ਜਰੂਰਤ ਕੇਵਲ ਪਾਣੀ ਨਹੀ ਬਲਕਿ ਸਾਫ ਸੁੱਥਰੇ ਪਾਣੀ ਦੀ ਜਰੂਰਤ ਹੈ।ਕੁਦਰਤ ਮਨੁੱਖ ਨੂੰ ਪਾਣੀ ਦੀ ਮੰਗ ਪੂਰਾ ਕਰਨ ਲਈ ਧਰਤੀ ਹੇਠ ਪਾਣੀ ਨੂੰ ਸਾਂਭ ਕੇ ਰੱਖਿਆਂ ਹੈ ਤਾਂ ਜੋ ਉਹ ਪਾਣੀ ਸਾਫ ਸੁੱਥਰਾ ਰਹਿ ਸਕੇ। ਕੁਝ ਸਮਾਂ ਪਹਿਲਾਂ ਜਦੋਂ ਕਹਿੰਦੇ ਸੀ ਕਿ ਪਾਣੀ ਮੁੱਲ ਮਿਲਿਆ ਕਰੇਗਾ ਅਤੇ ਦੁੱਧ ਨਾਲੋਂ ਵੀ ਮਹਿੰਗਾ ਹੋਵੇਗਾ ਤਾਂ ਉਸ ਸਮਾਂ ਸਾਡੇ ਸਾਹਮਣੇ ਹੈ। ਆਉਣ ਵਾਲੀ ਪੀੜੀ ਸਾਨੂੰ ਕਸੂਰਵਾਰ ਸਮਝੇਗੀ। ਅਸੀ ਉਸ ਪੀੜੀ ਵਿੱਚੋਂ ਹਾਂ ਜਿਸ ਨੇ ਸਾਫ ਸਵੱਛ ਪਾਣੀ ਪੈਦਾਵਾਰ ਕਰਨ ਵਾਲੀ ਧਰਤੀ ਅਤੇ ਸਾਫ ਹਵਾ ਦਾ ਆਨੰਦ ਵੀ ਮਾਣਿਆ ਅਤੇ ਹੁਣ ਸਬ ਕੁਝ ਇਸ ਦੇ ਉਲਟ ਨਾਲ ਵੀ ਮੱਥਾ ਲਾ ਰਹੇ ਹਾਂ। ਸਮਾਜਿਕ ਤੋਰ ਤੇ ਜਦੋਂ ਮਾਂ ਨੂੰ ਝੂਠਾ ਅਤੇ ਗਲਤ ਸਾਬਿਤ ਕਰਨ ਲਈ ਬਿਸਤਰੇ ਤੇ ਪਾਣੀ ਡੋਲਕੇ ਮਾਂ ਨੂੰ ਕੁੱਟ ਸਕਦੇ ਹਾਂ ਤਾਂ ਧਰਤੀ ਤਾਂ ਸਾਡੀ ਮਾਂ ਦੇ ਨਾਲ ਤੁਲਨਾ ਹੀ ਕੀਤੀ। ਮਾਂ-ਬਾਪ ਬਿਰਧ ਆਸ਼ਰਮ ਵਿੱਚ ਰੁੱਲ ਰਹੇ ਹਨ ਸਾਨੂੰ ਕੁਦਰਤ ਨਾਲ ਵੀ ਮੱਥਾ ਲਾਉਣਾ ਪੈ ਰਿਹਾ ਹੈ । ਹਰੀ ਕ੍ਰਾਤੀ ਲਿਆਉਣ ਅਤੇ ਫਸਲਾਂ ਦਾ ਝਾੜ ਵਧਾਉਣ ਹਿੱਤ ਅਸੀ ਫਸਲਾਂ ਵਿੱਚ ਲੋੜ ਤੋਂ ਵੱਧ ਕੀਟਨਾਸ਼ਕ ਦਵਾਈਆ ਦੀ ਵਰਤੋਂ ਕੀਤੀ। ਅੱਜ ਉਹੀ ਭਾਰਤ ਦੀ ਸਰਕਾਰ ਜਿਸ ਨੇ ਕਿਸਾਨਾਂ ਨੂੰ ਹਰੀ ਕ੍ਰਾਤੀ ਦੀ ਸਲਾਹ ਦਿੱਤੀ ਸੀ ਉਹ ਸਰਕਾਰ ਹੀ ਅੱਜ ਸਾਨੂੰ ਕੋਈ ਆਸਰਾ ਨਹੀ ਦੇ ਰਹੀ।

ਅਸੀ ਜਾਣਦੇ ਹਾਂ ਕਿ ਇਹ ਕੁਦਰਤ ਅਤੇ ਵਿਗਿਆਨ ਦਾ ਅਟੱਲ ਨਿਯਮ ਹੈ ਕਿ ਜਿਸ ਚੀਜ ਨਾਲ ਤੁਸੀ ਕੋਈ ਖਿ਼ਲਾਵੜ ਕਰੋਗੇ ਜਾਂ ਵਿਗਿਆਨ ਅੁਨਸਾਰ ਜਿਵੇਂ ਕਿਸੇ ਗੇਂਦ ਨੂੰ ਕਿਸੇ ਕੰਧ ਵਿੱਚ ਮਾਰੋਗੇ ਉਹ ਦੁੱਗਣੇ ਜੋਰ ਨਾਲ ਵਾਪਸ ਸਾਡੇ ਵੱਲ ਆਵੇਗੀ। ਮਨੁੱਖ ਦੀਆਂ ਕੀਤੀਆਂ ਗਲਤੀਆਂ ਦਾ ਖਮਿਆਜਾ ਕੇਵਲ ਮਨੁੱਖ ਨੂੰ ਹੀ ਨਹੀ ਇਸ ਦਾ ਪਸ਼ੂ,ਪੰਛੀਆਂ ਨੂੰ ਵੀ ਹੋ ਰਿਹਾ ਹੈ। 40-45 ਫੁੱਟ ਤੇ ਮਿੱਲਣ ਵਾਲੇ ਪਾਣੀ ਨੂੰ ਜਦੋਂ ਪਤਾ ਲੱਗਿਆ ਕਿ ਮਨੁੱਖ ਨੇ ਮੈਨੂੰ ਗੰਧਲਾ ਅਤੇ ਇਸ ਨੂੰ ਅਜਾਂਈ ਡੋਲ ਰਿਹਾ ਹੈ ਤਾਂ ਪਾਣੀ ਵੀ ਦਿਨੋ ਦਿਨ ਨੀਵਾਂ ਹੁੰਦਾ ਜਾ ਰਿਹਾ ਅਤੇ ਧਰਤੀ ਵਿੱਚ ਵੱਧ ਅਤੇ ਜਲਦੀ ਫਸਲ ਦਾ ਝਾੜ ਲੈਣ ਲਈ ਖਤਰਨਾਕ ਕੀਟਨਾਸ਼ਕ, ਖਾਧਾਂ ਪਾਉਣ ਨਾਲ ਧਰਤੀ ਉਪਰ ਹੋਣ ਵਾਲੇ ਅਨਾਜ ਵੀ ਖਾਣ ਯੋਗ ਨਹੀ ਰਹੇ ਅਤੇ ਧਰਤੀ ਹੇਠਲਾ ਪਾਣੀ ਵੀ ਪੀਣ ਯੋਗ ਨਹੀ ਰਿਹਾ।

ਵਿਕਾਸ ਦੇ ਨਾਮ ਤੇ ਸੜਕਾਂ ਅਤੇ ਪੁੱਲਾਂ ਦੀ ਉਸਾਰੀ ਨੇ ਦਰੱਖਤ ਕੱਟ ਦਿੱਤੇ ਜਿਸ ਨਾਲ ਸਾਡੀ ਹਵਾ ਵੀ ਪ੍ਰਦੂਸ਼ਿਤ ਹੋ ਗਈ। ਜਿਵੇਂ ਮਨੁੱਖ ਅੱਜਕਲ ਆਪਣੇ ਮਾਂ-ਬਾਪ ਦੀ ਦੇਖਭਾਲ ਨਹੀ ਕਰ ਰਿਹਾ ਉਹਨਾਂ ਦਾ ਸਤਿਕਾਰ ਨਹੀ ਕਰ ਰਿਹਾ ਤਾਂ ਕੁਦਰਤ ਵੀ ਸਾਨੂੰ ਉਸ ਦੀ ਸਜਾ ਦੇ ਰਹੀ ਹੈ। ਜੇਕਰ ਮਨੁੱਖ ਧਰਤੀ ਨੂੰ ਮਾਂ ਸਮਝ ਕੇ ਰਾਸਇਣਕ ਖਾਧਾਂ ਅਤੇ ਖਤਰਨਾਕ ਕੈਮੀਕਲ ਨਾ ਪਾਉਦਾਂ, ਧਰਤੀ ਨੂੰ ਅੱਗ ਨਾ ਲਾਉਦਾਂ ਤਾਂ ਅੱਜ ਅਸੀ ਪ੍ਰੀਵਾਰਕ ਰਿਸ਼ਤਿਆਂ ਦੇ ਵਿਗੜ ਰਹੇ ਸਰੂਪ ਅਤੇ ਪ੍ਰੀਵਾਰਾਂ ਵਿੱਚ ਲੜਾਈ ਝਗੜੇ ਅਤੇ ਉਹਨਾਂ ਦੇ ਗੰਧਲੇਪਣ ਨੂੰ ਹੰਢਾ ਰਹੇ ਹਾਂ।

ਪਾਣੀ ਦੀ ਘਾਟ ਬਾਰੇ ਗੱਲ ਕੀਤੀ ਜਾਵੇ ਤਾਂ ਅਸੀ ਕਹਿ ਸਕਦੇ ਹਾਂ ਕਿ ਇਸ ਲਈ ਕੇਵਲ ਮਨੁੱਖ ਹੀ ਜਿੰਮੇਵਾਰ ਨਹੀ ਕਈ ਕੁਦਰਤੀ ਕਾਰਣ ਵੀ ਅਜਿਹੇ ਹਨ ਜਿੰਂਾ ਕਾਰਣ ਪਾਣੀ ਦੀ ਕਮੀ ਹੋ ਰਹੀ ਹੈ। ਜਿਵੇ ਅਸੀ ਦੇਖਦੇ ਹਾਂ ਕਿ ਧਰਤੀ ਹੇਠਲੇ ਪਾਣੀ ਅਤੇ ਨਦੀਆਂ ਦੇ ਪਾਣੀ ਦੀ ਵੱਡ ਵਿੱਚ ਵੀ ਅਸਮਾਨਤਾ ਹੈ। ਪਾਣੀ ਦੀ ਨਿਰੰਤਰ ਵੱਧ ਰਹੀ ਮੰਗ ਅਤੇ ਕਈ ਦੇਸ਼ਾਂ ਵਿੱਚ ਅਬਾਦੀ ਦਾ ਤੇਜੀ ਨਾਲ ਵੱਧਣਾ ਵੀ ਇੱਕ ਕਾਰਨ ਹੈ ਜਿਵੇਂ ਭਾਰਤ ਚੀਨ, ਪਾਕਿਸਤਾਨ ਅਤੇ ਮੱਧਪੂਰਬੀ ਦੇਸ਼ਾ ਦੀ ਅਬਾਦੀ ਦੇ ਵੱਧਣ ਨਾਲ ਪਾਣੀ ਦੀ ਮੰਗ ਵੱਧੀ ਹੈ। ਬੇਸ਼ਕ ਪਾਣੀ ਦੀ ਸਮੱਸਿਆ ਅਜੇ ਵਿਸ਼ਵ ਪੱਧਰ ਦੀ ਸਮੱਸਿਆ ਨਹੀ ਹੋਈ ਪਰ ਜੇਕਰ ਇਸੇ ਤਰਾਂ ਚਲਦਾ ਰਿਹਾ ਤਾਂ ਇਹ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਦੇਸ਼ ਦੀ 1.2 ਬਿਲੀਅਨ ਜੰਨ-ਸੰਖਿਆ ਅਜਿਹੀ ਹੈ ਜਿਸ ਕੋਲ ਪੀਣ ਵਾਲੇ ਪਾਣੀ ਦੀ ਕਮੀ ਹੈ ਅਤੇ ਜੇਕਰ ਪਾਣੀ ਹੈ ਤਾਂ ਇਹ ਗੰਧਲਾ ਹੋ ਚੁੱਕਿਆ ਹੈ ਜਿਸ ਨਾਲ ਕਈ ਕਿਸਮ ਦੀਆਂ ਅੀਜਹੀਆਂ ਬੀਮਾਰੀਆਂ ਹੋ ਰਹੀਆਂ ਜੋ ਕਿਸੇ ਸਮੇਂ ਵੀ ਮਹਾਂਮਾਰੀ ਦਾ ਰੂਪ ਲੇ ਸਕਦੀ ਹੈ। ਪਾਣੀ ਦੀ ਜਿਆਦਾ ਜਾਂ ਲੋੜ ਤੋਂ ਵੱਧ ਮਾਤਰਾ ਵਿੱਚ ਵਰਤੋ। ਜਿਵੇਂ ਅਸੀ ਦੇਖਦੇ ਹਾਂ ਕਿ ਦੇਸ਼ ਦੀ ਅਬਾਦੀ ਵੱਧਣ ਨਾਲ ਪਾਣੀ ਦੀ ਮਾਤਰਾ ਵੀ ਵੱਧਦੀ ਜਾ ਰਹੀ ਹੈ। ਕਈ ਵਾਰੀ ਪਾਣੀ ਦੀ ਵਰਤੋਂ ਮਨੁੱਖ ਦੇ ਮਨੋਰੰਜਨ ਸਾਧਨ ਜਿਵੇ ਵਾਟਰਪਾਰਕ ਆਿਦ ਕਾਰਨ ਵੀ ਪਾਣੀ ਦੀ ਵਰਤੋਂ ਜਿਆਦਾ ਕੀਤੀ ਜਾਂਦੀ ਹੈ।

ਹਵਾ ਪਾਣੀ ਅਤੇ ਧਰਤੀ ਨੂੰ ਸਾਭਣ ਵੱਡੇ ਉਪਰਾਲਿਆਂ ਦੀ ਜਰੂਰਤ ਹੈ।ਸਰਕਾਰ ਵੱਲੋਂ ਚਲਾਈ ਜਾ ਰਹੀ ਕੈਚ ਦੀ ਰੈਨ ਵੇਅਰ ਇਟ ਫਾਲ ਵੈਨ ਇੱਟ ਫਾਲ ਭਾਵ ਮੀਹ ਦੇ ਪਾਣੀ ਦੀ ਬੱਚਤ ਕਰਕੇ ਉਸ ਦੀ ਵਰਤੋਂ ਖੇਤੀਬਾੜੀ ਅਤੇ ਸਾਡੇ ਰੋਜਾਨਾ ਦੀ ਵਰਤੋਂ ਦੇ ਕੰਮ ਵੀ ਆ ਸਕਦੀ ਹੈ।ਲੋਕਾਂ ਨੂੰ ਸਰਕਾਰ ਦਾ ਇਸ ਲਈ ਸਹਿਯੋਗ ਦੇਣਾ ਚਾਹੀਦਾ ਅਤੇ ਸਮਾਜ ਸੇਵੀ ਸੰਸ਼ਥਾਵਾਂ ਨੂੰ ਵੀ ਇਸ ਨੂੰ ਮਿਸ਼ਨ ਮੰਨਦੇ ਹੋਏ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

# ਘਰੇਲੂ ਸਵੱਛਤਾ ਲਈ ਸਫ਼ਾਈ ਉਤਪਾਦ ਤਿਆਰ ਕਰਨ ਲਈ ਸਿਖਲਾਈ ਕੋਰਸ ਆਯੋਜਿਤ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਸ਼ਹੀਦ ਭਗਤ ਸਿੰਘ ਨਗਰ ਵੱਲੋਂ 'ਘਰੇਲੂ ਸਵੱਛਤਾ ਲਈ ਸਫ਼ਾਈ ਉਤਪਾਦ ਤਿਆਰ ਕਰਨ' ਸਬੰਧੀ ਕਿੱਤਾਮੁੱਖੀ ਸਿਖਲਾਈ ਕੋਰਸ ਦਾ ਆਯੋਜਨ ਕੇ।ਵੀ।ਕੇ। ਵਿਖੇ ਕੀਤਾ ਗਿਆ, ਜਿਸ ਵਿੱਚ 33 ਸਿਖਿਆਰਥੀਆਂ ਨੇ ਹਿੱਸਾ ਲਿਆ।

ਇਸ ਸਿਖਲਾਈ ਪ੍ਰੋਗਰਾਮ ਦੌਰਾਨ, ਸਿਖਿਆਰਥੀਆਂ ਨੂੰ ਸਮੂਹ ਚਰਚਾ ਵਿਧੀ ਰਾਂਹੀ ਘਰੇਲੂ ਸਵੱਛਤਾ ਲਈ ਸਫ਼ਾਈ ਉਤਪਾਦ ਤਿਆਰ ਕਰਨ ਸੰਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਡੇਮੋਂਸਟਰੇਟਰ, ਗ੍ਰਹਿ ਵਿਗਿਆਨ, ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਸ਼ਹੀਦ ਭਗਤ ਸਿੰਘ ਨਗਰ, ਸ਼੍ਰੀਮਤੀ ਰੇਨੂੰ ਬਾਲਾ ਨੇ ਸਿਖਿਆਰਥੀਆਂ ਦਾ ਕੇਂਦਰ ਵੱਲੋਂ ਸਵਾਗਤ ਕੀਤਾ।

ਉਨਾਂ ਇਸ ਸਿਖਲਾਈ ਕੋਰਸ ਵਿੱਚ ਸਫ਼ਾਈ ਉਤਪਾਦਾਂ ਦੀ ਘਰੇਲੂ ਸਵੱਛਤਾ ਵਿੱਚ ਮਹੱਤਤਾ ਬਾਰੇ ਦੱਸਿਆ ਕਿ ਕਿਵੇ ਲੋਕ ਘਰੇਲੂ ਸਵੱਛਤਾ ਲਈ ਜਾਗਰੂਕ ਹਨ ਅਤੇ ਮਾਰਕਿਟ ਵਿੱਚ ਇਹ ਉਤਪਾਦ ਬਹੁਤ ਮੰਗ ਵਿੱਚ ਹਨ। ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ), ਡਾ. ਰਜਿੰਦਰ ਕੌਰ ਨੇ ਦੱਸਿਆ ਕਿ ਘਰ ਵਿੱਚ ਹੀ ਅਸੀਂ ਇਹ ਸਾਰੇ ਸਫ਼ਾਈ ਉਤਪਾਦ ਤਿਆਰ ਕਰ ਸਕਦੇ ਹਾਂ। ਉਨਾਂ ਸਿਖਿਆਰਥੀਆਂ ਨੂੰ ਬਰਤਨ ਧੋਣ ਲਈ ਤਰਲ ਪਦਾਰਥ, ਫ਼ਰਨੈਲ ਅਤੇ ਕੱਪਣੇ ਧੋਣ ਲਈ ਸਰਫ਼ ਹੱਥੀ ਬਣਾਉਣਾ ਸਿਖਾਇਆ। ਇਸਦੇ ਨਾਲ ਹੀ ਹਰ ਸਿਖਿਆਰਥੀ ਨੂੰ ਹਰ ਉਤਪਾਦ ਦਾ ਸੈਂਪਲ ਵੀ ਮੁਹੱਈਆ ਕਰਵਾਇਆ ਤਾਂ ਜੋ ਸਿਖਿਆਰਥੀ ਬਜ਼ਾਰੀ ਅਤੇ ਹੱਥੀ ਬਣਾਏ ਉਤਪਾਦਾਂ ਦੀ ਗੁਣਵਤਾ ਵਿੱਚ ਅੰਤਰ ਦੇਖ ਸਕਣ। ਇਸ ਸਿਖਲਾਈ ਵਿੱਚ ਉਤਪਾਦ ਤਿਆਰ ਕਰਨ ਤੋਂ ਲੈਕੇ ਪੈਕਿੰਗ ਅਤੇ ਲੈਬਲਿੰਗ ਤੱਕ ਦੀ ਜਾਣਕਾਰੀ ਦਿੱਤੀ ਗਈ।

ਇਸੇ ਲੜ੍ਹੀ ਦੌਰਾਨ ਸਿਖਿਆਰਥੀਆਂ ਨੂੰ 'ਆਤਮਨ ਉਦਯੋਗ' ਯੂਨਿਟ, ਜੋਕਿ ਪਿੰਡ ਬੀਕਾ (ਬਲਾਕ : ਬੰਗਾ) ਵਿਖੇ ਸਥਾਪਿਤ ਹੈ, ਅਤੇ ਰਸਾਇਣ ਮੁਕਤ ਨਹਾਉਣ ਵਾਲਾ ਸਾਬਣ ਤਿਆਰ ਕਰਦਾ ਹੈ, ਦੇ ਵਿਦਿਅਕ ਦੌਰੇ ਦਾ ਆਯੋਜਨ ਵੀ ਕੀਤਾ ਗਿਆ। ਇਸ ਉਦਯੋਗ ਦੀ ਮਾਲਕਿਨ, ਸ਼੍ਰੀਮਤੀ ਰਛਪਾਲ ਕੌਰ ਸੰਧੂ ਅਤੇ ਅਰਚਨਾ ਸ਼ਾਹ ਨੇ ਸਿਖਿਆਰਥੀਆਂ ਨੂੰ 'ਆਤਮਨ ਉਦਯੋਗ' ਯੂਨਿਟ ਦੇ 2011 ਤੋਂ ਚਾਲੂ ਹੋਣ ਦੇ ਸ਼ੰਘਰਸ਼ ਬਾਰੇ ਜਾਣਕਾਰੀ ਦਿੱਤੀ।

ਉਨਾਂ ਰਸਾਇਣ ਮੁਕਤ ਨਹਾਉਣ ਵਾਲੇ ਸਾਬਣ ਬਣਾਉਣ ਦੀ ਪੂਰਨ ਵਿਧੀ, ਜੋਕਿ ਹੱਥੀ ਬਿਨਾਂ ਕਿਸੇ ਮਸ਼ੀਨ ਤੋਂ ਪਤੀਲੇ ਵਿੱਚ ਤਿਆਰ ਕਰਕੇ ਤੇ ਪੈਕਿੰਗ ਹੋਣ ਦਾ ਸਾਰਾ ਕੰਮ ਸਿਖਿਆਰਥੀਆਂ ਨਾਲ ਸਾਂਝਾ ਕੀਤਾ।

ਇਸ ਦੇ ਨਾਲ ਹੀ ਉਨਾਂ ਇਹਨਾਂ ਸਾਬਣਾਂ ਦੀ ਵਿਕਰੀ ਲਈ ਲਾਈਸੈਂਸ ਲੈਣ ਦੀ ਵਿਧੀ ਵੀ ਦੱਸੀ। ਸਹਿਯੋਗੀ ਨਿਰਦੇਸ਼ਕ (ਸਿਖਲਾਈ), ਡਾ. ਮਨਿੰਦਰ ਸਿੰਘ ਬੌਂਸ ਵੀ ਸਿਖਿਆਰਥੀਆਂ ਨਾਲ ਰੂਬਰੂ ਹੋਏ। ਉਹਨਾਂ ਨੇ ਸਹਾਇਕ ਧੰਧਿਆਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਅਤੇ ਇਸ ਸਿਖਲਾਈ ਵਿੱਚ ਹਿੱਸਾ ਲੈਣ ਲਈ ਧੰਨਵਾਦ ਕੀਤਾ ਅਤੇ ਇਹ ਵੀ ਅਪੀਲ ਕੀਤੀ ਕਿ ਅਗਾਂਹ ਵੀ ਇਸੇ ਤਰ੍ਹਾਂ ਇਸ ਕੇਂਦਰ ਦੇ ਅਗਲੇਰੇ ਉਲੀਕੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਨ।

## ਡਿਪਟੀ ਕਮਿਸ਼ਨਰ ਵੱਲੋਂ ਸੱਚਦੇਵਾ ਸਟਾਕਸ ਸਾਈਕਲੋਥਾਨ -4 ਲਈ ਰਜਿਸਟ੍ਰੇਸ਼ਨ ਸ਼ੁਰੂ ਕਰਵਾਈ ਗਈ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ ਕਰਵਾਈ ਜਾਣ ਵਾਲੀ ਸੱਚਦੇਵਾ ਸਟਾਕਸ ਸਾਈਕਲੋਥਾਨ ਸੀਜਨ-4 ਸਬੰਧੀ ਅੱਜ ਡਿਪਟੀ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਵੱਲੋਂ ਰਜਿਸਟ੍ਰੇਸ਼ਨ ਸ਼ੁਰੂ ਕਰਵਾ ਦਿੱਤੀ ਗਈ ਤੇ ਇਸ ਸਮੇਂ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਸੱਚਦੇਵਾ ਤੇ ਹੋਰ ਮੈਂਬਰ ਵੀ ਮੌਜੂਦ ਰਹੇ। ਇਸ ਮੌਕੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੱਲੋਂ ਫਿੱਟ ਬਾਈਕਰ ਕਲੱਬ ਦੇ ਇਸ ਉਪਰਾਲੇ ਦੀ ਪ੍ਰਸ਼ੰਸ਼ਾ ਕਰਦੇ ਹੋਏ ਕਿਹਾ ਗਿਆ ਕਿ ਇਹ ਸਾਈਕਲੋਥਾਨ ਇਤਹਾਸ ਸਿਰਜਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਾਈਕਲੋਥਾਨ ਦੀ ਸਫਲਤਾ ਲਈ ਜਿਲ੍ਹੇ ਦੇ ਸਕੂਲਾਂ ਤੱਕ ਪਹੁੰਚ ਕੀਤੀ ਜਾਵੇਗੀ ਤੇ ਹਰ ਇੱਕ ਵਿਦਿਆਰਥੀ ਤੇ ਅਧਿਆਪਕ ਨੂੰ ਇਸ ਸਬੰਧੀ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਲੱਬ ਨਾਲ ਜੁੜੇ ਵਲੰਟੀਅਰਾਂ ਦੀ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਪੂਰੀ ਮਦਦ ਕੀਤੀ ਜਾਵੇਗੀ। ਇਸ ਸਮੇਂ ਪ੍ਰਧਾਨ ਪਰਮਜੀਤ ਸਿੰਘ ਸੱਚਦੇਵਾ ਨੇ ਕਿਹਾ ਕਿ ਸਾਈਕਲੋਥਾਨ ਦਾ ਇਹ ਸੀਜਨ ਇਤਹਾਸ ਸਿਰਜਣ ਜਾ ਰਿਹਾ ਹੈ ਜਿਸ ਵਿੱਚ 10 ਹਜਾਰ ਸਾਈਕਲਿਸਟਾਂ ਦੇ ਹਿੱਸਾ ਲੈਣ ਦਾ ਟੀਚਾ ਮਿੱਥਿਆ ਗਿਆ ਹੈ। ਇਸ ਮੌਕੇ ਉੱਤਮ ਸਿੰਘ ਸਾਬੀ, ਅਮਰਿੰਦਰ ਸੈਣੀ, ਉਕਾਂਰ ਸਿੰਘ, ਦੌਲਤ ਸਿੰਘ, ਗੁਰਵਿੰਦਰ ਸਿੰਘ ਵੀ ਮੌਜੂਦ ਸਨ। ਇਸ ਲਈ ਰਜਿਸਟ੍ਰੇਸ਼ਨ ਡਬਲਿਊਡਬਲਿਊਡਬਲਿਊ.ਫਿੱਟ ਬਾਈਕਰਸਕਲੱਬ.ਓਆਰਜੀ 'ਤੇ ਕੀਤੀ ਜਾ ਸਕਦੀ ਹੈ।

# ਸਮਾਜ ਸੇਵਾ ਕਿਸੇ ਮਾਣ-ਸਨਮਾਨ ਲਈ ਨਹੀ ਨਿਰਸੁਆਰਥ ਹੋ ਕੇ ਕਰਨੀ ਚਾਹੀਦੀ ਹੈ



ਡਾ. ਸੰਦੀਪ ਘੰਡ
9478231000

ਸਮਾਜ ਸੇਵਾ ਅਜਿਹਾ ਸ਼ਬਦ ਹੈ ਜਿਸ ਨੂੰ ਬਹੁਤ ਮਾਣ ਸਨਮਾਨ ਨਾਲ ਲਿਆ ਜਾਦਾਂ।ਅੱਜ ਲੋਕ ਰੱਬ ਦਾ ਨਾਮ ਲੈਣ ਨਾਲੋਂ ਸਮਾਜ ਵਿੱਚ ਲੋੜਵੰਦ ਦੀ ਮਦਦ ਕਰਨ ਨੂੰ ਪਹਿਲ ਦਿੰਦੇ ਹਨ।ਜਿਥੇ ਸਰਕਾਰਾਂ ਨਹੀ ਪਹੁੰਚ ਸਕਦੀਆਂ ਜਾਂ ਸਰਕਾਰਾਂ ਹੱਥ ਖੜੇ ਕਰ ਦਿੰਦੀਆਂ ਹਨ ਉਥੇ ਸਮਾਜ ਸੇਵਾ ਵਿੱਚ ਲੱਗੇ ਲੋਕ ਅੱਗੇ ਆਉਦੇ ਹਨ।ਅਜਿਹੇ ਕਈ ਮੋਕੇ ਹਨ ਜਿਥੇ ਜੇਕਰ ਸਮਾਜ ਸੇਵਾ ਵਿੱਚ ਲੱਗੀਆਂ ਸੰਸ਼ਥਾਵਾਂ ਜਾਂ ਲੋਕਾਂ ਨੇ ਉਸ ਵਿੱਚ ਆਪਣਾ ਯੋਗਦਾਨ ਪਾਇਆ ਜਿਵੇਂ ਕੋਰੋਨਾ,ਸਮੇ ਸਮੇ ਤੇ ਆਈਆਂ ਕੁਦਰਤੀ ਆਫਤਾਂ ਅਤੇ ਹੋਰ ਕਈ ਕੰਮ ਅਜਿਹੇ ਹਨ ਜਿਥੇ ਸਮਾਜ ਸੇਵਾ ਵਿੱਚ ਲੱਗੀਆਂ ਗੈਰ ਸਰਕਾਰੀ ਸਗੰਠਨ ਨੇ ਮਦਦ ਕੀਤੀ।

ਸਮਾਜ ਸੇਵਾ ਦਾ ਨਾਮ ਲੈਂਦੇ ਹੀ ਭਗਤ ਪੂਰਨਸਿੰਘ,ਭਾਈ ਘਨਈਆ ਜੀ,ਬੀਬੀ ਇੰਦਰਜੀਤ ਕੌਰ,ਮਦਰ ਟਰੇਸਾ ਦਾ ਨਾਮ ਮੂਹਰੇ ਆ ਜਾਦਾਂ।ਸਾਡੇ ਬਹੁਤ ਵੱਡੇ ਉਦਯੋਗਪਤੀ, ਰਾਜਨੀਤੀਵਾਨ, ਕਲਾਕਾਰ ਅਤੇ ਹੋਰ ਅਜਿਹੇ ਬਹੁਤ ਲੋਕ ਹਨ ਜੋ ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ ਪਰ ਇਹਨਾਂ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੇ ਮੁਕਾਬਲੇ ਭਾਈ ਘਨਈਆ ਜੀ ਵੱਲੋਂ ਜੰਗ ਦੇ ਮੈਦਾਨ ਵਿੱਚ ਦੁਸ਼ਮਣਾਂ ਲਈ ਕੀਤੀ ਮੱਲਮ ਪੱਟੀ ਅਤੇ ਪਾਣੀ ਦੀ ਸੇਵਾ,ਭਗਤ ਪੂਰਨ ਸਿੰਘ ਗੁੰਗੇ ਬੋਲੇ, ਲੰਗੜੇ ਅਤੇ ਦਿਮਾਗੀ ਤੋਰ ਤੇ ਪਾਗਲ ਵਿਅਕਤੀਆ ਦੀ ਕੀਤੀ ਸੇਵਾ ਅਤੇ ਮਦਰ ਟਰੇਸਾ ਵੱਲੋਂ ਸਮਾਜ ਵੱਲੋ ਦੁਰਕਾਰੀਆਂ ਅਤੇ ਸ਼ੋਸ਼ਿਤ ਔਰਤਾਂ ਦੀ ਕੀਤੀ ਸੇਵਾ ਅਤੇ ਭਗਤ ਪੂਰਨ ਸਿੰਘ ਜੀ ਦੀ ਬੇਟੀ ਇੰਦਰਜੀਤ ਕੌਰ ਵੱਲੋਂ ਭਗਤ ਪੂਰਨ ਸਿੰਘ ਦੇ ਜਾਣ ਤੋਂ ਬਾਅਦ ਕੀਤੀ ਜਾ ਰਹੀ ਸੇਵਾ ਦੇ ਮੁਕਾਬਲੇ ਕੁਝ ਵੀ ਨਹੀ।ਅਜਿਹੀ ਪਵਿੱਤਰ ਅਤੇ ਵੱਡੀ ਸੇਵਾ ਜਿਸ ਲਈ ਉਹਨਾਂ ਆਪਣੀ ਸਾਰੀ ਉਮਰ ਹੀ ਲੇਖੇ ਲਾ ਦਿੱਤੀ ਉਹਨਾਂ ਵੱਲੋਂ ਕੀਤੀ ਸੇਵਾ ਸਮਾਜ ਵਿੱਚ ਲੋਕਾਂ ਲਈ ਇੱਕ ਪ੍ਰੇਰਨਾ ਸ੍ਰੋਤ ਹਨ। ਇਸ ਤੋਂ ਇਲਾਵਾ ਪਿੰਡ ਪੱਧਰ ਤੋਂ ਲੇਕੇ ਵਿਸ਼ਵ ਪੱਧਰ ਤੱਕ ਵੀ ਬਹੁਤ ਲੋਕ ਸੰਸਥਾਵਾਂ ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਪਾ ਰਹੀਆ ਹਨ।





ਸਮਾਜ ਸੇਵਾ ਦੀ ਪ੍ਰੀਭਾਸ਼ਾ ਨੂੰ ਕੁਝ ਅੱਖਰਾਂ ਜਾਂ ਲਈਨਾਂ ਵਿੱਚ ਕਲਮਬੱਧ ਨਹੀ ਕੀਤਾ ਜਾ ਸਕਦਾ।ਸਮਾਜ ਵਿੱਚ ਰਹਿੰਦੇ ਹੋਏ ਹਰ ਵਿਅਕਤੀ ਦੇ ਮਨ ਵਿੱਚ ਸਮਾਜ ਲਈ ਕੁਝ ਕਰਨ ਦੀ ਲਾਲਸਾ ਰਹਿੰਦੀ ਹੈ ਉਹਨਾਂ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ ਜੋ ਨਿਰਸੁਆਰਥ ਹੋਕੇ ਸੇਵਾ ਕਰਦੇ ਹਨ। ਜਿਵੇਂ ਕਿਹਾ ਜਾਦਾਂ ਹੈ ਕਿ ਕਿਸੇ ਦੀ ਮਦਦ ਇਸ ਤਰਾਂ ਹੋਵੇ ਕਿ ਇੱਕ ਹੱਥ ਤੋਂ ਕੀਤੀ ਮਦਦ ਦਾ ਦੂਜੇ ਹੱਥ ਨੂੰ ਪਤਾ ਨਾ ਲੱਗੇ ਪਰ ਸਮਾਜ ਵਿੱਚ ਉਹਨਾਂ ਲੋਕਾਂ ਦੀ ਗਿਣਤੀ ਜਿਆਦਾ ਹੈ ਜੋ ਸਮਾਜ ਸੇਵਾ ਕਰਦੇ ਹੋਏ ਬਹੁਤ ਦਿਖਾਵਾ ਕਰਦੇ ਹਨ ਅਤੇ ਇਸ ਦਿਖਾਵੇ ਵਿੱਚ ਕਈ ਵਾਰ ਉਹ ਹਾਸੇ ਦੇ ਪਾਤਰ ਵੀ ਬਣ ਜਾਦੇ ਹਨ। ਜਿਵੇ ਪਿੱਛਲੇ ਦਿਨੀ ਸ਼ੋਸਲ ਮੀਡੀਆ ਤੇ ਇੱਕ ਫੋਟੋ ਪਾਈ ਗਈ ਜਿਸ ਵਿੱਚ ਕਿਸੇ ਸੰਸਥਾ ਦੇ 10 ਬੰਦੇ ਇੱਕ ਮਰੀਜ ਨੂੰ ਹਸਪਤਾਲ ਵਿੱਚ ਇੱਕ ਕੇਲਾ ਦੇ ਰਹੇ ਹਨ। ਜਦੋਂ ਕਿ ਸਮਾਜ ਵਿੱਚ ਲੋੜਵੰਦ ਦੀ ਮਦਦ ਕਰਨ ਵਾਲੇ ਵਿਅਕਤੀ ਨੂੰ ਰੱਬ ਜਾਂ ਆਪਣੀ ਮਿਹਨਤ ਨੂੰ ਸਿਜਦਾ ਕਰਨਾ ਚਾਹੀਦਾ ਹੈ ਕਿ ਉਹ ਅੱਜ ਲੈਣ ਵਾਲਿਆਂ ਵਿੱਚ ਨਹੀ ਦੇਣ ਵਾਲਿਆ ਵਿੱਚ ਸ਼ਾਮਲ ਹੈ।

ਸਾਡੇ ਗੁਰੂਆਂ ਨੇ ਵੀ ਸਾਨੂੰ ਹਮੇਸ਼ਾ ਇਹ ਸਿੱਖਿਆ ਦਿੱਤੀ ਸਾਡੇ ਪਹਿਲੇ ਗੁਰੂ ਗੁਰੂ ਨਾਨਕ ਦੇਵ ਜੀ ਵੱਲੋਂ ਵੀਹ ਰੁਪਏ ਨਾਲ ਜਰੂਰਤੰਦ ਸਾਧੂ ਸੰਤਾਂ ਨੂੰ ਖਵਾਇਆ ਭੋਜਨ ਨੇ ਅੱਜ ਬਹੁਤ ਵੱਡਾ ਮੁਕਾਮ ਹਾਸਲ ਕਰ ਲਿਆ ਜਿਸ ਨੂੰ ਧੰਨ ਗੁਰੂ ਰਾਮਦਾਸ ਜੀ ਨੇ ਅੱਗੇ ਤੋਰਿਆ ਅਤੇ ਅੱਜ ਲੱਖਾਂ ਵਿਅਕਤੀਆਂ ਦੀ ਭੁੱਖ ਮਿਟਾਈ ਜਾ ਰਹੀ ਹੈ।ਬੇਸ਼ਕ ਸਮਾਜ ਸੇਵਾ ਲਈ ਕੋਈ ਅਜਿਹਾ ਪੱਕਾ ਅਵਾਰਡ ਨਹੀ ਜੋ ਸਰਕਾਰ ਵੱਲੋਂ ਕੇਵਲ ਸਮਾਜ ਸੇਵਾ ਦੇ ਕੰਮਾਂ ਲਈ ਹੀ ਦਿੱਤਾ ਜਾਦਾਂ ਹੋਵੇ। ਸਮਾਜ ਸੇਵਾ ਦੇ ਖੇਤਰ ਵਿੱਚ ਜਿਲ੍ਹਾ ਪੱਧਰ ਅਤੇ ਰਾਜ ਪੱਧਰ ਤੇ 15 ਅਗਸਤ ਅਤੇ 26 ਜਨਵਰੀ ਜੋ ਕਿ ਸਾਡੇ ਸਰਕਾਰੀ ਤਿਉਹਾਰ ਹਨ।ਇਸ ਤੋਂ ਇਲਾਵਾ ਕੋਈ ਸਮਾਜ ਸੇਵਾ ਦੇ ਖੇਤਰ ਦਾ ਅਵਾਰਡ ਨਹੀ ਜੋ ਰਾਜ ਜਾਂ ਕੇਦਰ ਸਰਕਾਰ ਵੱਲੋਂ ਦਿੱਤਾ ਜਾਦਾਂ ਹੋਵੇ। ਹਾਂ ਕੇਂਦਰ ਸਰਕਾਰ ਵੱਲੋਂ ਹਰ ਸਾਲ ਦਿੱਤੇ ਜਾਦੇ ਪਦਮ ਸ਼੍ਰੀ ਜਾਂ ਪਦਮ ਵਿਭੂਸਣ ਅਵਾਰਡ ਹੀ ਅਜਿਹੇ ਹਨ ਜਿੰਨਾ ਵਿੱਚ ਸਮਾਜ ਸੇਵਾ ਦੇ ਖੇਤਰ ਨੂੰ ਵੀ ਲਿਆ ਗਿਆ ਹੈ।

ਹੁਣ ਅਸੀ ਦੇਖਦੇ ਹਾਂ ਕਿ ਸਮਾਜ ਵਿੱਚ ਕਿਸੇ ਲੋੜਵੰਦ ਦੀ ਸੇਵਾ ਕਿਸੇ ਕਿਸਮ ਦੇ ਇਨਾਮ ਅਵਾਰਡ ਲਈ ਨਹੀ ਕੀਤੀ ਜਾਦੀ ਜਿਸ ਤਰਾਂ ਭਗਤ ਪੂਰਨ ਸਿੰਘ ਨੂੰ ਤਾਂ ਇਹ ਪਤਾ ਹੀ ਨਹੀ ਸੀ ਕਿ ਸਰਕਾਰ ਵੱਲੋਂ ਕੋਈ ਅਵਾਰਡ ਦਿੱਤਾ ਜਾਦਾਂ ਨਾਂ ਹੀ ਉਹਨਾਂ ਇਸ ਲਈ ਅਪਲਾਈ ਕੀਤਾ।ਪੰਜਾਬ ਸਰਕਾਰ ਵੱਲੋਂ ਕੀਤੀ ਸਿਫਾਰਸ਼ ਨਾਲ ਉਹਨਾਂ ਨੂੰ ਇਹ ਅਵਾਰਡ ਹਾਸਲ ਹੋਇਆ। ਕਈ ਵਾਰ ਕੇਂਦਰ ਸਰਕਾਰ ਵੱਲੋਂ ਦਿੱਤਾ ਜਾਦਾਂ ਕੋਮੀ ਯੁਵਾ ਅਵਾਰਡ ਅਤੇ ਪੰਝਾਬ ਸਰਕਾਰ ਵੱਲੋਂ ਦਿੱਤਾ ਜਾਦਾਂ ਸ਼ਹੀਦੇ ਏ ਆਜਮ ਭਗਤ ਸਿੰਘ ਯੁਵਾ ਪੁਰਸਕਾਰ ਵੀ ਸਮਾਜ ਸੇਵਾ ਅਵਾਰਡ ਹੈ ਪਰ ਇਹ ਲੋਕਾਂ ਦੀ ਗਲਤ ਫਹਿਮੀ ਅਤੇ ਅਧੂਰੀ ਜਾਣਕਾਰੀ ਕਾਰਨ ਹੈ। ਅਸਲ ਵਿੱਚ ਇਹ ਉਹ ਅਵਾਰਡ ਹਨ ਜੋ ਨੋਜਵਾਨ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ ਤਾਂ ਉਹਨਾਂ ਨੂੰ ਉਸ ਗਤੀਵਿਧੀ ਦਾ ਸਾਰਟੀਫਿਕੇਟ ਦਿੱਤਾ ਜਾਦਾਂ ਇਸ ਵਿੱਚ ਉਮਰ ਦੀ ਵੀ ਸੀਮਾ ਹੈ ਜਿਵੇਂ ਕੋਮੀ ਯੂਵਾ ਅਵਾਰਡ ਲਈ ਉਮਰ 15 ਤੋਂ 29 ਸਾਲ ਅਤੇ ਸ਼ਹੀਦ ਏ ਆਜਮ ਭਗਤ ਸਿੰਘ ਯੁਵਾ ਪੁਰਸਕਾਰ ਲਈ 18 ਤੋਂ 35 ਸਾਲ ਰੱਖੀ ਗਈ ਹੈ।ਵਿਭਾਗ ਦੀਆਂ ਗਤੀਵਿਧੀਆਂ ਜਿਵੇਂ ਵਰਕ ਕੈਂਪ, ਯੁਵਾ ਲੀਡਰਸ਼ਿਪ ਅਤੇ ਸਿਖ਼ਲਾਈ ਕੈਂਪ, ਰਾਸ਼ਟਰੀ ਏਕਤਾ ਕੈਂਪ, ਜੋਖਮ ਭਰਪੂਰ ਪ੍ਰੋਗਰਾਮ, ਐਨ.ਐਸ.ਐਸ ਅਤੇ ਐਨਸੀਸੀ,ਖੇਡਾ ਅਤੇ ਸਭਿਆਚਾਰ ਦੀਆਂ ਪ੍ਰਾਪਤੀਆਂ ਵਿੱਚ ਭਾਗ ਲੈਣ ਵਾਲੇ ਨੋਜਵਾਨਾਂ ਦੇ ਜੋ ਸਾਰਟੀਫਿਕੇਟ ਮਿਲਦੇ ਹਨ ਉਹਨਾਂ ਦੇ ਨੰਬਰ ਲਾਏ ਜਾਦੇ ਅਤੇ ਜਿਸ ਦੇ ਨੰਬਰ ਜਿਆਦਾ ਹਨ ਉਸ ਨੂੰ ਇਹ ਅਵਾਰਡ ਮਿਲ ਜਾਦਾਂ।ਇਸੇ ਕਾਰਣ ਕਈ ਵਾਰ ਲੋਕ ਕਹਿੰਦੇ ਹਨ ਕਿ ਕੰਮ ਤਾਂ ਹੋਰ ਵਿਅਕਤੀ ਨੇ ਜਿਆਦਾ ਕੀਤਾ ਸੀ ਪਰ ਅਵਾਰਡ ਹੋਰ ਨੂੰ ਹੀ ਦੇ ਦਿੱਤਾ। ਜਦੋਂ ਕਿ ਉਹਨਾਂ ਵਿਅਕਤੀਆਂ ਦੀ ਉਮਰ ਲੰਘ ਚੁੱਕੀ ਹੁੰਦੀ ਜਾਂ ਸਾਰਟੀਫਿਕੇਟ ਨਹੀ ਹੁੰਦੇ ਜਾਂ ਕਈ ਨੋਜਵਾਨ ਇੱਕ ਗਤੀਵਿਧੀ ਹੀ ਕਰਦੇ ਰਹਿੰਦੇ ਹਨ ਦੂਜਾ ਕਈ ਨੋਜਵਾਨਾਂ ਨੂੰ ਇਹਨਾਂ ਗਤੀਵਿਧੀਆਂ ਵਿੱਚ ਭਾਗ ਲੈਣ ਦਾ ਮੋਕਾ ਨਹੀ ਮਿਲਦਾ।

ਇਸ ਵਿੱਚ ਕੋਈ ਸ਼ੱਕ ਨਹੀ ਕਿ ਇਹਨਾਂ ਅਵਾਰਡਾਂ ਵਿੱਚ ਕਈ ਨੋਜਵਾਨ ਅਜਿਹੇ ਹਨ ਜਿੰਨਾਂ ਨੇ ਇਸ ਅਵਾਰਡ ਲਈ ਤਿਕੜਮਬਾਜੀ ਕਰਕੇ ਅਤੇ ਜਾਅਲੀ ਸਾਰਟੀਫਿਕੇਟ ਬਣਾ ਲੈਂਦੇ ਹਨ ਜਾਂ ਵਿਭਾਗ ਵੀ ਵਾਰ ਵਾਰ ਉਹਨਾਂ ਨੋਜਵਾਨਾਂ ਨੂੰ ਹੀ ਗਤੀਵਿਧੀਆਂ ਵਿੱਚ ਭੇਜਦੇ ਹਨ ਜੋ ਉਹਨਾਂ ਦੇ ਨੇੜੇ ਹਨ। ਜਿਵੇਂ ਮਾਨਸਾ ਜਿਲ੍ਹੇ ਵਿੱਚ ਹੀ ਦੇਖਿਆ ਜਾਵੇ ਤਾਂ ਬੁਢਲਾਡਾ ਦੇ ਤਿਕੜਮਬਾਜ ਨੂੰ ਇਹ ਅਵਾਰਡ ਦਿੱਤਾ ਗਿਆ ਜੋ ਆਪ ਲੋਕਾਂ ਦੇ ਸਮਾਗਮਾ ਵਿੱਚ ਜਾਕੇ ਜਾਂ ਦਫਤਰ ਦੇ ਸਮਾਗਮਾ ਵਿੱਚ ਜਾਕੇ ਫੋਟੋਆਂ ਖਿਚਵਾ ਲੈਂਦਾ ਅਤੇ ਅਵਾਰਡ ਹਾਸਲ ਕਰ ਲੈਂਦਾ। ਇਸੇ ਤਰਾਂ ਇੱਕ ਅਜਿਹਾ ਸ਼ਖਸ਼ ਵੀ ਹੈ ਜੋ ਪਿਛਲੇ ਦਸ ਸਾਲ ਤੋਂ ਦਫਤਰ ਦੇ ਅਧਿਕਾਰੀਆਂ ਦੀ ਮਿਲੀ-ਭੁੱਗਤ ਨਾਲ ਕਿਸੇ ਹੋਰ ਦੇ ਨਾਮ ਤੇ ਦਫਤਰ ਵਿੱਚ ਕੰਮ ਕਰਕੇ ਤਨਖਾਹ ਵੀ ਲੇ ਰਿਹਾ ਅਤੇ ਉਥੋਂ ਦੇ ਅਧਿਕਾਰੀ ਉਸ ਦੇ ਨਾਮ ਤੇ ਪੇਸੈ ਖਾ ਰਹੇ ਹਨ। ਇਸ ਨੂੰ ਵੀ ਵਿਭਾਗ ਨੇ ਅਵਾਰਡ ਦਿਵਾ ਦਿੱਤਾ ਜਦੋਂ ਕਿ ਉਹ ਕਦੇ ਦਫਤਰ ਤੋਂ ਬਾਹਰ ਹੀ ਨਹੀ ਗਿਆ। ਹੱਦ ਤਾਂ ਉਸ ਸਮੇਂ ਹੋ ਜਾਦੀ ਜਦੋ ਇਹੀ ਸ਼ਖਸ਼ ਰਾਜ ਪੱਧਰ ਦੇ ਅਵਾਰਡ ਨਾਲ ਸਰਕਾਰ ਤੋਂ ਰਾਜ ਸਭਾ ਦੀ ਮੈਬਰੀ ਜਾਂ ਬੋਰਡ ਦੀ ਚੇਅਰਮੇਨੀ ਅਤੇ ਗੈਸ ਏਜੰਸੀ ਜਾਂ ਪਟਰੋਲ ਪੰਪ ਮੰਗਦੇ ਹਨ।ਜਦੋਂ ਕਿ ਜੇਕਰ ਉਹਨਾਂ ਦੇ ਅਵਾਰਡ ਦੀ ਸਹੀ ਤਾਰੀਕੇ ਨਾਲ ਜਾਂਚ ਕਰਵਾਈ ਜਾਵੇ ਤਾਂ ਸਾਰਾ ਸੱਚ ਸਾਹਮਣੇ ਆ ਸਕਦਾ ਕਿ ਕਿਵੇਂ ਇਹ ਅਤੇ ਅਧਿਕਾਰੀ ਮਿਲਕੇ ਸਰਕਾਰ ਨੂੰ ਚੂਨਾ ਲਾ ਰਹੇ ਹਨ। ਇਹ ਵੀ ਨਹੀ ਕਿ ਇਸ ਵਿੱਚ ਸਾਰਾ ਹੀ ਘਾਲਾਮਾਲਾ ਹੈ ਕਈ ਨੋਜਵਾਨ ਅਜਿਹੇ ਹਨ ਜਿੰਨਾ ਨੇ ਯੂਥ ਕਲੱਬਾਂ ਰਾਂਹੀ ਪਿੰਡਾਂ ਵਿੱਚ ਧੜੇਬੰਦੀ ਖਤਮ ਕਰਾਈ ਅਤੇ ਹੁਣ ਵੀ ਖ਼ੂਨਦਾਨ ਕੈਂਪ,ਖੇਤੀਬਾੜੀ ਕੈਂਪ ਜਾਂ ਹੋਰ ਗਤੀਵਿਧੀਆਂ ਕਰ ਰਹੇ ਹਨ।

ਭਾਰਤ ਸਰਕਾਰ ਵੱਲੋਂ ਦਿੱਤੇ ਜਾਦੇ ਹੋਰ ਅਵਾਰਡਾਂ ਦਾ ਜਿਕਰ ਕਰੀਏ ਤਾਂ ਸਰਦਾਰ ਵੱਲਭ ਭਾਈ ਪਟੇਲ ਦੇ ਜਨਮ ਦਿਵਸ ਤੇ ਕੋਮੀ ਏਕਤਾ ਅਵਾਰਡ,ਅੰਗਹੀਣਾਂ ਦੀ ਭਲਾਈ ਲਈ ਕੀਤੇ ਕੰਮਾਂ ਲਈ ਸਮਾਜ ਨਿਆ ਮੰਤਰਾਲੇ ਵੱਲੋਂ ਅੰਗਹੀਣਾਂ ਦੀ ਭਲਾਈ ਦਾ ਅਵਾਰਡ, ਕੋਮੀ ਪੱਧਰ ਦਾ ਅਧਿਆਪਕ ਅਵਾਰਡ,ਸ਼ੁਭਾਸ਼ ਚੰਦਰ ਬੋਸ ਜੀ ਦਾ ਯਾਦ ਵਿੱਚ ਦਿੱਤਾ ਜਾਣ ਵਾਲਾ ਅਵਾਰਡ, ਸਰਦਾਰ ਵੱਲਭ ਭਾਈ ਪਟੇਲ ਜੀ ਦੇ ਨਾਲ ਤੇ ਕੌਮੀ ਏਕਤਾ ਅਵਾਰਡ,ਬੱਚਿਆਂ ਲਈ ਬਹਾਦਰੀ ਅਵਾਰਡ, ਜੀਵਨ ਰਕਸ਼ਕ ਅਵਾਰਡ, ਸੈਨਿਕਾਂ ਨੂੰ ਦਿੱਤੇ ਜਾਣ ਵਾਲੇ ਅੜਾਰਡ ਅਤੇ ਮੈਡਲ, ਪਦਮ ਅਵਾਰਡ, ਭਾਰਤ ਰਤਨ ਅਵਾਰਡ, ਆਯਰੂਵੇਦਿਕ ਸੇਵਾਵਾਂ ਲਈ ਧੰਨਵੰਤਰੀ ਅਵਾਰਡ ਤੋਂ ਇਲਾਵਾ ਰਾਜ ਸਰਕਾਰਾਂ ਵੱਲੋਂ ਵੀ ਵੱਖ ਵੱਖ ਗਤੀਵਿਧੀਆਂ ਦੇ ਅਵਾਰਡ ਦਿੱਤੇ ਜਾਦੇ ਹਨ।ਬੇਸ਼ਕ ਸਰਕਾਰਾਂ ਪ੍ਰਾਰਦਰਸਤਾ ਦੀ ਗੱਲ ਕਰਦੀਆ ਹਨ ਪਰ ਫੇਰ ਵੀ ਜਦੋਂ ਇਹਨਾਂ ਅਵਾਰਡ ਦਾ ਰਾਜਨੀਤਕ ਕਰਨ ਕੀਤਾ ਜਾਦਾਂ ਤਾਂ ਇੱਕ ਆਮ ਨਾਗਿਰਕ ਦਾ ਨਿਰਾਸ਼ਾ ਵਿੱਚ ਜਾਣਾ ਸੁਭਾਵਿਕ ਹੈ।ਜਿਵੇਂ ਅਸੀ ਦੇਖਦੇ ਹਾਂ ਕਿ ਪੰਜਾਬ ਵਾਸੀਆਂ ਦਾ ਹਰ ਖੇਤਰ ਵਿੱਚ ਵੱਡਾ ਯੋਗਦਾਨ ਹੈ ਪਰ ਅਜੇ ਤੱਕ ਭਾਰਤ ਰਤਨ ਅਵਾਰਡ ਲਈ ਪੰਜਾਬ ਦੇ ਕਿਸੇ ਸ਼ਖਸ਼ੀਅਤ ਨੂੰ ਚੁਣਿਆ ਜਾਣਾ ਸੰਕੇ ਖੜੇ ਕਰਦਾ ਹੈ। ਸਿੱਖਿਆ ਵਿਕਾਸ ਮੰਚ ਮਾਨਸਾ ਅਤੇ ਮਾਨਸਾ ਰੂਰਲ ਯੂਥ ਕਲੱਬ ਐਸੋਸੀਏਸ਼ਨ ਦੇ ਚੇਅਰਮੈਨ ਡਾ. ਸੰਦੀਪ ਘੰਡ ਅਤੇ ਪ੍ਰਧਾਨ ਹਰਦੀਪ ਸਿੱਧੂ ਦਾ ਕਹਿਣਾ ਹੈ ਕਿ ਸਰਕਾਰਾਂ ਨੂੰ ਹੀ ਚਾਹੀਦਾ ਹੈ ਕਿ ਉਹ ਜਾਇਜ ਅਤੇ ਹੱਕਦਾਰ ਵਿਅਕਤੀ ਦੀ ਚੋਣ ਕਰੇ। ਪਰ ਨਾਲ ਹੀ ਉਹਨਾਂ ਦਾ ਕਹਿਣਾ ਹੈ ਕਿ ਉਹ ਸਮਾਜ ਸੇਵਾ ਦਾ ਕੰਮ ਆਪਣੇ ਮਨ ਦੀ ਸੰਤੁਸ਼ਟੀ ਅਤੇ ਸਮਾਜ ਪ੍ਰਤੀ ਸਾਡੇ ਫਰਜ ਕਾਰਣ ਕਰਦੇ ਹਨ ਕਿਸੇ ਅਵਾਰਡ ਲਈ ਨਹੀਂ। ਜਿਵੇਂ 2019-2020 ਵਿੱਚ ਅਚਾਨਕ ਕੋਰੋਨਾ ਜਿਹੀ ਭਿਆਨਕ ਬੀਮਾਰੀ ਨੇ ਦੁਨੀਆਂ ਹਲਾ ਕੇ ਰੱਖ ਦਿੱਤੀ।ਸਰਕਾਰਾਂ ਵੀ ਫੇਲ ਹੁ ਗਈਆਂ ਉਸ ਸਮੇ ਸਮਾਜ ਸੇਵਕ ਹੀ ਅੱਗੇ ਆਏ ਹਲਾਤ ਬਦ ਤੋ ਬਦਤਰ ਬਣ ਗਏ ਜਦੋਂ ਆਕਸੀਜਨ ਤੋਂ ਬਿੰਨਾ ਵਿਅਕਤੀ ਮਰਨ ਲੱਗੇ ਅਤੇ ਮਰੇ ਵਿਅਕਤੀਆਂ ਦੀਆਂ ਅੰਤਮ ਰਸਮਾਂ ਲਈ ਵੀ ਲੋਕ ਡਰਣ ਲੱਗ ਪਏ। ਇਥੋਂ ਤੱਕ ਪ੍ਰੀਵਾਰ ਵੀ ਜਵਾਬ ਦੇ ਗਏ ਉਸ ਸਮੇ ਸਮਾਜਕ ਜਥੇਬੰਦੀਆ ਅੱਗੇ ਆਈਆ। ਸਾਡੇ ਸਮਾਜ ਦਾ ਇੱਕ ਵਰਗ ਅਜਿਹਾ ਵੀ ਜਿਸ ਕੋਲ ਸ਼ਾਮ ਜਾਂ ਸਵੇਰੇ ਇੱਕ ਸਮੇਂ ਦਾ ਖਾਣਾ ਹੀ ਮੁਸ਼ਿਕਲ ਨਾਲ ਮਿਲਦਾ ਤਾਂ ਫੇਰ ਉਹਨਾਂ ਲਈ ਬੱਚਿਆਂ ਦੀ ਪੜਾਈ ਲੜਕੀਆਂ ਦੇ ਵਿਆਹ ਅਤੇ ਲੋੜਵੰਦ ਦਾ ਇਲਾਜ ਲਈ ਸਮਾਜ ਸੇਵਾ ਨੇ ਸਾਰ ਲਈ।ਇਸ ਤੋਂ ਇਲਾਵਾ ਕੁਦਰਤੀ ਆਫਤ ਸਮੇ ਸਮਾਜ ਸੇਵੀ ਅੱਗੇ ਆਏ।

ਸਮਾਜ ਸੇਵਾ ਲਈ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਸਮਾਜ ਨੂੰ ਹੀ ਚਾਹੀਦਾ ਹੈ ਕਿ ਉਹਨਾਂ ਨੂੰ ਸਮੇ ਸਮੇ ਤੇ ਮਾਣ ਸਨਮਾਨ ਕਰਨ ਅਤੇ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਬੇਸ਼ਕ ਇਨਾਮ ਵਿੱਚ ਪੈਸਾ ਨਾ ਦਿੱਤਾ ਜਾਵੇ ਕੇਵਲ ਸਨਮਾਨ ਪੱਤਰ ਅਤੇ ਲੋਕਾਂ ਦੇ ਇਕੱਠ ਵਿੱਚ ਦਿੱਤਾ ਜਾਵੇ ਇਸ ਨਾਲ ਸਮਾਜ ਸੇਵਾ ਵਿੱਚ ਕੰਮ ਕਰਨ ਵਾਲਿਆਂ ਨੂੰ ਉਤਸ਼ਾਹ ਮਿਲਦਾ।ਪਰ ਉਹਨਾਂ ਲੋਕਾਂ ਤੇ ਵੀ ਸਰਕਾਰ ਨੂੰ ਨਜਰ ਰੱਖਣੀ ਚਾਹੀਦੀ ਜਿਹੜੇ ਸਮਾਜ ਸੇਵਾ ਦੇ ਨਾਮ ਤੇ ਲੋਕਾਂ ਨੂੰ ਠੱਗ ਰਹੇ ਹਨ ਜਾਂ ਸਰਕਾਰ ਨੂੰ ਹੀ ਗੁਮਰਾਹ ਕਰ ਰਹੇ ਹਨ।ਜਿਵੇਂ ਸਮਾਜ ਅਤੇ ਦੇਸ਼ ਸੇਵਾ ਬਾਰੇ ਲੇਖਕ ਨੇ ਲਿਖਿਆ ਹੈ;-

ਸ਼ੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ
ਜਿੰਨਾ ਦੇਸ਼ ਸੇਵਾ ਵਿੱਚ ਪੈਰ ਪਾਇਆ ਉਹਨਾਂ ਲੱਖ ਮੁਸਬੀਤਾਂ ਝੱਲੀਆਂ ਨੇ।

## ਠਕ ਟਕ ਠਕ ਟਕ ਠਕ ਟਕ

ਇਹ ਬਹੁਤ ਹੀ ਖਤਰਨਾਕ ਆਵਾਜ਼ ਹੈ। ਜੇਕਰ ਇਹ ਕਿਸੇ ਦੇ ਸਾਈਕਲ ਵਿੱਚੋਂ ਆਉਣ ਲੱਗ ਪਵੇ ਤਾਂ ਬੰਦੇ ਨੂੰ ਉੱਤਰ ਕੇ ਦੇਖਣਾ ਪੈਂਦਾ ਹੈ ਕਿ ਕਿੱਥੋਂ ਇਹ ਆਵਾਜ਼ ਆਈ ਹੈ । ਜੇ ਮੋਟਰਸਾਈਕਲ ਚੋਂ ਇਹ ਆਵਾਜ਼ ਆਉਣ ਲੱਗ ਪਏ ਤਾਂ ਬੰਦਾ ਇਕਦਮ ਮੋਟਰਸਾਈਕਲ ਖੜਾ ਕਰ ਲੈਂਦਾ ਹੈ ਤੇ ਚੈੱਕ ਕਰਦਾ ਹੈ ਕਿ ਆਵਾਜ਼ ਕਿੱਥੋਂ ਆਈ । ਜੇ ਕਾਰ ਦੇ ਵਿੱਚੋਂ ਆਉਣ ਲੱਗ ਪਵੇ ਤਾਂ ਦੂਰ ਜਾਂਦਾ ਮੁਸਾਫਰ ਵੀ ਘਬਰਾ ਜਾਂਦਾ ਹੈ ਕਿ ਇਹ ਕਿੱਥੋਂ ਆਵਾਜ਼ ਆ ਰਹੀ ਹੈ।

ਜੇ ਦਫਤਰ ਦੇ ਵਿੱਚ ਕੰਮ ਕਰਦੇ ਹੋਵੋ ਤੇ ਕਿਤੋਂ ਇਹ ਆਵਾਜ਼ ਆਉਣ ਲੱਗ ਜਾਵੇ ਤਾਂ ਸਾਰੇ ਘਬਰਾ ਜਾਂਦੇ ਹਨ ਕਿ ਕੀ ਹੋ ਗਿਆ ਹੈ । ਜੇ ਬਰਸਾਤਾਂ ਦੇ ਮੌਸਮ ਵਿੱਚ ਇਹ ਆਵਾਜ਼ ਆਉਣ ਲੱਗ ਜਾਵੇ ਤਾਂ ਫਿਕਰ ਪੈ ਜਾਂਦਾ ਹੈ ਕਿ ਕਿਤੇ ਛੱਤ ਤਾਂ ਨਹੀਂ ਚੋਣ ਲੱਗ ਪਈ । ਇਸ ਤਰਾਂ ਇਹ ਜਿਹੜੀ ਆਵਾਜ਼ ਹੈ ਇਹ ਬਹੁਤ ਹੀ ਖਤਰਨਾਕ ਆਵਾਜ਼ ਗਿਣੀ ਜਾਂਦੀ ਹੈ । ਜੇਕਰ ਇਹ ਕਿਸੇ ਦੀ ਛਾਤੀ ਵਿੱਚੋਂ ਹੋਣ ਲੱਗ ਪਏ ਤਾਂ ਉਸ ਨੂੰ ਇਹ ਲੱਗਦਾ ਹੈ ਕਿ ਬਸ ਹੁਣ ਸਮਾਂ ਆ ਗਿਆ ਹੈ , ਦਿਲ ਨੂੰ ਕੁਝ ਹੋ ਰਿਹਾ ਹੈ। ਇਹ ਆਵਾਜ਼ ਮਨੁੱਖ ਨੂੰ ਹਮੇਸ਼ਾ ਡਰਾਉਂਦੀ ਹੈ ਤੇ ਮਨੁੱਖ ਇਸ ਤੋਂ ਡਰਦਾ ਵੀ ਹੈ ਪਰ ਮੇਰੇ ਲਈ ਇਹ ਆਵਾਜ਼ ਬੜੀ ਹੀ ਸੁਖਦ ਭਾਵ ਦਿੰਦੀ ਹੈ । ਭਾਵੇਂ ਕਿ ਇਸ ਨੇ ਮੈਨੂੰ ਪਹਿਲਾਂ ਪਹਿਲੋਂ ਬਹੁਤ ਡਰਾਇਆ । ਸਾਡੇ ਘਰ ਦੇ ਵਿੱਚ ਇੱਕ ਪਾਸੇ ਟੀਨ ਦੀ ਛੱਤ ਹੈ ਅਤੇ ਉਸਦੇ ਨਾਲ ਇੱਕ ਦਰਖਤ ਉਗਿਆ ਹੋਇਆ ਹੈ ਜਾਮਣ ਦਾ। ਇਹ ਦਰਖਤ ਕਾਫੀ ਵੱਡਾ ਹੋ ਗਿਆ ਹੈ ਤੇ ਇਹ ਦੂਸਰੀ ਮੰਜਲ ਤੋਂ ਵੀ ਉੱਤੇ ਚਲਾ ਗਿਆ ਹੈ। ਰਾਤ ਨੂੰ ਸੁੱਤੇ ਪਏ ਇਸ ਆਵਾਜ਼ ਨੇ ਕਈ ਵਾਰੀ ਡਰਾਇਆ । ਮੇਰਾ ਕਮਰਾ ਵੀ ਦੂਜੀ ਛੱਤ ਦੇ ਉੱਤੇ ਹੀ ਹੈ । ਹੁਣ ਮੈਂ ਕਈ ਵਾਰੀ ਉੱਠ ਕੇ ਦੇਖਿਆ ਕਿ ਇਹ ਆਵਾਜ਼ ਕਿੱਥੋਂ ਆ ਰਹੀ ਹੈ ? ਕੀ ਕੋਈ ਜਾਨਵਰ ਜਾਮਣ ਦੇ ਉੱਤੇ ਚੜ ਗਿਆ ਹੈ ਤੇ ਉਹ ਥੱਲੇ ਛਾਲਾ ਮਾਰ ਰਿਹਾ ਹੈ ਤੇ ਇਹ ਜਾਨਵਰ ਕਿਤੇ ਕੋਈ ਖਤਰਨਾਕ ਜਾਨਵਰ ਨਾ ਹੋਵੇ । ਪਰ ਇਹਨਾਂ ਬਰਸਾਤਾਂ ਤੋਂ ਪਹਿਲਾਂ ਮੈਨੂੰ ਇਸ ਆਵਾਜ਼ ਨੇ ਬੜਾ ਆਨੰਦ ਦਿੱਤਾ ਕਿਉਂਕਿ ਰਾਤ ਨੂੰ ਜਦੋਂ ਕੋਈ ਜਾਮਣ ਪੱਕਦੀ ਸੀ , ਉਹ ਆਪਣੇ ਆਪ ਡਿੱਗਦੀ ਸੀ ਤੇ ਛੱਤ ਉੱਤੇ ਵੱਜ ਕੇ ਠਕ ਟਕ ਠਕ ਟਕ ਕਰਦੀ ਸੀ ਤੇ ਸਵੇਰ ਨੂੰ ਇਹ ਮਿੱਠੀ ਜਾਮਣ ਮੇਰੇ ਮੂੰਹ ਵਿੱਚ ਜਦੋਂ ਜਾਂਦੀ ਸੀ ਤਾਂ ਠਕ ਟਕ ਠਕ ਟਕ ਠਕ ਟਕ ਕਰਕੇ ਅਨੰਦਮਈ ਕਰਦੀ ਹੈ ।

-ਜਨਮੇਜਾ ਸਿੰਘ ਜੌਹਲ janmeja@gmail.com

## ਚੇਤਨਾ ਪਰਖ ਪ੍ਰੀਖਿਆ ਤੇ 21 ਜੁਲਾਈ ਦੀ ਜਲੰਧਰ ਕਨਵੈਨਸ਼ਨ ਦੀ ਤਿਆਰੀ ਸੰਬੰਧੀ ਹੋਈ ਮੀਟਿੰਗ

ਸੰਗਰੂਰ, (ਜਗਸੀਰ ਲੌਂਗੋਵਾਲ)- ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਸੰਗਰੂਰ ਵਿਖੇ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਤੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਦੀ ਪ੍ਰਧਾਨਗੀ ਵਿੱਚ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਸੀਤਾ ਰਾਮ ਬਾਲਦ ਕਲਾਂ, ਕ੍ਰਿਸ਼ਨ ਸਿੰਘ ਦੁੱਗਾਂ ਤੇ ਗੁਰਦੀਪ ਸਿੰਘ ਲਹਿਰਾ ਨੇ ਦੱਸਿਆ ਕਿ ਮੀਟਿੰਗ ਵਿੱਚ ਪਿਛਲੇ ਦਿਨੀਂ ਤਿੰਨ ਫੌਜਦਾਰੀ ਕਾਲੇ ਕਨੂੰਨਾਂ ਦੀਆਂ ਸੰਬੰਧੀ ਹੋਏ ਪ੍ਰਦਰਸ਼ਨਾਂ ਤੇ ਤਸੱਲੀ ਪ੍ਰਗਟ ਕੀਤੀ ਗਈ, ਸਾਰੀਆਂ ਭਰਾਤਰੀ ਜਥੇਬੰਦੀਆਂ ਦੇ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਇਸ ਤੋਂ ਇਲਾਵਾ 21 ਜੁਲਾਈ ਨੂੰ ਇਹਨਾਂ ਤਿੰਨ ਕਾਲੇ ਕਾਨੂੰਨਾਂ ਖਿਲਾਫ਼ ਤੇ 14 ਸਾਲਾਂ ਬਾਅਦ ਦਿੱਲੀ ਦੇ ਉਪ ਰਾਜਪਾਲ ਵੱਲੋਂ ਅਗਾਂਹ ਵਧੂ ਲੇਖਕ ਤੇ ਚਿੰਤਕ ਅਰੁੰਧਤੀ ਰਾਏ ਤੇ ਪ੍ਰੋਫੈਸਰ ਸ਼ੇਖ਼ ਸ਼ੋਕਤ ਹੁਸੈਨ ਤੇ ਯੂਏਪੀਏ ਤਹਿਤ ਕੇਸ ਚਲਾਉਣ ਦੀ ਇਜਾਜ਼ਤ ਦੇਣ ਦੇ ਰੋਸ ਵਜੋ ਜਲੰਧਰ ਵਿਖੇ ਹੋ ਰਹੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਵਿੱਚ ਸਾਰਿਆਂ ਵੱਲੋਂ ਸ਼ਮੂਲੀਅਤ ਕਰਨ ਦਾ ਫੈਸਲਾ ਹੋਇਆ। ਭਰਾਤਰੀ ਜਥੇਬੰਦੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ। ਮੀਟਿੰਗ ਵਿੱਚ ਛੇਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਵਿੱਚ ਵਿਦਿਆਰਥੀਆਂ ਦੀ ਪੁਰਾਣੀ ਗਿਣਤੀ ਨੂੰ ਬਰਕਰਾਰ ਰੱਖਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਦੱਸਿਆ ਗਿਆ ਕਿ ਪ੍ਰੀਖਿਆ ਦੀ ਸਿਲੇਬਸ ਕਿਤਾਬਾਂ ਇੱਕ ਅਗੱਸਤ ਨੂੰ ਆ ਜਾਣਗੀਆਂ। ਪ੍ਰੀਖਿਆ ਦੀ ਮਿਤੀ ਕਿਤਾਬਾਂ ਆਉਣ ਤੋਂ ਬਾਅਦ ਤਹਿ ਕੀਤੀ ਜਾਵੇਗੀ । ਜੋਨ ਦੀ ਪਰੀਵਾਰਿਕ ਮਿਲਣੀ ਵਿੱਚ ਸ਼ਮੂਲੀਅਤ ਕਰਨ ਲਈ ਵੀ ਚਰਚਾ ਕੀਤੀ ਗਈ ਤੇ ਪੱਕੀ ਗਿਣਤੀ ਅਗਲੀ ਮੀਟਿੰਗ ਵਿੱਚ ਤਹਿ ਕੀਤੀ ਜਾਵੇਗੀ।ਇਸ ਤੋਂ ਇਲਾਵਾ ਤਰਕਸ਼ੀਲ ਮੈਗਜ਼ੀਨ ਅੰਕ ਜੁਲਾਈ -ਅਗਸਤ ਦੀ ਵੰਡ ਕੀਤੀ ਗਈ । ਮੀਟਿੰਗ ਵਿੱਚ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਘੱਟੋ ਘੱਟ ਇੱਕ ਸਕੂਲ ਦੀ ਪੱਕੇ ਤੌਰ ਤੇ ਚੋਣ ਕੀਤੀ ਜਾਵੇਗੀ, ਜਿਥੇ ਇਕਾਈ ਵੱਲੋਂ ਹਰ ਵਿਸ਼ੇਸ਼ ਦਿਨ ਉਥੇ ਮਨਾਇਆ ਜਾਵੇਗਾ। ਮੀਟਿੰਗ ਵਿੱਚ ਪਲੇਠੇ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਦਾ ਰੀਵਿਊ ਕੀਤਾ ਗਿਆ ਤੇ ਕੈਂਪ ਨੂੰ ਅਤੀ ਲਾਭਦਾਇਕ ਮਹਿਸੂਸ ਕੀਤਾ ਗਿਆ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਗੁਰਦੀਪ ਸਿੰਘ , ਪ੍ਰਗਟ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ,ਮਾਸਟਰ ਰਣਜੀਤ ਸਿੰਘ, ਪ੍ਰਹਿਲਾਦ ਸਿੰਘ, ਕ੍ਰਿਸ਼ਨ ਸਿੰਘ, ਹੇਮ ਰਾਜ ਮੂਨਕ ਨੇ ਸ਼ਮੂਲੀਅਤ ਕੀਤੀ।



## ਪੁਸਤਕ ਸਮੀਖਿਆ

# ਸਮਾਜਿਕ ਸਰੋਕਾਰਾਂ ਦੀ ਪੇਸ਼ਕਾਰੀ ਔੜ 'ਤੇ ਬਰਸਾਤ"



ਪ੍ਰੋਫੈਸਰ ਸੰਧੂ ਵਰਿਆਣਵੀ
98786-14096

ਗੁਰਦੀਪ ਸੈਣੀ ਗ਼ਜ਼ਲ-ਵਿਧਾ ਦਾ ਜਾਣਕਾਰ ਹੈ। ਸਾਹਿਤ ਸਮਾਗਮਾਂ 'ਚ ਅਕਸਰ ਮੁਲਾਕਾਤ ਹੁੰਦੀ ਰਹਿੰਦੀ ਸੀ। ਉਸ ਦਾ ਗ਼ਜ਼ਲ ਪੜ੍ਹਨ ਦਾ ਅੰਦਾਜ਼ ਮੇਰੇ ਮਸਤਕ 'ਚ ਹਮੇਸ਼ਾ ਹੀ ਇਹ ਪ੍ਰਭਾਵ ਸਿਰਜਦਾ ਸੀ ਕਿ ਇਹ ਸ਼ਾਇਰ ਕਿਸ ਦਾ ਸ਼ਾਗਿਰਦ ਹੈ ਜਾਂ ਕਿਸ ਗ਼ਜ਼ਲ ਸਕੂਲ ਨਾ.ਲ ਇਹ ਸੰਬੰਧਿਤ ਹੈ ਜਾਂ ਉਸ ਦੇ ਵਿਚਾਰਾਂ 'ਚ ਪੁਖ਼ਤਗੀ, , ਉਸ ਦੇ ਸ਼ਿਅਰਾਂ ਦੀ ਅਲੌਕਿਕਤਾ ਵੱਲ੍ਹ ਹਮੇਸ਼ਾ ਸੋਧਿਤ ਰਹਿੰਦੀ। ਕਦੇ ਮਿ.ਲ ਬੈਠਣ ਦਾ ਮੌਕਾ ਹੀ ਨਹੀਂ ਮਿ.ਲਿਆ। ਫ਼ਿਰ ਇਕ-ਦੋ ਸਮਾਗਮਾਂ 'ਚ ਸਰਸਰੀ ਗੱਲਬਾਤ ਤੋਂ ਅੱਗੇ ਜਾਨਣ ਦਾ ਮੌਕਾ ਹੀ ਨਹੀਂ ਮਿ.ਲਿਆ। ਅਕਸਰ ਜਗਦੀਸ਼ ਰਾਣਾ, ਜਸਵਿੰਦਰ ਜੱਸੀ ਦੀ ਇਹ ਤਿੱਕੜੀ ਸੰਬਾਦਿਕ ਮਾਹੌਲ ਸਿਰਜਦੀ ਨਜ਼ਰੀਂ ਪੈਂਦੀ। ਇੱਕ ਦਿਨ ਪੁੱਛ ਹੀ ਲਿਆ ਮੈਂ ਜਗਦੀਸ਼ ਰਾਣੇ ਨੂੰ 'ਸੈਣੀ ਸਾਹਿਬ', ਕੌਣ ਨੇ? ਕਿੱਥੇ ਰਹਿੰਦੇ ਨੇ? ਭਾਜੀ ਤੁਸੀਂ ਇਸ ਨੂੰ ਜਾਣਦੇ ਨਹੀਂ, ਇਹ ਬੰਗਿਆਂ ਤੋਂ ਨੇ। ਬਹੁਤ ਅੱਛੇ ਗ਼ਜ਼ਲਗੋ ਨੇ, ਆਪਾਂ ਇਸ ਦਾ ਗ਼ਜ਼ਲ-ਸੰਗ੍ਰਹਿ ਛਪਵਾ ਰਹੇ ਹਾਂ, ਤੁਹਾਥੋਂ ਹੀ ਇਸ ਦਾ ਲੋਕ-ਅਰਪਣ ਕਰਵਾਉਣਾ ਹੈ। ਮੈਨੂੰ ਹੋਰ ਵੀ ਹੈਰਾਨੀ ਹੋਈ ਕਿ ਏਨਾ ਵਧੀਆ ਸ਼ਿਅਰ ਕਹਿਣ ਵਾ.ਲਾ ਗ਼ਜ਼ਲਗੋਅ ਹਾਲੇ ਤੱਕ ਬੇ-ਕਿਤਾਬਾ ਹੀ ਹੈ। ਮੇਰੀ ਹਮੇਸ਼ਾ ਇਹ ਧਾਰਨਾ ਰਹੀ ਹੈ ਕਿ ਇੱਕਾ -ਦੁੱਕਾ ਰਚਨਾਵਾਂ ਨਾ.ਲ ਕਿਸੇ ਵੀ ਸ਼ਾਇਰ ਜਾਂ ਲੇਖਕ ਦੀ ਕਾਵਿ-ਸੰਵੇਦਨਾ, ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਨੂੰ ਜਾਂਚਿਆਂ ਪਰਖਿਆ ਨਹੀਂ ਜਾ ਸਕਦਾ। ਫ਼ਿਰ ਵੀ ਲੰਬਾ ਅਰਸਾ ਬੀਤ ਗਿਆਲ ਇੱਕ ਦਿਨ ਫਿਰ ਰਾਣੇ ਨੂੰ ਫ਼ੋਨ 'ਤੇ ਗੱਲੀਂ-ਬਾਤੀਂ ਪੁੱਛ ਹੀ ਲਿਆ ਕਿ ਤੇਰੇ ਮਿੱਤਰ "ਸੈਣੀ" ਦੇ ਗ਼ਜ਼ਲ-ਸੰਗ੍ਰਹਿ ਦਾ ਲੋਕ -ਅਰਪਣ ਕਦੋਂ ਕਰਨਾ ਹੈ? ਤੇਰਾ ਆਖਾ ਮੈਂ ਮੋੜ ਨਹੀਂ ਸਕਦਾ ਪਰ ਮੇਰੀਆਂ ਕੁਝ ਮਜਬੂਰੀਆਂ ਹੁੰਦੀਆਂ ਹਨ ਕਿ ਕਾਫ਼ੀ ਸਮਾਂ ਪਹਿਲਾਂ ਤੋਂ ਹੀ ਮੇਰਾ ਸ਼ਨੀਵਾਰ ਅਤੇ ਐਤਵਾਰ ਵੱਖ-ਵੱਖ ਸਭਾਵਾਂ ਲਈ ਰਾਖਵਾਂ ਕੀਤਾ ਹੁੰਦਾ ਹੈ। ਉਸ ਦਾ ਫ਼ਿਰ ਓਹੀ ਜਵਾਬ "ਭਾਜੀ! ਪ੍ਰਕਾਸ਼ਕਾਂ ਨੇ ਬਹੁਤ ਤੰਗ ਕੀਤਾ ਹੋਇਆ ਹੈ।" ਮੈਂ ਫ਼ਿਰ ਇਸ ਗੱਲ ਨੂੰ ਮਨੋਂ ਹੀ ਵਿਸਾਰ ਦਿੱਤਾ। ਇੱਕ ਦਿਨ ਅਚਾਨਕ ਰਾਣੇ ਦਾ ਫੋਨ ਆਇਆ 'ਭਾ ਜੀ ਆਪਾਂ 'ਸੈਣੀ' ਦੇ ਗ਼ਜ਼ਲ ਸੰਗ੍ਰਹਿ ਦਾ ਲੋਕ-ਅਰਪਣ ਕਰਨਾ ਹੈ। ਤੁਸੀਂ ਹੋਰ ਕਿਧਰੇ ਨਹੀਂ ਜਾਣਾ। ਚਲੋ ਖ਼ੈਰ ਗੁਰਦੀਪ ਸੈਣੀ ਦੇ ਗ਼ਜ਼ਲ-ਸੰਗ੍ਰਹਿ 'ਔੜ 'ਤੇ ਬਰਸਾਤ' ਨੂੰ ਲੋਕ-ਅਰਪਣ ਕਰਨ ਦਾ ਸੁਭਾਗ ਮੈਨੂੰ ਆਖ਼ਿਰ ਪ੍ਰਾਪਤ ਹੋ ਹੀ ਗਿਆ । ਮੇਰਾ ਉਪਰੋਕਤ ਬਿਰਤਾਂਤ ਏਥੇ ਦੇਣ ਦਾ ਇਹ ਭਾਵ ਹੈ ਕਿ ਪੰਜਾਬੀ ਸ਼ਾਇਰ ਜਾਂ ਲੇਖਕ ਕਿੰਨੀਆਂ ਹੀ ਦੁਸ਼ਵਾਰੀਆਂ ਦਾ ਭਾਰ ਉਠਾ ਕੇ ਆਪਣੀ ਜੁੰਮੇਵਾਰੀ ਸ਼ਿੱਦਤਤਾ ਨਾ.ਲ ਨਿਭਾ ਰਹੇ ਹਨ। ਇਨ੍ਹਾਂ ਅਨੇਕਾਂ ਦੁਸ਼ਵਾਰੀਆਂ ਦਾ ਜ਼ਿਕਰ ਉਸ ਦੇ ਅਨੇਕਾਂ ਸ਼ਿਅਰਾਂ ਵਿਚ ਵੀ ਦੇਖਿਆ ਜਾ ਸਕਦਾ ਹੈ। ਦੋ ਮਿਸਾਲਾਂ ਦੇਖੋ:-

ਫੜਾ ਕੇ ਸੁਖਨਵਰ ਨੂੰ ਖ਼ਿਆਲਾਂ ਦੀ ਉਂਗਲ,
ਗ਼ਜ਼ਲ ਦੀ ਡਗਰ 'ਤੇ ਚਲਾਇਆ ਗ਼ਮਾਂ ਨੇ।

ਜਿਸ ਦੇ ਸਿਤਮ ਦੀ ਗਰਮੀਂ, ਲਿਖਵਾ ਰਹੀ ਏ ਮੈਥੋਂ,
ਵੱਸਦਾ ਰਹੇ ਵਿਚਾਰਾ, ਮੈਨੂੰ ਤਪਾਉਣ ਵਾ.ਲਾ।
ਪੰਨਾ :- 123

ਗ਼ਜ਼ਲਕਾਰ ਨੂੰ ਗ਼ਜ਼ਲ ਦੇ ਸ਼ਿਅਰ ਘੜਨ ਜਾਂ ਕਹਿਣ ਲਈ ਕਰੜੀ ਮੁਸ਼ੱਕਤ ਕਰਨੀ ਪੈਂਦੀ ਹੈ। ਇਹ ਬੰਦਿਸ਼ ਵਾਲਾ ਕਾਵਿ-ਰੂਪ ਹੈ। ਗ਼ਜ਼ਲ ਦੇ ਵਿਧੀ- ਵਿਧਾਨ ਨੂੰ ਅਭਿਆਸ ਰਾਹੀਂ ਸਿੱਖਿਆ ਜਾ ਸਕਦਾ ਹੈ। ਜਿਸ ਸ਼ਾਇਰ ਕੋਲ ਗੁਣ-ਗੁਣਾਉਣ ਦੀ ਕਲਾ ਹੈ, ਉਸ ਲਈ ਇਹ ਵਿਧੀ-ਵਿਧਾਨ ਸਿੱਖਣਾ ਥੋੜਾ ਸੁਖਾਲਾ ਹੋ ਜਾਂਦਾ ਹੈ। ਪੁਸਤਕ ਨੂੰ ਪੜਨ ਉਪਰੰਤ ਪਾਠਕ ਅਜਿਹੇ ਤੱਤਾਂ ਜਾਂ ਨੁਕਤਿਆਂ ਤੋਂ ਭਲੀ- ਭਾਂਤ ਬਾ-ਵਸਤਾ ਹੋ ਜਾਵੇਗਾ ਕਿ 'ਸੈਣੀ ਹੁਰਾਂ' ਦਾ ਕੋਈ ਪੱਕਾ ਗੁਰੂ ਨਹੀਂ ਓਸਦਾ ਗੁਰੂ ਜਾਂ ਉਸਤਾਦ ਉਸਦਾ ਅੰਦਰਲਾ ਆਪਾ ਹੀ ਹੈ ਜਿਸ ਦੀ ਰਾਹ-ਨੁਮਾਈ, ਸਾਦਗੀ, ਦ੍ਰਿੜਤਾ ਅਤੇ ਹੌਸਲਾ ਉਸਦਾ ਆਪਣਾ ਆਪਾ ਹੀ ਕਰਦਾ ਹੈ। ਇਸ ਪ੍ਰਸੰਗ 'ਚ ਉਸ ਦੇ ਇਹ ਸ਼ਿਅਰ ਦੇਖੇ ਜਾ ਸਕਦੇ ਹਨ;-

ਜ਼ਮਾਨੇ ਨੇ ਕਦ ਉਹ ਡੁਬੋਏ ਨਹੀਂ।
ਇਰਾਦੇ ਜਿਨ੍ਹਾਂ ਦੇ ਨਰੋਏ ਨਹੀਂ।
ਤੇਰਾ ਇਸ਼ਕ਼ ਤੇਰੇ ਲਈ ਭਾਰ ਹੈ,
ਜੇ ਤੂੰ ਹੁਸਨ ਦੇ ਨਾਜ਼ ਢੋਏ ਨਹੀਂ।
(ਪੰਨਾ-23)

ਗ਼ਜ਼ਲ - ਸੰਗ੍ਰਹਿ ਦਾ ਸਰਵਰਕ ਬੰਜਰ ਧਰਤ 'ਚ ਪਈਆਂ ਦਰਾੜਾਂ ਅਤੇ ਕਿਤੇ-ਕਿਤੇ ਬਰਸਾਤ ਦੀਆਂ ਕਣੀਆਂ ਇਨ੍ਹਾਂ ਦਰਾੜਾਂ ਨੂੰ ਭਰਨ ਦੇ ਲਈ ਯਤਨਸ਼ੀਲ ਹਨ। ਇਹ ਕਾਵਿਕ-ਬਿਰਤਾਂਤ ਸਿਰਜਦਿਆਂ ਔੜ ਅਤੇ ਬਰਸਾਤ ਸ਼ਬਦਾਂ ਨੂੰ 'ਸੈਣੀ' ਹੁਰਾਂ ਨੇ ਆਪਣੇ ਸ਼ਿਅਰਾਂ ਵਿੱਚ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ । 'ਔੜ' ਨੂੰ ਸਧਾਰਨ ਸ਼ਬਦਾਂ ਵਿੱਚ ਪਾਣੀ ਦੀ ਤੋਟ ਦੇ ਵੱਜੋਂ ਲਿਆ ਜਾਂਦਾ ਹੈ ਜੋ 'ਵਿਨਾਸ਼' ਦਾ ਪ੍ਰਤੀਕ ਹੈ। ਪਾਣੀ ਤੋਂ ਬਗ਼ੈਰ ਪ੍ਰਕਿਰਤੀ ਦਾ ਵਿਗਸਣਾ-ਮੌਲਣਾ ਅਸੰਭਵ ਹੈ। ਇਸ ਪ੍ਰਕਾਰ 'ਬਰਸਾਤ' ਦਾ ਅਰਥ ਪਾਣੀ ਦਾ ਵਰਸਣਾ ਪ੍ਰਫੁਲਤਾ ਅਤੇ ਬਹੁਲਤਾ ਦਾ ਸੰਕੇਤ ਹੈ। ਪਾਣੀ ਦਾ ਮਨੁੱਖੀ ਜ਼ਿੰਦਗੀ ਨਾਲ ਅਨਿੱਖੜਵਾਂ ਰਿਸ਼ਤਾ ਹੈ। ਪਾਣੀ ਦਾ ਖ਼ੁਸ਼ਹਾਲੀ ਨਾ.ਲ ਗਹਿਰਾ ਸੰਬੰਧ ਹੈ। ਇਸ ਗ਼ਜ਼ਲ ਸੰਗ੍ਰਹਿ ਦਾ ਨਾਂ " ਔੜ 'ਤੇ ਬਰਸਾਤ" ਹੈ। ਪ੍ਰਕਿਰਤੀ ਦਾ ਮਨੁੱਖੀ ਜੀਵਨ ਨਾਲ ਸਿੱਧਾ ਸੰਬੰਧ ਹੈ, ਉਥੇ ਹੀ ਮਨੁੱਖੀ ਸਮਾਜ ਵਿੱਚ ਰਿਸ਼ਤਿਆਂ ਦਾ ਇਕ ਵੰਨ-ਸੁਵੰਨਾ ਸੰਸਾਰ ਹੈ। ਮਨੁੱਖੀ ਸਮਾਜ, ਅਨੁੱਖੀ ਕਦਰਾਂ-ਕੀਮਤਾਂ 'ਤੇ ਟਿਕਿਆ ਹੁੰਦਾ ਹੈ ਜਿਸ ਵਿੱਚ ਪ੍ਰਸਪਰ ਮੋਹ-ਪਿਆਰ, ਮਿਲਵਰਤਨ, ਦੁੱਖਾਂ- ਸੁੱਖਾਂ ਦੇ ਸਾਂਝੀਵਾਲ ਬਣਨ ਦੀ ਮਾਨਸਿਕ ਭੁੱਖ ਹੁੰਦੀ ਹੈ। ਇਨ੍ਹਾਂ ਵਿਚਾਰਾਂ ਦੀ ਰੌਸ਼ਨੀ 'ਚ ਜਦੋਂ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਕ ਅਤੇ ਸੱਭਿਆਚਾਰਕ ਵਰਤਾਰਿਆਂ ਨੂੰ ਸ਼ਾਇਰੀ ਜਾਂ ਕਿਸੇ ਸਾਹਿੱਤਕ ਰੂਪ ਵਿੱਚ ਮਨੁੱਖੀ ਵੇਦਨਾ ਨੂੰ ਸੰਵੇਦਨਾ 'ਚ ਰਚਣਹਾਰੇ ਵੱਲੋਂ ਹਮਦਰਦੀ ਵੱਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਤਾਂ ਇਸ ਵਿੱਚ ਸਾਹਿੱਤਕ ਮੱਸ ਦਾ ਰਲੇਵਾਂ ਹੋ ਜਾਂਦਾ ਹੈ।

ਕਵਿਤਾ ਵਿੱਚ ਵਰਤੇ ਗਏ ਸ਼ਬਦ ਜਦੋ ਸ਼ਾਇਰ ਦੇ ਦ੍ਰਿਸ਼ਟੀਕੋਨ ਨੂੰ ਟੇਢ ਨਾਲ ਜਾਂ ਸੈਨਤ ਨਾਲ ਸਮਝਣ, ਨਿਰਖਣ ਅਤੇ ਪਰਖਣ ਦੀ ਬਿਰਤੀ ਨੂੰ ਉਤੇਜਿਤ ਕਰਨ, ਤਾਂ ਹੀ ਫਿਰ ਉਹ ਸ਼ਬਦ, ਵਾਕਾਂ / ਸ਼ਿਅਰ 'ਚ ਤਬਦੀਲ ਹੋ ਸਾਹਿੱਤਕ ਰਚਨਾ ਅਖਵਾਉਣ ਦੇ ਕਾਬਲ ਬਣਦੇ ਹਨ। ਇਸ ਪੁਸਤਕ ਦਾ ਸਮਰਪਣ ਭਾਵ ਇਹ ਦਰਸਾਉਂਦਾ ਹੈ ਕਿ ਸ਼ਾਇਰੀ ਉਸ ਨੂੰ ਵਿਰਾਸਤ 'ਚ ਮਿਲੀ ਹੈ। ਉਸਦੇ ਪਿਤਾ ਸਵ: ਸ. ਹਰਭਜਨ ਸਿੰਘ ਜਿੱਥੇ ਇੱਕ ਕਾਬਿਲ ਬੈਂਕ ਮੈਨੇਜਰ ਸਨ, ਉੱਥੇ ਉਹ ਇੱਕ ਉੱਚ - ਕੋਟੀ ਦੇ ਸ਼ਾਇਰ ਵੀ ਸਨ।

ਸਾਹਿਰ ਲੁਧਿਆਣਵੀ ਦਾ ਹੇਠਲਾ ਸ਼ਿਅਰ ਹਰ ਗ਼ਜ਼ਲਗੋਅ ਦੀ ਗ਼ਜ਼ਲਗੋਈ ਦੇ ਸੰਬੰਧ ਵਿੱਚ ਲਿਖਿਆ ਗਿਆ ਹੈ ਕਿ ਹਰੇਕ ਰਚਣਹਾਰਾ, ਉਹੀ ਕੁੱਝ ਆਪਣੇ ਪਾਠਕਾਂ ਦੀ ਝੋਲੀ ਪਾਉਂਦਾ ਹੈ ਜੋ ਜ਼ਮਾਨੇ ਨੇ ਸੌਗਾਤ ਵਜੋਂ ਉਸਨੂੰ ਸੌਂਪਿਆ ਹੈ, ਇਸ ਵਿੱਚ ਉਸਨੇ ਸਿਰਫ ਆਪਣੇ ਅਨੁਭਵ ਦੀ ਸ਼ਿੱਦਤ ਨੂੰ ਹੀ ਸ਼ਾਮਿਲ ਕੀਤਾ ਹੈ:-

"ਦੁਨੀਆਂ ਨੇ ਤਜੁਰਬਾਤ ਓ ਹਵਾਦਿਸ਼ ਕੀ ਸ਼ਕਲ ਮੇਂ,
ਜੋ ਕੁਛ ਮੁਝੇ ਦੀਆ ਹੈ, ਵੋ ਲੌਟਾ ਰਹਾਂ ਹੂੰ ਮੈਂ।"

ਗੁਰਦੀਪ ਸੈਣੀ ਦੀਆਂ ਗ਼ਜ਼ਲਾਂ ਪੜ੍ਹਦਿਆਂ ਵੀ ਪਾਠਕ ਇਉਂ ਹੀ ਮਹਿਸੂਸ ਕਰੇਗਾ । ਸਮਾਜ ਅਤੇ ਮਨੁੱਖ ਦਾ ਦਵੰਦਾਤਮਕ ਰਿਸ਼ਤਾ ਹੀ ਕੁਝ ਕਬੂਲਣ ਅਤੇ ਕੁੱਝ ਦੇਣ ਦੀ ਪ੍ਰਕਿਰਿਆ ਥੀਂ ਗੁਜ਼ਰਦਾ ਹੈ। ਮੈਂ ਆਪਣੀ ਬਾਤ ਛੋਹਣ ਤੋਂ ਪਹਿਲਾਂ ਉਸਦੇ ਦੋ ਸ਼ਿਅਰ ਪਾਠਕਾਂ ਦੀ ਨਜ਼ਰ ਕਰਨਾ ਚਾਹੁੰਦਾ ਹਾਂ ਜੋ ਉਸਦੀ ਸ਼ਾਇਰੀ ਨੂੰ ਬਾਰੀਕ ਸਮਝ ਨਾ.ਲ ਸਮਝਣ ਲਈ ਸਹਾਇਕ ਸਿੱਧ ਹੋ ਸਕਦੇ ਹਨ:-




ਹਰ ਤਜੁਰਬੇ ਨੂੰ ਜਦੋਂ ਸ਼ਬਦਾਂ 'ਚ ਪਾ ਕੇ ਤੋਲਿਆ।
ਸ਼ਾਇਰੀ ਹੁੰਦਾ ਗਿਆ ਮੈਂ ਜ਼ਿੰਦਗੀ ਤੋਂ ਜੋ ਲਿਆ।
ਦਰਦ ਲੋਕਾਂ ਦਾ ਵੀ ਆਪਣੇ ਦਰਦ ਵਿੱਚ ਸੰਜੋ ਲਿਆ।
ਮੈਂ ਤੇਰੇ ਗ਼ਮ ਵਿੱਚ ਕਵੀ ਹੋਣਾ ਸੀ ਆਖ਼ਰ ਹੋ ਲਿਆ।
(ਪੰਨਾ-124)

ਇਹ ਇਕ 'ਗ਼ਜ਼ਲ ਦੇ ਦੋ ਸ਼ਿਅਰ ਹਨ। ਪਹਿਲਾ ਮਤਲਾਅ ਅਤੇ ਦੂਸਰਾ ਮਤਲਾਅ ਸਾਨੀ। ਦੋਹਾਂ ਮਤਲਿਆਂ ਵਿੱਚ ਸਾਂਝ ਹੈ ਅਨੁਭਵ ਦੀ ਅਤੇ ਅਭਿ-ਵਿਅਕਤੀ ਦੀ। ਇਸ ਨੂੰ ਪਾਠਕ ਅਨੁਭਵ ਨੂੰ ਪੇਸ਼ਕਾਰੀ ਦੇ ਆਪਸੀ ਅੰਤਰ - ਸੰਬੰਧਿਤਾਂ ਰਾਹੀਂ ਵੀ ਸਮਝ ਸਕਦਾ ਹੈ ਜਾਂ ਫਿਰ ਸਮਝਾ ਸਕਦਾ ਹੈ। ਮੈਂ ਇਸ ਨੂੰ ਇਸੇ ਜਾਂਵੀਏ ਦੇ ਅਧੀਨ ਗੁਰਦੀਪ 'ਸੈਣੀ' ਦੇ ਗ਼ਜ਼ਲ-ਸੰਗ੍ਰਹਿ " ਔੜ 'ਤੇ ਬਰਬਾਤ" ਨੂੰ ਮਹਿਸੂਸਣ, ਸਮਝਣ ਅਤੇ ਨਿਰਖਣ ਦਾ ਕਾਰਜ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਗ਼ਜ਼ਲ ਦੇ ਸ਼ਿਅਰਾਂ ਨੂੰ ਪਰਖਣ ਦੀ ਰਿੰਦਾਨਾ, ਆਸ਼ਿਕਾਨਾ, ਸੂਫ਼ੀਆਨਾ ਅਤੇ ਫਲਸਫ਼ਾਨਾ ਵਿਸ਼ਿਆਂ ਨੂੰ ਅੰਦਾਜ਼-ਏ ਬਿਆਨ ਦੀ ਕਸੌਟੀ 'ਤੇ ਨਿਰਖਿਆ -ਪਰਖਿਆ ਜਾਂਦਾ ਹੈ । ਇਥੇ ਵਰਨਣ ਯੋਗ ਹੈ ਕਿ ਹਰ ਰਚਨਹਾਰਾ ਸਾਮਿਅਕ ਵਰਤਾਰਿਆਂ ਨੂੰ ਸ਼ਿਆਰੀਅਤ ਰਾਹੀਂ ਪੇਸ਼ ਕਰਦਾ ਹੈ ਜਾਂ ਫਿਰ ਉਸਦਾ ਨਜ਼ਰੀਆ ਸਿਰਫ ਸ਼ਬਦਾਂ ਨੂੰ ਥਾਂ ਸਿਰ ਬਹਿਰ- ਵਜ਼ਨ ਦੀ ਲੋੜ ਨੂੰ ਪੂਰਿਆਂ ਕਰਨ ਤਕ ਹੀ ਸੀਮਤ ਹੈ। ਮੇਰਾ ਮੰਨਣਾ ਹੈ ਕਿ ਗੁਰਦੀਪ ਸੈਣੀ ਦੀਆਂ 95 ਗਜ਼ਲਾਂ ' ਚ ਸ਼ਿਅਰੀਅਤ ਵੀ ਹੈ ਅਤੇ ਸੰਗੀਤ ਵੀ ਹੈ। ਹੇਠਲੇ ਸ਼ਿਅਰ ਰਾਹੀਂ ਸੰਬਾਦਕ ਵਾਰਤਾ ਦਾ ਆਗਾਜ਼ ਕਰਦਾ ਹਾਂ;-

ਇਰਾਦਾ ਕਰ ਲਿਆ ਹੋਵੇ ਬਗ਼ਾਵਤ ਦਾ ਅਗਰ ਦਿਲ ਵਿਚ,
ਗ਼ੁਲਾਮੀ 'ਚੋਂ ਬਸ਼ਰ ਕੋਈ ਕਿਵੇਂ ਉੱਭਰ ਨਹੀਂ ਸਕਦਾ?
(ਪੰਨਾ-30)

ਇਸ ਸ਼ਿਅਰ ਵਿੱਚ ਸ਼ਾਇਰ ਦਾ ਮੰਨਣਾ ਹੈ ਕਿ ਮਨੁੱਖ ਨੂੰ ਸਭ ਤੋਂ ਪਹਿਲਾਂ ਉਸਨੂੰ ਹਕੀਕਤ ਦੇ ਦਰ 'ਤੇ ਖੜ੍ਹਾ ਕਰਕੇ ਸਾਮਿਅਕ ਕਰੂਰ ਪ੍ਰਸਥਿਤੀਆਂ ਦੇ ਰੂ-ਬ-ਰੂ ਹੈ। ਜਦੋਂ ਮਨੁੱਖ ਨੂੰ ਆਪਣੀ ਅੰਦਰੂਨੀ ਪੀੜ ਦਾ ਇਲਹਾਮ ਹੋ ਜਾਂਦਾ ਹੈ ਤਾਂ ਫਿਰ ਉਹ ਆਪਣੇ- ਆਪ ਨੂੰ ਉਸ ਵਿਕਟ ਪ੍ਰਸਥਿਤੀ( ਗ਼ੁਲਾਮੀ) ਤੋਂ ਛੁਟਕਾਰਾ ਪਾਉਣ ਲਈ ਦ੍ਰਿੜ-ਇਰਾਦੇ ਨਾਲ ਆਪਣੀ ਮੁਕਤੀ ਦਾ ਰਸਤਾ ਤਲਾਸ਼ਣ ਵੱਲ੍ਹ ਆਪਣੇ ਕਦਮ ਅਗੇਰੇ ਪੁੱਟਣ ਦਾ ਸਾਹਸ ਜੁਟਾਉਂਦਾ ਹੈ। ਫਿਰ ਉਸ ਨੂੰ ਮੰਜ਼ਿਲ 'ਤੇ ਪਹੁੰਚਣ ਤੋਂ ਕੋਈ ਅੜਚਣ ਜਾਂ ਰੁਕਾਵਟ ਰੋਕ ਨਹੀਂ ਸਕਦੀ। ਇਸੇ ਤਰ੍ਹਾਂ ਅਜਿਹਾ ਕਿਰਦਾਰ ਫਿਰ ਬਿਗਾਨਿਆਂ ਪਰਾਂ 'ਤੇ ਨਹੀਂ ਉੱਡਦਾ, ਸਗੋਂ ਆਪਣੇ ਪਰਾਂ 'ਤੇ ਉਡਾਰੀ ( ਪਰਵਾਜ਼ ) ਭਰਨ ਦੀ ਤੌਫ਼ੀਕ ਪੈਦਾ ਕਰਦਾ ਹੈ:-

ਮੈਂ ਬੇਗਾਨੀ ਆਸ ' ਤੇ ਤੁਰਦਾ ਨਹੀਂ। ਜਾਗਦਾ ਕਿਰਦਾਰ ਹਾਂ ਮੁਰਦਾ ਨਹੀਂ (ਪੰਨਾ-31)

ਉਪਰੋਕਤ ਅਹਿਸਾਸ ਦਾ ਉਪਜਣਾ ਸਹਿਜ ਕਾਰਜ ਨਹੀਂ ਸਗੋਂ ਇਸ ਸਥਿਤੀ ਪਿੱਛੇ ਕੋਈ ਗੁੱਝੀ ਚੋਟ ਜਾਂ ਪੀੜ ਦਾ ਅਹਿਸਾਸ ਹੀ ਕਾਰਜ ਕਰਦਾ ਹੈ ਜੋ ਆਰ- ਪਾਰ ਦੀ ਲੜਾਈ ਲਈ ਉਕਸਾਉਂਦਾ ਹੈ। ਹੇਠਲਾ ਸ਼ਿਅਰ ਵਧੇਰੇ ਪ੍ਰਸੰਗਿਕ ਰਹੇਗਾ:-

ਵਲਵਲਾ ਉੱਠਦਾ ਹੈ ਗੁੱਝੀ ਚੋਟ ' ਚੋਂ,
ਸ਼ਿਅਰ ਮੈਨੂੰ ਬੇਵਜ਼ਾ ਫੁਰਦਾ ਨਹੀਂ। (ਪੰਨਾ-37

ਇਸ ਸ਼ਿਅਰ ਵਿਚਲੇ 'ਵਲਵਲਾ', 'ਗੁੱਝੀ ਚੋਟ', 'ਸ਼ਿਅਰ 'ਬੇਵਜ਼ਾ' ਅਤੇ 'ਫੁਰਦਾ' ਸ਼ਬਦ ਮਨੁੱਖ ਦੇ ਆਂਤਰਿਕ ਬਿਰਤਾਂਤ ਨੂੰ ਇੰਝ ਸਿਰਜਦੇ ਹਨ ਜਿਵੇਂ ਉਹ ਵਲਵਲਿਆਂ, ਅਹਿਸਾਸਾਂ, ਆਂਤਰਿਕ- ਪੀੜਾਵਾਂ ਦੇ ਦਰਦਮਈ ਅਹਿਆਸ ਦੀ ਮੰਜ਼ਰ-ਕਸ਼ੀ ਕਰਦੇ ਹੋਣ । ਰਾਜਨੀਤਕ ਪੰਡਿਤ ਇਸੇ ਲਈ ਤਾਂ ਕਹਿੰਦੇ ਹਨ ਕਿ ਮਨੁੱਖ ਦੇ ਅੰਦਰ ਨੂੰ ਛੇੜ ਦਿਓ, ਬਾਹਰ ਜੰਗ ਆਪਣੇ-ਆਪ ਭੜਕ ਉੱਠੇਗੀ। ਸ਼ਾਇਰੀ ਇਹੀ ਆਪਣਾ ਫਰਜ਼ ਅਦਾ ਕਰਦੀ ਹੈ। ਰਾਜ- ਸੱਤਾ ਦੇ ਅਸਲੀ ਕਿਰਦਾਰ ਨੂੰ ਨੰਗਿਆਂ ਕਰਦੀ ਹੈ ਲਇਹ ਸ਼ਿਅਰ ਪਾਠਕਾਂ ਦੀ ਨਜ਼ਰ ਕਰਨਾ ਮੇਰੀ ਜਾਚੇ ਬਿਹਤਰ ਰਹੇਗਾ:-

ਰਜਾਏ ਤੇਰੇ ਦਰ ਤੇ ਰੱਜੇ ਸੀ ਜੋ,
ਫ਼ਕੀਰਾਂ ਦੇ ਖਾਲੀ ਹੀ ਕਾਸੇ ਰਹੇ। (ਪੰਨਾ-107)

ਮੌਜੂਦਾ ਭਾਰਤੀ ਰਾਜਨੀਤਕ-ਵਿਵਸਥਾ, ਜਿਸ ਵਿੱਚ ਅਮੀਰ ਹੋਰ ਅਮੀਰ ਹੋ ਰਹੇ ਹਨ, ਗ਼ਰੀਬ ਹੋਰ ਗ਼ਰੀਬ ਹੋ ਰਹੇ ਹਨ। 'ਵਿਕਸਿਤ ਅਤੇ ਵਿਗਿਆਨਕ ਨਾਅਰੇ ਦਾ ਸੰਕਲਪ' ਉਪਰੋਕਤ ਸ਼ਿਅਰ ਦੇ ਅੱਗੇ ਫਿੱਕਾ - ਫਿੱਕਾ ਜਾਪਦਾ ਹੈ। ਇਹੀ ਰਾਜਨੀਤਕ ਔੜ ਹੈ ਜੋ ਵਿਨਾਸ਼ ਦੇ ਰਾਹ 'ਤੇ ਮਨੁੱਖਤਾ ਨੂੰ ਤੋਰ ਰਹੀ ਹੈ। ਦੰਗਿਆਂ ਦਾ ਮੰਜ਼ਰ ਇਸ ਸ਼ਿਅਰ ਰਾਹੀਂ ਦੇਖਿਆ ਜਾ ਸਕਦਾ ਹੈ;-

ਘਰੌਂਦੇ ਆਪਣੇ ਏਹਨਾਂ ਬਣਾਏ ਨੇ ਵਿਦੇਸ਼ਾਂ ਵਿੱਚ,
ਸਿਆਸੀ ਲੋਕ ਦੰਗੇ ਤਾਂ ਨਹੀਂ ਭੜਕਾਉਣ ਤੋਂ ਡਰਦੇ।
(ਪੰਨ 127

ਗੁਰਦੀਪ ਸੈਣੀ' ਆਪਣੀਆਂ ਗ਼ਜ਼ਲਾਂ ਵਿੱਚ ਅਗਲੀ ਔੜ ਦਾ ਜ਼ਿਕਰ ਕਰਦਿਆਂ ਅਖੌਤੀ ਧਾਰਮਿਕਤਾ ਦੇ ਪਾਜ ਉਘਾੜਦਾ ਹੈ। ਧਰਮ ਅਨੁਸਾਰ ਮਨੁੱਖਾਂ ਨੂੰ ਮਨੁੱਖ ਸਮਝਣਾ, ਕਿਰਤ ਕਰਨਾ, ਦੀਨ - ਦੁਖੀਆਂ ਦੀ ਮੱਦਦ ਕਰਨਾ ਆਦਿ ਗੁਣਾਂ ਦੀ ਵਿਆਖਿਆਂ ਕਰਦਿਆਂ ਮਨੁੱਖ ਨੂੰ ਇਨਸਾਨੀਅਤ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦਾ ਹੈ, ਪ੍ਰੰਤੂ ਅਜੋਕੇ ਪਦਾਰਥਕ ਯੁੱਗ ਦੀ ਬਿਰਤੀ ਦਾ ਅਨੁਸਰਨ ਕਰਦਿਆਂ 'ਧਰਮ' ਵੀ ਵਪਾਰਕ ਹੋ ਗਿਆ ਹੈ। ਅਲਫ੍ਰੈਡ ਨੋਬਲ ਕਹਿੰਦਾ ਹੈ, "ਖੇਤੀ- ਬਾੜੀ ਤੋਂ ਬਾਅਦ ਪਾਖੰਡ ਸਾਡੇ ਯੁੱਗ ਦਾ ਸਭ ਤੋਂ ਵੱਡਾ ਧੰਦਾ ਹੈ।" ਪਾਖੰਡ ਦਾ ਅਖੌਤੀ ਧਰਮ ਨਾਲ ਗਹਿਰਾ ਸੰਬੰਧ ਹੈ। ਪਾਖੰਡ, ਅੰਧ- ਵਿਸ਼ਵਾਸ ਤੂੰ ਜਨਮਦਾ ਹੈ, ਅੰਧਵਿਸ਼ਵਾਸ ਅਗਿਆਨਤਾ ਵੱਲ ਧੱਕਦਾ ਹੈ ਜਿੱਥੇ ਤਰਕ ਕੋਈ ਅਰਥ ਨਹੀਂ ਰੱਖਦਾ। ਗੁਰਦੀਪ 'ਸੈਣੀ' ਦੀਆਂ ਗ਼ਜ਼ਲਾਂ ਦੇ ਹੇਠਲੇ ਸ਼ਿਅਰ, ਉਸ ਦੀ ਜਾਗਰੂਕਤਾ ਦੀ ਸ਼ਾਅਦੀ ਭਰਦੇ ਹਨ:-

ਜੇ ਪਾਖੰਡੀ ਤੇਰੇ ਆ.ਲ ਦੁਆ.ਲੇ ਨੇ।
ਤੇਰੀ ਭਾਗਤੀ ਵਿਚ ਵੀ ਘਾ.ਲੇ-ਮਾ.ਲੇ ਨੇ। (ਪੰਨਾ-109)
ਮੈਂ ਕਰਦਾ ਹਾਂ ਗੁਰਬਤ, ਲੰਗਾਰਾਂ ਦੇ ਚਰਚੇ।
ਤੇ ਉਹ ਮੰਦਿਰਾਂ ਜਾਂ ਮਜ਼ਾਰਾਂ ਦੇ ਚਰਚੇ।
(ਪੰਨਾ-93)
ਕਿਉਂ ਤੁਹਾਡਾ ਵੈਰ ਦੱਸੋ ਦੇਸ਼ ਦੇ ਦੰਗਾਈਓ!
ਮਸਜਿਦਾਂ, ਗਿਰਜੇ, ਗੁਰੂ ਘਰ, ਮੰਦਰਾਂ ਦੇ ਨਾ.ਲ ਹੈ।
(ਪੰਨਾ-83)

ਅੰਧ-ਵਿਸ਼ਵਾਸ, ਅਗਿਆਨਤਾ, ਸ਼ਰਧਾ ਦੇ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰਦਿਆਂ ਉਹ ਤਰਕ, ਵਿਸ਼ਵਾਸ, ਦ੍ਰਿੜਤਾ, ਸਬਰ, ਸੰਤੋਖ, ਦਾ ਪੱਲਾ ਫੜਨ ਲਈ 'ਜੁਗਨੂੰਆਂ' (ਭਾਵ ਰੌਸ਼ਨੀ ਦੇਣ ਵਾਲਿਆਂ) ਦੀ ਸੰਗਤ ਕਰ ਹਨੇਰਿਆਂ ਦੇ ਖ਼ਿਲਾਫ਼ ਡਟਣ ਦਾ ਹੋਕਾ ਦਿੰਦਾ ਹੈ :-

ਲੈ ਸਬਕ "ਸੈਣੀ" ਤੂੰ ਇਹਨਾਂ ਜੁਗਨੂੰਆਂ ਤੋਂ,
'ਨ੍ਹੇਰਿਆਂ ਵਿੱਚ ਦੇ ਸੁਨੇਹਾ ਰੌਸ਼ਨੀ ਦਾ।
(ਪੰਨਾ-87

ਵਿਅੰਗ ਗ਼ਜ਼ਲ ਦਾ ਮੀਰੀ ਗੁਣ ਮੰਨਿਆ ਜਾਂਦਾ ਹੈ। ਵਿਅੰਗ ਨੂੰ ਹਿੰਦੀ 'ਚ ਕਟਾਖ਼ਸ ਅਤੇ ਅੰਗਰੇਜ਼ੀ ਵਾਲੇ ਸੈਟਾਇਰ (Saitre) ਕਹਿੰਦੇ ਹਨ, ਉਰਦੂ ਵਾਲੇ ਤਨਜ਼ ਕਹਿੰਦੇ ਹਨ। ਤਨਜ਼ ਦਾ ਮੁੱਖ , ਉਦੇਸ਼ ਸੁਧਾਰਤਾਮਕ ਹੁੰਦਾ ਹੈ, ਸਾਹਿਤ ਵਿੱਚ ਜੇ ਸੁਧਾਰਵਾਦੀ ਦ੍ਰਿਸ਼ਟੀ ਤੋਂ ਪ੍ਰਚਾਰਕ ਸਪੱਸ਼ਟ, ਸਿੱਧਾ, ਤਰਕਹੀਣ, ਸੰਦੇਹ-ਪੂਰਕ ਤੱਥ ਪੇਸ਼ ਕਰਦਾ ਹੈ ਤਾਂ ਉਹ 'ਨਿੰਦਕ' ਦੀ ਸ਼੍ਰੇਣੀ ਵਿੱਚ ਆ ਜਾਂਦਾ ਹੈ।

ਇਸ ਦੇ ਉਲਟ ਜਦੋਂ ਵਿਅੰਗਾਤਮਕ ਲੇਖਕ ਕਿਸੇ ਕਲਾ ਜਾਂ ਕਲਾਕਾਰ ਦੀ ਵਿਅੰਗਾਤਮਕ ਆਲੋਚਨਾ ਕਰਦਾ ਹੈ, ਉਸਦੀ ਰੁਚੀ ਬੌਧਿਕ ਵਿਸ਼ਲੇਸ਼ਣ ਦੀ ਥਾਵੇਂ ਗੁੱਝੀਆਂ ਸੱਟਾਂ ਮਾਰਨ ਦੀ ਜਿਆਦਾ ਹੁੰਦੀ ਹੈ। ਵਿਅੰਗਾਤਮਕ ਲੇਖਕ ਤਨਜ਼ ਰਾਹੀਂ ਸਿੱਧੇ ਹਮਲੇ ਕਰਨ ਦੀ ਥਾਵੇਂ ਉਹ ਆਪਣੇ ਆਦਰਸ਼ਕ ਪਾਤਰਾਂ ਰਾਹੀਂ ਜਾਂ ਆਦਰਸ਼ਕ ਵਿਚਾਰਧਾਰਾਈ ਤੱਤਾਂ ਨੂੰ ਮੱਦ- ਏ- ਨਜ਼ਰ ਰੱਖਦਿਆਂ, ਪ੍ਰਾਪਤ ਯਥਾਰਥਕ ਪ੍ਰਸਤਿਥੀਆਂ ਦਾ ਮੁਲਾਕਣ ਕਰਦਾ ਹੈ। ਤਨਜ਼ ਦਰ-ਅਸਲ ਉੱਚੇ ਪੱਧਰ ਦੀ ਸਾਹਿੱਤਕ ਅਤੇ ਕਲਾਤਮਕ ਪ੍ਰਬੀਨਤਾ ਦਾ ਸੂਚਕ ਹੈ। ਜਿਉਂ - ਜਿਉ ਲੇਖਕ ਦੀ ਬੌਧਿਕਤਾ ਦਾ ਵਿਕਾਸ ਹੁੰਦਾ ਹੈ ਤਨਜ਼ ਸਾਹਿੱਤ ਦੇ ਉਜਾਗਰ ਹੋਣ ਦੀ ਸੰਭਾਵਨਾ ਵਧੇਰੇ ਪ੍ਰਬਲ ਹੋ ਜਾਂਦੀ ਹੈ। ਜਦੋਂ ਕੋਈ ਲੇਖਕ/ਕਵੀ ਤਨਜ਼ ਨੂੰ ਖੰਡ ਲਬੇੜੀ ਕੁਨੀਨ ਵਾਂਗ ਆਪਣੀ ਰਚਨਾ 'ਚ ਪ੍ਰਯੋਗ ਕਰਦਾ ਹੈ ਤਾਂ ਉਹ ਸਾਹਿਤਕ ਰਚਨਾ ਉਤਮ ਹੋ ਜਾਂਦੀ ਹੈ। ਜਦੋਂ ਮੈਂ ਇਸ ਦ੍ਰਿਸ਼ਟੀ ਤੋਂ ਗੁਰਦੀਪ ਸੈਣੀ ਦੀਆਂ ਗ਼ਜ਼ਲਾਂ ਨੂੰ ਦੇਖਦਾ ਹਾਂ ਤਾਂ ਉਸਦੇ ਸ਼ਿਅਰਾਂ 'ਚ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਅਤੇ ਸੱਭਿਆਚਾਰਕ ਵਰਤਾਰਿਆਂ, ਪ੍ਰਸਤਿਥੀਆਂ, ਕਥਨਾਂ 'ਚ ਵਿਅੰਗਾਤਮਕਤਾ ਦਾ ਪ੍ਰਯੋਗ ਵਧੇਰੇ ਪ੍ਰਬਲ ਰੂਪ 'ਚ ਮੈਨੂੰ ਦਿਖਾਈ ਦਿੰਦਾ ਹੈ।ਸਮਾਜਿਕ ਜੀਵਨ ਵਿੱਚ ਮਨੁੱਖ ਦਾ ਕਿਰਦਾਰ ਨਿੱਜੀ ਵੀ ਹੈ ਅਤੇ ਸਮੂਹਕ ਵੀ । ਨਿੱਜੀ ਖ਼ਾਹਿਸ਼ਾਂ, ਮਨੁੱਖਾਂ ਦੇ ਸੰਬੰਧਾਂ ( ਰਿਸ਼ਤਿਆਂ ) 'ਚ ਚਾਹਤ ਹਮੇਸ਼ਾ ਪ੍ਰਬਲ ਰਹਿੰਦੀ ਹੈ। ਇਸ਼ਕ ਦੇ ਮੁਆਮਲੇ 'ਚ ਆਮ ਕਿਹਾ ਜਾਂਦਾ ਹੈ ਕਿ ਇਹ ਘਾਟੇ ਵਾਲਾ ਸੌਦਾ ਹੈ।ਅਸਲੀਅਤ ਇਹ ਹੈ ਕਿ ਇਸ਼ਕ ਕੋਈ ਵਣਜ ਨਹੀਂ ਹੈ:-

ਇਸ਼ਕ ਵਿਚ ਪਹਿਲਾਂ ਕਰਾਏ ਸਨ ਖ਼ਸਾਰੇ ਰੱਜ ਕੇ ਮੈਂ,
ਤਾਂ ਕਿਤੇ ਦਿਲ ਨੇ ਮੇਰੇ ਖ਼ੁਸ਼ੀਆਂ ਦਾ ਡੇਰਾ ਵੇਖਿਆ ਸੀ।
(ਪੰਨਾ-88)

ਸਰਕਾਰਾਂ ਵੱਲੋਂ ਮਿਲੇ ਲੇਖਕਾਂ/ ਕਵੀਆਂ ਨੂੰ ਸਨਮਾਨਾਂ ਦੇ ਸੰਬੰਧ 'ਚ ਇਹ ਸ਼ਿਅਰ ਵਿਚਾਰਨਯੋਗ ਵੀ ਹੈ ਅਤੇ ਢੁੱਕਵਾਂ ਵੀ ਹੈ :-

ਮਿ.ਲ ਗਿਐ ਆਖ਼ਰ ਉਨੂੰ ਸਰਕਾਰ ਤੋਂ ਸਨਮਾਨ ਜਦ,
ਕੀ ਉਹ ਸ਼ਾਇਰ ਕਾਮਯਾਬੀ ਦਾ ਸਮੁੰਦਰ ਤਰ ਗਿਆ?
(ਪੰਨਾ-90)

ਸਮਾਜਿਕ ਰਿਸ਼ਤੇ ਜੋ ਪਵਿੱਤਰ ਅਤੇ ਦੁੱਖ-ਸੁੱਖ ਦੇ ਪਲਾਂ ਲਈ ਸਾਂਝਾ ਦੇ ਰੂਪ 'ਚ ਹਨ, ਉਹ ਵੀ ਵਪਾਰਕ ਬਣਦੇ ਜਾ ਰਹੇ ਹਨ :-

ਕਦੋਂ ਰਿਸ਼ਤੇ ਨਿਭਾਏ ਜਾ ਰਹੇ ਨੇ?
ਨਫ਼ੇ ਦੇ ਥਾਂ ਬਣਾਏ ਜਾਂ ਰਹੇ ਨੇ।
(ਪੰਨਾ-91)

ਧਾਰਮਿਕਤਾ ਰਾਹੀਂ ਸਿਆਸੀ ਰੰਗਤ:-

ਤੇਰੀ ਅੱਜ ਬੰਦਗੀ ਦੇ ਵਿੱਚ ਵੀ ਰੱਥਾ!
ਸਿਆਸੀ ਰੰਗ ਪਾਏ ਜਾ ਰਹੇ ਨੇ।
(ਪੰਨਾ-91)

ਇੱਕ ਹੋਰ ਰੰਗ:-

ਬਣ ਗਿਆ ਹਾਂ ਰਾਜਨੀਤਕ ਸੰਤ ਅੱਜ-ਕੱਲ੍ਹ,
ਮੇਮਣੇ ਦੇ ਭੇਸ ਅੰਦਰ ਭੇੜੀਆਂ ਹਾਂ।
(ਪੰਨਾ-82)

ਸੱਚੀ - ਸੁੱਚੀ ਰਚਨਾ ਉਹ ਹੁੰਦੀ ਹੈ ਜੋ ਦੁਸ਼ਵਾਰੀਆਂ ਵਿੱਚ ਵੀ ਮਨੁੱਖ ਨੂੰ ਜਿਉਂਦੇ ਰਹਿਣ ਲਈ ਹਮੇਸ਼ਾ ਸੰਘਰਸ਼ਸ਼ੀਲ ਰਹਿਣ ਦਾ ਸੱਦਾ ਦਿੰਦੀ ਹੈ। ਗੁਰਦੀਪ 'ਸੈਣੀ' ਦੀ ਗ਼ਜ਼ਲ-ਗੋਈ ਮਨੁੱਖੀ ਜ਼ਿੰਦਗੀ ਪ੍ਰਤੀ ਹਾਂ-ਦਰੂ ਰੁਖ਼ ਇਖ਼ਤਿਆਰ ਕਰਨ ਦਾ ਸਬੱਬ ਬਣਦੀ ਹੈ। ਉਸਦੇ ਅਤੇ ਅਨੇਕਾਂ ਸ਼ਿਅਰ ਹਨ ਪਰ ਕੁਝ ਮਿਸਾਲਾਂ ਹੀ ਪਾਠਕਾਂ ਸਾਹਵੇਂ ਪੇਸ਼ ਕਰ ਰਿਹਾ ਹਾਂ:-

ਪਾਣੀਆਂ ਦੇ ਨਾ.ਲ ਨਾ ਹੀ ਪੱਥਰਾਂ ਦੇ ਨਾ.ਲ ਹੈ।
ਟਾਕਰਾ ਸਾਡਾ ਸਮੇਂ ਦੇ ਜਾਬਰਾਂ ਨਾ.ਲ ਹੈ।
(ਪੰਨਾ-83)
ਕਿਉਂ ਸਜ਼ਾ ਕੱਟਾਂ ਨਾ ਹੁਣ ਤਨਹਾਈਆਂ ਦੀ,
ਸੱਚ ਨੂੰ ਸੱਚ ਕਹਿਣ ਦਾ ਇਕ ਹੌਸਲਾ ਹਾਂ। (ਪੰਨਾ-82)
ਫਸਾ ਕੇ ਕਸ਼-ਮ-ਕਸ਼ ਦੇ ਜਾ.ਲ ਦੇ ਵਿੱਚ ਹੌਸਲਾ ਸਾਡਾ,
ਆਸਾਨੂੰ ਜਿੱਤ ਦੇ ਦਰ ਤੱਕ ਹੀ ਲੈ ਦੁਸ਼ਵਾਰੀਆਂ ਗਈਆਂ।
(ਪੰਨਾ-81)

ਗੁਰਦੀਪ 'ਸੈਣੀ' ਨੇ ਗ਼ਜ਼ਲ- ਗੋਈ ਕਰਦਿਆਂ 'ਗ਼ਜ਼ਲ' ਨੂੰ ਆਪਣੀ ਜ਼ਿੰਦਗੀ 'ਚ ਫਲਸਫ਼ੇ ਦੇ ਤੌਰ 'ਤੇ ਪਾਠਕਾਂ ਨੂੰ ਅਪਨਾਉਣ ਦੀ ਗੱਲ ਕਰਦਿਆਂ ਇਹ ਸੰਕੇਤ ਦਿੱਤਾ ਹੈ ਕਿ ਗ਼ਜ਼ਲ ਅਨੁੱਖੀ ਅਕਾਖਿਆਵਾਂ ਦੀ ਪੇਸ਼ਕਾਰੀ ਤਾਂ ਹੈ ਹੀ ਪਰ ਇਸ ਦੇ ਨਾ.ਲ ਜ਼ਿੰਦਗੀ ਨੂੰ ਖ਼ੂਬਸੂਰਤ ਬਨਾਉਣ 'ਚ ਮੱਦਦਗਾਰ ਵੀ ਹੈ। ਗੁਰਦੀਪ 'ਸੈਣੀ' ਦੀਆਂ ਗ਼ਜ਼ਲਾਂ ਦੇ ਸ਼ਿਅਰ ਬਹੁਤ ਸਾਰੇ ਪ੍ਰਸ਼ਨਾਂ ਨੂੰ ਪਾਠਕਾਂ ਦੇ ਜ਼ਿਹਨ 'ਚ ਉਕੇਰਦੇ ਹਨ, ਸੋਚਣ ਲਈ, ਸਮਝਣ ਲਈ ਨਿਹਾਰਨ ਲਈ, ਪਰਖਣ ਲਈ ਉਤੇਜਤ ਕਰਦੇ ਹਨ। ਹੇਠਲੇ ਉਸ ਦੇ ਸ਼ਿਅਰਾਂ ਨਾ.ਲ ਜਿੱਥੇ ਉਸਨੂੰ ਮੁਬਾਰਕਵਾਦ ਦਿੰਦਾ ਹਾਂ, ਓਥੇ ਹਮੇਸ਼ਾਂ ਤੁਰਦੇ ਰਹਿਣ ਦੀ ਆਸੀਸ ਵੀ ਦਿੰਦਾ ਹਾਂ:- ਖੁਸ਼ੀ ਤੇ ਗ਼ਮੀ ਦੀ ਡੂੰਘਾਈ ਗ਼ਜ਼ਲ ਹੈ। ਮਨੋ-ਭਾਵ ਦੀ ਰੱਖ ਰਖਾਈ ਗਜ਼ਲ ਹੈ।

ਹਰਿਕ ਸ਼ਿਅਰ ਵਿਚ ਪਾਰਸਾਈ ਜੇ ਹੋਵੇ,
ਕਵੀ ਦੀ ਪਵਿੱਤਰ ਕਮਾਈ ਗ਼ਜ਼ਲ ਹੈ।
(ਪੰਨਾ-101)
ਨਾਜ਼ੁਕੀ ਮੇਰੀ ਹੀ ਮੇਰੀ ਜ਼ਿੰਦਗੀ ਹੈ,
ਮੈਂ ਗ਼ਜ਼ਲ ਹਾਂ ਜ਼ਿੰਦਗੀ ਦਾ ਫਲਸਫ਼ਾ ਹਾਂ। (ਪੰਨਾ-82)

**ਪੇਸ਼ਕਰਤਾ- ਰੇਸ਼ਮ ਕਰਨਾਣਵੀ**

# 2024 ਦਾ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਈਟਿੰਗ ਅਸਿਸਟੈਂਟ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਆਰਟੀਫੀਸ਼ੀਅਲ ਇੰਟੈਲੀਜੈਂਸ ਨੇ ਹਾਲ ਹੀ ਦੇ ਸਾਲਾਂ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ, ਵੱਖ-ਵੱਖ ਉਦਯੋਗਾਂ ਨੂੰ ਬਦਲਿਆ ਹੈ ਅਤੇ ਸਾਡੇ ਕੰਮ ਕਰਨ ਅਤੇ ਰਹਿਣ ਦੇ ਤਰੀਕੇ ਨੂੰ ਮੁੜ ਆਕਾਰ ਦਿੱਤਾ ਹੈ। ਏਆਈ ਦੀਆਂ ਸਭ ਤੋਂ ਪ੍ਰਭਾਵਸ਼ਾਲੀ ਐਪਲੀਕੇਸ਼ਨਾਂ ਵਿੱਚੋਂ ਇੱਕ ਲਿਖਤ ਦੇ ਖੇਤਰ ਵਿੱਚ ਹੈ। ਏਆਈ ਲਿਖਣ ਸਹਾਇਕ ਹੁਣ ਪਹਿਲਾਂ ਨਾਲੋਂ ਵਧੇਰੇ ਉੱਨਤ ਅਤੇ ਸਮਰੱਥ ਹਨ, ਲੇਖਕਾਂ, ਵਿਦਿਆਰਥੀਆਂ, ਪੇਸ਼ੇਵਰਾਂ ਅਤੇ ਸਮੱਗਰੀ ਸਿਰਜਣਹਾਰਾਂ ਨੂੰ ਅਨਮੋਲ ਸਹਾਇਤਾ ਪ੍ਰਦਾਨ ਕਰਦੇ ਹਨ। 2024 ਦੇ ਚੋਟੀ ਦੇ ਏਆਈ ਲਿਖਣ ਸਹਾਇਕ, ਉਹਨਾਂ ਦੀਆਂ ਵਿਸ਼ੇਸ਼ਤਾਵਾਂ, ਲਾਭਾਂ ਅਤੇ ਸੰਭਾਵੀ ਵਰਤੋਂ ਦੇ ਮਾਮਲਿਆਂ ਨੂੰ ਉਜਾਗਰ ਕਰਦੇ ਹੋਏ। 1। ਓਪਨ ਏਆਈ ਦਾ ਬਹੁਤ ਮਸ਼ਹੂਰ ਜੀਪੀਟੀ ਸੀਰੀਜ਼ ਦਾ ਨਵਾਂ ਸੰਸਕਰਣ ਹੈ, ਜਿਸਦੀ ਵਰਤੋਂ ਕੁਦਰਤੀ ਭਾਸ਼ਾ ਪ੍ਰੋਸੈਸਿੰਗ ਦੇ ਉਦੇਸ਼ਾਂ ਲਈ ਕੀਤੀ ਜਾਂਦੀ ਹੈ। ਇਸ ਏਆਈ ਰਾਈਟਿੰਗ ਅਸਿਸਟੈਂਟ ਨੇ ਮਨੁੱਖੀ-ਵਰਗੇ ਟੈਕਸਟ ਨੂੰ ਸਮਝਣ ਅਤੇ ਬਣਾਉਣ ਵਿੱਚ ਨਵੇਂ ਮਾਪਦੰਡ ਬਣਾਏ ਹਨ। ਜਰੂਰੀ ਚੀਜਾ ਵਧੀ ਹੋਈ ਭਾਸ਼ਾ ਦੀ ਸਮਝ: ਇਹ ਸੰਬੰਧਿਤ ਸੰਦਰਭ-ਅਧਾਰਿਤ ਜਵਾਬਾਂ ਦੇ ਨਾਲ ਜਵਾਬ ਦੇਣ ਲਈ ਭਾਸ਼ਾ ਦੇ ਸੰਦਰਭ ਨੂੰ ਬਹੁਤ ਜ਼ਿਆਦਾ ਤਾਲਮੇਲ ਨਾਲ ਸਮਝ ਸਕਦਾ ਹੈ। ਐਡਵਾਂਸਡ ਰਾਈਟਿੰਗ ਅਸਿਸਟੈਂਸ: ਇਹ ਮੇਲ ਲਿਖ ਸਕਦਾ ਹੈ, ਸਮੱਗਰੀ ਤਿਆਰ ਕਰ ਸਕਦਾ ਹੈ, ਅਤੇ ਕੋਡਿੰਗ ਵਿੱਚ ਵੀ ਸਹਾਇਤਾ ਕਰ ਸਕਦਾ ਹੈ। ਬਹੁਭਾਸ਼ਾਈ ਦਾ ਸਮਰਥਨ ਕਰਦਾ ਹੈ: ਚੈਟਜੀਪੀਟੀ-5 ਬਹੁਭਾਸ਼ਾਈ ਹੈ, ਅਤੇ ਇਸ ਤਰ੍ਹਾਂ ਦੁਨੀਆ ਭਰ ਦੇ ਉਪਭੋਗਤਾਵਾਂ ਲਈ ਬਹੁਪੱਖੀ ਹੈ। ਕਸਟਮਾਈਜ਼ੇਸ਼ਨ ਸੈਟਿੰਗਜ਼: ਉਪਭੋਗਤਾਵਾਂ ਦੁਆਰਾ ਖਾਸ ਜ਼ਰੂਰਤਾਂ ਦੇ ਅਨੁਕੂਲ ਹੋਣ ਨਾਲ ਵਿਅਕਤੀਗਤਕਰਨ ਇਸਦੀ ਸਾਰਥਕਤਾ ਅਤੇ ਇਸਦੀ ਸ਼ੁੱਧਤਾ ਨੂੰ ਵਧਾਉਂਦਾ ਹੈ। ਕੇਸਾਂ ਦੀ ਵਰਤੋਂ ਕਰੋ ਸਮਗਰੀ ਰਚਨਾ: ਬਲੌਗਰਸ ਅਤੇ ਹੋਰ ਸਮੱਗਰੀ ਸਿਰਜਣਹਾਰ ਇਸ ਚੈਟਜੀਪੀਟੀ -5 ਬੋਟ ਦੀ ਵਰਤੋਂ ਲੇਖਾਂ ਨੂੰ ਵਿਚਾਰਨ, ਰੂਪਰੇਖਾ ਤਿਆਰ ਕਰਨ ਅਤੇ ਉਹਨਾਂ ਦੀ ਸਮੱਗਰੀ ਨੂੰ ਸੰਪੂਰਨ ਬਣਾਉਣ ਲਈ ਕਰ ਸਕਦੇ ਹਨ। ਅਕਾਦਮਿਕ ਲਿਖਤ: ਵਿਦਿਆਰਥੀ ਅਤੇ ਖੋਜਕਰਤਾ ਇਸਦੀ ਵਰਤੋਂ ਖੋਜ ਸਾਰਾਂਸ਼, ਡਰਾਫਟ ਪੇਪਰ, ਜਾਂ ਹਵਾਲੇ ਲੱਭਣ ਲਈ ਕਰ ਸਕਦੇ ਹਨ।

**ਗਾਹਕ ਸੇਵਾ ਜਵਾਬ:** ਚੈਟਜੀਪੀਟੀ-5 ਦੀ ਇਹ ਵਿਸ਼ੇਸ਼ਤਾ ਉਹਨਾਂ ਕਾਰੋਬਾਰਾਂ ਲਈ ਬਹੁਤ ਉਪਯੋਗੀ ਹੈ ਜੋ ਗਾਹਕ ਸੇਵਾ ਜਵਾਬਾਂ ਨੂੰ ਸਵੈਚਲਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਬਿਨਾਂ ਕਿਸੇ ਪਰੇਸ਼ਾਨੀ ਦੇ ਸਵਾਲਾਂ ਦਾ ਜਵਾਬ ਦਿੰਦੇ ਹਨ। 2. ਵਿਆਕਰਣ ਸੰਖੇਪ ਜਾਣਕਾਰੀ ਵਿਆਕਰਣ ਇੱਕ ਚੰਗੀ ਤਰ੍ਹਾਂ ਸਥਾਪਿਤ ਏਆਈ ਲਿਖਣ ਸਹਾਇਕ ਹੈ ਜਿਸਦਾ ਉਦੇਸ਼ ਵਿਆਕਰਣ ਅਤੇ ਸ਼ੈਲੀ ਦੇ ਸੁਧਾਰ ਦੁਆਰਾ ਲਿਖਤ ਦੀ ਗੁਣਵੱਤਾ ਨੂੰ ਵਧਾਉਣਾ ਹੈ। ਇਹ ਦੁਨੀਆ ਭਰ ਦੇ ਲੱਖਾਂ ਉਪਭੋਗਤਾਵਾਂ ਲਈ ਬਚਾਅ ਦੇ ਸਾਧਨਾਂ ਵਿੱਚੋਂ ਇੱਕ ਬਣ ਗਿਆ ਹੈ। ਜਰੂਰੀ ਚੀਜਾ ਵਿਆਕਰਣ ਅਤੇ ਸ਼ਬਦ-ਜੋੜ ਜਾਂਚ: ਵਿਆਕਰਣ ਦੀ ਵਰਤੋਂ ਨੂੰ ਅਪਣਾਉਣ ਨਾਲ ਸਾਰੀਆਂ ਵਿਆਕਰਨ ਦੀਆਂ ਗਲਤੀਆਂ, ਸਪੈਲਿੰਗ ਦੀਆਂ ਗਲਤੀਆਂ, ਅਤੇ ਇੱਥੋਂ ਤੱਕ ਕਿ ਵਿਰਾਮ ਚਿੰਨ੍ਹਾਂ ਦੇ ਮੁੱਦੇ ਵੀ ਸਾਹਮਣੇ ਆ ਜਾਣਗੇ। ਸ਼ੈਲੀ ਅਤੇ ਟੋਨ ਸਿਫ਼ਾਰਿਸ਼ਾਂ: ਇਹ ਲਿਖਣ ਦੀ ਸ਼ੈਲੀ, ਸਪਸ਼ਟਤਾ ਅਤੇ ਟੋਨ ਨੂੰ ਬਿਹਤਰ ਬਣਾਉਣ ਲਈ ਸਿਫ਼ਾਰਸ਼ਾਂ ਪ੍ਰਦਾਨ ਕਰਦਾ ਹੈ ਤਾਂ ਜੋ ਟੈਕਸਟ ਦਿਲਚਸਪ ਹੋਵੇ ਪਰ ਤੁਹਾਡੇ ਦਰਸ਼ਕਾਂ ਲਈ ਢੁਕਵਾਂ ਹੋਵੇ।

**ਸਾਹਿਤਕ ਚੋਰੀ ਡਿਟੈਕਟਰ:** ਵਿਆਕਰਣ ਨੇ ਸਮੱਗਰੀ ਦੀ ਮੌਲਿਕਤਾ ਦੀ ਜਾਂਚ ਕਰਨ ਲਈ ਇੱਕ ਸਾਹਿਤਕ ਚੋਰੀ ਖੋਜਕਰਤਾ ਨੂੰ ਸ਼ਾਮਲ ਕੀਤਾ ਹੈ। ਏਕੀਕਰਣ: ਇਹ ਜ਼ਿਆਦਾਤਰ ਵੈੱਬ ਬ੍ਰਾਊਜ਼ਰਾਂ, ਮਾਈਕ੍ਰੋਸਾਫਟ ਆਫਿਸ, ਈਮੇਲ ਕਲਾਇੰਟਸ ਅਤੇ ਹੋਰ ਉਤਪਾਦਾਂ ਵਿੱਚ ਸਹਿਜੇ ਹੀ ਏਕੀਕ੍ਰਿਤ ਹੁੰਦਾ ਹੈ। ਕੇਸਾਂ ਦੀ ਵਰਤੋਂ ਕਰੋ ਪੇਸ਼ੇਵਰ ਲਿਖਤ: ਕਾਰੋਬਾਰੀ ਲੋਕ ਵਿਆਕਰਣ ਦੀ ਵਰਤੋਂ ਕਰ ਸਕਦੇ ਹਨ ਜਦੋਂ ਉਨ੍ਹਾਂ ਨੂੰ ਪੇਸ਼ੇਵਰ ਈਮੇਲਾਂ, ਰਿਪੋਰਟਾਂ ਜਾਂ ਪੇਸ਼ਕਾਰੀਆਂ ਲਿਖਣੀਆਂ ਪੈਂਦੀਆਂ ਹਨ। ਕੋਈ ਵਿਅਕਤੀ ਲੇਖਾਂ ਜਾਂ ਖੋਜ ਪੱਤਰਾਂ ਵਿੱਚ ਵਿਆਕਰਣ ਅਤੇ ਸਾਹਿਤਕ ਚੋਰੀ ਨੂੰ ਸੰਪੂਰਨ ਕਰਨ ਦੇ ਯੋਗ ਹੁੰਦਾ ਹੈ। ਰਚਨਾਤਮਕ ਲਿਖਤ: ਵਿਆਕਰਣ ਦੇ ਨਾਲ, ਇਸ ਦੀਆਂ ਸਿਫ਼ਾਰਸ਼ਾਂ 'ਤੇ, ਹੱਥ-ਲਿਖਤਾਂ ਨੂੰ ਸੁਧਾਰਨ ਦੀ ਸੰਭਾਵਨਾ ਹੈ, ਇਸ ਤਰ੍ਹਾਂ ਪੜ੍ਹਨਯੋਗਤਾ ਵਧਦੀ ਹੈ। 3. ਜੈਸਪਰ (ਪਹਿਲਾਂ ਜਾਰਵਿਸ) ਸੰਖੇਪ ਜਾਣਕਾਰੀ ਜੈਸਪਰ ਸਮੱਗਰੀ, ਮਾਰਕੀਟਿੰਗ ਕਾਪੀਆਂ, ਸੋਸ਼ਲ ਮੀਡੀਆ ਪੋਸਟਾਂ ਆਦਿ ਬਣਾਉਣ ਲਈ ਇੱਕ ਏਆਈ ਲਿਖਣ ਸਹਾਇਕ ਹੈ। ਵਾਸਤਵ ਵਿੱਚ, ਇਹ ਇੱਕ ਬਹੁਤ ਹੀ ਰਚਨਾਤਮਕ ਸਾਧਨ ਹੈ ਜੋ ਵਰਤਣ ਵਿੱਚ ਆਸਾਨ ਹੈ। ਜਰੂਰੀ ਚੀਜਾ ਸਮਗਰੀ ਟੈਂਪਲੇਟ: ਜੈਸਪਰ ਸਮੱਗਰੀ ਦੀ ਕਿਸਮ ਦੇ ਅਧਾਰ 'ਤੇ ਵੱਖ-ਵੱਖ ਕਿਸਮਾਂ ਦੇ ਟੈਂਪਲੇਟ ਪ੍ਰਦਾਨ ਕਰਦਾ ਹੈ, ਜਿਸ ਨੂੰ ਉਪਭੋਗਤਾ ਬਣਾਉਣਾ ਚਾਹੁੰਦਾ ਹੈ, ਜਿਵੇਂ ਕਿ ਬਲੌਗ ਪੋਸਟ, ਵਿਗਿਆਪਨ, ਜਾਂ ਸੋਸ਼ਲ ਮੀਡੀਆ ਪੋਸਟ। ਰਚਨਾਤਮਕ ਲੇਖਣ ਸਹਾਇਤਾ: ਰਚਨਾਤਮਕ ਸਮਗਰੀ ਵਿਚਾਰਾਂ ਦੀ ਉਤਪੱਤੀ, ਸਿਰਲੇਖ ਸਿਰਜਣਾ, ਅਤੇ ਪੂਰੀ-ਲੰਬਾਈ ਵਾਲੇ ਲੇਖਾਂ ਦੀ ਪੀੜ੍ਹੀ। ਐਸਈਓ ਟੂਲਜ਼: ਜੈਸਪਰ ਐਸਈਓ ਟੂਲ ਪ੍ਰਦਾਨ ਕਰਦਾ ਹੈ ਜੋ ਲੇਖਕ ਲਈ ਸਮੱਗਰੀ ਬਣਾਉਣਾ ਆਸਾਨ ਬਣਾਉਂਦੇ ਹਨਖੋਜ ਇੰਜਣਾਂ 'ਤੇ ਬਿਹਤਰ ਦਰਜਾਬੰਦੀ। ਇਹ ਸਹਿਯੋਗੀ ਕੰਮ ਦਾ ਸਮਰਥਨ ਕਰਦਾ ਹੈ ਜਿਸਦੇ ਤਹਿਤ ਟੀਮਾਂ, ਆਮ ਤੌਰ 'ਤੇ ਮਾਰਕੀਟਿੰਗ ਟੀਮਾਂ ਅਤੇ ਏਜੰਸੀਆਂ, ਇੱਕ ਸਮਗਰੀ ਨਿਰਮਾਣ ਪ੍ਰੋਜੈਕਟ ਪ੍ਰਦਾਨ ਕਰਨ ਲਈ ਮਿਲ ਕੇ ਕੰਮ ਕਰਦੀਆਂ ਹਨ। ਕੇਸਾਂ ਦੀ ਵਰਤੋਂ ਕਰੋ **ਮਾਰਕੀਟਿੰਗ:** ਮਾਰਕਿਟ ਜਬਰਦਸਤੀ ਵਿਗਿਆਪਨ ਕਾਪੀ, ਈਮੇਲ ਮੁਹਿੰਮਾਂ, ਅਤੇ ਸੋਸ਼ਲ ਮੀਡੀਆ ਪੋਸਟਾਂ ਬਣਾਉਣ ਲਈ ਜੈਸਪਰ ਦੀ ਵਰਤੋਂ ਕਰ ਸਕਦੇ ਹਨ। ਬਲੌਗਿੰਗ: ਬਲੌਗਰਸ ਵਿਸ਼ਿਆਂ 'ਤੇ ਵਿਚਾਰ ਕਰਨ, ਡਰਾਫਟ ਦੀ ਰੂਪਰੇਖਾ, ਅਤੇ ਐਸਈਓ ਲਈ ਅਨੁਕੂਲ ਬਣਾਉਣ ਲਈ ਜੈਸਪਰ ਦਾ ਲਾਭ ਲੈ ਸਕਦੇ ਹਨ। ਈ-ਕਾਮਰਸ: ਇਸਦੀ ਵਰਤੋਂ ਈ-ਕਾਮਰਸ ਕਾਰੋਬਾਰਾਂ ਵਿੱਚ ਉਤਪਾਦਾਂ ਦੇ ਵਰਣਨ, ਪ੍ਰਚਾਰ ਸਮੱਗਰੀ ਅਤੇ ਗਾਹਕਾਂ ਨੂੰ ਸੰਦੇਸ਼ਾਂ ਲਈ ਕੀਤੀ ਜਾ ਸਕਦੀ ਹੈ। 4. ਪ੍ਰੋਰਾਈਟਿੰਗ ਏਡ ਸੰਖੇਪ ਜਾਣਕਾਰੀ ਇੱਕ ਆਲ-ਇਨ-ਵਨ ਲਿਖਣ ਸਹਾਇਕ, ਵਿਆਕਰਣ ਜਾਂਚਕਰਤਾ, ਵਿਆਪਕ ਸ਼ੈਲੀ ਅਤੇ ਬਣਤਰ ਵਿਸ਼ਲੇਸ਼ਕ ਹੈ, ਅਤੇ ਅੰਤ ਵਿੱਚ, ਹਰ ਲੇਖਕ ਨੂੰ ਆਮ ਤੌਰ 'ਤੇ ਉਸਦੇ ਲਿਖਣ ਦੇ ਹੁਨਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਇੱਕ ਸਾਧਨ ਹੈ। ਜਰੂਰੀ ਚੀਜਾ ਡੂੰਘੀਆਂ ਰਿਪੋਰਟਾਂ: ਇਹ ਵਿਆਕਰਣ, ਸ਼ੈਲੀ, ਪੜ੍ਹਨਯੋਗਤਾ ਅਤੇ ਬਣਤਰ 'ਤੇ ਵਿਸਤ੍ਰਿਤ ਰਿਪੋਰਟਾਂ ਬਣਾਉਂਦਾ ਹੈ, ਜਿਸ ਨਾਲ ਲੇਖਕ ਨੂੰ ਉਸਦੀ ਲਿਖਤ ਤੋਂ ਸਿੱਖਣ ਦੀ ਆਗਿਆ ਮਿਲਦੀ ਹੈ।



**ਡੂੰਘਾਈ ਨਾਲ ਵਿਸ਼ਲੇਸ਼ਣ:** ਇਹ ਬਹੁਤ ਜ਼ਿਆਦਾ ਵਰਤੇ ਗਏ ਸ਼ਬਦਾਂ, ਇਸਦੇ ਵਾਕਾਂ ਦੀ ਲੰਬਾਈ ਦੀ ਭਿੰਨਤਾ, ਅਤੇ ਇਕਸਾਰਤਾ ਦੇ ਮੁੱਦਿਆਂ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ। ਲਿਖਣ ਦੀ ਸ਼ੈਲੀ ਦੇ ਸੁਝਾਅ: ਇਹ ਲਿਖਣ ਦੀ ਸ਼ੈਲੀ ਅਤੇ ਟੈਕਸਟ ਇਕਸਾਰਤਾ ਨੂੰ ਵਧਾਉਂਦਾ ਹੈ।

**ਏਕੀਕਰਣ: ਪ੍ਰੋਰਾਈਟਿੰਗ ਏਡ ਗੂਗਲ ਡਾਕਾ:** ਅਤੇ ਵਾਰਡ ਸਮੇਤ ਕਈ ਲਿਖਤੀ ਪਲੇਟਫਾਰਮਾਂ ਨਾਲ ਆਸਾਨੀ ਨਾਲ ਏਕੀਕ੍ਰਿਤ ਹੋ ਜਾਂਦਾ ਹੈ।

**ਵਰਤੋਂ-ਮਾਮਲੇ ਸੰਪਾਦਨ ਅਤੇ ਪਰੂਫਰੀਡਿੰਗ:** ਇਹ ਸਾਧਨ ਲੇਖਕਾਂ ਨੂੰ ਗਲਤੀ-ਮੁਕਤ ਸਮੱਗਰੀ ਦੀ ਗੁਣਵੱਤਾ ਲਈ ਪੂਰੀ ਆਸਾਨੀ ਅਤੇ ਸੰਪੂਰਨਤਾ ਨਾਲ ਸੰਪਾਦਿਤ ਅਤੇ ਪਰੂਫਰੀਡ ਕਰਨ ਦੇ ਯੋਗ ਬਣਾਉਂਦਾ ਹੈ। ਅਕਾਦਮਿਕ ਲਿਖਤ: ਵਿਦਿਆਰਥੀ ਪ੍ਰੋਰਾਈਟਿੰਗ ਏਡ ਦੁਆਰਾ ਦਿੱਤੇ ਗਏ ਡੂੰਘਾਈ ਨਾਲ ਵਿਸ਼ਲੇਸ਼ਣ ਅਤੇ ਸ਼ਬਦ ਚੋਣ ਸੁਝਾਵਾਂ ਦਾ ਵੇਰਵਾ ਦੇ ਕੇ ਲੇਖਾਂ ਅਤੇ ਖੋਜ ਪੱਤਰਾਂ ਦੀ ਗੁਣਵੱਤਾ ਵਿੱਚ ਸੁਧਾਰ ਕਰ ਸਕਦੇ ਹਨ।

**ਫਿਕਸ਼ਨ ਰਾਈਟਿੰਗ:** ਸ਼ੈਲੀ ਅਤੇ ਬਣਤਰ ਦੇ ਮੁੱਦਿਆਂ ਨੂੰ ਨੋਟ ਕਰਨ ਅਤੇ ਦੇਖ ਕੇ, ਪ੍ਰੋਰਾਈਟਿੰਗ ਏਡ ਇੱਕ ਨਾਵਲਕਾਰ ਨੂੰ ਉਸਦੀ ਖਰੜੇ ਨੂੰ ਟਿਊਨ ਕਰਨ ਵਿੱਚ ਮਦਦ ਕਰ ਸਕਦਾ ਹੈ। 5। ਰਾਈਟਸੋਨਿਕ ਸੰਖੇਪ ਜਾਣਕਾਰੀ ਰਾਈਟਸੋਨਿਕ ਇੱਕ ਏਆਈ ਲਿਖਣ ਸਹਾਇਕ ਹੈ ਜੋ ਮਾਰਕੀਟਿੰਗ ਕਾਪੀ, ਬਲੌਗ ਪੋਸਟਾਂ, ਅਤੇ ਰਚਨਾਤਮਕ ਸਮੱਗਰੀ ਬਣਾਉਣ 'ਤੇ ਕੇਂਦ੍ਰਿਤ ਹੈ। ਇਹ ਉਪਭੋਗਤਾਵਾਂ ਨੂੰ ਰਿਕਾਰਡ ਸਮੇਂ ਵਿੱਚ ਦਿਲਚਸਪ ਅਤੇ ਉੱਚ-ਪਰਿਵਰਤਿਤ ਸਮੱਗਰੀ ਬਣਾਉਣ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਜਰੂਰੀ ਚੀਜਾ ਏਆਈ-ਪਾਵਰਡ ਕੰਟੈਂਟ ਜਨਰੇਸ਼ਨ: ਬਲੌਗ ਪੋਸਟਾਂ ਤੋਂ ਐਡ ਕਾਪੀ ਤੱਕ, ਰਾਟਟਸੋਨਾ ਉਪਭੋਗਤਾ ਦੁਆਰਾ ਪ੍ਰਦਾਨ ਕੀਤੀ ਬਹੁਤ ਘੱਟ ਜਾਣਕਾਰੀ ਤੋਂ ਸਮੱਗਰੀ ਕਿਸਮਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤਿਆਰ ਕਰਦਾ ਹੈ। ਸਮੱਗਰੀ ਵਿਚਾਰ: ਉਪਯੋਗੀ ਵਿਚਾਰ ਅਤੇ ਰੂਪਰੇਖਾ ਜੋ ਤੁਹਾਡੇ ਲਿਖਣ ਪ੍ਰੋਜੈਕਟਾਂ ਨੂੰ ਕਿੱਕਸਟਾਰਟ ਕਰਨ ਵਿੱਚ ਮਦਦ ਕਰਦੇ ਹਨ।

**ਐਸਈਓ ਟੂਲਜ਼:** ਰਾਈਟਸੋਨਿਕ ਤੁਹਾਡੀ ਸਮੱਗਰੀ ਨੂੰ ਦਿੱਖ ਅਤੇ ਪਹੁੰਚ ਵਿੱਚ ਵਧਣ ਲਈ ਐਸਈਓ ਵਿਸ਼ੇਸ਼ਤਾਵਾਂ ਦੀ ਪੇਸ਼ਕਸ਼ ਕਰਦਾ ਹੈ। ਯੂਜ਼ਰ ਇੰਟਰਫੇਸ ਨਾਲ ਕੰਮ ਕਰਨਾ ਆਸਾਨ ਹੈ ਅਤੇ ਇੱਕ ਸਾਫ਼, ਘੱਟੋ-ਘੱਟ ਡਿਜ਼ਾਈਨ ਨੂੰ ਦਰਸਾਉਂਦਾ ਹੈ। ਕੇਸਾਂ ਦੀ ਵਰਤੋਂ ਕਰੋ ਡਿਜੀਟਲ ਮਾਰਕੀਟਿੰਗ: ਮਾਰਕਿਟ ਰਾਈਟਸੋਨਿਕ ਦੁਆਰਾ ਪੇਸ਼ ਕੀਤੀ ਗਈ ਐਂਡ-ਟੂ-ਐਂਡ ਸਹਾਇਤਾ ਦੀ ਵਰਤੋਂ ਕਰਦੇ ਹੋਏ ਵਿਗਿਆਪਨ ਕਾਪੀਆਂ, ਸੋਸ਼ਲ ਮੀਡੀਆ ਪੋਸਟਾਂ ਅਤੇ ਈਮੇਲ ਮੁਹਿੰਮਾਂ ਲਿਖ ਸਕਦੇ ਹਨ। ਬਲੌਗਿੰਗ: ਬਲੌਗਰ ਸਮੱਗਰੀ ਲਈ ਵਿਚਾਰਾਂ ਦੇ ਨਾਲ ਆਉਣ, ਲੇਖ ਲਿਖਣ, ਅਤੇ ਉਹਨਾਂ ਨੂੰ ਐਸਈਓ ਲਈ ਅਨੁਕੂਲ ਬਣਾਉਣ ਲਈ ਰਾਈਟਸੋਨਿਕ ਦੀ ਵਰਤੋਂ ਕਰ ਸਕਦੇ ਹਨ।

**ਰਚਨਾਤਮਕ ਲਿਖਤ:** ਰਾਈਟਸੋਨਿਕ ਦੀ ਸਹਾਇਤਾ ਨਾਲ ਵਿਚਾਰ, ਰੂਪਰੇਖਾ ਅਤੇ ਡਰਾਫਟ ਰਚਨਾਤਮਕ ਸਮੱਗਰੀ ਤਿਆਰ ਕਰਦਾ ਹੈ। 6। ਕਾਪੀ.ਏ.ਆਈ ਸੰਖੇਪ ਜਾਣਕਾਰੀ ਇਹ ਏਆਈ ਲਿਖਣ ਸਹਾਇਕ ਵਿਸ਼ੇਸ਼ ਤੌਰ 'ਤੇ ਉਪਭੋਗਤਾਵਾਂ ਨੂੰ ਬਹੁਤ ਕੀਮਤੀ ਮਾਰਕੀਟਿੰਗ ਸਮੱਗਰੀ, ਸੋਸ਼ਲ ਮੀਡੀਆ ਪੋਸਟਾਂ ਅਤੇ ਹੋਰ ਬਹੁਤ ਕੁਝ ਦੇ ਨਾਲ ਬਾਹਰ ਆਉਣ ਵਿੱਚ ਮਦਦ ਕਰਨਾ ਹੈ। ਇਸ ਤੋਂ ਇਲਾਵਾ, ਇਹ ਸਮਗਰੀ ਨੂੰ ਕੁਸ਼ਲ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਇੱਕ ਪ੍ਰਕਿਰਿਆ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਜਰੂਰੀ ਚੀਜਾ ਸਮੱਗਰੀ ਟੈਮਪਲੇਟਸ: ਕੋਲ ਵੱਖ-ਵੱਖ ਸਮੱਗਰੀ ਕਿਸਮਾਂ, ਜਿਵੇਂ ਕਿ ਉਤਪਾਦ ਵਰਣਨ, ਵਿਗਿਆਪਨ ਕਾਪੀ, ਅਤੇ ਸੋਸ਼ਲ ਮੀਡੀਆ ਅੱਪਡੇਟ 'ਤੇ ਵਿਭਿੰਨ ਟੈਂਪਲੇਟ ਹਨ। ਰਚਨਾਤਮਕ ਸਮਗਰੀ ਜਨਰੇਸ਼ਨ: ਸਮੱਗਰੀ, ਸੁਰਖੀਆਂ, ਅਤੇ ਪੂਰੀ-ਲੰਬਾਈ ਵਾਲੇ ਲੇਖਾਂ ਲਈ ਰਚਨਾਤਮਕ ਵਿਚਾਰਾਂ ਨਾਲ ਆਓ। ਏਆਈ-ਪਾਵਰਡ ਸੁਝਾਅ: ਕਾਪੀਏਆਈ ਸਮੱਗਰੀ ਦੀ ਗੁਣਵੱਤਾ ਅਤੇ ਸ਼ਮੂਲੀਅਤ ਨੂੰ ਵਧਾਉਣ ਲਈ ਅਸਲ-ਸਮੇਂ ਦੇ ਸੁਝਾਅ ਦਿੰਦਾ ਹੈ। ਏਕੀਕਰਣ: ਇਹ ਕਿਸੇ ਵੀ ਵਰਕਫਲੋ ਵਿੱਚ ਨਿਰਵਿਘਨ ਫਿਟਿੰਗ ਲਈ ਇੱਕੋ ਜਿਹੇ ਕਈ ਸਾਧਨਾਂ ਅਤੇ ਪਲੇਟਫਾਰਮਾਂ ਨਾਲ ਏਕੀਕ੍ਰਿਤ ਹੈ।

**ਸਾਨੂੰਏ ਕੇਸ ਮਾਰਕੀਟਿੰਗ ਅਤੇ ਵਿਗਿਆਪਨ:** ਇਸ ਵਿੱਚ ਮਾਰਕਿਟਰਾਂ ਨੂੰ ਵਧੀਆ ਵਿਗਿਆਪਨ ਕਾਪੀ, ਈ-ਮੇਲ ਮੁਹਿੰਮਾਂ, ਜਾਂ ਸੋਸ਼ਲ ਮੀਡੀਆ ਸਮੱਗਰੀ ਪ੍ਰਦਾਨ ਕਰਨ ਦੀਆਂ ਸਮਰੱਥਾਵਾਂ ਹਨ। ਈ-ਕਾਮਰਸ: ਈ-ਕਾਮਰਸ ਕਾਰੋਬਾਰ ਉਤਪਾਦ ਵਰਣਨ, ਪ੍ਰਚਾਰ ਸਮੱਗਰੀ, ਅਤੇ ਗਾਹਕ ਸ਼ਮੂਲੀਅਤ ਸੁਨੇਹੇ ਤਿਆਰ ਕਰਨ ਲਈ ਇਸਦੀ ਵਰਤੋਂ ਕਰ ਸਕਦੇ ਹਨ। ਸਮੱਗਰੀ ਦੀ ਰਚਨਾ: ਕਾਪੀ।ਏਆਈ ਨਾਲ, ਕੋਈ ਵੀ ਵਿਚਾਰ ਤਿਆਰ ਕਰ ਸਕਦਾ ਹੈ, ਲੇਖਾਂ ਦਾ ਖਰੜਾ ਤਿਆਰ ਕਰ ਸਕਦਾ ਹੈ, ਅਤੇ ਇਸਦੇ ਐਸਈਓ ਨੂੰ ਦੇਖ ਸਕਦਾ ਹੈ। 7. ਪਾਠ ਸੰਖੇਪ ਜਾਣਕਾਰੀ ਟੈਸਟੋ ਇੱਕ ਏਆਈ ਲਿਖਣ ਸਹਾਇਕ ਹੈ ਜੋ ਕਾਰੋਬਾਰੀ ਸੰਚਾਰ ਦੀ ਸ਼ਮੂਲੀਅਤ ਅਤੇ ਪ੍ਰਭਾਵ ਨੂੰ ਬਿਹਤਰ ਬਣਾਉਣ 'ਤੇ ਕੇਂਦ੍ਰਿਤ ਹੈ। ਇਹ ਟੈਕਸਟ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਇਸਨੂੰ ਵਧੇਰੇ ਆਕਰਸ਼ਕ ਅਤੇ ਸੰਮਲਿਤ ਬਣਾਉਣ ਲਈ ਸੁਝਾਅ ਪ੍ਰਦਾਨ ਕਰਦਾ ਹੈ।

**ਜਰੂਰੀ ਚੀਜਾਂ ਭਾਸ਼ਾ ਟੋਨ ਵਿਸ਼ਲੇਸ਼ਣ:** ਟੈਕਸਟਿਓ ਟੈਕਸਟ ਦੀ ਟੋਨ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਰੁਝੇਵੇਂ ਅਤੇ ਸ਼ਮੂਲੀਅਤ ਨੂੰ ਬਿਹਤਰ ਬਣਾਉਣ ਲਈ ਤਬਦੀਲੀਆਂ ਦਾ ਸੁਝਾਅ ਦਿੰਦਾ ਹੈ।

**ਰੀਅਲ-ਟਾਈਮ ਫੀਡਬੈਕ:** ਇਹ ਲਿਖਣ, ਸੁਧਾਰ ਲਈ ਖੇਤਰਾਂ ਨੂੰ ਉਜਾਗਰ ਕਰਨ 'ਤੇ ਰੀਅਲ-ਟਾਈਮ ਫੀਡਬੈਕ ਪ੍ਰਦਾਨ ਕਰਦਾ ਹੈ। ਸਮਾਵੇਸ਼ੀ ਸੁਝਾਅ: ਟੈਕਸਟਿਓ ਭਾਸ਼ਾ ਨੂੰ ਵਧੇਰੇ ਸੰਮਲਿਤ ਬਣਾਉਣ ਅਤੇ ਪੱਖਪਾਤੀ ਭਾਸ਼ਾ ਤੋਂ ਬਚਣ ਲਈ ਸੁਝਾਅ ਪੇਸ਼ ਕਰਦਾ ਹੈ। ਏਕੀਕਰਣ: ਪਲੇਟਫਾਰਮ ਵੱਖ-ਵੱਖ ਵਪਾਰਕ ਸੰਚਾਰ ਸਾਧਨਾਂ ਨਾਲ ਏਕੀਕ੍ਰਿਤ ਹੈ, ਜਿਸ ਵਿੱਚ ਈਮੇਲ ਕਲਾਇੰਟਸ ਅਤੇ ਦਸਤਾਵੇਜ਼ ਸੰਪਾਦਕ ਸ਼ਾਮਲ ਹਨ। ਕੇਸਾਂ ਦੀ ਵਰਤੋਂ ਕਰੋ ਭਰਤੀ: ਐਚਆਰ ਪੇਸ਼ੇਵਰ ਸੰਮਲਿਤ ਅਤੇ ਰੁਝੇਵਿਆਂ ਭਰੀਆਂ ਨੌਕਰੀਆਂ ਦੀਆਂ ਪੋਸਟਾਂ ਬਣਾਉਣ ਲਈ ਟੈਕਸਟਿਓ ਦੀ ਵਰਤੋਂ ਕਰ ਸਕਦੇ ਹਨ। ਵਪਾਰਕ ਸੰਚਾਰ: ਕਾਰੋਬਾਰੀ ਪੇਸ਼ੇਵਰ ਈਮੇਲਾਂ, ਰਿਪੋਰਟਾਂ ਅਤੇ ਪੇਸ਼ਕਾਰੀਆਂ ਦੀ ਪ੍ਰਭਾਵਸ਼ੀਲਤਾ ਅਤੇ ਸ਼ਮੂਲੀਅਤ ਨੂੰ ਬਿਹਤਰ ਬਣਾ ਸਕਦੇ ਹਨ। ਮਾਰਕੀਟਿੰਗ: ਮਾਰਕਿਟ ਇਹ ਸੁਨਿਸ਼ਚਿਤ ਕਰ ਸਕਦੇ ਹਨ ਕਿ ਉਹਨਾਂ ਦੀ ਸਮੱਗਰੀ ਟੈਕਸਟੀਓ ਦੇ ਸਮਾਵੇਸ਼ ਸੁਝਾਵਾਂ ਦੀ ਵਰਤੋਂ ਕਰਕੇ ਵਿਭਿੰਨ ਦਰਸ਼ਕਾਂ ਨਾਲ ਗੂੰਜਦੀ ਹੈ। 8. ਬੂਟਾ ਸੰਖੇਪ ਜਾਣਕਾਰੀ ਸੇਪਲਿੰਗ ਇੱਕ ਏਆਈ-ਸੰਚਾਲਿਤ ਲਿਖਣ ਸਹਾਇਕ ਹੈ ਜੋ ਵਪਾਰਕ ਸੰਚਾਰ ਨੂੰ ਬਿਹਤਰ ਬਣਾਉਣ ਲਈ ਤਿਆਰ ਕੀਤਾ ਗਿਆ ਹੈ। ਇਹ ਲਿਖਤ ਦੀ ਗੁਣਵੱਤਾ ਨੂੰ ਵਧਾਉਣ ਲਈ ਵਿਆਕਰਣ ਅਤੇ ਸ਼ੈਲੀ ਦੇ ਸੁਝਾਅ ਪ੍ਰਦਾਨ ਕਰਨ 'ਤੇ ਕੇਂਦ੍ਰਤ ਕਰਦਾ ਹੈ। ਜਰੂਰੀ ਚੀਜਾਂ

**ਵਿਆਕਰਣ ਅਤੇ ਸ਼ਬਦ-ਜੋੜ ਜਾਂਚ:** ਬੂਟਾ ਵਿਆਕਰਣ ਦੀਆਂ ਗਲਤੀਆਂ, ਸ਼ਬਦ-ਜੋੜ ਦੀਆਂ ਗਲਤੀਆਂ, ਅਤੇ ਵਿਰਾਮ ਚਿੰਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਛਾਣਦਾ ਅਤੇ ਠੀਕ ਕਰਦਾ ਹੈ।

**ਸ਼ੈਲੀ ਅਤੇ ਟੋਨ ਸੁਝਾਅ:** ਇਹ ਲਿਖਣ ਦੀ ਸ਼ੈਲੀ, ਸਪਸ਼ਟਤਾ ਅਤੇ ਟੋਨ ਨੂੰ ਬਿਹਤਰ ਬਣਾਉਣ ਲਈ ਸਿਫ਼ਾਰਸ਼ਾਂ ਦੀ ਪੇਸ਼ਕਸ਼ ਕਰਦਾ ਹੈ।

**ਸਵੈ-ਮੁਕੰਮਲ ਅਤੇ ਸਨਿੱਪਟ:** ਬੂਟੇ ਵਿੱਚ ਲਿਖਣ ਦੀ ਗਤੀ ਵਧਾਉਣ ਲਈ ਸਵੈ-ਮੁਕੰਮਲ ਸੁਝਾਅ ਅਤੇ ਟੈਕਸਟ ਸਨਿੱਪਟ ਸ਼ਾਮਲ ਹੁੰਦੇ ਹਨ। ਏਕੀਕਰਣ: ਟੂਲ ਵੱਖ-ਵੱਖ ਪਲੇਟਫਾਰਮਾਂ ਨਾਲ ਏਕੀਕ੍ਰਿਤ ਹੈ, ਜਿਸ ਵਿੱਚ ਸੀਆਰਐਮ ਸਿਸਟਮ, ਈਮੇਲ ਕਲਾਇੰਟਸ, ਅਤੇ ਚੈਟ ਐਪਲੀਕੇਸ਼ਨ ਸ਼ਾਮਲ ਹਨ। ਕੇਸਾਂ ਦੀ ਵਰਤੋਂ ਕਰੋ ਗਾਹਕ ਸਹਾਇਤਾ: ਗਾਹਕ ਸਹਾਇਤਾ ਟੀਮਾਂ ਸਪੱਸ਼ਟ ਅਤੇ ਸੰਖੇਪ ਜਵਾਬਾਂ ਦਾ ਖਰੜਾ ਤਿਆਰ ਕਰਨ ਲਈ ਸੈਪਲਿੰਗ ਦੀ ਵਰਤੋਂ ਕਰ ਸਕਦੀਆਂ ਹਨ।

**ਸੇਲਜ਼ ਕਮਿਊਨੀਕੇਸ਼ਨ:** ਸੇਲਜ਼ ਪੇਸ਼ਾਵਰ ਆਪਣੀਆਂ ਈਮੇਲਾਂ ਅਤੇ ਪ੍ਰਸਤਾਵਾਂ ਦੀ ਗੁਣਵੱਤਾ ਅਤੇ ਪ੍ਰਭਾਵ ਨੂੰ ਸੁਧਾਰ ਸਕਦੇ ਹਨ। ਬਿਜ਼ਨਸ ਰਾਈਟਿੰਗ: ਕਾਰੋਬਾਰੀ ਪੇਸ਼ੇਵਰ ਰਿਪੋਰਟਾਂ, ਪੇਸ਼ਕਾਰੀਆਂ ਅਤੇ ਅੰਦਰੂਨੀ ਸੰਚਾਰਾਂ ਦੀ ਗੁਣਵੱਤਾ ਨੂੰ ਵਧਾਉਣ ਲਈ ਸੈਪਲਿੰਗ ਦੀ ਵਰਤੋਂ ਕਰ ਸਕਦੇ ਹਨ। 9. ਇਨਾਕਾ ਸੰਪਾਦਕ ਸੰਖੇਪ ਜਾਣਕਾਰੀ- ਇਨੰਕਾ ਸੰਪਾਦਕ ਇੱਕ ਏਆਈ ਲਿਖਣ ਸਹਾਇਕ ਹੈ ਜੋ ਉਪਭੋਗਤਾਵਾਂ ਨੂੰ ਐਸਈਓ-ਅਨੁਕੂਲ ਸਮੱਗਰੀ ਬਣਾਉਣ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਪੜ੍ਹਨਯੋਗਤਾ ਅਤੇ ਰੁਝੇਵੇਂ ਨੂੰ ਕਾਇਮ ਰੱਖਦੇ ਹੋਏ ਖੋਜ ਇੰਜਣਾਂ ਲਈ ਸਮੱਗਰੀ ਨੂੰ ਅਨੁਕੂਲ ਬਣਾਉਣ 'ਤੇ ਕੇਂਦ੍ਰਤ ਕਰਦਾ ਹੈ। ਜਰੂਰੀ ਚੀਜਾ ਐਸਈਓ ਓਪਟੀਮਾਈਜੇਸ਼ਨ: ਇਨੰਕਾ ਸੰਪਾਦਕ ਖੋਜ ਇੰਜਣਾਂ 'ਤੇ ਸਮੱਗਰੀ ਦੀ ਦਿੱਖ ਨੂੰ ਬਿਹਤਰ ਬਣਾਉਣ ਲਈ ਰੀਅਲ-ਟਾਈਮ ਐਸਈਓ ਸੁਝਾਅ ਪ੍ਰਦਾਨ ਕਰਦਾ ਹੈ।

**ਪੜ੍ਹਨਯੋਗਤਾ ਵਿਸ਼ਲੇਸ਼ਣ:** ਇਹ ਸਮੱਗਰੀ ਦੀ ਪੜ੍ਹਨਯੋਗਤਾ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਸਪਸ਼ਟਤਾ ਅਤੇ ਸ਼ਮੂਲੀਅਤ ਨੂੰ ਵਧਾਉਣ ਲਈ ਸੁਝਾਅ ਪ੍ਰਦਾਨ ਕਰਦਾ ਹੈ। ਸਮੱਗਰੀ ਵਿਚਾਰ: ਇਨੰਕਾ ਸੰਪਾਦਕ ਉਪਭੋਗਤਾਵਾਂ ਨੂੰ ਉਹਨਾਂ ਦੇ ਲਿਖਤੀ ਪ੍ਰੋਜੈਕਟਾਂ ਨੂੰ ਕਿੱਕਸਟਾਰਟ ਕਰਨ ਵਿੱਚ ਮਦਦ ਕਰਨ ਲਈ ਸਮੱਗਰੀ ਦੇ ਵਿਚਾਰ ਅਤੇ ਰੂਪਰੇਖਾ ਪੇਸ਼ ਕਰਦਾ ਹੈ। ਏਕੀਕਰਣ: ਪਲੇਟਫਾਰਮ ਵੱਖ-ਵੱਖ ਲਿਖਤੀ ਸਾਧਨਾਂ ਅਤੇ ਸੀਐਮ ਮਐਸ ਪਲੇਟਫਾਰਮਾਂ ਨਾਲ ਏਕੀਕ੍ਰਿਤ ਹੁੰਦਾ ਹੈ।

**ਕੇਸਾਂ ਦੀ ਵਰਤੋਂ ਕਰੋ ਬਲੌਗਿੰਗ:** ਬਲੌਗਰ ਲੇਖਾਂ ਦਾ ਖਰੜਾ ਤਿਆਰ ਕਰਨ ਅਤੇ ਉਹਨਾਂ ਨੂੰ ਐਸਈਓ ਲਈ ਅਨੁਕੂਲ ਬਣਾਉਣ ਲਈ ਇਨੰਕਾ ਸੰਪਾਦਕ ਦੀ ਵਰਤੋਂ ਕਰ ਸਕਦੇ ਹਨ। ਡਿਜੀਟਲ ਮਾਰਕੀਟਿੰਗ: ਮਾਰਕਿਟ ਉੱਚ-ਪਰਿਵਰਤਿਤ ਵਿਗਿਆਪਨ ਕਾਪੀ, ਈਮੇਲ ਮੁਹਿੰਮਾਂ, ਅਤੇ ਸੋਸ਼ਲ ਮੀਡੀਆ ਸਮੱਗਰੀ ਬਣਾ ਸਕਦੇ ਹਨ। ਸਮਗਰੀ

**ਸਿਰਜਣਾ:** ਸਮਗਰੀ ਸਿਰਜਣਹਾਰ ਵਿਚਾਰਾਂ ਨੂੰ ਵਿਚਾਰਨ, ਰੂਪਰੇਖਾ ਬਣਾਉਣ ਅਤੇ ਦਿਲਚਸਪ ਸਮੱਗਰੀ ਦਾ ਖਰੜਾ ਤਿਆਰ ਕਰਨ ਲਈ ਇਨੰਕਾ ਸੰਪਾਦਕ ਦਾ ਲਾਭ ਲੈ ਸਕਦੇ ਹਨ। 10।ਕੁਇਲਬੋਟ ਸੰਖੇਪ ਜਾਣਕਾਰੀ ਕੁਇਲਬੋਟ ਇੱਕ ਏਆਈ ਲਿਖਣ ਸਹਾਇਕ ਹੈ ਜੋ ਟੈਕਸਟ ਨੂੰ ਪੈਰੇਫ੍ਰੇਸਿੰਗ ਅਤੇ ਦੁਬਾਰਾ ਲਿਖਣ 'ਤੇ ਕੇਂਦ੍ਰਤ ਕਰਦਾ ਹੈ। ਇਹ ਵਾਕਾਂ ਅਤੇ ਪੈਰਿਆਂ ਨੂੰ ਦੁਹਰਾਉਣ ਦੁਆਰਾ ਉਪਭੋਗਤਾਵਾਂ ਨੂੰ ਉਹਨਾਂ ਦੀ ਲਿਖਤ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਜਰੂਰੀ ਚੀਜਾ ਪੈਰਾਫ੍ਰੇਸਿੰਗ ਟੂਲ: ਕੁਇਲਬੋਟ ਸਪਸ਼ਟਤਾ ਅਤੇ ਪੜ੍ਹਨਯੋਗਤਾ ਨੂੰ ਬਿਹਤਰ ਬਣਾਉਣ ਲਈ ਵਾਕਾਂ ਅਤੇ ਪੈਰਿਆਂ ਨੂੰ ਦੁਬਾਰਾ ਬਿਆਨ ਕਰ ਸਕਦਾ ਹੈ। ਵਿਆਕਰਣ ਜਾਂਚ: ਇਸ ਵਿੱਚ ਗਲਤੀਆਂ ਦੀ ਪਛਾਣ ਕਰਨ ਅਤੇ ਠੀਕ ਕਰਨ ਲਈ ਇੱਕ ਵਿਆਕਰਣ ਜਾਂਚਕਰਤਾ ਸ਼ਾਮਲ ਹੁੰਦਾ ਹੈ।

**ਸ਼ਬਦਾਵਲੀ ਸੁਧਾਰ:** ਕੁਇਲਬੋਟ ਸ਼ਬਦਾਵਲੀ ਨੂੰ ਅਮੀਰ ਬਣਾਉਣ ਲਈ ਸਮਾਨਾਰਥੀ ਅਤੇ ਵਿਕਲਪਕ ਵਾਕਾਂਸ਼ਾਂ ਦਾ ਸੁਝਾਅ ਦਿੰਦਾ ਹੈ। ਏਕੀਕਰਣ: ਇਹ ਟੂਲ ਗੂਗਲ ਡੌਕਸ ਅਤੇ ਮਾਈਕਰੋਸਾਫਟ ਵਰਡ ਸਮੇਤ ਕਈ ਲਿਖਤੀ ਪਲੇਟਫਾਰਮਾਂ ਨਾਲ ਏਕੀਕ੍ਰਿਤ ਹੈ।

**ਕੇਸਾਂ ਦੀ ਵਰਤੋਂ ਕਰੋ ਅਕਾਦਮਿਕ ਲਿਖਤ:** ਵਿਦਿਆਰਥੀ ਵਾਕਾਂ ਨੂੰ ਦੁਹਰਾਉਣ ਅਤੇ ਆਪਣੇ ਲੇਖਾਂ ਅਤੇ ਖੋਜ ਪੱਤਰਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਕੁਇਲਬੋਟ ਦੀ ਵਰਤੋਂ ਕਰ ਸਕਦੇ ਹਨ। ਸਮਗਰੀ ਸਿਰਜਣਾ: ਸਮਗਰੀ ਸਿਰਜਣਹਾਰ ਆਪਣੀ ਸਮੱਗਰੀ ਨੂੰ ਮੁੜ ਲਿਖਣ ਅਤੇ ਵਧਾਉਣ ਲਈ ਕੁਇਲਬੋਟ ਦਾ ਲਾਭ ਲੈ ਸਕਦੇ ਹਨ। ਬਿਜ਼ਨਸ ਰਾਈਟਿੰਗ: ਕਾਰੋਬਾਰੀ ਪੇਸ਼ੇਵਰ ਆਪਣੀਆਂ ਈਮੇਲਾਂ, ਰਿਪੋਰਟਾਂ ਅਤੇ ਪੇਸ਼ਕਾਰੀਆਂ ਨੂੰ ਸੁਧਾਰਨ ਲਈ ਕੁਇਲਬੋਟ ਦੀ ਵਰਤੋਂ ਕਰ ਸਕਦੇ ਹਨ। 2024 ਦੇ ਏਆਈ ਲਿਖਣ ਸਹਾਇਕ ਵੱਖ-ਵੱਖ ਲੋੜਾਂ ਅਤੇ ਤਰਜੀਹਾਂ ਨੂੰ ਪੂਰਾ ਕਰਨ ਲਈ ਵਿਸ਼ੇਸ਼ਤਾਵਾਂ ਅਤੇ ਸਮਰੱਥਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਦੇ ਹਨ। ਭਾਵੇਂ ਤੁਸੀਂ ਵਿਦਿਆਰਥੀ, ਪੇਸ਼ੇਵਰ, ਮਾਰਕੀਟਰ, ਜਾਂ ਸਮੱਗਰੀ ਨਿਰਮਾਤਾ ਹੋ, ਇੱਥੇ ਇੱਕ ਏਆਈ ਲਿਖਣ ਸਹਾਇਕ ਹੈ ਜੋ ਤੁਹਾਡੀ ਲਿਖਤ ਨੂੰ ਬਿਹਤਰ ਬਣਾਉਣ, ਸਮਾਂ ਬਚਾਉਣ ਅਤੇ ਤੁਹਾਡੇ ਕੰਮ ਦੀ ਗੁਣਵੱਤਾ ਨੂੰ ਵਧਾਉਣ ਵਿੱਚ ਤੁਹਾਡੀ

(ਬਾਕੀ ਅਗਲੇ ਸਫੇ ‘ਤੇ)

# ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸ. ਊਧਮ ਸਿੰਘ ਗਦਰ ਲਹਿਰ ਦਾ ਰਾਸ਼ਟਰੀ ਕ੍ਰਾਂਤੀਕਾਰੀ ਹੋਇਆ ਹੈ। ਗਦਰ ਲਹਿਰ ਹਿੰਦੁਸਤਾਨ ਦੀ ਆਜ਼ਾਦੀ ਲਈ ਅਮਰੀਕਾ ਵਿਚ ਸਰਗਰਮ ਹੋਈ। ਸਭ ਤੋਂ ਵੱਧ ਫਾਂਸੀਆਂ ਅਤੇ ਉਮਰ ਕੈਦ ਦੀਆਂ ਸਜਾਵਾਂ ਇਸੇ ਲਹਿਰ ਹੇਠ ਹੋਈਆਂ। ਸ਼ਹਾਦਤਾਂ ਦੇ ਇਸ ਅਮੀਰ ਵਿਰਸੇ ਵਿਚ ਸਿੰਘ ਦਾ ਇਕ ਉਘਾ ਨਾਂ ਹੈ, ਉਸਨੂੰ ਲੈਫਟੀਨੈਂਟ ਗਵਰਨਰ ਪੰਜਾਬ ਮਾਈਕਲ ਫਰਾਂਸਿਸ ਉਡਵਾਇਰ ਨੂੰ ਮਾਰਨ ਤੇ ਸੰਸਾਰ ਵਿਚ ਪ੍ਰਸਿੱਧੀ ਮਿਲੀ ਜੋ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਦੇ ਸਾਕੇ ਦਾ ਦੋਸ਼ੀ ਸੀ। ਸਿੰਘ ਨੂੰ ਸ਼ਹੀਦ-ਏ-ਆਜ਼ਮ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ (ਸੰਗਰੂਰ) ਪੰਜਾਬ ਵਿਚ ਪਿਤਾ ਟਹਿਲ ਸਿੰਘ ਜੰਮੂ ਅਤੇ ਮਾਤਾ ਨਰੈਣ ਕੌਰ ਦੇ ਘਰ ਹੋਇਆ। ਬਚਪਨ ਦਾ ਨਾਂ ਸ਼ੇਰ ਸਿੰਘ ਸੀ। ਪਿਤਾ ਇਕ ਕਿਸਾਨ ਪਰਿਵਾਰ ਤੋਂ ਸਨ, ਜੋ ਰੇਲਵੇ ਸੈਨਾ ਵਿਚ ਪਿੰਡ ਉਪਾਲੀ ਵਿਖੇ ਤਾਇਨਾਤ ਸਨ। ਵੱਡੇ ਭਰਾ ਦਾ ਨਾਂ ਮੁਕਤਾ ਸਿੰਘ ਸੀ। ਸੰਨ 1901 ਵਿਚ ਉਹਨਾਂ ਦੇ ਮਾਤਾ ਜੀ ਦੀ ਮੌਤ ਹੋ ਗਈ। ਉਹਨਾਂ ਦੇ ਪਿਤਾ ਜੀ ਵੀ 1907 ਵਿਚ ਅਕਾਲ ਚਲਾਣਾ ਕਰ ਗਏ। ਉਹ ਦੋਵੇਂ ਭਰਾ 24 ਅਕਤੂਬਰ 1907 ਨੂੰ ਕੇਂਦਰੀ ਖਾਲਸਾ ਯਤੀਮਖਾਨਾ ਪੁਤਲੀਘਰ ਅੰਮ੍ਰਿਤਸਰ ਦਾਖਲ ਹੋ ਗਏ। ਉਹਨਾਂ ਨੂੰ ਸਿੱਖ ਧਰਮ ਦੀ ਸਿੱਖਿਆ ਮਿਲੀ। ਜਿੱਥੇ ਸ਼ੇਰ ਸਿੰਘ ਨੂੰ ਊਧਮ ਸਿੰਘ ਨਾਂ ਮਿਲਿਆ। ਭਰਾ ਮੁਕਤਾ ਸਿੰਘ ਨੂੰ ਸਾਧੂ ਸਿੰਘ ਨਾਂ ਮਿਲਿਆ ਪਰ 1917 ਵਿਚ ਵੱਡੇ ਭਰਾ ਦੀ ਮੌਤ ਹੋ ਗਈ। ਸਿੰਘ ਦੀ ਉਮਰ 17 ਕੁ ਸਾਲ ਸੀ ਜਦੋਂ ਉਹ ਇਕੱਲਾ ਰਹਿ ਗਿਆ। ਸੰਨ 1918 ਵਿਚ ਸਿੰਘ ਨੇ ਦਸਵੀਂ ਪਾਸ ਕਰ ਲਈ। ਤਦ ਉਸਨੇ ਯਤੀਮਖਾਨਾ ਛੱਡ ਦਿੱਤਾ। ਉਸਨੂੰ ਆਪਣੇ ਦੁਆਲੇ ਅੰਗਰੇਜ਼ੀ ਸਾਮਰਾਜ ਦੀਆਂ ਕੋਝੀਆਂ ਚਾਲਾਂ ਦੀ ਸਮਝ ਆਉਣ ਲੱਗੀ। ਉਹ ਇਕ ਗੰਭੀਰ ਵਿਚਾਰਾਂ ਦਾ ਬਣ ਗਿਆ।

ਅਪ੍ਰੈਲ 10, 1919 ਨੂੰ ਰੋਲਟ ਐਕਟ ਦੇ ਵਿਰੋਧ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਆਗੂ ਗ੍ਰਿਫਤਾਰ ਹੋਏ। ਕਰਨਲ ਰੈਗੀਨਾਲਡ ਡਾਇਰ ਨੇ ਸਮੂਹ ਇਕੱਠਾਂ ’ਤੇ ਪਾਬੰਦੀ ਲਗਾ ਦਿੱਤੀ। ਲੋਕ ਰੋਸ ਪ੍ਰਦਰਸ਼ਨ ਲਈ ਜਲ੍ਹਿਆਂਵਾਲਾ ਬਾਗ ਵਿਚ ਸ਼ਾਂਤੀਪੂਰਵਕ ਇਕੱਠੇ ਹੋਏ। ਕਰਨਲ ਡਾਇਰ ਦੀਆਂ ਫੌਜਾਂ ਨੇ ਬਾਗ ਦਾ ਇਕੋ ਰਸਤਾ ਬੰਦ ਕਰਕੇ ਬਿਨਾਂ ਕਿਸੇ ਚਿਤਾਵਨੀ ਦੇ ਨਿਹੱਥੇ ਲੋਕਾਂ ’ਤੇ ਉਦੋਂ ਤੱਕ ਗੋਲੀ ਚਲਾਈ, ਜਦ ਤੱਕ ਅਸਲਾ ਮੁੱਕ ਨਹੀਂ ਗਿਆ। ਕਾਂਗਰਸ ਨੇ ਦੱਸਿਆ ਕਿ 1000 ਦੀ ਮੌਤ ਹੋਈ ਅਤੇ 1500 ਜ਼ਖਮੀ ਹੋਏ।

ਸਿੰਘ ਉਸ ਦਿਨ ਇਕੱਠ ਨੂੰ ਪਾਣੀ ਪਿਲਾਉਣ ਦੀ ਸੇਵਾ ਨਿਭਾਅ ਰਿਹਾ ਸੀ। ਉਸਦੇ ਮਨ ਤੇ ਇਸ ਖੂਨੀ ਸਾਕੇ ਦਾ ਡੂੰਘਾ ਸਦਮਾ ਲੱਗਾ। ਉਸਨੇ ਪ੍ਰਣ ਕੀਤਾ ਕਿ ਉਹ ਇਸ ਖੂਨੀ ਸਾਕੇ ਦਾ ਬਦਲਾ ਜ਼ਰੂਰ ਲਵੇਗਾ। ਗੁੱਸੇ ਅਤੇ ਬਦਲੇ ਦੀ ਭਾਵਨਾ ਨਾਲ ਉਹ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਵਿਚ ਕੁੱਦ ਪਿਆ। ਉਹ ਸਭ ਤੋਂ ਪਹਿਲਾਂ ਪੂਰਬੀ ਅਫਰੀਕਾ ਵਿਚ ਗਿਆ। ਉਸਨੇ ਉਡਵਾਇਰ ਨੂੰ ਮਾਰਨ ਦਾ ਸੰਘਰਸ਼ ਸ਼ੁਰੂ ਕਰ ਲਿਆ। ਅਮਰੀਕਾ ਪਹੁੰਚਿਆ ਤਾਂ ਉਸਦੀ ਮੁਲਾਕਾਤ ਗਦਰੀ ਬਾਬਿਆਂ ਨਾਲ ਹੋ ਗਈ। ਸੰਨ 1924 ਵਿਚ ਉਹ ਗਦਰ ਲਹਿਰ ਵਿਚ ਸ਼ਾਮਲ ਹੋ ਗਿਆ। ਗਦਰ ਲਹਿਰ ਦੀਆਂ ਸਰਗਰਮੀਆਂ ਵਿਚ ਉਹ ਅਮਰੀਕਾ ਦੂਰ-ਦੂਰ ਤੱਕ ਘੁੰਮਿਆ। ਗੁਪਤ ਵਿਚਰਦਿਆਂ ਉਸਦੇ ਨਾਂ ਸਨ- ਉਦੈ ਸਿੰਘ, ਸ਼ੇਰ ਸਿੰਘ ਤੇ ਫਰੈਂਕ ਬਰਾਜੀਲ ਆਦਿ।

ਸ. ਭਗਤ ਸਿੰਘ ਦੇ ਕਹਿਣ ’ਤੇ ਉਹ 1927ਵਿਚ ਅਸਲੇ ਸਮੇਤ ਆਪਣੇ 25 ਸਾਥੀਆਂ ਨਾਲ ਭਾਰਤ ਪਰਤ ਆਇਆ। ਪਰ ਉਸੇ ਸਾਲ ਨਜਾਇਜ਼ ਹਥਿਆਰ ਰੱਖਣ ਦੇ ਜ਼ੁਰਮ ਵਿਚ ਕੈਦ ਰਿਹਾ। ਅਕਤੂਬਰ 1931 ਨੂੰ ਰਿਹਾਅ ਹੋਇਆ। ਉਸਨੂੰ ਪਤਾ ਲੱਗਾ ਕਿ ਬਰਗੇਡੀਅਰ ਜਨਰਲ ਡਾਇਰ ਦੀ 1927 ਵਿਚ ਬ੍ਰਿਟੇਨ ਵਿਚ ਮੌਤ ਹੋ ਗਈ ਹੈ। ਉਸਦੇ ਸਾਥੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਵੀ 23 ਮਾਰਚ, 1931 ਨੂੰ ਫਾਂਸੀ ਹੋ ਗਈ ਹੈ।

ਉਹ ਸੁਨਾਮ ਰਹਿਣ ਲੱਗਾ। ਉਹ ਪੁਲਿਸ ਦੀ ਨਿਗਰਾਨੀ ਹੇਠ ਸੀ ਕਿਉਂਕਿ ਉਸਦੇ ਸਬੰਧ ਭਗਤ ਸਿੰਘ ਦੀ ਕ੍ਰਾਂਤੀਕਾਰੀ ਪਾਰਟੀ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਨਾਲ ਜੁੜੇ ਸਨ। ਉਸਨੇ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਤੇ ਅੰਮ੍ਰਿਤਸਰ ਫੱਟਾ ਲਿਖਣ ਦੀ ਦੁਕਾਨ ਕਰ ਲਈ। ਉਸਦਾ ਨਾਂ ਉਸਦੀ ਬਾਂਹ ਤੇ ਖੁਣਿਆ ਹੋਇਆ ਸੀ। ਅੰਦਰਖਾਤੇ ਉਹ ਕ੍ਰਾਂਤੀਕਾਰੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਸੀ। ਉਹ ਲੰਡਨ ਜਾਣ ਦੀ ਯੋਜਨਾ ਬਣਾ ਰਿਹਾ ਸੀ ਕਿ ਜਲਿਆਂਵਾਲਾ




**ਉਹ ਪੁਲਿਸ ਤੋਂ ਬਚਦਾ ਕਸ਼ਮੀਰ ਰਾਹੀਂ ਜਰਮਨੀ ਦਾਖਲ ਹੋ ਗਿਆ। ਉਥੋਂ ਉਹ ਇਟਲੀ, ਫਰਾਂਸ, ਸਵਿਟਜ਼ਰਲੈਂਡ, ਆਸਟ੍ਰੀਆ ਰਾਹੀਂ ਸੰਨ 1934 ਵਿਚ ਇੰਗਲੈਂਡ ਪਹੁੰਚਿਆ। ਜਿੱਥੇ ਉਹ 9 ਐਲਡਰ ਸਟ੍ਰੀਟ, ਵਾਈਟਚੀਪਰ, ਈਸਟ, ਲੰਡਨ ਵਿਖੇ ਰਿਹਾ। ਉਸਨੇ ਲੱਕੜੀ ਕਾਰੀਗਰੀ, ਮੋਟਰ ਮਕੈਨਿਕ ਦਾ ਕੰਮ ਕੀਤਾ। ਉਸਨੇ ਕਾਰ ਵੀ ਰੱਖ ਲਈ। ਉਹ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨਾਲ ਜੁੜਿਆ ਰਿਹਾ। ਉਸਨੇ ਅਲੈਕਸ ਐਂਡਰ ਕੋਰਡਾ ਫਿਲਮਜ਼ ਵਿਚ ਜਿਵੇਂ ਐਲੀਫੈਂਟ ਬੋਅ-1937 ਅਤੇ ਫੋਰ ਫੀਦਰਸ ਵਿਚ ਪਿਛਾਕੜ ਕਲਾਕਾਰ ਦੀ ਭੂਮਿਕਾ ਨਿਭਾਈ। ਮੂਲ ਰੂਪ ਵਿਚ ਉਸਦਾ ਅਸਲ ਨਿਸ਼ਾਨਾ ਉਡਵਾਇਰ ਨੂੰ ਮਾਰਨ ਦਾ ਰਿਹਾ। ਉਸਨੇ ਛੇ ਗੋਲੀਆਂ ਵਾਲਾ ਪਿਸਤੌਲ ਵੀ ਖਰੀਦ ਲਿਆ। ਉਹ ਇਕ ਅਜਿਹੇ ਮੌਕੇ ਦੀ ਤਲਾਸ਼ ਵਿਚ ਸੀ ਕਿ ਉਸਨੂੰ ਭੀੜ ਵਾਲੀ ਜਗ੍ਹਾ ਤੇ ਮਾਰਿਆ ਜਾਵੇ, ਜਿੱਥੇ ਆਮ ਜਨਤਾ ਦਾ ਧਿਆਨ ਖਿੱਚਿਆ ਜਾਵੇ ਕਿ ਹਿੰਦੁਸਤਾਨੀਆਂ ਦਾ ਖੂਨ ਵਹਾਉਣ ਵਾਲੇ ਨੂੰ ਮੌਤ ਦੀ ਸਜ਼ਾ ਮਿਲੀ ਹੈ। ਘਟਨਾ ਦੀ ਖਬਰ ਸੰਸਾਰ ਭਰ ਦੀਆਂ ਅਖਬਾਰਾਂ ਵਿਚ ਛਪੇ। ਸਿੰਘ ਨੂੰ ਪਤਾ ਲੱਗਾ ਕਿ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਦੀ ਇਕ ਸਾਂਝੀ ਇਕੱਤਰਤਾ 13 ਮਾਰਚ, 1940 ਨੂੰ 10 ਕੈਕਸਟਨ ਹਾਲ ਲੰਡਨ ਵਿਖੇ ਹੋ ਰਹੀ ਹੈ। ਉਡਵਾਇਰ ਦਾ ਭਾਸ਼ਣ ਹੈ। ਇਕੱਤਰਤਾ ਦੇ ਦਿਨ ਸਿੰਘ ਰਿਵਾਲਵਰ ਲੈ ਕੇ ਪਹੁੰਚ ਗਿਆ। ਜਦੋਂ ਕਾਰਵਾਈ ਖਤਮ ਹੋਣ ਤ ਆਈ, ਸਿੰਘ ਮੰਚ ਵੱਲ ਵਧਿਆ, ਉਸਨੇ ਦੋ ਗੋਲੀਆਂ ਉਡਵਾਇਰ ਤੇ ਦਾਗ ਦਿੱਤੀਆਂ। ਉਸਦੀ ਮੌਕੇ ਤੇ ਹੀ ਮੌਤ ਹੋ ਗਈ। ਤਦ ਹੀ ਉਸਨੇ ਲਾਰਡ ਜ਼ੈਟਲੈਂਡ ਸਕੱਤਰ ਸਟੇਟ ਆਫ ਇੰਡੀਆ, ਲਾਰਡ ਲਿਮਿੰਗਟਨ ਅਤੇ ਸਰ ਲੁਈਸ ਡੇਨ ਅਧਿਕਾਰੀਆਂ ਨੂੰ ਜ਼ਖਮੀ ਕਰ ਦਿੱਤਾ।**

ਬਾਗ ਦੇ ਖੂਨੀ ਸਾਕੇ ਦਾ ਬਦਲਾ ਲੈ ਸਕੇ।

ਉਹ ਪੁਲਿਸ ਤੋਂ ਬਚਦਾ ਕਸ਼ਮੀਰ ਰਾਹੀਂ ਜਰਮਨੀ ਦਾਖਲ ਹੋ ਗਿਆ। ਉਥੋਂ ਉਹ ਇਟਲੀ, ਫਰਾਂਸ, ਸਵਿਟਜ਼ਰਲੈਂਡ,ਆਸਟ੍ਰੀਆ ਰਾਹੀਂ ਸੰਨ 1934 ਵਿਚ ਇੰਗਲੈਂਡ ਪਹੁੰਚਿਆ। ਜਿੱਥੇ ਉਹ 9 ਐਲਡਰ ਸਟ੍ਰੀਟ, ਵਾਈਟਚੀਪਰ, ਈਸਟ, ਲੰਡਨ ਵਿਖੇ ਰਿਹਾ। ਉਸਨੇ ਲੱਕੜੀ ਕਾਰੀਗਰੀ, ਮੋਟਰ ਮਕੈਨਿਕ ਦਾ ਕੰਮ ਕੀਤਾ। ਉਸਨੇ ਕਾਰ ਵੀ ਰੱਖ ਲਈ। ਉਹ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨਾਲ ਜੁੜਿਆ ਰਿਹਾ। ਉਸਨੇ ਅਲੈਕਸ ਐਂਡਰ ਕੋਰਡਾ ਫਿਲਮਜ਼ ਵਿਚ ਜਿਵੇਂ ਐਲੀਫੈਂਟ ਬੋਅ-1937 ਅਤੇ ਫੋਰ ਫੀਦਰਸ ਵਿਚ ਪਿਛਾਕੜ ਕਲਾਕਾਰ ਦੀ ਭੂਮਿਕਾ ਨਿਭਾਈ। ਮੂਲ ਰੂਪ ਵਿਚ ਉਸਦਾ ਅਸਲ ਨਿਸ਼ਾਨਾ ਉਡਵਾਇਰ ਨੂੰ ਮਾਰਨ ਦਾ ਰਿਹਾ। ਉਸਨੇ ਛੇ ਗੋਲੀਆਂ ਵਾਲਾ ਪਿਸਤੌਲ ਵੀ ਖਰੀਦ ਲਿਆ। ਉਹ ਇਕ ਅਜਿਹੇ ਮੌਕੇ ਦੀ ਤਲਾਸ਼ ਵਿਚ ਸੀ ਕਿ ਉਸਨੂੰ ਭੀੜ ਵਾਲੀ ਜਗ੍ਹਾ ਤੇ ਮਾਰਿਆ ਜਾਵੇ, ਜਿੱਥੇ ਆਮ ਜਨਤਾ ਦਾ ਧਿਆਨ ਖਿੱਚਿਆ ਜਾਵੇ ਕਿ ਹਿੰਦੁਸਤਾਨੀਆਂ ਦਾ ਖੂਨ ਵਹਾਉਣ ਵਾਲੇ ਨੂੰ ਮੌਤ ਦੀ ਸਜ਼ਾ ਮਿਲੀ ਹੈ। ਘਟਨਾ ਦੀ ਖਬਰ ਸੰਸਾਰ ਭਰ ਦੀਆਂ ਅਖਬਾਰਾਂ ਵਿਚ ਛਪੇ।

ਸਿੰਘ ਨੂੰ ਪਤਾ ਲੱਗਾ ਕਿ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਦੀ ਇਕ ਸਾਂਝੀ ਇਕੱਤਰਤਾ 13 ਮਾਰਚ, 1940 ਨੂੰ 10 ਕੈਕਸਟਨ ਹਾਲ ਲੰਡਨ ਵਿਖੇ ਹੋ ਰਹੀ ਹੈ। ਉਡਵਾਇਰ ਦਾ ਭਾਸ਼ਣ ਹੈ। ਇਕੱਤਰਤਾ ਦੇ ਦਿਨ ਸਿੰਘ ਰਿਵਾਲਵਰ ਲੈ ਕੇ ਪਹੁੰਚ ਗਿਆ। ਜਦੋਂ ਕਾਰਵਾਈ ਖਤਮ ਹੋਣ ਤ ਆਈ, ਸਿੰਘ ਮੰਚ ਵੱਲ ਵਧਿਆ, ਉਸਨੇ ਦੋ ਗੋਲੀਆਂ ਉਡਵਾਇਰ ਤੇ ਦਾਗ ਦਿੱਤੀਆਂ। ਉਸਦੀ ਮੌਕੇ ਤੇ ਹੀ ਮੌਤ ਹੋ ਗਈ। ਤਦ ਹੀ ਉਸਨੇ ਲਾਰਡ ਜ਼ੈਟਲੈਂਡ ਸਕੱਤਰ ਸਟੇਟ ਆਫ ਇੰਡੀਆ, ਲਾਰਡ ਲਿਮਿੰਗਟਨ ਅਤੇ ਸਰ ਲੁਈਸ ਡੇਨ ਅਧਿਕਾਰੀਆਂ ਨੂੰ ਜ਼ਖਮੀ ਕਰ ਦਿੱਤਾ। ਸਿੰਘ ਸ਼ਾਂਤ-ਚਿੱਤ ਖੜ੍ਹਾ ਰਿਹਾ। ਉਸਦਾ ਭੱਜਣ ਦਾ ਇਰਾਦਾ ਨਹੀਂ ਸੀ। ਪੁਲਿਸ ਹਿਰਾਸਤ ਵਿਚ ਸਿੰਘ ਨੇ ਪੁੱਛਿਆ, ’’ਕੀ ਜ਼ੈਟਲੈਂਡ ਮਰ ਗਿਆ? ਉਹ ਵੀ ਮਰਨਾ ਚਾਹੀਦਾ ਸੀ। ਮੇਰੇ ਹਿੱਸੇ ਇਕ ਦਾ ਹੀ ਮਰਨਾ ਸੀ। ਮੈਂ ਸੁਸਤ ਹੋ ਗਿਆ ਹੋਵਾਂਗਾ। ਉਸਦੇ ਦੁਆਲੇ ਕਈ ਔਰਤਾਂ ਵੀ ਸਨ।’’ 1 ਅਪ੍ਰੈਲ 1940 ਨੂੰ ਸਿੰਘ ਤੇ ਰਸਮੀ ਤੌਰ ’ਤੇ ਉਡਵਾਇਰ ਦੇ ਕਤਲ ਦਾ ਦੋਸ਼ ਲੱਗਾ।

ਸਿੰਘ ਨੂੰ ਬਕਿਸਟਨ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿਚ ਉਹ 42 ਦਿਨ ਭੁੱਖ ਹੜਤਾਲ ’ਤੇ ਰਿਹਾ। ਜੂਨ 4, 1940 ਨੂੰ ਸੈਂਟਰਲ ਕ੍ਰਿਮੀਨਲ ਕੋਰਟ ਓਲਡ ਵੈਲੀ ਵਿਚ ਮੁਕੱਦਮੇ ਦੀ ਕਾਰਵਾਈ ਹੋਈ। ਜੱਜ ਨੇ ਪੁੱਛਿਆ, ਕਿ ਤੂੰ ਸ਼ਰੇਆਮ ਇਹ ਕਤਲ ਕਿਉਂ ਕੀਤਾ ਹੈ? ਸਿੰਘ ਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ ਕਿ ਇਹ ਸਾਡਾ ਪੁਰਾਣਾ ਦੁਸ਼ਮਣ ਹੈ। ਇਹ ਇਸੇ ਮੌਤ ਦਾ ਹੱਕਦਾਰ ਸੀ। ਇਹ ਮੇਰੇ ਦੇਸ਼ ਵਾਸੀਆਂ ਦੀਆਂ ਆਜ਼ਾਦੀ ਪ੍ਰਤੀ ਭਾਵਨਾਵਾਂ ਨੂੰ ਕੁਚਲਣ ਵਾਲਾ ਸੀ। ਮੈਂ ਇਸਨੂੰ ਕੁਚਲ ਦਿੱਤਾ। ਇਸ ਬਦਲੇ ਲਈ ਮੈਂ 21 ਸਾਲ ਸੰਘਰਸ਼ ਕੀਤਾ ਹੈ। ਮੈਂ ਆਪਣੇ ਦੇਸ਼ ਵਾਸੀਆਂ ਤੇ ਅੰਗਰੇਜ਼ੀ ਸਰਕਾਰ ਦੇ ਜ਼ੁਲਮ ਵੇਖੇ ਹਨ। ਅੰਗਰੇਜ਼. ਸਾਮਰਾਜ ਦਾ ਵਿਦਰੋਹ ਕਰਨਾ ਮੇਰਾ ਫਰਜ਼ ਸੀ। ਮੇਰੇ ਲਈ ਇਸ ਤੋਂ ਵੱਧ ਹੋਰ ਕਿਹੜੀ ਮਾਣ ਵਾਲੀ ਗੱਲ ਹੋ ਸਕਦੀ ਹੈ ਕਿ ਮੈਂ ਆਪਣੀ ਮਾਤ-ਭੂਮੀ ਲਈ ਕੁਰਬਾਨ ਹੋ ਰਿਹਾ ਹਾਂ।

ਸਿੰਘ ਨੂੰ ਜੁਲਾਈ 31, 1940 ਨੂੰ ਪੈਂਟੋਵਿਲੇ ਜੇਲ੍ਹ ਲੰਡਨ ਵਿਚ ਫਾਂਸੀ ਦਿੱਤੀ ਗਈ। ਉਸਨੂੰ ਜੇਲ੍ਹ ਦੇ ਅਹਾਤੇ ਵਿਚ ਹੀ ਦਫਨਾਇਆ ਗਿਆ।

ਜੁਲਾਈ 1974 ਵਿਚ ਸਿੰਘ ਦੀਆਂ ਅਸਥੀਆਂ ਸੁਲਤਾਨਪੁਰ ਲੋਧੀ ਤੋਂ ਵਿਧਾਇਕ ਸਾਧੂ ਸਿੰਘ ਥਿੰਦ ਦੇ ਯਤਨਾਂ ਨਾਲ ਭਾਰਤ ਲਿਆਂਦੀਆਂ ਗਈਆਂ। ਜਿਸਨੂੰ ਕਾਂਗਰਸ ਪ੍ਰਧਾਨ ਸ਼ੰਕਰ ਦਿਆਲ ਸ਼ਰਮਾ, ਮੁੱਖ ਮੰਤਰੀ ਪੰਜਾਬ ਗਿਆਨੀ ਜੈਲ ਸਿੰਘ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਸਵਾਗਤ ਕੀਤਾ ਗਿਆ। ਅੰਤਿਮ ਰਸਮਾਂ ਜਨਮ ਅਸਥਾਨ ਸੁਨਾਮ ਵਿਚ ਪੂਰੀਆਂ ਹੋਈਆਂ। ਅਸਥੀਆਂ ਨੂ ਸਤਲੁਜ ਦਰਿਆ ਵਿਚ ਜਲ ਪ੍ਰਵਾਹ ਕੀਤਾ ਗਿਆ। ਅਸਥੀਆਂ ਦਾ ਕੁਝ ਹਿੱਸਾ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਦੇ ਅਜਾਇਬ ਘਰ ਵਿਚ ਰੱਖਿਆ ਗਿਆ।

**ਵਿਰਾਸਤ**

1. ਸਿੰਘ ਦੀ ਯਾਦ ਨੂੰ ਸਮਰਪਿਤ ਇਕ ਸਮਾਜ ਸੇਵੀ ਸੰਸਥਾ ਸੋਹੋਰੋਡ ਬਰਮਿੰਗਮ ਵਿਚ ਹੈ।
2. ਇਕ ਅਜਾਇਬ ਘਰ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ ਹੈ।
3. ਸਿੰਘ ਦੇ ਹਥਿਆਰ ਚਾਕੂ, ਡਾਇਰੀ, ਗੋਲੀ ਵਾਰਦਾਤ ਸਮੇਂ ਬਲੈਕ ਮਿਊਜ਼ੀਅਮ ਸਕੋਟਲੈਂਡ ਯਾਰਡ।
4. ਉਸਦੀ ਯਾਦ ਵਿਚ ਕਈ ਫਿਲਮਾਂ ਬਣੀਆਂ ਹਨ।
5. ਪੂਰਬੀ ਉਤਰ ਪ੍ਰਦੇਸ਼ ਦੇ ਉਤਰਾਖੰਡ ਵਿਚ ਮੁੱਖ ਮੰਤਰੀ ਮਾਇਆਵਤੀ ਵੱਲੋਂ ਜ਼ਿਲ੍ਹੇ ਦਾ ਨਾਂ ਊਧਮ ਸਿੰਘ ਦੇ ਨਾਂ ਤੋਂ ਹੈ।
6. ਸ਼ਹੀਦ ਦੀ ਯਾਦ ਵਿਚ ਅਨੂਪਰਾੜ ਰਾਜਸਥਾਨ ਵਿਚ ਇਕ ਚੌਂਕ ਹੈ।
7. ਸਾਕਾ ਵੈਨਜ਼ਰਜ਼ ਵੱਲੋਂ ਵੀਡੀਓ-1998 ਅਤੇ 2018 ਨੂੰ ਸਰਵ ਕੰਬੋਜ ਸਮਾਜ ਵੱਲੋਂ 10 ਫੁੱਟ ਉਚਾ ਬੁੱਤ ਲਗਾਇਆ ਗਿਆ। ਜਿਸਦਾ ਉਦਘਾਟਨ ਗ੍ਰਹਿ ਮੰਤਰੀ ਰਾਜਨਾਥ ਨੇ ਕੀਤਾ।
9. ਸਿੰਘ ਦਾ ਜੱਦੀ ਘਰ ਅਜਾਇਬਘਰ ਬਣਿਆ।
10. ਸੁਨਾਮ ਨੂੰ ਸੁਨਾਮ ਊਧਮ ਸਿੰਘ ਵਾਲਾ ਨਾਂ ਦਿੱਤਾ ਗਿਆ।

ਅੰਤਿਕਾ- ਕਬੀਰ ਜੀ ਕਹਿੰਦੇ ਹਨ ਹੇ ਕਬੀਰ! ਮਰਦਾ ਮਰਦਾ ਉਂਝ ਤਾਂ ਸਾਰਾ ਸੰਸਾਰ ਮਰ ਰਿਹਾ ਹੈ।

ਪਰ ਕਿਸੇ ਨੇ ਵੀ ਸੱਚੇ ਮਰਨ ਦੀ ਜਾਂਚ ਨਹੀਂ ਸਿੱਖੀ, ਜੇ ਮਨੁੱਖ ਇਸ ਤਰ੍ਹਾਂ ਦੀ ਸੱਚੀ ਮੌਤ ਮਰਦਾ ਹੈ, ਉਸਨੂੰ ਫਿਰ ਮਰਨਾ ਨਹੀਂ ਪੈਂਦਾ। -ਅੰਗ 555

ਹਵਾਲਾ ਸਲੋਕ ਭਗਤ ਕਬੀਰ ਜੀ (ਸਲੋਕ ਨੰ: 29)

## ਵਿਅੰਗ/ ਸੀਮੈਂਟ ਦਾ ਬਾਬਾ ਕਿਉਂ?



ਕੁੱਝ ਦਿਨ ਪਹਿਲਾਂ ਸਵੇਰੇ ਸਵੇਰੇ ਸੈਰ ਕਰਦਿਆਂ ਮੈਂ ਸੜ੍ਹਕ ਕੰਢੇ ਇੱਕ ‘ਧਾਰਮਿਕ ਅਸਥਾਨ’ ‘ਤੇ ਸੀਮੈਂਟ ਦਾ ਬਣਿਆਂ ਇੱਕ ਬਾਬਾ ਦੇਖ ਕੇ ਮੈਨੂੰ ਸਵਰਗੀ ਢਾਡੀ ਗਿਆਨੀ ਦਇਆ ਸਿੰਘ ਦਿਲਬਰ ਸਾਹਬ ਚੇਤੇ ਆ ਗਏ!

ਉਹ ਕਹਿੰਦੇ ਹੁੰਦੇ ਸਨ ਕਿ ਤਮਾਮ ਗੁਰੂਆਂ ਪੀਰਾਂ ਰਹਿਬਰਾਂ ਦੇ ਪੈਰੋਕਾਰਾਂ ਦੀ ਹਮੇਸ਼ਾਂ ਇਹ ਪ੍ਰਬਲ ਇੱਛਾ ਹੁੰਦੀ ਹੈ ਕਿ ਉਨ੍ਹਾਂ ਦਾ ਇਸ਼ਟ ਸਾਨੂੰ ਸਾਖਸ਼ਾਤ ਰੂਪ ਵਿੱਚ ਦਰਸ਼ਣ ਦੇ ਦੇਵੇ ਤਾਂ ਉਹ ਨਿਹਾਲੋ ਨਿਹਾਲ ਹੋ ਜਾਣ! ‘ਮੇਰੇ ਬਾਬਾ ਜੀ ਦਿਉ ਦਰਸ਼ਣ...।!’ ਵਾ.ਲੀ ਰਸ-ਭਿੰਨੀਂ ਧਾਰਨਾਂ ਗਾਉਂਦੇ ਜਾਂਦੇ ਸ਼ਰਧਾਲੂ ਅਕਸਰ ਹੀ ਦੇਖੇ ਜਾ ਸਕਦੇ ਹਨ।

ਪਰ ਇੱਕੋ ਇੱਕ ਗੁੱਗਾ ਜਾਹਰ ਪੀਰ ਐਸਾ ‘ਬਾਬਾ’ ਹੈ ਜਿਸਦੇ ਸ਼ਰਧਾਲੂ ਜਨ ਹੱਥ ਜੋੜ ਜੋੜ ਅਰਜੋਈਆਂ ਕਰਦੇ ਹੁੰਦੇ ਨੇ ਹੇ ਬਾਬਾ ! ਰੱਬ ਦੇ ਵਾਸਤੇ ਸਾਨੂੰ ਦਰਸ਼ਣ ਨਾ ਦੇ ਦਈਂ ਕਿਤੇ !

ਗੁੱਗੇ ਦੀ ਪੂਜਾ ਅਰਚਨਾਂ ਵਾ.ਲੇ ਇੱਕ ਖਾਸ ਦਿਨ ‘ਤੇ ਸੇਂਵੀਆਂ ਚੜ੍ਹਾਉਣ ਗਈਆਂ ਬੀਬੀਆਂ ਨੂੰ ਜੇ ਕਿਤੇ ਉਹ ਕਿਸੇ ਖੁੱਡ ਵਿੱਚੋਂ ਨਿਕ.ਲਦਾ ਜਾਂ ਐਧਰੋਂ ਓਧਰੋਂ ਤੁਰਿਆ ਆਉਂਦਾ ਦਿਸ ਪਵੇ ਤਾਂ ਮਾਈਆਂ ਝੱਟ ਪਟ ਸੇਂਵੀਆਂ ਸੁੱਟ ਕੇ ਉੱਥੋਂ ਸੱਤਰ ਮੀਲ ਫੀ ਘੰਟਾ ਦੀ ਸਪੀਡ ਨਾਲ ਦੌੜ ਪੈਣਗੀਆਂ ! ਆਪਣੇ ਘਰ ਤੱਕ ਭੱਜੀਆਂ ਆਉਂਦੀਆਂ ਪਿੱਛੇ ਮੁੜਕੇ ਵੀ ਨੀ ਦੇਖਣ ਗੀਆਂ !

ਸੋ ਜਦ ਇਹ ‘ਬਾਬਾ’ ਅਸਲ ਜਿਊਂਦੇ ਜਾਗਦੇ ਰੂਪ ਵਿੱਚ ‘ਅਵੇਲੇਬਲ’ ਹੈਗਾ ਐ ਤਾਂ ਇਹਦੇ ਪੈਰੋਕਾਰਾਂ ਨੂੰ ਸੀਮੈਂਟ ਦਾ ਬਾਬਾ ਬਣਾਉਣ ਦੀ ਕੀ ਲੋੜ ਆ ਭਲਾ ?



ਤਰਲੋਚਨ ਸਿੰਘ ਦੁਪਾਲ ਪੁਰ
001-408-915-1268

## ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਬਣੇ ਵਿਧਾਨ ਸਭਾ ਦੀ ਸਟੈਂਡਿੰਗ ਕਮੇਟੀ ਦੇ ਮੈਂਬਰ ਕੋਟਲੀ ਨੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਾ ਕੀਤਾ ਧੰਨਵਾਦ



**ਫਗਵਾੜਾ (ਬੀ.ਕੇ. ਰੱਤੂ)-** ਆਦਮਪੁਰ ਤੋਂ ਕਾਂਗਰਸ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਪੰਜਾਬ ਵਿਧਾਨ ਦੇ 2 ਸਟੈਂਡਿੰਗ ਕਮੇਟੀਆਂ ਦੇ ਚੁਣੇ ਗਏ। ਉਨ੍ਹਾਂ ਨੂੰ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਪੰਚਾਇਤੀ ਰਾਜ ਅਤੇ ਪੰਜਾਬ ਸਮਾਜ ਭਲਾਈ ਵੈਲਫੇਅਰ ਕਮੇਟੀ (ਪੰਜਾਬ ਵਿਧਾਨ ਸਭਾ) ਚੁਣਿਆ ਹੈ। ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਕਿਹਾ ਕਿ ਮੈਂ ਧੰਨਵਾਦੀ ਹਾਂ ਸਪੀਕਰ ਪੰਜਾਬ ਵਿਧਾਨ ਸਭਾ ਸ। ਕੁਲਤਾਰ ਸਿੰਘ ਸੰਧਵਾਂ ਜੀ ਦਾ ਜਿਹਨਾਂ ਨੇ ਮੈਨੂੰ ਪੰਜਾਬ ਪੰਚਾਇਤੀ ਰਾਜ ਅਤੇ ਪੰਜਾਬ ਸਮਾਜ ਭਲਾਈ ਵੈਲਫੇਅਰ ਕਮੇਟੀ (ਪੰਜਾਬ ਵਿਧਾਨ ਸਭਾ) ਦਾ ਮੈਂਬਰ ਨਿਯੁਕਤ ਕੀਤਾ ਹੈ, ਉਨ੍ਹਾਂ ਅੱਗੇ ਕਿਹਾ ਕਿ ਪਹਿਲਾਂ ਦੀ ਤਰ੍ਹਾਂ ਮੈਂ ਕਮੇਟੀ ਸਾਹਮਣੇ ਲੋਕ ਹਿੱਤਾਂ ਦੇ ਮਾਮਲੇ ਉਠਾਵਾਂਗਾ।



ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### ਯੋਗਰਾਜ ਸਿੰਘ ਲਈ 'ਆਪਣੇ ਘਰ ਬੇਗਾਨੇ'

ਬਲਰਾਜ ਸਿਆਲ ਦੀ ਨਵੀਂ ਫ਼ਿਲਮ ਵਿੱਚ ਯੋਗਰਾਜ ਸਿੰਘ ਇੱਕ ਵੱਖਰਾ ਜਿਹਾ ਕਿਰਦਾਰ ਕਰਦੇ ਨਜ਼ਰ ਆਓਣ ਵਾਲੇ ਹਨ। ਯੋਗਰਾਜ ਸਿੰਘ ਨਾਲ। ਰੁਪਿੰਦਰ ਰੂਪੀ ਵੀ ਹੈ ਤੇ ਨਾਲ ਰੌਸ਼ਨ ਪ੍ਰਿੰਸ ਤੇ ਕੁਲਰਾਜ ਰੰਧਾਵਾ ਵੀ ਹਨ। ਚਿਰਾਂ ਬਾਅਦ ਕੁਲਰਾਜ ਫਿਰ ਆ ਰਹੀ ਹੈ। ਯੋਗਰਾਜ ਸਿੰਘ ਫ਼ਿਲਮ ਨੂੰ ਪਰਿਵਾਰਕ ਫ਼ਿਲਮ ਦਸਦੇ ਹਨ ਤੇ ਆਖਦੇ ਹਨ ਕਿ ਰਾਣਾ ਰਣਵੀਰ ਵੀ ਫ਼ਿਲਮ ਵਿੱਚ ਹਨ ਤੇ ਸਾਡੀ ਇਹ ਫ਼ਿਲਮ ਹਰ ਪਰਿਵਾਰ ਦੀ ਪਸੰਦ ਬਣੇ ਬਲਰਾਜ ਸਿਆਲ ਨੇ ਪੂਰੀ ਕੋਸ਼ਿਸ਼ ਕੀਤੀ ਹੈ। ਯੋਗਰਾਜ ਸਿੰਘ 'ਆਪਣੇ ਘਰ ਬੇਗਾਨੇ' ਤੋਂ ਇਲਾਵਾ 'ਸ਼ਾਇਰ' ਵਿੱਚ ਨੀਰੂ ਬਾਜਵਾ ਤੇ ਸਤਿੰਦਰ ਸਰਤਾਜ ਨਾਲ ਆ ਰਹੇ ਹਨ ਜਦ ਕਿ ਐਮੀ ਵਿਰਕ ਨਾਲ ਓਹਨਾਂ ਨੇ 'ਕੁੜੀ ਹਰਿਆਣੇ ਵੱਲ ਦੀ' ਕੀਤੀ ਹੈ। 2024 ਓਹਨਾਂ ਲਈ ਰੁਝੇਵੇਂ ਵਾਲਾ ਸਾਲ ਹੈ।



### ਰੁਪਿੰਦਰ ਗੋਇਲ ਗਏ ਕੈਨੇਡਾ, ਫਿਲਮੀ ਪਿਆਰ ਬਰਕਰਾਰ

'ਬਦਲਾ ਜੱਟੀ ਦਾ' ਦੇ ਸਹਿ ਨਾਇਕ ਦਵਿੰਦਰ ਦੀਪ ਕਾਲਾ ਦੇ ਫ਼ਿਲਮੀ ਸਲਾਹਕਾਰ ਤੇ ਫ਼ਿਲਮ ਸਮੀਖਿਅਕ ਰੁਪਿੰਦਰ ਗੋਇਲ ਵੀ ਸੰਗਰੂਰ, ਮਾਨਸਾ ਇਲਾਕਾ ਦਾ ਮਾਣ ਹਨ। ਨਿਰਦੇਸ਼ਕ ਰਵਿੰਦਰ ਰਵੀ ਦੀ, 'ਆਪਾਂ ਫਿਰ ਮਿਲਾਂਗਾ' ਸਮੇਤ ਕਈ ਫ਼ਿਲਮਾਂ ਨਾਲ ਜੁੜੇ ਰਹੇ ਰੁਪਿੰਦਰ ਗੋਇਲ ਹੁਣ ਕੈਨੇਡਾ ਗਏ ਨੇ ਤੇ ਇਥੇ ਓਹ ਕੁੱਝ ਫਿਲਮੀ ਤਜ਼ਰਬੇ ਹਾਸਿਲ ਕਰਨਗੇ। ਰੁਪਿੰਦਰ ਗੋਇਲ ਨੇ 'ਜੱਟ ਜਿਉਣਾ ਮੌੜ' ਫਿਰ ਆਓਣ ਤੇ ਆਪਣੀ ਸਮੀਖਿਆ ਨਾਲ ਸੋਸ਼ਿਲ ਮੀਡੀਆ ਤੇ ਭੂਚਾਲ ਲਿਆਂਦਾ ਸੀ. ਗੋਇਲ ਜਿਹਨਾਂ ਨੂੰ ਪਿਆਰ ਨਾਲ ਕਾਕਾ ਵੀ ਆਖਦੇ ਨੇ ਕਿਹਾ ਕਿ ਜੀਵਨ ਸਥਾਪਤੀ ਲਈ ਕਈ ਵਾਰ ਸ਼ੌਂਕ ਤੇ ਹੋਰ ਚੀਜ਼ਾਂ ਦਾ ਤਿਆਗ ਕਰਨਾ ਪੈਂਦਾ ਹੈ। ਉਮੀਦ ਹੈ ਕਿ ਕੁੱਛ ਬਣ ਜਾਣ ਬਾਅਦ ਰੁਪਿੰਦਰ ਗੋਇਲ ਸ਼ਾਨਦਾਰ ਮਨੋਰੰਜਨ ਵਾਲੀ ਫ਼ਿਲਮ ਜਾਂ ਵੈੱਬ ਸੀਰੀਜ਼ ਬਣਾਉਣਗੇ।



### ਸੁਖਦੇਵ ਸਾਹਿਲ ਪ੍ਰਵਾਸ ਚੰਗਾ ਵੀ ਤੇ ਮਾੜਾ ਵੀ ਹੈ



ਹੰਸ ਰਾਜ ਹੰਸ ਦੁਨੀਆਂ ਦਾ ਸੁਰੀਲਾ ਗੁਲੁੱਕਾਰ ਤੇ ਸੁਖਦੇਵ ਸਾਹਿਲ ਓਹਨਾਂ ਦਾ ਸੁਰੀਲਾ ਸ਼ਾਗਿਰਦ ਫ਼ਨਕਾਰ ਹੈ। ਕਲਾਸੀਕਲ ਗਾਇਕੀ ਦਾ ਰਾਜਾ ਸੁਖਦੇਵ ਸਾਹਿਲ ਆਖਦਾ ਹੈ ਕਿ ਚੰਗੇ ਭਵਿੱਖ ਲਈ ਅਮਰੀਕਾ ਦੀ ਸ਼ਰਨ ਲਈ ਤੇ ਕੁੱਲਾਂ ਤਰਨ ਵਾਲੀ ਗੱਲ ।ਬਹੁਤ ਸਾਰੇ ਰਿਕਾਰਡ, ਕੈਸਟਾਂ ਤੇ ਸੀ ਡੀ ਨਾਲ ਪੰਜਾਬੀ ਗਾਇਕੀ ਤੋਂ ਫਿਲਮੀ ਗਾਇਕੀ ਤੱਕ ਗਏ ਸਾਹਿਲ ਮੁਤਾਬਿਕ ਪ੍ਰਦੇਸੀ ਹੋਣਾ ਇੱਕ ਆਪਣੇ ਆਪ ਵਿੱਚ ਸਰਾਪ ਵੀ ਹੈ। ਓਹ ਮਿੱਟੀ ਦੀਆਂ ਆਵਾਜ਼ਾਂ, ਓਹ ਮੇਲੇ, ਓਹ ਮਹਿਫ਼ਿਲਾਂ, ਓਹ ਲੋਕ ਸਭ ਪੈਸੇ ਦੀ ਚਮਕੇ ਗੁਆ ਕਿ ਆਏ ਹਾਂ ਪਰ ਫਿਰ ਵੀ ਚਲਦਾ ਗਲਾ ਤੇ ਗਾਇਕੀ ਦਾ ਸਹਾਰਾ ਜ਼ਖਮਾਂ ਤੇ ਮਰਹਮ ਲਾਉਂਦਾ ਹੈ।ਰੰਗੀਲੇ ਨਾਲ ਫਿਲਮੀ ਯਾਰੀ ਤੇ ਟੀਵੀ ਰੇਡੀਓ ਤੇ ਬਣੇ ਨਾਮ ਨੇ ਸੁਖਦੇਵ ਸਾਹਿਲ ਨੂੰ ਗਾਇਕੀ ਬਾਦਸ਼ਾਹ ਬਣਾ ਦਿੱਤਾ ਹੈ।



### ਕਰਮ ਕੁਰੇ ਲੋਕਾਂ ਦਾ ਨਾ ਦੁੱਧ ਵਿਕਦਾ ਤੇਰਾ ਵਿਕਦਾ ਪਾਣੀ

ਕਰਮ ਕੌਰ ਦੇ ਕਰਮ ਉੱਪਰ ਵਾਲੇ ਤੇਜ਼ ਤੇ ਕਿੱਥੇ ਜਿੱਥੇ ਮਰਜ਼ੀ ਜਾ ਬੱਲੇ ਹੀ ਬੱਲੇ ਲਿਖੇ ਹਨ। ਛੋਟਾ ਜਿਹਾ ਫਿਲਮੀ ਕੰਮ 'ਤੇਰੀ ਮੇਰੀ ਜੋੜੀ' ਵਿੱਚ ਕਰ ਓਹ ਕਲਰ ਟੀਵੀ ਦੀ ਸਟਾਰ ਬਣੀ ਤੇ 'ਕਰਮੋਂ ਕਾ ਫਲ' ਨੇ ਬਾਲੀਵੁੱਡ ਦਿਖਾ ਦਿੱਤੀ ਹੈ। ਗਾਣੇ ਓਹ ਵਾਧੂ ਕਰ ਰਹੀ ਹੈ ਤੇ ਐਡ ਫ਼ਿਲਮਾਂ ਵੀ ਚੋਖੀਆਂ ਕੋਲ ਹਨ। ਹੁਣੇ ਜਿਹੇ ਹੀ ਕਰਮ ਕੌਰ ਨੇ 'ਮਿੱਠਾ ਜ਼ਹਿਰ' ਫ਼ਿਲਮ ਕੀਤੀ ਹੈ।ਅਜੇ ਤਾਂ ਸ਼ੁਰੂ ਏ ਓਹ ਕਹਿੰਦੀ ਹੈ ਕਿ ਪੰਜਾਬੀ ਫ਼ਿਲਮਾਂ ਦੀ ਸਟਾਰ ਨਾਇਕਾ ਬਣ ਰਾਜ ਕਰਨਾ ਹੈ।ਟੀਵੀ ਦੀ ਓਹ ਮਲਿਕਾ ਹੈ ਕਿ ਇਹ ਕਿਹਾ ਜਾ ਸਕਦਾ ਹੈ ਕਿ ਕਰਮ ਕੌਰ ਦੇ ਕਰਮਾਂ ਵਿੱਚ ਸਟਾਰ ਨਾਇਕਾ ਬਣ ਰਾਜ ਕਰਨਾ ਸ਼ਾਮਿਲ ਹੈ। ਅਕਸਰ ਲੋਕਾਂ ਦਾ ਦੁੱਧ ਮੁਸ਼ਕਿਲ ਨਾਲ ਵਿਕਣ ਵਾਲੀ ਗੱਲ ਤੇ ਜੈ ਕੁਰ ਦੇ ਪਾਣੀ ਵਿਕਣ ਵਾਂਗ ਕਰਮ ਕੌਰ ਦਾ ਨਾਮ ਚਲਦਾ ਹੈ।

### ਸਿੱਧੂ ਤੇ ਦਿਓਲ ਲੁਧਿਆਣੇ ਦੇ ਫ਼ਿਲਮੀ ਰਾਜੇ, ਚਲ ਸੋ ਚਲ ਹਨ



ਲੁਧਿਆਣਾ ਇੱਕਲਾ ਹੋਜ਼ਰੀ ਤੇ ਲੋਹੇ ਦਾ ਸ਼ਹਿਰ ਹੀ ਨਹੀਂ ਕਲਾਕਾਰਾਂ ਦਾ ਸਵਰਗ ਵੀ ਹੈ। ਨਿਰਦੇਸ਼ਕ ਬਲਜਿੰਦਰ ਸਿੱਧੂ ਇਸ ਸ਼ਹਿਰ ਆ ਕਿ 'ਅੱਜ ਦੇ ਲਫੰਗੇ' ਤੋਂ ਬਾਅਦ ਨਵੇਂ ਪ੍ਰੋਜੇਕਟ ਦੀ ਸ਼ੂਟਿੰਗ ਕਰਨ ਜਾ ਰਹੇ ਨੇ ਤੇ ਪ੍ਰਭ ਗਰੇਵਾਲ ਨਾਇਕਾ ਤੇ ਨਾਲ ਗੁੱਗੂ ਗਿੱਲ ਹੈ। ਉਧਰ ਮਲਕੀਤ ਸਿੰਘ ਦਿਓਲ ਸਰਦਾਰੀ ਕਾਇਮ ਹੈ ਤੇ ਦਰਜ਼ਨ ਭਰ ਲਘੂ ਫਿਲਮਾਂ ਦੇ ਬਾਅਦ 'ਕਰਮ'; ਫ਼ਿਲਮ ਕਰਨ ਜਾ ਰਹੇ ਹਨ। ਆਪ ਚੰਗੇ ਲੇਖਕ ਤੇ ਗੀਤਕਾਰ ਮਲਕੀਤ ਦਿਓਲ ਹਨ ਤੇ ਨਿਰਮਾਣ ਵੀ ਓਹ ਟੌਹਰ ਨਾਲ ਕਰਨਗੇ ਕਿਉਂ ਕਿ ਪਰਿਵਾਰ ਦਾ ਸਹਿਯੋਗ, ਮਿੱਤਰਾਂ ਦਾ ਸਾਥ ਤੇ ਘਰ ਵਾਲੀ ਦਾ ਮਿਲਵਰਤਨ ਸਲੀਕਾ ਦਿਓਲ ਲੁਧਿਆਣੇ ਦੀ ਸ਼ਾਨ ਬਲਜਿੰਦਰ ਸਿੱਧੂ ਦੀ ਤਰਾਂ ਬਣਨ ਵਾਲੇ ਹਨ।

### ਸਰਗਮ ਸੋਹੀ ਦੇ 'ਫੇਕ ਬੰਦ' ਪੇਸ਼ ਕੀਤੇ ਸੰਧੂ ਬੋਅਜ਼ ਨੇ

ਸੰਧੂ ਬੋਅਜ਼ ਸਰੋਤਿਆਂ ਤੇ ਦਰਸ਼ਕਾਂ ਲਈ ਇੱਕ ਸ਼ਾਨਦਾਰ ਐਲਬਮ 'ਫ਼ੇਕ ਬੰਦੇ' ਲਿਆ ਰਹੀ ਹੈ। ਸੰਧੂ ਬੋਅਜ਼ ਦੀ ਸੀਈਓ ਸੰਦੀਪ ਕੌਰ ਸੰਧੂ ਦੇ ਬੋਲ ਕਿ ਇਹ ਗਾਣਾ ਝੂਠੇ ਇਨਸਾਨਾਂ ਤੇ ਇੱਕ ਮਨੋਰੰਜਕ ਵਿਅੰਗ ਨੂੰ ਬਹੁਤ ਹੀ ਮਿੱਠੀ ਆਵਾਜ਼ ਗਾਇਕ



ਸਰਗਮ ਸੋਹੀ ਨੇ ਗਾਇਆ ਹੈ। ਦਾ ਵਿਕਰਮਜੀਤ ਨੇ 'ਫੇਕ ਬੰਦੇ' ਗੀਤ ਦੀ ਰਚਨਾ ਕੀਤੀ ਹੈ। ਸਰਗਮ ਸੋਹੀ ਦੀ ਬੇਹੱਦ ਪਿਆਰੀ ਆਵਾਜ਼ ਵਾਲੇ ਇਸ ਗੀਤ ਦਾ ਅਧਿਕਾਰਤ ਪੋਸਟਰ ਚਰਚਿਤ ਹੋਇਆ ਹੈ। ਦੀਪ ਆਰ ਡੀ ਨੇ 'ਫੇਕ ਬੰਦੇ' ਦਾ ਵੀਡਿਓ ਐਲਬਮ ਗਾਣਾ ਫ਼ਿਲਮਾਇਆ ਹੈਰਣਜੀਤ ਸਿੰਘ ਰਾਣਾ ਸੰਧੂ ਦੇ ਨਿਰਮਾਣ ਹੇਠ ਸਰਗਮ ਸੋਹੀ ਦਾ 'ਫੇਕ ਬੰਦੇ' ਨੌਜਵਾਨਾਂ ਦੀ ਪਸੰਦ ਬਣ ਗਿਆ ਤਾਂ ਸਰਗਮ ਸੋਹੀ,ਸੰਦੀਪ ਕੌਰ ਤੇ ਰਾਣਾ ਸੰਧੂ ਦੀ ਤਿਕੜੀ ਜ਼ਿੰਦਾਬਾਦ।

## ਮਿਹਨਤ ਤੇ ਜਨੂੰਨ ਸੀ ਫਿਰ ਧੱਕੇ ਖਾ ਕਿ ਵੀ ਹਿੰਮਤ ਰੱਖੀ ਅੱਜ ਸਟਾਰ ਹੈ ਦਲੇਰ ਮਹਿਤਾ

ਅਸਲ ਵਿੱਚ ਅਭਿਨੇਤਾ ਜਾਂ ਐਕਟਰ ਬਣਨ ਲਈ ਤਕਰੀਬਨ ਲੰਬਾ ਸੰਘਰਸ਼ ਕਰਨਾ ਪੈਂਦਾ ਹੈ ਜੇਕਰ ਪਹਿਲਾਂ ਕੋਈ ਖਾਨਦਾਨ ਵਿੱਚ ਬਾਪ, ਮਾਂ ਜਾਂ ਚਾਚਾ ਮਾਸੜ ਇਸ ਖੇਤਰ ਵਿੱਚ ਨਾ ਹੋਏ ਤੇ ਇਹ ਗੱਲ ਸਾਨੂੰ ਤੇਜ਼ੀ ਨਾਲ ਪੰਜਾਬੀ ਫ਼ਿਲਮਾਂ ਦੇ ਸਟਾਰ ਬਣ ਰਹੇ ਅਭਿਨੇਤਾ ਦਲੇਰ ਮਹਿਤਾ ਨੇ ਆਖੀ ਜਿਸ ਭੁੱਖਾਂ ਕੱਟ ਕਿ, ਫ਼ਿਲਮਾਂ ਦੇ ਸੈੱਟ ਤੇ ਬੱਸਾਂ ਰਾਹੀਂ ਪਹੁੰਚ ਕਿ ਕਿਤਿਓਂ ਆਸ਼ਾ ਨੂੰ





ਗਲੇ ਲਾਇਆ ਤੇ ਕਿਤੇ ਨਿਰਾਸ਼ਾ ਪੱਲੇ ਪਈ। ਦਮਦਮੀ ਟਕਸਾਲ ਭਿੰਡਰਾਂ ਵਾਲੇ ਵਾਲਾ ਮਹਿਤਾ ਚੌਂਕ ਤੇ ਉੱਪਰ ਤੋਂ ਪੰਜਾਬ ਦੇ ਹਲਾਤ ਬੁਰੇ ਤੇ ਇਧਰ ਇਸ ਹੀ ਮਹਿਤਾ ਚੌਂਕ ਦੇ ਦਲੇਰ ਸਿੰਘ ਮਹਿਤਾ ਨੂੰ ਫਿਲਮੀ ਸ਼ੌਂਕ ਸਿਰ ਚੜ੍ਹ ਬੋਲ ਰਹੇ ਸਨ। ਪਰਿਵਾਰ ਬਿਲਕੁਲ ਸਧਾਰਨ ਪਰ ਮਕੈਨਿਕ ਭਰਾ ਦਾ ਹੌਸਲਾ ਤੇਰੇ ਨਾਲ਼ ਹਾਂ ਸੀ ਤੇ ਮਾਂ ਦੀਆਂ ਅਸੀਸਾਂ ਕਿ ਪੁੱਤਰ ਓਹ ਪ੍ਰਭੂ ਭਗਤੀ ਕਰਦੀ ਹੈ ਤੇ ਰੱਬ ਤੇਰੀ ਆਸ ਮੁਰਾਦ ਪੂਰੀ ਕਰ ਦੇਵੇ ਤੇ ਢੇਰ ਸਾਰੀ ਮਿਹਨਤ ਦਲੇਰ ਕਰਦਾ ਰਿਹਾ। ਫੋਟੋਗ੍ਰਾਫੀ ਦੀ ਦੁਕਾਨ ਤੇ ਕੰਮ ਕਰਦਾ ਦਲੇਰ ਸ਼ੂਟਿੰਗ ਤੇ ਜਾਣ ਦਾ ਕਿਰਾਇਆ ਕਰ ਲੈਂਦਾ ਤੇ ਆਖਿਰ ਕਈ ਧੋਖੇ ਬਾਜ਼ ਨਿਰਮਾਤਾਵਾਂ ਕੋਲੋ ਨਿਰਾਸ਼ਾ ਲੈਂਦਾ ਪਰਤਦਾ ਪਰ ਸੁਣ ਲਈ ਰੱਬ ਨੇ ਤੇ "ਪਛਤਾਵਾ" ਇਸ ਨੇ ਕੀਤੀ ਤੇ ਫਿਰ "ਲੰਬੜਦਾਰ" ਫਿਲਮ ਕੀਤੀ। ਫਿਰ ਕੰਮ ਚਲ ਪਿਆ ਤੇ ਸੁਖਬੀਰ ਬਾਠ ਦੀ ਬਦੌਲਤ ਜਲੰਧਰ ਦੂਰਦਰਸਨ ਦਾ ਓਹ ਚਰਚਿਤ ਐਕਟਰ ਬਣ ਗਿਆ ਫਿਰ ਓਸ ਖੁਦ ਟੈਲੀ ਫ਼ਿਲਮਾਂ ਕੀਤੀਆਂ ਤੇ "ਨਾਂ ਤੇਰੇ ਦੀ ਜੋਤ ਜਗਾਈ" ਬਣਾਈ। ਇੱਕ ਵਾਰ ਫਿਰ ਕੁਝ ਬਣਨ ਲਈ ਓਸ ਮਹਿਤਾ ਛੱਡ ਚੰਡੀਗੜ ਆਪਣੇ ਆਪ ਨੂੰ ਸਥਪਿਤ ਕੀਤਾ। ਵੱਡਾ ਸ਼ਹਿਰ ਖਰਚੇ ਤੇ ਓਸ ਕੁੱਝ ਦੇਰ ਨੌਕਰੀ ਵੀ ਕੀਤੀ ਤੇ ਆਖਿਰ ਟੀਵੀ ਫ਼ਿਲਮਾਂ, ਟੀਵੀ ਪ੍ਰੋਗਰਾਮ ਤੇ ਸ਼ੋਰਟ ਫ਼ਿਲਮਜ਼ ਨੇ ਅਹਿਸਾਸ ਪਾਲੀਵੁੱਡ ਨੂੰ ਦਵਾ ਦਿੱਤਾ ਕਿ ਦਲੇਰ ਮਹਿਤਾ ਅੱਛਾ ਐਕਟਰ ਹੈ। ਪੂਹਲਾ ਕਾਂਡ ਤੇ ਬਣੀ "ਮਸੰਦ" ਕੀਤੀ ਤੇ ਹੋਰ "ਤਾਜ ਦੀਆਂ ਫ਼ਿਲਮਜ਼ ਕਰਦਾ ਦਲੇਰ ਮਹਿਤਾ ਫਿਰ ਰਾਤੋ ਰਾਤ ਸਟਾਰ ਫਿਲਮ "ਤਬਾਹੀ ਰਿਲੋਡਡ" ਨਾਲ ਬਣਿਆ। ਇਸ ਵਿਚ ਇਸ ਨੇ "ਸੋਢੀ ਸਾਬ" ਦਾ ਯਾਦਗਾਰ ਖਲਨਾਯਕ ਕਿਰਦਾਰ ਕੀਤਾ। ਪੋਸਟਰਾਂ ਤੇ ਤਸਵੀਰਾਂ ਆਈਆਂ, ਟੀਵੀ ਚੈਨਲਾਂ ਤੇ ਇੰਟਰਵਿਊ ਤੇ ਹੁਣ ਓਹ "ਰੇਟਰਨ ਆਫ ਜੱਟ ਜਿਉਣਾ ਮੌੜ" ਬਦਲਾ ਜੱਟੀ ਦਾ 2 " ਤੇ ਵੈੱਬ ਸੀਰੀਜ਼ "ਆਖਰੀ ਗਾਓਂ," ਕਰ ਰਿਹਾ ਹੈ। ਦਲੇਰ ਮਹਿਤਾ ਦਾ ਕਹਿਣਾ ਹੈ ਕਿ ਹੁਣ ਓਸ ਕੋਲ ਕਾਫੀ ਮੌਕੇ ਅੱਗੇ ਆਉਣ ਦੇ ਹਨ।ਨਾਲ ਹੀ ਇਹ ਦਲੇਰ ਮਹਿਤਾ ਖੁਦ ਸ਼ੋਰਟ ਫਿਲਮ ਲੇਖਕ ਬਣ ਕਿ ਨਿਰਮਾਣ ਵਿੱਚ ਵੀ ਆ ਰਿਹਾ ਹੈ। ਓਹ ਪੰਜਾਬੀ ਫ਼ਿਲਮਾਂ ਦੇ ਹਰ ਸਟਾਰ ਤੇ ਨਿਰਦੇਸ਼ਕ ਨਾਲ ਕੰਮ ਕਰਨ ਦੀ ਤਮੰਨਾ ਰੱਖਦਾ ਹੈ। ਉਮੀਦ ਹੈ ਕਿ ਦਲੇਰ ਮਹਿਤਾ ਆ ਰਹੇ ਵਕਤ ਦੌਰਾਨ ਇੱਕ ਰੁਝੇਵੇਂ ਵਾਲਾ ਅਭਿਨੇਤਾ ਹੋਏਗਾ ਤੇ ਢੇਰ ਸਾਰੀਆਂ ਫ਼ਿਲਮਜ਼ ਤੇ ਕਿਰਦਾਰ ਕਰਦਾ ਓਹ ਆਪਣੀ ਹਰ ਪਾਸੇ ਨਾਮ ਲੋਕ ਜਾਣ ਜਾਣ ਕਿ ਇਹ ਤਾਂ ਦਲੇਰ ਮਹਿਤਾ ਹੈ ਦੀ ਤਮੰਨਾ ਪੂਰੀ ਕਰੇਗਾ।

## "ਅਣਖ ਜੱਟਾਂ ਦੀ" ਤੋਂ "ਬੁੱਕਲ ਦੇ ਸੱਪ" ਤੱਕ ਅਨੇਕਾਂ ਸੁਪਰ ਹਿੱਟ ਫਿਲਮਾਂ ਦੇ ਲੇਖਕ /ਨਿਰਦੇਸ਼ਕ ਰਵਿੰਦਰ ਰਵੀ

ਇੱਕ ਦੋ ਫ਼ਿਲਮਾਂ ਕਾਮਯਾਬ ਦੇ ਕਿ ਹਿੱਟ ਡਾਇਰੈਕਟਰ ਦਾ ਖਿਤਾਬ ਪਾਓਣ ਵਾਲਿਆਂ ਦਾ ਰਿਵਾਜ ਹੈ ਅੱਜ ਕੱਲ ਪਰ ਜਿਸ ਡਾਇਰੈਕਟਰ ਨਾਲ ਅਸੀਂ ਮਿਲਾ ਰਹੇ ਹਾਂ ਓਸ ਨੇ ਇੱਕ ਦੋ ਅਸਫਲ ਬਾਕੀ ਸਭ ਹਿੱਟ ਫਿਲਮਾਂ ਦਿੱਤੀਆਂ ਹਨ। ਮਾਨਸਾ ਕੋਲ ਪੈਂਦੇ ਪਿੰਡ ਅਕਲੀਆ ਦੇ ਰਵਿੰਦਰ ਰਵੀ ਦੀ ਗੱਲ ਕਰਦੇ ਹਾਂ ਜਿਸ ਨੇ "ਅਣਖ ਜੱਟਾਂ ਦੀ " ਫ਼ਿਲਮ ਡਾਇਰੈਕਟ ਕੀਤੀ ਤੇ ਇਹ ਓਹਨਾਂ ਦੀ ਪਹਿਲੀ ਫ਼ਿਲਮ ਹੀ ਸੁਪਰ ਹਿੱਟ ਰਹੀ। ਇਸ ਫ਼ਿਲਮ ਵਿੱਚ ਗੁੱਗੂ ਗਿੱਲ ਤੇ ਯੋਗਰਾਜ ਸਿੰਘ ਨਾਲ ਓਹਨਾਂ ਪਲਵਿੰਦਰ ਧਾਮੀ ਨੂੰ ਪਰਦੇ ਤੇ ਲਿਆਂਦਾ। ਰਵਿੰਦਰ ਰਵੀ ਦਿੱਖ ਵੱਜੋਂ ਖੁਦ ਹੈ ਹੀਰੋ ਲੱਗਦੈ ਨੇ ਲੇਖਕ ਤੇ ਨਿਰਦੇਸ਼ਕ ਬਣ ਓਹ ਫ਼ਿਲਮ ਡਾਇਰੈਕਟ ਕੀਤੀ ਜਿਸ ਨੂੰ ਯਾਦ ਹੈ ਕਿ ਟਿਕਟਾਂ ਬਲੈਕ ਹੋਈਆਂ ਤੇ ਦੂਰਦਰਸ਼ਨ ਜਲੰਧਰ ਤੇ ਜਦ ਆਈ ਤਦ ਬਜ਼ਾਰ ਬੰਦ ਕਰ ਇੱਕ ਟੀਵੀ ਤੇ ਸਾਰੇ ਪਿੰਡ ਕਸਬੇ ਨੇ ਦੇਖਿਆ ਮਤਲਬ ਫ਼ਿਲਮ ਸੁਪਰ ਸੁਪਰ ਹਿੱਟ ਰਹੀ ਤੇ ਰਵਿੰਦਰ ਰਵੀ ਹਿੱਟ ਡਾਇਰੈਕਟਰ ਬਣ ਇੰਡਸਟਰੀ ਵਿੱਚ ਸਥਾਪਿਤ ਹੋਏ। ਫਿਰ "ਜੱਟ ਜਿਉਣਾ ਮੌੜ" ਨੇ ਵੀ ਰਿਕ-ਾਰਡ ਤੋੜ ਵਪਾਰ ਕੀਤਾ। ਰਵਿੰਦਰ ਰਵੀ ਆਪਣੇ ਆਪ ਵਿੱਚ ਘੱਟ ਬੋਲਣਾ ਤੇ ਹਰ ਗੱਲ ਮਜ਼ਾਹੀਆ ਕਰਨੀ । ਰਵਿੰਦਰ ਰਵੀ ਨੇ "ਮਜਾਜਣ" ਮਿਰਜ਼ਾ ਜੱਟ "ਸਿਕੰਦਰਾ" ਫ਼ਿਲਮਜ਼ ਵੀ ਡਾਇਰੈਕਟ ਕੀਤੀਆਂ। ਇੰਦਰਾ ਗਾਂਧੀ ਕਾਂਡ "ਕੌਮ ਦੇ





ਹੀਰੇ"ਨਿਰਦੇਸ਼ਤ ਕੀਤੀ ਇਹ ਫ਼ਿਲਮ ਇਥੇ ਪਾਬੰਦੀ ਪਰ ਵਿਦੇਸ਼ਾਂ ਵਿੱਚ ਬਹੁਤ ਕਾਮਯਾਬ ਰਹੀ। "ਕੌਮ ਦੇ ਹੀਰੇ 2" ਵੀ ਨਿਰਦੇਸ਼ਤ ਕੀਤੀ। ਅਸਲ ਵਿੱਚ ਗੁੱਗੂ ਗਿੱਲ,ਭੂਸ਼ਨ ਮਦਾਨ, ਇਕਬਾਲ ਢਿੱਲੋਂ ਇਹ ਸਾਰੇ ਨਾਲ ਰੁਪਿੰਦਰ ਗਿੱਲ ਫ਼ਿਲਮਜ਼ ਕਰਦੇ ਤੇ ਨਿਰਦੇਸ਼ਨ ਰਵਿੰਦਰ ਰਵੀ ਦਾ ਹੁੰਦਾ।ਰਵੀ ਨੂੰ ਅਫਸੋਸ ਕਿ ਹੰਸ ਰਾਜ ਹੰਸ ਤੇ ਅਮਰ ਨੂਰੀ ਨੂੰ ਲੈ ਕਿ "ਹੀਰ ਰਾਂਝਾ" ਫ਼ਿਲਮ ਨਾ ਬਣ ਸਕੀ ਜਿਸ ਦਾ ਮਹੂਰਤ ਵੀ ਹੋਇਆ ਸੀ ਤੇ ਲੰਡਨ ਸ਼ੋ ਛੱਡ ਹੰਸ ਇਸ ਫ਼ਿਲਮ ਵਾਸਤੇ ਪੰਜਾਬ ਆਇਆ ਸੀ। ਖ਼ੈਰ ਰਵਿੰਦਰ ਰਵੀ ਨੇ ਛੋਟੇ ਪਰਦੇ ਦੇ ਦੌਰ ਵਿੱਚ ਪੀਟੀਸੀ ਪੰਜਾਬੀ ਬੌਕਸ ਆਫਿਸ ਲਈ ਐਵਾਰਡ ਜੇਤੂ ਫ਼ਿਲਮ ਨਿਰਦੇਸ਼ਤ ਕੀਤੀ। ਹੁਣ ਓਸ ਨੇ "ਬੁੱਕਲ ਦੇ ਸੱਪ"ਸ਼ੋਰਟ ਫ਼ਿਲਮ ਬਣਾ ਕਿ ਖ਼ੂਬ ਤਰੀਫ ਹਾਸਿਲ ਕੀਤੀ ਹੈ।ਰਵੀ ਦਾ ਨਿੱਕਾ ਭਰਾ ਦਵਿੰਦਰ ਕਾਲਾ ਕਾਰਜਕਾਰੀ ਨਿਰਮਾਤਾ ਬਣਿਆ ਤੇ "ਬਦਲਾ ਜੱਟੀ ਦਾ" ਵਿੱਚ ਅਮਰ ਨੂਰੀ ਦਾ ਪ੍ਰੇਮੀ ਬਣਿਆ ਸੀ। ਪ੍ਰਮੋਦ ਪੱਬੀ ਨਾਲ ਓਸ ਨੇ ਟੀਵੀ ਸੀਰੀਅਲ ਵੀ ਕੀਤਾ। ਗ੍ਰੇਸੀ ਸਿੰਘ ਨਾਲ "ਆਪਾਂ ਫੇਰ ਮਿਲਾਂਗੇ " ਵੀ ਬਣਾਈ। ਮੰਨਤ ਸਿੰਘ ਨਾਲ "ਤੇਰੇ ਇਸ਼ਕ ਨਚਾਇਆ," ਨਿਰਦੇਸ਼ਤ ਕੀਤੀ। ਗੱਲ ਕਿ ਅਨੇਕਾਂ ਹਿੱਟ ਫਿਲਮਾਂ ਦਾ ਲੇਖਕ ਤੇ ਨਿਰਦੇਸ਼ਕ ਰਵਿੰਦਰ ਰਵੀ ਇਸ ਸਮੇਂ ਦੋ ਟੀਵੀ ਫ਼ਿਲਮਾਂ ਤੇ ਇੱਕ ਵੱਡੀ ਫ਼ਿਲਮ ਦੀ ਯੋਜਨਾ ਤੇ ਕੰਮ ਕਰ ਰਹੇ ਹਨ। ਐਕਸ਼ਨ ਫ਼ਿਲਮਜ਼ ਦੇ ਸਫ਼ਲ ਨਿਰਦੇਸ਼ਕ ਰਵਿੰਦਰ ਰਵੀ ਨੇ ਰੋਮਾਂਟਿਕ ਸਬਜੈਕਟ ਵੀ ਸਫਲਤਾ ਨਾਲ ਕੀਤੇ ਹਨ। ਇੱਕ ਦੁੱਖ ਧਰਮ ਪਤਨੀ ਦਾ ਜਲਦੀ ਸਾਥ ਛੱਡ ਦੇਣਾ ਵਰਨਾ ਰਵੀ ਦੂਣੀ ਊਰਜਾ ਨਾਲ ਕੰਮ ਕਰਦਾ ਅੱਜ ਬਾਲੀਵੁੱਡ ਤੱਕ ਵੀ ਪਹੁੰਚੇ ਹੁੰਦੇ। ਰਵਿੰਦਰ ਰਵੀ ਅੱਜ ਵੀ ਪੂਰੇ ਉਤਸ਼ਾਹ ਨਾਲ ਸਰਗਰਮ ਹਨ ਤੇ ਅੱਜ ਵੀ ਉਹੀ ਊਰਜਾ ਹੈ ਜਿਹੜੀ "ਜੱਟ ਜਿਉਣਾ ਮੌੜ" ਸਮੇਂ ਸੀ। ਡੀ ਪੀ ਅਰਸ਼ੀ ਤੇ ਭੂਸ਼ਨ ਮਦਾਨ ਨਾਲ ਮਿੱਤਰਤਾ ਜੱਗ ਜਾਹਿਰ ਹੈ। ਪੰਜਾਬੀ ਅਦਾਕਾਰ ਰਵੀ ਨਾਲ ਕੰਮ ਕਰ ਆਪਣੀ ਚੰਗੀ ਕਿਸਮਤ ਸਮਝਦੇ ਹਨ। ਉਮੀਦ ਹੈ ਕਿ ਅਧੂਰੇ ਰਹੇ ਗਏ ਸੁਪਨੇ ਰਵਿੰਦਰ ਰਵੀ ਜਲਦੀ ਪੂਰੇ ਕਰਨਗੇ।

# NSB Insurance

# NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

| | |
|---|---|
| HEALTH INSURANCE | RETIREMENT |
| LIFE INSURANCE | COLLEGE PLANNING |
| LONG TERM CARE INS | AUTO * HOME |
| FUNERAL EXPENSE | BUSINESS |

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

# Dil Nijjar REALTOR ®

CalBRE # 01418648

Honesty Starts From Here

SELL OR BUY — Residential • Business • Commercial, Lease • Investment Property and Land

Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834

# Raja SWEETS & CATERING

AUTHORIZED CATERER FOR
MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ



## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

# KASH FABRICS



ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138